ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free



28 ਸਤੰਬਰ 1907 : ਜਨਮ ਦਿਨ
ਸ਼ਹੀਦ-ਏ-ਆਜ਼ਮ ਭਗਤ ਸਿੰਘ

ਸਾਲ : 9 ਅੰਕ : 9 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਸਤੰਬਰ (September) 2018



**ਫਸਟ ਨੇਸ਼ਨਾਂ ਨੇ ਪਾਈਪਲਾਈਨ ਪ੍ਰੋਜੈਕਟ ਵਿਚ ਨਿਵੇਸ਼ ਦੀ ਰੁਚੀ ਦਿਖਾਈ** ਪੰਨਾ-3



**ਅਕਾਲ ਤਖ਼ਤ ਦੇ ਜਥੇਦਾਰ ਨੂੰ ਬਦਲਣ ਦੇ ਕਿਆਸੇ** ਪੰਨਾ-7



**ਭਾਵੁਕਤਾ ਤੋਂ ਪਾਰ ਜਾਣਾ ਜ਼ਰੂਰੀ - ਡਾ. ਤੇਜਵੰਤ ਗਿੱਲ** ਪੰਨਾ-27



**ਕੀ ਅਸੀਂ ਸਰਾਪੀਆਂ ਕਹਾਣੀਆਂ ਦੇ ਪਾਤਰ ਹਾਂ?** ਪੰਨਾ-46

## ਸਰਦਾਰ ਸਿੰਘ ਨੇ ਕੌਮਾਂਤਰੀ ਹਾਕੀ ਤੋਂ ਲਿਆ ਸੰਨਿਆਸ



ਚੰਡੀਗੜ੍ਹ (ਨਦਬ) : ਸਾਬਕਾ ਭਾਰਤੀ ਹਾਕੀ ਕਪਤਾਨ ਸਰਦਾਰ ਸਿੰਘ ਨੇ ਆਪਣੇ ਸੁਨਹਿਰੀ ਭਵਿੱਖ ਨੂੰ ਅਲਵਿਦਾ ਕਹਿਣ ਦਾ ਫ਼ੈਸਲਾ ਕੀਤਾ ਅਤੇ ਕਿਹਾ ਕਿ ਪਿਛਲੇ 12 ਸਾਲ ਵਿਚ ਉਹ ਕਾਫ਼ੀ ਹਾਕੀ ਖੇਡ ਚੁੱਕੇ ਹਨ ਤੇ ਹੁਣ ਨੌਜਵਾਨਾਂ ਲਈ ਜ਼ਿੰਮੇਵਾਰੀ ਲੈਣ ਦਾ ਸਮਾਂ ਆ ਗਿਆ ਹੈ। ਸਰਦਾਰ ਨੇ ਕਿਹਾ ਕਿ ਉਨ੍ਹਾਂ ਨੇ ਏਸ਼ਿਆਈ ਖੇਡਾਂ ਵਿਚ ਨਿਰਾਸ਼ਾਜਨਕ ਪ੍ਰਦਰਸ਼ਨ ਮਗਰੋਂ ਇਹ ਫ਼ੈਸਲਾ ਕੀਤਾ ਜਿਸ ਵਿਚ ਭਾਰਤ ਆਪਣੇ ਖਿਤਾਬ ਦਾ ਬਚਾਅ ਕਰਨ ਵਿਚ ਅਸਫਲ ਰਿਹਾ ਅਤੇ ਉਸ ਨੂੰ ਕਾਂਸੀ ਤਗਮੇ ਨਾਲ ਸੰਤੋਸ਼ ਕਰਨਾ ਪਿਆ। ਸਰਦਾਰ ਦੀ ਉਮਰ ਵੀ ਵੱਧ ਰਹੀ ਹੈ ਤੇ ਹੁਣ ਉਨ੍ਹਾਂ ਦੀ ਖੇਡ ਵਿਚ ਪਹਿਲਾਂ ਵਰਗੀ ਫੁਰਤੀ ਦੇਖਣ ਨੂੰ ਨਹੀਂ ਮਿਲਦੀ, ਜਿਸ ਨਾਲ ਏਸ਼ਿਆਈ ਖੇਡਾਂ ਦੌਰਾਨ ਉਨ੍ਹਾਂ ਦੇ ਪ੍ਰਦਰਸ਼ਨ ਦੀ ਕਾਫ਼ੀ ਆਲੋਚਨਾ ਹੋਈ।

ਕਿਸੇ ਪ੍ਰਕਾਰ ਦਾ ਨਵਾਂ ਜਾਂ ਪੁਰਾਣਾ ਘਰ ਖ਼੍ਰੀਦਣ ਜਾਂ ਵੇਚਣ ਲਈ ਭਰੋਸੇਯੋਗ ਅਤੇ ਇਮਾਨਦਾਰ ਸੇਵਾਵਾਂ ਲਈ ਸੰਪਰਕ ਕਰੋ
CONTACT TRUSTFUL REALTOR FOR PURCHASE OR SALE OF ANY RESIDENTIAL PROPERTY
DARSHAN SINGH GILL
REALTOR
PH: 780 708 3150
Edmonton, AB

## 20 ਸਾਲ ਪੁਰਾਣੇ ਮਾਮਲੇ 'ਚ ਸਿੱਧੂ ਨੂੰ ਹੋ ਸਕਦੀ ਹੈ ਸਜ਼ਾ



ਚੰਡੀਗੜ੍ਹ (ਨਦਬ) : ਸੁਪਰੀਮ ਕੋਰਟ ਨੇ ਪਿਛਲੇ ਸਾਲ 15 ਮਈ ਨੂੰ ਰੋਡਰੇਜ ਮਾਮਲੇ ਵਿਚ ਸਿਰਫ਼ ਕੁੱਟਮਾਰ ਕਰਨ ਦਾ ਦੋਸ਼ੀ ਮੰਨਦੇ ਹੋਏ ਇਕ ਹਜ਼ਾਰ ਰੁਪਏ ਦਾ ਜ਼ੁਰਮਾਨਾ ਲਾਇਆ ਸੀ। ਯਾਦ ਰਹੇ ਕਿ ਕੁੱਟਮਾਰ (ਧਾਰਾ 323) ਵਿਚ ਦੋਸ਼ੀ ਪਾਏ ਜਾਣ 'ਤੇ ਵੱਧ ਤੋਂ ਵੱਧ ਇਕ ਸਾਲ ਦੀ ਸਜ਼ਾ ਜਾਂ ਵੱਧ ਤੋਂ ਵੱਧ ਜੁਰਮਾਨਾ 1000 ਰੁਪਏ ਜਾਂ ਦੋਹਾਂ ਦੀ ਵਿਵਸਥਾ ਹੈ। ਕਿਉਂਕਿ ਸੁਪਰੀਮ ਕੋਰਟ ਨੇ ਪੁਨਰਵਿਚਾਰ ਪਟੀਸ਼ਨ ਨੂੰ ਸਿਰਫ਼ ਸਜ਼ਾ ਤੱਕ ਸੀਮਤ ਰੱਖਿਆ ਹੈ, ਲਿਹਾਜ਼ਾ ਨਵਜੋਤ ਸਿੰਘ ਸਿੱਧੂ ਨੂੰ ਇਕ ਸਾਲ ਤੱਕ ਦੀ ਸਜ਼ਾ ਵੀ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਜਸਟਿਸ ਜੇ. ਚੇਲਮੇਸ਼ਵਰ ਅਤੇ ਜਸਟਿਸ ਸੰਜੇ ਕਿਸ਼ਨ ਕੌਲ ਦੇ ਬੈਂਚ ਨੇ ਸਿੱਧੂ ਨੂੰ ਗੈਰ ਇਰਾਦਾ ਕਤਲ ਦੇ ਦੋਸ਼ ਤੋਂ ਬਰੀ ਕਰ ਦਿੱਤਾ ਸੀ। ਬੈਂਚ ਨੇ ਆਪਣੇ ਫ਼ੈਸਲੇ ਵਿਚ ਕਿਹਾ ਸੀ ਕਿ ਮਾਮਲਾ 30 ਸਾਲ ਪੁਰਾਣਾ ਹੈ, ਸਿੱਧੂ ਦੀ ਮ੍ਰਿਤਕ ਗੁਰਨਾਮ ਸਿੰਘ ਨਾਲ ਕੋਈ ਪੁਰਾਣੀ ਦੁਸ਼ਮਣੀ ਨਹੀਂ ਸੀ। ਘਟਨਾ ਵਿਚ ਕਿਸੇ ਤਰ੍ਹਾਂ ਦੇ ਹਥਿਆਰ ਦੀ ਵਰਤੋਂ ਨਹੀਂ ਹੋਈ ਅਤੇ ਜਿਨ੍ਹਾਂ ਹਾਲਤਾਂ ਵਿਚ ਇਹ ਸਭ ਹੋਇਆ, ਸਾਡਾ ਮੰਨਣਾ ਹੈ ਕਿ ਸਜ਼ਾ ਵਜੋਂ ਇਕ ਹਜ਼ਾਰ ਰੁਪਏ ਜੁਰਮਾਨਾ ਕਰਨੀ ਹੀ ਨਿਆਂਸੰਗਤ ਹੈ। ਉਧਰ ਮਾਮਲੇ ਵਿਚ ਸਹਿ-ਮੁਲਜ਼ਮ ਰੁਪਿੰਦਰ ਸਿੰਘ ਸੰਧੂ ਨੂੰ ਵੀ ਬਰੀ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ 27 ਸਤੰਬਰ 1988 ਨੂੰ ਪਟਿਆਲਾ ਵਿਚ ਸੜਕ 'ਤੇ 65 ਸਾਲਾ ਗੁਰਨਾਮ ਸਿੰਘ ਨਾਲ ਬਹਿਸ ਹੋ ਗਈ ਸੀ, ਜਿਸ ਤੋਂ ਬਾਅਦ ਸਿੱਧੂ ਨੇ ਗੁਰਨਾਮ ਸਿੰਘ ਨੂੰ ਮੁੱਕਾ ਮਾਰ ਦਿੱਤਾ। ਹਸਪਤਾਲ ਵਿਚ ਬਰੇਨ ਹੈਮਰੇਜ ਨਾਲ ਗੁਰਨਾਮ ਦੀ ਮੌਤ ਹੋ ਗਈ ਸੀ। ਹੇਠਲੀ ਅਦਾਲਤ ਨੇ ਦੋਸ਼ ਮੁਕਤ ਕਰ ਦਿੱਤਾ ਸੀ ਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫ਼ੈਸਲੇ ਨੂੰ ਰੱਦ ਕਰਦਿਆਂ ਸਿੱਧੂ ਨੂੰ ਗੈਰ ਇਰਾਦਾ ਕਤਲ ਦਾ ਦੋਸ਼ੀ ਮੰਨਿਆ ਸੀ

☛ ਬਾਕੀ ਸਫ਼ਾ 41 'ਤੇ

## ਫੈਡਰਲ ਸਰਕਾਰ ਪਾਈਪ ਲਾਈਨ ਦੀ ਉਸਾਰੀ ਮੁੜ ਸ਼ੁਰੂ ਕਰੇ : ਨੋਟਲੇ



ਅਲਬਰਟਾ (ਨਦਬ) : ਅਲਬਰਟਾ ਪ੍ਰੀਮੀਅਰ ਰੀਚਲ ਨੋਟਲੇ ਨੇ ਕਿਹਾ ਕਿ ਫੈਡਰਲ ਸਰਕਾਰ ਪਾਈਪ ਲਾਈਨ ਉਸਾਰੀ ਮੁੜ ਸ਼ੁਰੂ ਕਰੇ। ਉਨ੍ਹਾਂ ਕਿਹਾ, "ਅਸੀਂ ਇਸ ਪ੍ਰੋਜੈਕਟ ਲਈ ਲੋੜੀਂਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਅਲਬਰਟਾ ਵਾਸੀ ਬਹੁਤ ਰੋਸ ਵਿਚ ਹਨ।" ਇਹ ਸ਼ਬਦ ਉਨ੍ਹਾਂ ਫੋਰਟਮੈਕਮਰੀ ਵਿਖੇ ਫੋਰਟ ਹਿਲਜ਼ ਪ੍ਰੋਜੈਕਟ ਦਾ ਉਦਘਾਟਨ ਕਰਦਿਆਂ ਕਹੇ।

ਨਵੀਂ ਤਕਨੀਕ ਨਾਲ ਤਿਆਰ ਫੋਰਟ ਹਿਲਜ਼ ਪ੍ਰੋਜੈਕਟ ਸਨਕੋਰ ਅਤੇ ਫਸਟ ਨੇਸ਼ਨ ਦਾ ਸਾਂਝਾ ਬਿਜ਼ਨਸ ਹੈ ਅਤੇ ਫਸਟ ਨੇਸ਼ਨਜ਼ ਨੇ ਇਸ ਪ੍ਰੋਜੈਕਟ ਰਾਹੀਂ ਕਨੇਡੀਅਨ ਇਤਿਹਾਸ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਕੀਤਾ ਹੈ। ਲਗਭਗ 15 ਅਰਬ ਡਾਲਰ ਦੇ ਇਸ ਪ੍ਰੋਜੈਕਟ ਵਿਚ ਫੋਰਟ ਮਕੇਅ ਅਤੇ ਮਿਕੀਮਿਉ ਕਰੀ ਫਸਟ ਨੇਸ਼ਨ ਦੇ 48% ਹਿੱਸੇ ਹਨ। ਫੋਰਟ ਹਿਲਜ਼ ਪ੍ਰੋਜੈਕਟ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਵੇਗਾ ਅਤੇ ਰੋਜ਼ਾਨਾ 194,000 ਬੈਰਲ ਤੇਲ ਦਾ ਉਤਪਾਦਨ ਕਰੇਗਾ। ਇੱਥੇ 1400 ਤੋਂ ਉਪਰ ਲੋਕਾਂ ਨੂੰ ਰੁਜ਼ਗਾਰ ਮਿਲਣ ਦੀ ਸੰਭਾਵਨਾ ਹੈ।

☛ ਬਾਕੀ ਸਫ਼ਾ 41 'ਤੇ

Roof Trusses
Floor Systems
Lumber
Stairs
Tall Wall
Wall Panel
Floor Panel
ZyTech
BUILDING SYSTEMS
Employment opportunities for : Forklift Operatior, Lumber Stackers, Truss Builders and General Helpers.
ਨੌਕਰੀਆਂ : ਫੋਰਕਲਿਫਟ ਆਪ੍ਰੇਟਰਜ਼, ਲੰਬਰ ਸਟੈਕਰਸ, ਟਰੱਸ ਬਿਲਡਰਜ਼ ਅਤੇ ਜਨਰਲ ਹੈਲਪਰਜ਼
ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ਼ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ 'ਤੇ ਸੰਪਰਕ ਕਰੋ।
ਰਘੁਬੀਰ ਸਿੰਘ ਭੰਡਾਲ : 780-980-9192
ਜਸਪਾਲ ਸਿੰਘ ਭੰਡਾਲ :403-912-3232
Balzac (Calgary) | Springbrook (Red Deer) | Leduc (Edmonton) | Saskatoon
HELP WANTED

Excellent ED Drywall
Excellent Drywall Ltd.
Residential & Commercial
Best Service & Quality
Free Estimates for :
• Boarding • Taping
• Textured Spray • Knock Down
ਡਰਾਈਵਾਲ ਦਾ ਵਧੀਆ ਕੰਮ ਵਾਜਬ ਕੀਮਤਾਂ 'ਤੇ ਕਰਵਾਉਣ ਲਈ ਕੁਲਵਿੰਦਰ ਨਾਲ ਸੰਪਰਕ ਕਰੋ
Email : excellentdrywall@yahoo.ca
780-729-3344, 780-902-2221

Chanprit S. Baweja (Prince)
Ask about : Personal Services
BMO Bank of Montreal
➢ Best Rates
➢ First Time Homebuyers
➢ Pre Approvals
➢ New to Canada
➢ Self Employed
➢ Construction Mortgage
Home Financing expertise available at your convernience
780-862-7717
chanprit.baweja@bmo.com

Super Visa Insurance
Life, Critical Illness, Accident & Sickness and Health product
Serving community for 18 years
18 ਸਾਲ ਤੋਂ ਇੰਸ਼ੋਰੈਂਸ ਦੀ ਦੁਨੀਆ ਵਿਚ ਇਕ ਭਰੋਸੇਯੋਗ ਨਾਮ
ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
We work with more than 25 companies! JASVIR DEOL
Ph:780-906-4497 jdeol@deolinsurance.com

3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Sweg Deol
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell : (780) 951-9873 Bus: (780) 434-4700

CIBC
For what matters
Jassie Pandher
Mortgage Advisor & Builder Specialist
Cell: 780 729-0086
Tel: 1 888 335-3198
Fax: 780 465-8068
jaskiran.pandher@cibc.com
Language(s) Spoken: English, Hindi, Punjabi and Urdu

• CRIMINAL LAW
• REAL ESTATE LAW
• IMMIGRATION LAW
• FAMILY LAW
• BUSINESS LAW
• WILLS AND ESTATES
• CIVIL LAW
• BUILDER'S LIEN
VLG Lawyers*
Barristers, Solicitors & Notaries
Gurpreet Singh Gill*
Kevin E Moore*
Taranjeet K Virdee*
* An Association Of Independent Lawyers
If arrested do not giveup your rights unless you speak to us.
We will fight tough for your rights.
Phone: 780-469-0045/46; Fax: 780-469-0096
Contact our team: #207, 9252 - 34 Ave. Edmonton, AB. T6E 5P2
FOR URGENT BAIL AND DEPORTATION MATTERS CALL US @ 780-982-6806 OR 780-288-1864

ADVANCED Roofing Systems Ltd.

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licaenced & Insured • Pine Shake Replacement • Roof Top Snow removel • FREE Estimates




5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

FOR ALL YOUR REAL ESTATE NEEDS

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਅੱਜ ਹੀ ਭਰੋਸੇਮੰਦ ਰੀਅਲਟਰ ਹਰਪ੍ਰੀਤ ਗਿੱਲ ਨਾਲ ਸੰਪਰਕ ਕਰੋ

Harpreet Gill
REALTOR



MaxWell
Where Real Estate Happens

Cell: 780-993-3029
Ph. : 866-968-0888, Fax: 877-968-0888, harpreet.k.gill@hotmail.com
www.edmontonrealestategill.com, www.realestategill.com

A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

A-WIN: MAKING LIFE EASY

Who We Are
Western Canada's
Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ



ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%

Payment Options available

Edmonton : 780-465-6900

Calgary : 403-775-2100

GROVER PROFESSIONAL ACCOUNTING & TAX SERVICES



Neha Grover

Neha Grover
- Bookkeeping
- G.S.T.
- Payrolls
- Corporate & Professional Taxes
- E-files

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com

Insurance Advisor

- Super Visa Insurance
- LIfe/Mortgage Insurance
- Disability/Critical Illness Insurance
- Visitors and Travel Insurance
- Dental & Drug plans
- RESP

Varinder Nijjar
780-667-3015
varinder.nijjar@dfsin.ca



Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal
In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche

ALPHA Tent Rentals
All Events Big or Small
We are in this Business Since 2001



Ladies Sangeet Jago Equipment

Tents All Size and Different Colours
Tables Rectangular & Round Chairs All Colours
Lights, Dance Floor, Heaters, Fans,
Catering Equipment, Coffee Brewers,
Big Burners, Big Pots (Patila), Cutlery and Plates,
Portable Bars Beer Tubs Ice Boxes
Carpet, Stantions, Linens and Clips.

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghingar: 780 237 5556
www.alphatentrentals.com
Office: 780 490 5354





# ਅਦਾਲਤੀ ਫੈਸਲੇ ਮਗਰੋਂ ਫਸਟ ਨੇਸ਼ਨਾਂ ਨੇ ਪਾਈਪਲਾਈਨ ਪ੍ਰੋਜੈਕਟ ਵਿਚ ਨਿਵੇਸ਼ ਦੀ ਰੁਚੀ ਦਿਖਾਈ

ਐਡਮਿੰਟਨ-ਨਦਬ: ਫੋਰਟ ਮੈਕ ਮਰੀ, ਅਲਟਾ ਦੇ ਦੇਸ਼ੀ ਸਮੂਹਾਂ ਦਾ ਕਹਿਣਾ ਹੈ ਕਿ ਉਹ ਪ੍ਰੋਜੈਕਟ ਵਿਚ ਨਿਵੇਸ਼ ਕਰਨਾ ਚਾਹੁੰਦੇ ਹਨ ਤੇ ਫੈਡਰਲ ਕੋਰਟ ਆਫ਼ ਅਪੀਲ ਦਾ ਫੈਸਲਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਲਈ ਮੌਕਾ ਹੈ ਤੇ ਉਨ੍ਹਾਂ ਨੂੰ ਇਸ 'ਤੇ ਵਿਚਾਰ ਕਰਨਾ ਚਾਹੀਦਾ ਹੈ। ਦੱਸਣਾ ਬਣਦਾ ਹੈ ਕਿ ਫੈਡਰਲ ਕੋਰਟ ਆਫ਼ ਅਪੀਲ ਵਲੋਂ ਫੈਡਰਲ ਸਰਕਾਰ ਦੀ ਦਲੀਲ ਨੂੰ ਨਾ ਮੰਨਦਿਆਂ ਕਿਹਾ ਗਿਆ ਹੈ ਕਿ ਪਾਈਪਲਾਈਨ ਰੂਟ 'ਤੇ ਚੱਲਣ ਵਾਲੇ ਟੈਕਰਾਂ ਦੇ ਪ੍ਰਭਾਵ ਦੀ ਪੜਚੋਲ ਕੀਤੀ ਜਾਵੇ।



ਬੀਸੀ ਦੇ ਬਹੁਤ ਸਾਰੇ ਫਸਟ ਨੇਸ਼ਨ ਪ੍ਰੋਜੈਕਟ ਦੇ ਖਿਲਾਫ਼ ਹਨ ਤੇ ਉਨ੍ਹਾਂ ਨੇ ਅਦਾਲਤ ਵਿਚ ਆਪਣਾ ਪੱਖ ਰੱਖਿਆ ਸੀ। ਹੁਣ ਜਦੋਂ ਅਦਾਲਤ ਦਾ ਫੈਸਲਾ ਉਨ੍ਹਾਂ ਦੇ ਹੱਕ ਵਿਚ ਆ ਗਿਆ ਹੈ ਤਾਂ ਉਹ ਕਾਫ਼ੀ ਖੁਸ਼ ਹਨ। ਫੋਰਟ ਮੈਕ ਮਰੀ ਦੇ ਮੁੱਖ ਪ੍ਰਬੰਧਕੀ ਅਫ਼ਸਰ ਬ੍ਰੈਡ ਕਾਲੀਹੁ ਨੇ ਕਿਹਾ ਕਿ ਬਿਨਾਂ ਮਸ਼ਵਰੇ ਤੋਂ ਇਸ ਮਾਮਲੇ ਵਿਚ ਕੋਈ ਰਸਤਾ ਨਹੀਂ ਹੈ। ਅਦਾਲਤ ਨੇ ਵੀ ਇਸ ਗੱਲ ਨੂੰ ਪੁਖਤਾ ਕੀਤਾ ਹੈ ਕਿ ਜਿਹੜੇ ਵੀ ਮਾਮਲੇ ਹਨ, ਉਨ੍ਹਾਂ ਬਾਰੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਆਤਮ ਨਿਰਭਰ ਹੋਣਾ ਹੈ ਤਾਂ ਜੋ ਅਸੀਂ ਸਰਕਾਰ ਦੀਆਂ ਸਬਸੀਡੀਆਂ ਦੇ ਸਹਾਰੇ ਨਾ ਰਹੀਏ।

ਦੱਸਣਾ ਬਣਦਾ ਹੈ ਕਿ ਬੀਸੀ ਦੇ ਸਾਰੇ ਫਸਟ ਨੇਸ਼ਨ ਪ੍ਰੋਜੈਕਟ ਦੇ ਵਿਰੋਧ ਵਿਚ ਨਹੀਂ ਹਨ। 33 ਫਸਟ ਨੇਸ਼ਨਜ਼ ਨੇ ਕਿੰਡਰ ਮੋਰਗਨ ਕਨੇਡਾ ਲਿਮਿਟਡ ਨਾਲ ਆਪਸੀ ਸਮਝੌਤਾ ਕੀਤਾ ਹੈ। ਚੀਮ ਫਸਟ ਨੇਸ਼ਨ ਚੀਫ਼ ਨੇ ਵੀ ਨਿਵੇਸ਼ ਕਰਨ ਵਿਚ ਆਪਣੀ ਰੁਚੀ ਪ੍ਰਗਟਾਈ ਹੈ। ਮੈਕ ਮਰੀ ਮੈਟੀਸ ਦੇ ਮੁੱਖ ਪ੍ਰਬੰਧਕ ਅਫ਼ਸਰ ਬਿਲ ਲਾਓਟਿਟ ਨੇ ਵੀ ਕਿਹਾ ਕਿ ਭਵਿੱਖ ਨੂੰ ਧਿਆਨ ਵਿਚ ਰੱਖਦਿਆਂ ਉਹ ਪ੍ਰੋਜੈਕਟ ਦਾ ਹਿੱਸਾ ਬਣਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਵਾਤਾਵਰਣ ਦਾ ਮਾਮਲਾ ਸਾਡੇ ਲਈ ਅਹਿਮ ਹੈ ਤੇ ਜੇ ਅਸੀਂ ਪ੍ਰੋਜੈਕਟ ਵਿਚ ਸ਼ਾਮਲ ਹੋਵਾਂਗੇ ਤਾਂ ਇਸ ਨਾਲ ਜੁੜੇ ਸਰੋਕਾਰਾਂ ਨੂੰ ਧਿਆਨ ਵਿਚ ਰੱਖ ਸਕਾਂਗੇ।

## ਐਡਮਿੰਟਨ ਵਿਚ ਬਣੇਗਾ ਕਨੇਡਾ ਦਾ ਪਹਿਲਾ ਸੌਕਰ ਡੋਮ



ਐਡਮਿੰਟਨ-ਨਦਬ: ਐਡਮਿੰਟਨ ਵਿਚ ਕਨੇਡਾ ਦਾ ਪਹਿਲਾਂ ਆਪਣੀ ਤਰ੍ਹਾਂ ਦਾ ਵਿਸ਼ਾਲ ਸੌਕਰ ਡੋਮ ਬਣਨ ਜਾ ਰਿਹਾ ਹੈ ਜਿਹੜਾ ਕਿ ਇੱਕ ਮਹੀਨੇ ਅੰਦਰ ਖੁੱਲ੍ਹ ਜਾਵੇਗਾ। ਇਸ ਸੌਕਰ ਡੋਮ ਨਾਲ ਇਲਾਕੇ ਵਿਚ ਖੇਡ ਦੇ ਖੇਤਰ ਵਿਚ ਵੱਡੇ ਸੁਧਾਰ ਹੋਣਗੇ। ਡੋਮ ਦਾ ਘੇਰਾ 12541 ਸਕੇਅਰ ਮੀਟਰ ਹੋਵੇਗਾ ਤੇ ਇਸ ਦੀ ਉਚਾਈ 25.6 ਮੀਟਰ ਹੋਵੇਗੀ। ਇਹ ਤਿੰਨ ਤਰ੍ਹਾਂ ਦੇ ਸੌਕਰ ਗੇਮ ਮਾਡਲਾਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਜਾਵੇਗਾ। ਇਸ ਡੋਮ ਵਿਚ ਚਾਰ ਸੈਵਨ ਵਰਸਸ ਸੈਵਨ, ਤਿੰਨ ਨਾਈਨ ਵਰਸਸ ਨਾਈਨ ਅਤੇ ਇੱਕ ਫੁੱਲ ਸਾਈਜ਼ ਮੈਦਾਨ ਹੋਵੇਗਾ।

ਐਡਮਿੰਟਨ ਸੌਕਰ ਡੋਮ ਦੇ ਜਨਰਲ ਮੈਨੇਜਰ ਐਂਟਨੀ ਬੈਂਟ ਨੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਮੈਨੂੰ ਇਸ ਦਾ ਮਾਣ ਹੈ ਕਿ ਮੈਂ ਇਸ ਨਾਲ ਜੁੜਿਆ ਹੋਇਆ ਹਾਂ। ਉਨ੍ਹਾਂ ਕਿਹਾ ਕਿ ਡੋਮ ਨੂੰ ਸਿਰਫ਼ ਫੁੱਟਬਾਲ ਨਾਲ ਜੋੜ ਕੇ ਨਾ ਦੇਖਿਆ ਜਾਵੇ ਇਹ ਸਪੋਰਟਸ ਡੋਮ ਅਤੇ ਕਮਿਊਨਿਟੀ ਦੀ ਥਾਂ ਹੋਵੇਗੀ। ਇਸ ਵਿਚ ਕਈ ਤਰ੍ਹਾਂ ਦੇ ਪ੍ਰੋਗਰਾਮ ਕੀਤੇ ਜਾ ਸਕਣਗੇ। ਹੀਟ ਅਤੇ ਏਸੀ ਦਾ ਖਾਸ ਪ੍ਰਬੰਧ ਹੋਵੇਗਾ। ਇਹ ਅਜਿਹੀ ਥਾਂ ਹੋਵੇਗੀ ਜੋ ਆਪਣੇ ਆਪ ਵਿਚ ਇਕ ਉਦਾਹਰਣ ਬਣ ਜਾਵੇਗੀ। ਇਸ ਪ੍ਰੋਜੈਕਟ 'ਤੇ ਸੱਤ ਮਿਲੀਅਨ ਡਾਲਰ ਖਰਚ ਹੋਵੇਗਾ। ਇਹ ਨਾ ਸਿਰਫ਼ ਕਨੇਡਾ ਦਾ ਵੱਡਾ ਮੈਦਾਨ ਹੋਵੇਗਾ ਸਗੋਂ ਉੱਤਰੀ ਅਮਰੀਕਾ ਦੇ ਚੁਣੀਦੇ ਮੈਦਾਨਾਂ ਵਿਚ ਮੋਹਰੀ ਹੋਵੇਗਾ।

# ਕਨੇਡੀਅਨ ਇਨਡਿਜੀਨਸ ਲੋਕਾਂ ਦਾ ਐਟਲਸ ਜਾਰੀ

ਟੋਰਾਂਟੋ-ਨਦਬ: ਭਾਸ਼ਾ, ਭੂਗੋਲ ਅਤੇ ਸਭਿਆਚਾਰ ਨੂੰ ਲੈ ਕੇ ਵਿਆਪਕ ਤੌਰ 'ਤੇ ਕਨੇਡੀਅਨ ਇਨਡਿਜੀਨਸ ਲੋਕਾਂ ਦਾ ਐਟਲਸ ਪਿਛਲੇ ਦਿਨੀਂ ਟਰਾਂਟੋ ਵਿਚ ਜਾਰੀ ਕੀਤਾ ਗਿਆ। ਇਸ ਨੂੰ ਨੇਪਰੇ ਚਾੜ੍ਹਣ ਲਈ ਕਮਿਊਨਿਟੀਆਂ ਵਲੋਂ ਦੋ ਸਾਲ ਤੋਂ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਸੀ। ਇਸ ਵਿਆਪਕ ਐਟਲਸ ਵਿਚ ਪੁਸਤਕਾਂ ਦੇ ਚਾਰ ਖੰਡ, ਆਨਲਾਈਨ ਇੰਟਰਐਕਟਿਵ ਐਟਲਸ ਅਤੇ ਹੋਰ ਅਜਿਹੀਆਂ ਚੀਜ਼ਾਂ ਸ਼ਾਮਲ ਹਨ ਜਿਨ੍ਹਾਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਰਪੂਰ ਜਾਣਕਾਰੀ ਮੁਹੱਈਆ ਹੋਵੇਗੀ। ਇਸ ਪ੍ਰੋਜੈਕਟ ਵਿਚ ਸਿੱਖਿਆ ਨਾਲ ਸਬੰਧਤ ਸਲਾਹਕਾਰ ਚਾਰਲਿਨ ਬੀਅਰਹੈੱਡ ਨੇ ਕਿਹਾ ਕਿ ਇਹ ਐਟਲਸ ਨਾ ਸਿਰਫ਼ ਇਨਡਿਜੀਨਸ ਬੱਚਿਆਂ ਨੂੰ ਉਨ੍ਹਾਂ ਦੇ ਪਿਛੋਕੜ ਅਤੇ ਸਭਿਆਚਾਰ ਬਾਰੇ ਦੱਸੇਗਾ ਸਗੋਂ ਗੈਰ ਇਨਡੀਜੀਨਸ ਬੱਚਿਆਂ ਨੂੰ ਵੀ ਇਸ ਐਟਲਸ ਤੋਂ ਭਰਪੂਰ ਜਾਣਕਾਰੀ ਪ੍ਰਾਪਤ ਹੋਵੇਗੀ।



ਦੱਸਣਾ ਬਣਦਾ ਹੈ ਕਿ ਪ੍ਰੋਜੈਕਟ ਲਈ ਫੰਡ ਫੈਡਰਲ ਸਰਕਾਰ ਵਲੋਂ ਜੁਟਾਏ ਗਏ ਹਨ ਅਤੇ ਕੰਮ ਦੇਸੀ ਸਮੂਹਾਂ ਨੇ ਰੌਇਲ ਜੌਗਰਫ਼ੀਕਲ ਸੁਸਾਇਟੀ ਨਾਲ ਮਿਲ ਕੇ ਕੀਤਾ ਹੈ। ਜਿਨ੍ਹਾਂ ਨੇ ਇਸ ਪ੍ਰੋਜੈਕਟ ਵਿਚ ਕੰਮ ਕੀਤਾ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਆਪਣੀ ਤਰ੍ਹਾਂ ਦਾ ਪਹਿਲਾ ਪ੍ਰੋਜੈਕਟ ਹੈ। ਫਸਟ ਨੇਸ਼ਨਾਂ ਦੇ ਖੰਡਾਂ ਵਿਚ ਕੀ ਹੋਵੇਗਾ ਇਹ ਤਹਿ ਫਸਟ ਨੇਸ਼ਨਾਂ ਵਲੋਂ ਖੁਦ ਕੀਤਾ ਗਿਆ ਹੈ ਇਸ ਤਰ੍ਹਾਂ ਹੀ ਮੈਟੀਸ ਵਾਲੇ ਖੰਡ ਦਾ ਨਿਰਣੈ ਮੈਟੀਸ ਨੇ ਖੁਦ ਲਿਆ ਹੈ।

ਰੌਇਲ ਜੌਗਰਫ਼ੀਕਲ ਸੁਸਾਇਟੀ ਨੇ ਕਿਹਾ ਕਿ ਇਸ ਪ੍ਰੋਜੈਕਟ ਵਿਚ ਦੇਸ ਦੇ ਲੋਕਾਂ ਦੇ ਸੰਘਰਸ਼ ਨੂੰ ਮਹੱਤਵਪੂਰਨ ਤਰੀਕੇ ਨਾਲ ਦਰਸਾਇਆ ਗਿਆ ਹੈ। ਇਸ ਵਿਚ ਇਨਡਿਜੀਨਸ ਕਮਿਊਨਿਟੀਆਂ ਦੀਆਂ ਭਸ਼ਾਵਾਂ, ਸਿੱਖਿਆ, ਟਰੀਟੀਆਂ ਅਤੇ ਜ਼ਮੀਨ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਇਸ ਵਿਚ ਬਸਤੀਵਾਦੀ, ਨਸਲੀ ਅਤੇ ਰਿਹਾਇਸ਼ੀ ਮਸਲਿਆਂ ਨੂੰ ਵੀ ਸੰਬੋਧਤ ਕੀਤਾ ਗਿਆ ਹੈ।

EmbroidMe®

ਕਾਰੋਬਾਰ ਦੇ ਪ੍ਰਚਾਰ 'ਚ ਤੁਹਾਡੇ ਦੋਸਤ!

your promotional marketing partner

- sports team apparel
- business and corporate branding
- promotional products
- thousands of products available

ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ




780.328.2020 | 5017-52 Ave, Beaumont   EmbroidMe-EdmontonSE.com   more than just embroidery

Services Provided

We also do Braces

Cosmetic and Preventive Dentistry including:

- Check Ups and Cleanings
- Fillings
- TMJ
- Implants
- Teeth Whitening
- Teeth Straightening-Invisalign
- Sports and Night Gaurds
- Crowns and Bridges
- Partial and Full Dentures
- Wisdom Teeth Extractions
- Root Canal Therapy

Open 7 days a week including evenings and weekends!

Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4

Maple DENTALCLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।



Dr. Amritpal Singh

Accepting New Patients

Appointments @

780-440-5001

4444-36 Ave NW Edmonton, AB T6L 3S1



Dr. Sandeep Dhaliwal

# ਟੀਚਰ ਐਸੋਸੀਏਸ਼ਨ ਵਲੋਂ ਅਧਿਆਪਕਾਂ ਦੇ ਸਰਟੀਫ਼ਿਕੇਟ ਰੱਦ ਕਰਨ ਦੀ ਸਿਫ਼ਾਰਸ਼

## ਵਿਦਿਆਰਥੀਆਂ ਨਾਲ ਬੁਰਾ ਵਿਹਾਰ ਕਰਨ ਦਾ ਮਾਮਲਾ

ਐਡਮਿੰਟਨ-ਨਦਬ: ਅਲਬਰਟਾ ਟੀਚਰਜ਼ ਐਸੋਸੀਏਸ਼ਨ ਵਲੋਂ ਸਿੱਖਿਆ ਮੰਤਰੀ ਨੂੰ ਸਿਫ਼ਾਰਸ਼ ਕੀਤੀ ਗਈ ਹੈ ਕਿ ਦੋ ਅਧਿਆਪਕਾਂ ਡੇਵਿਡ ਏ ਵਿਲਸਨ ਅਤੇ ਸਟੀਵਨ ਪੀਟਰ ਜੇਮਸ ਕਰਾਹਨ ਵਿਰੁੱਧ ਵਿਦਿਆਰਥੀਆਂ ਨਾਲ ਬੁਰਾ ਵਿਹਾਰ ਕਰਨ ਦੇ ਮਾਮਲੇ ਵਿਚ ਨਿਯਮਾਂ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਉਨ੍ਹਾਂ ਦੇ ਟੀਚਿੰਗ ਸਰਟੀਫਿਕੇਟ ਰੱਦ ਕੀਤੇ ਜਾਣ। ਦੱਸਣਾ ਬਣਦਾ ਹੈ ਕਿ ਇਨ੍ਹਾਂ ਅਧਿਆਪਕਾਂ ਦਾ ਮਾਮਲਾ ਵਿਚਾਰਨ ਲਈ ਅਲਬਰਟਾ ਟੀਚਰਜ਼ ਐਸੋਸੀਏਸ਼ਨ ਵਲੋਂ ਕਮੇਟੀ ਕਾਇਮ ਕੀਤੀ ਗਈ ਸੀ ਜਿਸ ਨੇ ਇਨ੍ਹਾਂ ਅਧਿਆਪਕਾਂ ਨੂੰ ਦੋਸ਼ੀ ਪਾਏ ਜਾਣ ਮਗਰੋਂ ਸਿੱਖਿਆ ਮੰਤਰੀ ਨੂੰ ਇਨ੍ਹਾਂ ਦੇ ਟੀਚਿੰਗ ਸਰਟੀਫਿਕੇਟ ਰੱਦ ਕਰਨ ਦੀ ਸਿਫ਼ਾਰਿਸ਼ ਕੀਤੀ ਹੈ।

ਏਟੀਏ ਮੁਤਾਬਕ ਹੁਣ ਇਹ ਦੋਵੇਂ ਅਧਿਆਪਕ ਪਬਲਿਕ, ਕੈਥੋਲਿਕ ਅਤੇ ਫਰੈਕੋਫੋਨ ਸਕੂਲਾਂ ਵਿਚ ਨਹੀਂ ਪੜ੍ਹਾ ਸਕਣਗੇ। ਪ੍ਰਾਈਵੇਟ, ਚਾਰਟਰ ਅਤੇ ਫਸਟ ਨੇਸ਼ਨ ਦੇ ਸਕੂਲਾਂ ਵਿਚ ਉਹ ਬੇਸ਼ੱਕ ਪੜ੍ਹਾ ਸਕਦੇ ਹਨ।

ਕਮੇਟੀ ਵਲੋਂ ਵਿਲਸਨ ਨੂੰ ਦੋ ਸਕੂਲਾਂ ਵਿਚ ਵਿਦਿਆਰਥੀਆਂ ਬਾਰੇ ਭੱਦੀਆਂ ਟਿੱਪਣੀਆਂ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਸ ਤੋਂ




ਇਲਾਵਾ ਉਸ ਨੇ ਇਕ ਤੇਰ੍ਹਾਂ ਸਾਲਾਂ ਦੀ ਕੁੜੀ ਨੂੰ ਜਮਾਤ ਦੇ ਸਾਹਮਣੇ ਰੱਸੀ ਟੱਪਣ ਲਈ ਕਿਹਾ ਤੇ ਖੁਦ ਉਸ ਦੀ ਛਾਤੀ ਵੱਲ ਲਗਾਤਾਰ ਵੇਖਦਾ ਰਿਹਾ। ਜੇਮਸ ਦੇ ਮਾਮਲੇ ਵਿਚ ਉਨ੍ਹਾਂ ਨੂੰ ਏਟੀਏ ਦੀ ਮੈਂਬਰਸ਼ਿਪ ਤੋਂ ਇਕ ਸਾਲ ਲਈ ਮੁਅੱਤਲ ਕੀਤਾ ਗਿਆ ਹੈ ਤੇ ਸਿੱਖਿਆ ਮੰਤਰੀ ਨੂੰ ਸਿਫ਼ਾਰਸ਼ ਕੀਤੀ ਗਈ ਹੈ ਕਿ ਉਸ ਦਾ ਟੀਚਿੰਗ ਸਰਟੀਫਿਕੇਟ ਰੱਦ ਕੀਤਾ ਜਾਵੇ। ਮਿਲੀ ਜਾਣਕਾਰੀ ਅਨੁਸਾਰ ਜੇਮਸ ਅਕਤੂਬਰ 2017 ਦੀ ਸੁਣਵਾਈ ਦੌਰਾਨ ਕਿਸੇ ਪ੍ਰਾਈਵੇਟ ਸਕੂਲ ਵਿਚ ਪੜ੍ਹਾ ਰਿਹਾ ਸੀ।

ਮੰਤਰੀ ਇਗਨ ਦੀ ਪ੍ਰੈੱਸ ਸਕੱਤਰ ਲਿੰਡਸੇ ਦਾ ਕਹਿਣਾ ਹੈ ਕਿ ਏਟੀਏ ਦੀਆਂ ਸਿਫ਼ਾਰਸ਼ਾਂ ਨੂੰ ਧਿਆਨ ਵਿਚ ਰੱਖ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ ਪਰ ਅਸੀਂ ਇਸ ਮਾਮਲੇ ਨਾਲ ਜੁੜੇ ਸਰੋਕਾਰਾਂ ਨੂੰ ਅਜੇ ਜਨਤਕ ਨਹੀਂ ਕਰ ਸਕਦੇ।

ਉਨ੍ਹਾਂ ਕਿਹਾ ਕਿ ਸਵਾਲ ਇਹ ਹੈ ਕਿ ਅਸੀਂ ਅਧਿਆਪਕਾਂ ਨੂੰ ਮਾਂ-ਬਾਪ ਦੇ ਬਰਾਬਰ ਦਰਜਾ ਦਿੰਦੇ ਹਾਂ ਪਰ ਜੇਕਰ ਇਨ੍ਹਾਂ ਵਲੋਂ ਇਸ ਤਰ੍ਹਾਂ ਦੀਆਂ ਅਨੈਤਿਕ ਹਰਕਤਾਂ ਕੀਤੀਆਂ ਜਾਂਦੀਆਂ ਹਨ ਤਾਂ ਸਾਨੂੰ ਆਪਣੀਆਂ ਸਿੱਖਿਆ ਨੀਤੀਆਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਅਧਿਆਪਕਾਂ ਲਈ ਵੀ ਅਜਿਹੇ ਕੋਰਸ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਦੀ ਨੈਤਿਕਤਾ ਨੂੰ ਮਜ਼ਬੂਤ ਬਣਾਇਆ ਜਾ ਸਕੇ। ਜੇਕਰ ਅਧਿਆਪਕ ਨੈਤਿਕ ਤੌਰ 'ਤੇ ਕਮਜ਼ੋਰ ਹੋਣਗੇ ਤਾਂ ਇਸ ਦਾ ਅਸਰ ਵਿਦਿਆਰਥੀਆਂ ਉੱਤੇ ਪੈਣਾ ਸੁਭਾਵਕ ਹੈ। ਦੂਜੀ ਗੱਲ ਇਹ ਹੈ ਕਿ ਸਮੇਂ ਸਮੇਂ 'ਤੇ ਅਧਿਆਪਕਾਂ ਦੀ ਕੌਂਸਲਿੰਗ ਹੋਣੀ ਚਾਹੀਦੀ ਹੈ ਜਿਸ ਨਾਲ ਉਨ੍ਹਾਂ ਦੀ ਮਾਨਸਿਕਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਜ਼ਾ ਦੇਣੀ ਇਸ ਸਮੱਸਿਆ ਦਾ ਇਕ ਪਹਿਲੂ ਹੈ ਪਰ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਪੱਖ ਹਨ, ਜਿਨ੍ਹਾਂ 'ਤੇ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ।

# ਨਾਰਥ ਐਡਮਿੰਟਨ ਸੀਨੀਅਰ ਸੁਸਾਇਟੀ ਦੇ ਨਵੇਂ ਉੱਦਮ!

ਐਡਮਿੰਟਨ (ਨਦਬ) : ਨਾਰਥ ਐਡਮਿੰਟਨ ਸੀਨੀਅਰ ਸੁਸਾਇਟੀ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਕਈ ਕਦਮ ਚੁਕੇ। ਅੰਦਰੂਨੀ ਪ੍ਰਬੰਧਕੀ ਕਾਰਜਾਂ ਨੂੰ ਹੋਰ ਸੁਚਾਰੂ ਢੰਗਾਂ ਨਾਲ ਕਰਨ ਦੇ ਨਾਲ ਨਾਲ, ਸੁਸਾਇਟੀ ਨੇ ਨਵੇਂ ਨਿਯਮ ਵੀ ਅਪਣਾਏ। ਭਾਈਚਾਰੇ ਚੋਂ ਬਹੁਤ ਸਾਰੇ ਕੰਸਟ੍ਰਕਸ਼ਨ ਦਾ ਕੰਮ ਕਰਨ ਵਾਲੇ ਠੇਕੇਦਾਰਾਂ ਨੇ ਸੁਸਾਇਟੀ ਦੇ ਘਰ ਦਾ ਨਕਸ਼ਾ ਹੀ ਬਦਲ ਦਿਤਾ। ਸਾਲਾਨਾ ਟੈਕਸ ਫ਼ਾਰਮ ਭਰਨ ਦੀਆਂ ਸੇਵਾਵਾਂ ਨੂੰ ਹੋਰ



ਵਧਾਇਆ। ਕਪਿਲ ਸ਼ਰਮਾ, ਅਜੀਤ ਸਿੰਘ ਚਾਵਲਾ, ਸੁਪ੍ਰੀਤ ਮਥਾੜੂ 'ਤੇ ਗੁਰਵਿੰਦਰ ਸੇਖੋਂ ਹੋਰਾਂ ਦੇ ਸਹਿਯੋਗ ਨਾਲ ਸੁਸਾਇਟੀ ਨੇ ਇਹ ਸੇਵਾਵਾਂ, ਸਾਰੇ ਸੀਨੀਅਰ ਸਿਟੀਜ਼ਨਜ਼ ਨੂੰ ਮੁਫ਼ਤ ਮੁਹਈਆ ਕਰਾਈਆਂ ਹਨ। ਸੁਸਾਇਟੀ ਨੇ ਗਰਮੀਆਂ ਵਿਚ ਹੋਰ ਵੀ ਕਈ ਜਾਣਕਾਰੀ ਭਰਪੂਰ ਪ੍ਰੋਗਰਾਮ ਉਲੀਕੇ ਹਨ। ਸ਼ੂਗਰ, ਬਲੱਡ ਪ੍ਰੈਸ਼ਰ 'ਤੇ ਅੱਖਾਂ ਦੀ ਦੇਖ ਭਾਲ ਸਬੰਧੀ ਪ੍ਰੋਗਰਾਮ, ਕਲੇਰਵਿਊ ਮੈਡੀਕਲ ਦੇ ਡਾ: ਮੋਤੀ ਲਾਲ ਤੇ ਅੱਖਾਂ ਦੀ ਨਜ਼ਰ ਟੈਸਟ ਕਰਨ ਵਾਲੇ ਡ: ਗੀਨਾ ਸਾਹੀ ਨੇ ਦਿਤੇ। ਇਹ ਪ੍ਰੋਗਰਾਮ, ਹਾਜ਼ਰ ਮੈਂਬਰਾਂ ਵੱਲੋਂ ਬਹੁਤ ਸਲਾਹੇ ਗਏ।

# ਡਰੱਗ ਤਸਕਰੀ 'ਚ 6 ਪੰਜਾਬੀ ਗ੍ਰਿਫ਼ਤਾਰ

ਐਡਮਿੰਟਨ-ਨਦਬ : ਪਿਛਲੇ ਦਿਨੀਂ ਕਨੇਡਾ ਦੀ ਅਨਟਾਰੀਓ ਪੁਲੀਸ ਵਲੋਂ ਅੰਤਰਰਾਸ਼ਟਰੀ ਡਰੱਗ ਤਸਕਰ ਗ੍ਰੋਹ ਦੇ ਦਸ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕਨੇਡਾ ਅਤੇ ਪੰਜਾਬ ਪੁਲੀਸ ਦਾ ਦਾਅਵਾ ਹੈ ਕਿ ਇਸ ਗ੍ਰੋਹ ਦੀਆਂ ਤਾਰਾਂ ਭਾਰਤ, ਕਨੇਡਾ ਪਾਕਿਸਤਾਨ, ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਨਾਲ ਜੁੜੀਆਂ ਹੋਈਆਂ ਹਨ। ਇਹ ਦਾਅਵਾ ਪੰਜਾਬ ਪੁਲੀਸ ਵਲੋਂ ਉਦੋਂ ਕੀਤਾ ਗਿਆ ਸੀ ਜਦੋਂ ਡਰੱਗ ਸਮਗਲਿੰਗ ਦੇ ਮਾਮਲੇ ਵਿਚ ਸਾਬਕਾ ਡੀਐਸਪੀ ਜਗਦੀਸ਼ ਸਿੰਘ ਭੋਲਾ ਨੂੰ ਗ੍ਰਿਫ਼ਤਾਰ ਕਰਕੇ ਉਸ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਸੀ। ਕਨੇਡਾ ਪੁਲੀਸ ਵਲੋਂ ਗ੍ਰਿਫ਼ਤਾਰ ਕੀਤੇ ਗਏ ਪੰਜਾਬੀ ਮੂਲ ਦੇ ਵਿਅਕਤੀਆਂ ਵਿਚ ਦਿਲਬਾਗ ਸਿੰਘ ਔਜਲਾ, ਕਰਨ ਘੁਮਾਣ, ਗੁਰਿੰਦਰ ਬੇਦੀ ਨੂੰ ਹੈਰੋਇਨ, ਅਫ਼ੀਮ ਰੱਖਣ ਅਤੇ ਸਮਗਲ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਦਾ ਸਬੰਧ ਬਰੈਂਪਟਨ ਨਾਲ ਹੈ ਜਿਸ ਨੂੰ ਕਿ ਕਨੇਡਾ ਦਾ ਮਿੰਨੀ ਪੰਜਾਬ ਆਖਿਆ ਜਾਂਦਾ ਹੈ। ਦੂਜੇ ਤਿੰਨ ਵਿਅਕਤੀਆਂ ਨੂੰ ਪ੍ਰੋਪਰਟੀ ਦੇ ਸਬੰਧ ਵਿਚ ਘਪਲੇਬਾਜ਼ੀ ਅਤੇ ਅਜਿਹੇ ਹੀ ਹੋਰ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।



## ਅਸਫ਼ਲ ਈ ਸੇਵਾਵਾਂ 'ਤੇ ਕਈ ਮਿਲੀਅਨ ਖਰਚ

ਐਡਮਿੰਟਨ–ਨਦਬ: ਪਿਛਲੇ ਦਿਨੀਂ ਸਿਟੀ ਆਡੀਟਰ ਵਲੋਂ ਰਿਪੋਰਟ ਜਾਰੀ ਕੀਤੀ ਗਈ ਜਿਸ ਵਿਚ ਸਾਹਮਣੇ ਆਇਆ ਕਿ ਅਸਫ਼ਲ ਈ ਸੇਵਾਵਾਂ ਲਈ ਕਈ ਮਿਲੀਅਨ ਡਾਲਰ ਖਰਚ ਕੀਤੇ ਗਏ ਹਨ। ਇਸ ਯੋਜਨਾ ਤਹਿਤ 11.6 ਮਿਲੀਅਨ ਡਾਲਰ ਬਿਜ਼ਨਸ ਭਾਈਵਾਲਾ ਨੂੰ ਠੇਕੇ ਦੇ ਰੂਪ 'ਚ ਦਿੱਤੇ ਗਏ ਹਨ, ਜਿਨ੍ਹਾਂ ਨੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨਾ ਸੀ। ਆਡੀਟਰ ਡੇਵਿਡ ਵੂਇਨ ਨੇ ਕਿਹਾ ਕਿ ਇਸ ਯੋਜਨਾ ਤਹਿਤ ਜਿਨ੍ਹਾਂ ਨੂੰ ਠੇਕੇ ਦਿੱਤੇ ਗਏ ਹਨ, ਉਹ ਪ੍ਰੋਜੈਕਟ ਮੈਨੇਜਰ ਦੇ ਜਾਣਕਾਰ ਸਨ ਤੇ ਇਹੀ ਨਹੀਂ ਸਗੋਂ ਠੇਕੇ ਦੇ ਰੂਪ ਵਿਚ ਜੋ ਭੁਗਤਾਨ ਹੋਇਆ ਹੈ, ਉਹ ਵੀ ਔਸਤਨ ਨਾਲੋਂ ਜ਼ਿਆਦਾ ਸੀ। ਇਸ ਯੋਜਨਾ ਦਾ ਅੱਧਾ ਧਨ ਕੁਝ ਕੁ ਠੇਕੇਦਾਰਾਂ ਨੂੰ ਦਿੱਤਾ ਗਿਆ ਹੈ ਜਦੋਂ ਕਿ ਸਿਟੀ ਦੇ ਹਿਊਮਨ ਰਿਸੋਰਜ਼ ਵਿਭਾਗ ਨੂੰ ਇਸ ਮਿਲੀਭੁਗਤ ਬਾਰੇ ਭਿਣਕ ਵੀ ਨਹੀਂ ਲੱਗਣ ਦਿੱਤੀ। ਇਸ ਈ ਸਰਵਿਸ ਪ੍ਰੋਜੈਕਟ 'ਚ ਕਈ ਤਰ੍ਹਾਂ ਦੀਆਂ ਈ ਸੇਵਾਵਾਂ ਸ਼ਾਮਲ ਹਨ ਜਿਨ੍ਹਾਂ 'ਚ ਆਨਲਾਈਨ ਪੈਟ ਲਾਇਸੰਸ ਫਾਰਮ ਤੇ ਡਵੈਲਪਮੈਂਟ ਪਰਮਿਟ ਅਰਜ਼ੀਆਂ ਹਨ। ਵੂਇਨ ਵਲੋਂ ਇਹ ਆਡਿਟ ਅਪ੍ਰੈਲ 'ਚ ਉਦੋਂ ਸ਼ੁਰੂ ਕੀਤਾ ਗਿਆ ਸੀ ਜਦੋਂ ਇਸ ਪ੍ਰੋਜੈਕਟ 'ਚ ਹਿੱਤਾਂ ਦੇ ਟਕਰਾਅ ਦਾ ਮਾਮਲਾ ਸਾਹਮਣਾ ਆਇਆ ਸੀ। ਆਡਿਟ ਕਰਦਿਆਂ ਪਤਾ ਲੱਗਾ ਕਿ ਈ ਸਰਵਿਸ ਪ੍ਰੋਜੈਕਟ 'ਚ ਨਿਸਚਿਤ ਬਜਟ ਦਾ 87 ਪ੍ਰਤੀਸ਼ਤ ਧਨ ਖਰਚਿਆਂ ਜਾ ਚੁੱਕਾ ਹੈ ਤੇ ਇਸ 'ਚੋਂ 3.2 ਮਿਲੀਅਨ ਡਾਲਰ ਪਿਛਲੇ ਪੰਜ ਸਾਲਾਂ 'ਚ ਸਿਰਫ਼ ਪੰਜ ਠੇਕੇਦਾਰਾਂ ਨੂੰ ਹੀ ਦਿੱਤਾ ਗਿਆ ਹੈ। ਵੂਇਨ ਵਲੋਂ ਅਪ੍ਰੈਲ 2015 'ਚ ਵੀ ਇਸ ਮਾਮਲੇ 'ਤੇ ਚਾਨਣਾ ਪਾਇਆ ਗਿਆ ਸੀ। ਮਾਮਲੇ ਨੂੰ ਦੇਖਦਿਆਂ ਆਡੀਟਰ ਜਨਰਲ ਨੇ ਦੋ ਸਿਫ਼ਾਰਿਸ਼ਾਂ ਕੀਤੀਆਂ ਹਨ ਪਹਿਲੀ ਇਹ ਕਿ ਸਿਟੀ ਕਰਮਚਾਰੀਆਂ ਲਈ ਭ੍ਰਿਸ਼ਟਾਚਾਰ ਜਾਗਰੂਕਤਾ ਪ੍ਰੋਗਰਾਮ ਬਣਾਇਆ ਜਾਵੇ, ਦੂਜੀ ਇਹ ਕਿ ਪ੍ਰੋਜੈਕਟ ਪ੍ਰਬੰਧਨ ਨੂੰ ਮਜ਼ਬੂਤ ਬਣਾਇਆ ਜਾਵੇ ਤੇ ਇਸ ਨੂੰ ਆਈਟੀ ਠੇਕੇ ਅੰਦਰ ਲਿਆਂਦਾ ਜਾਵੇ।

### ਖਾਲੀ ਨਿਆਂਇਕ ਪਦਵੀਆਂ ਕਾਰਨ ਫੈਸਲਿਆਂ ਵਿਚ ਦੇਰੀ

## ਸਰਕਾਰ ਕੈਬਨਿਟ ਦੀ ਮੀਟਿੰਗ ਤੋਂ ਬਾਅਦ ਕਰੇਗੀ ਫੈਸਲਾ

ਓਟਾਵਾ–ਨਦਬ: ਖਾਲੀ ਨਿਆਂਇਕ ਪਦਵੀਆਂ ਨੂੰ ਲੈ ਕੇ ਫੈਡਰਲ ਸਰਕਾਰ ਨੂੰ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੱਸਣਾ ਬਣਦਾ ਹੈ ਕਿ ਲਗਭਗ ਪੰਜ ਦਰਜਨ ਨਿਆਂਇਕ ਪਦਵੀਆਂ ਅਜੇ ਭਰਨ ਵਾਲੀਆਂ ਹਨ। ਇਨ੍ਹਾਂ ਖਾਲੀ ਪਦਵੀਆਂ ਦੇ ਚਲਦਿਆਂ ਫੈਡਰਲ ਬੈਂਚਾਂ ਕੋਲ ਕੇਸਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ, ਜਿਸ ਕਾਰਨ ਨਿਆਂ ਵਿਚ ਵੀ ਲਗਾਤਾਰ ਦੇਰੀ ਹੋ ਰਹੀ ਹੈ। ਫੈਡਰਲ ਅੰਕੜੇ ਦੱਸਦੇ ਹਨ ਕਿ 57 ਖਾਲੀ ਪਦਵੀਆਂ ਜਿੰਨੀ ਛੇਤੀ ਹੋ ਸਕੇ ਭਰਨੀਆਂ ਚਾਹੀਦੀਆਂ ਹਨ। ਦੂਜੇ ਪਾਸੇ ਸਰਕਾਰ ਨੇ ਵਿਸ਼ਵਾਸ ਦਿਵਾਇਆ ਹੈ ਕਿ 17 ਸਤੰਬਰ ਤੋਂ ਬਾਅਦ ਹਾਊਸ ਆਫ਼ ਕਾਮਨਜ਼ ਦੇ ਸੈਸ਼ਨ ਦਰਮਿਆਨ ਇਸ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਬੈਂਚਾਂ ਦੀਆਂ ਪਦਵੀਆਂ ਬਾਰੇ ਪ੍ਰਵਾਨਗੀ ਦਾ ਅਧਿਕਾਰ ਕੈਬਨਿਟ ਕੋਲ ਹੁੰਦਾ ਹੈ ਤੇ ਜਦੋਂ ਇਸ ਮਹੀਨੇ ਕੈਬਨਿਟ ਦੀ ਮੀਟਿੰਗ ਹੋਈ ਤਾਂ ਇਸ ਮਸਲੇ ਨੂੰ ਵਿਚਾਰਿਆ ਜਾਵੇਗਾ।

ਵਿਲਸਨ ਰੇਅਬੋਲਡ ਦੇ ਬੁਲਾਰੇ ਦਾ ਕਹਿਣਾ ਹੈ ਕਿ ਇਸ ਸਾਲ ਹੁਣ ਤੱਕ 65 ਜੱਜ ਨਿਯੁਕਤ ਹੋ ਚੁੱਕੇ ਹਨ ਜਦੋਂਕਿ 19 ਜੱਜ ਪਿਛਲੇ ਹਫ਼ਤੇ ਨਿਯੁਕਤ ਹੋਏ ਹਨ। 100 ਜੱਜਾਂ ਦੀ ਨਿਯੁਕਤੀ ਪਿਛਲੇ ਸਾਲ ਹੋਈ ਸੀ। ਜਦ ਤੋਂ ਲਿਬਰਲਾਂ ਨੇ ਦਫ਼ਤਰ ਸੰਭਾਲਿਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ 212 ਜੱਜਾਂ ਦੀ ਨਿਯੁਕਤੀ ਹੋ ਚੁੱਕੀ ਹੈ।

ਇਸ ਸਮੱਸਿਆ ਨੂੰ ਦੇਖਦਿਆਂ 2016 ਵਿਚ ਕਨੇਡਾ ਦੀ ਸੁਪਰੀਮ ਕੋਰਟ ਦਾ ਫੈਸਲਾ ਆਇਆ ਸੀ ਜਿਸ ਨੂੰ ਕਿ ਜੋਰਡਨ ਫੈਸਲੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਫੈਸਲੇ ਤਹਿਤ ਕੇਸ ਲਈ ਸਮਾਂ ਸੀਮਾ ਨਿਸਚਿਤ ਕੀਤੀ ਗਈ ਸੀ ਜਿਸ ਅਨੁਸਾਰ ਸੂਬਾਈ ਅਦਾਲਤਾਂ ਲਈ ਵੱਧ ਤੋਂ ਵੱਧ 18 ਮਹੀਨੇ ਅਤੇ ਉੱਚ ਅਦਾਲਤਾਂ ਲਈ ਵੱਧ ਤੋਂ ਵੱਧ 30 ਮਹੀਨੇ ਸਨ।

ਇਸ ਮਾਮਲੇ ਨੂੰ ਲੈ ਕੇ ਕੰਜ਼ਰਵੇਟਿਵ ਦੇ ਰੌਬ ਨਿਕੋਲਸਨ ਨੇ ਕਿਹਾ ਕਿ ਲਿਬਰਲਾਂ ਕੋਲ ਤਿੰਨ ਸਾਲ ਹਨ ਜੇਕਰ ਉਹ ਚਾਹੁੰਦੇ ਤਾਂ ਆਰਾਮ ਨਾਲ ਖਾਲੀ ਪਦਵੀਆਂ ਭਰੀਆਂ ਜਾ ਸਕਦੀਆਂ ਸਨ। ਕਿਉਂਕਿ ਸਾਡੇ ਕੋਲ ਯੋਗ ਉਮੀਦਵਾਰਾਂ ਦੀ ਕੋਈ ਕਮੀ ਨਹੀਂ ਹੈ। ਕਨੇਡੀਅਨ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦਾ ਕਹਿਣਾ ਹੈ ਕਿ ਸਰਕਾਰ ਦੀ ਅਣਗਹਿਲੀ ਕਾਰਨ ਹੀ ਇਸ ਵਿਚ ਸਮਾਂ ਲੱਗ ਰਿਹਾ ਹੈ। ਜੇਕਰ ਸਰਕਾਰ ਚਾਹੇ ਤਾਂ ਕੁਝ ਸਮੇਂ ਵਿਚ ਹੀ ਇਹ ਸਮੱਸਿਆ ਹੱਲ ਹੋ ਸਕਦੀ ਹੈ।

## ਔਰਤ ਨੇ ਭਾਰਤੀ ਮੂਲ ਦੇ ਵਿਅਕਤੀ ਨੂੰ ਮਾਰੇ ਨਸਲੀ ਤਾਅਨੇ, ਮਾਫ਼ੀ ਮੰਗਣ ਤੋਂ ਕੀਤਾ ਇਨਕਾਰ

ਐਡਮਿੰਟਨ–ਨਦਬ: ਪਿਛਲੇ ਦਿਨੀਂ ਐਡਮਿੰਟਨ ਵਿਚ ਇਕ ਔਰਤ ਨੇ ਭਾਰਤੀ ਮੂਲ ਦੇ ਵਿਅਕਤੀ ਰਾਹੁਲ ਕੁਮਾਰ ਦੇ ਰੰਗ ਨੂੰ ਲੈ ਕੇ ਤਾਅਨੇ ਮਾਰੇ ਅਤੇ ਉਸ ਨੂੰ ਆਪਣੇ ਦੇਸ਼ ਪਰਤਣ ਲਈ ਕਿਹਾ। ਹੈਰਾਨੀ ਦੀ ਗੱਲ ਇਹ ਹੋਈ ਕਿ ਔਰਤ ਨੇ ਆਪਣੀ ਅਭੱਦਰ ਸ਼ਬਦਾਵਲੀ ਨੂੰ ਲੈ ਕੇ ਮਾਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਜੋ ਹੋਇਆ ਉਸ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ।

ਰਾਹੁਲ ਕੁਮਾਰ ਹਿਊਮਨ ਰਿਸੋਰਜ਼ ਵਿਚ ਪ੍ਰਬੰਧਕ ਹੈ। ਇਹ ਘਟਨਾ ਸਿਟੀ ਦੇ ਰਿਹਾਇਸ਼ੀ ਇਲਾਕੇ ਵਿਚ ਪਾਰਕਿੰਗ ਵਾਲੀ ਥਾਂ 'ਤੇ ਵਾਪਰੀ। ਸਾਰੀ ਘਟਨਾ ਰਾਹੁਲ ਕੁਮਾਰ ਦੇ ਫੋਨ ਵਿਚ ਰਿਕਾਰਡ ਹੈ। ਇਹ ਘਟਨਾ 15 ਅਗਸਤ ਦੀ ਹੈ ਤੇ ਇਸ ਤੋਂ ਇੱਕ ਹਫ਼ਤੇ ਬਾਅਦ ਔਰਤ ਦੀ ਪਹਿਚਾਣ ਹੋ ਗਈ, ਜਿਸ ਦਾ ਨਾਮ ਐਂਗਲੀਕ ਹੈ। ਉਸ ਨੇ ਸੀਟੀਵੀ ਨਿਊਜ਼ 'ਤੇ ਗੱਲ ਕਰਦਿਆਂ ਕਿਹਾ ਕਿ ਉਸ ਨੂੰ ਘਟਨਾ 'ਤੇ ਕੋਈ ਅਫ਼ਸੋਸ ਨਹੀਂ ਹੈ ਤੇ ਮੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਨੇਡੀਅਨ ਇਸ ਬਾਰੇ ਕੀ ਸੋਚਣਗੇ।

ਇਸ ਦੇ ਉਲਟ ਕਿਸੇ ਦੂਜੀ ਥਾਂ ਉਨ੍ਹਾਂ ਇਹ ਵੀ ਕਿਹਾ ਕਿ ਮੈਂ ਨਸਲਵਾਦੀ ਨਹੀਂ ਹਾਂ, ਮੈਨੂੰ ਕਿਸੇ ਨਾਲ ਕੋਈ ਸਮੱਸਿਆ ਨਹੀਂ ਹੈ ਪਰ ਹਰ ਨਸਲ ਵਿਚ ਕੱਝ ਖਰਾਬ ਲੋਕ ਹੁੰਦੇ ਹਨ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਇਸ ਮਾਮਲੇ ਵਿਚ ਪਹਿਲ ਰਾਹੁਲ ਕੁਮਾਰ ਵਲੋਂ ਕੀਤੀ ਗਈ ਸੀ।

ਦੂਜੇ ਪਾਸੇ ਰਾਹੁਲ ਕੁਮਾਰ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਔਰਤ ਨੇ ਆਪਣੀ ਕਾਰ ਐਮਰਜੈਂਸੀ ਲੇਨ ਵਿਚ ਪਾਰਕ ਕੀਤੀ ਸੀ। ਇਸ ਨੂੰ ਲੈ ਕੇ ਮੇਰੇ ਵਲੋਂ ਉਸ ਔਰਤ ਨੂੰ ਬੇਨਤੀ ਕਰਨ ਉਪਰੰਤ ਇਹ ਘਟਨਾ ਵਾਪਰੀ। ਸੀਟੀਵੀ ਨਾਲ ਗੱਲਬਾਤ ਕਰਦਿਆਂ ਰਾਹੁਲ ਕੁਮਾਰ ਨੇ ਕਿਹਾ ਕਿ ਮੈਂ ਕਨੇਡਾ ਵਿਚ ਕੰਮ ਕਰਦਾ ਹਾਂ ਤੇ ਟੈਕਸ ਦਿੰਦਾ ਹਾਂ ਤਾਂ ਫਿਰ ਮੈਂ ਇਸ ਦੇਸ਼ ਦਾ ਹਿੱਸਾ ਕਿਉਂ ਨਹੀਂ ਬਣ ਸਕਦਾ।

ਜ਼ਿਕਰਯੋਗ ਹੈ ਕਿ ਵੀਡਿਓ ਵਿਚ ਸਾਫ਼ ਦਿਸ ਰਿਹਾ ਹੈ ਕਿ ਕਿਵੇਂ ਔਰਤ ਰਾਹੁਲ ਕੁਮਾਰ 'ਤੇ ਚੀਖ਼ ਰਹੀ ਹੈ ਤੇ ਉਸ ਦੇ ਰੰਗ ਨੂੰ ਲੈ ਕੇ ਅਭੱਦਰ ਸ਼ਬਦ ਬੋਲ ਰਹੀ ਹੈ ਤੇ ਅੰਤ ਵਿਚ ਕਹਿੰਦੀ ਹੈ ਤੁਸੀਂ ਆਪਣੇ ਦੇਸ਼ ਵਾਪਸ ਜਾਓ।

ਇਸ ਨੂੰ ਲੈ ਕੇ ਐਡਮਿੰਟਨ ਪੁਲੀਸ ਦਾ ਕਹਿਣਾ ਹੈ ਕਿ ਹੇਟ ਕ੍ਰਾਈਮਜ਼ ਯੂਨਿਟ ਵਲੋਂ ਵੀਡੀਓ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।

## ਡਰੱਗ ਸਬੰਧੀ ਮਾਮਲੇ ਵੱਖਰੀ ਸ਼੍ਰੇਣੀ ਤਹਿਤ ਵਿਚਾਰੇ ਜਾਣ 'ਤੇ ਜ਼ੋਰ

ਐਡਮਿੰਟਨ–ਨਦਬ: ਕੈਲਗਰੀ ਮਾਊਨਟੇਨ ਵਿਊ ਤੋਂ ਲਿਬਰਲ ਐਮਐਲਏ ਤੇ ਡਾਕਟਰ ਡੇਵਿਡ ਸਵਾਨ ਨੇ ਅਫ਼ੀਮ ਦੇ ਨਸ਼ੇ ਬਾਰੇ ਕਿਹਾ ਕਿ ਅਜਿਹੇ ਨਸ਼ਿਆ ਨੂੰ ਅਪਰਾਧਿਕ ਸ਼੍ਰੇਣੀ ਦੇ ਮਾਮਲਿਆਂ ਵਜੋਂ ਨਹੀਂ ਵਿਚਾਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਕੋਕੀਨ, ਹੈਰੋਇਨ ਤੇ ਫੈਂਟਾਨਾਈਲ ਵਰਗੇ ਨਸ਼ੇ ਕਰਨ ਵਾਲਿਆਂ ਜਾਂ ਰੱਖਣ ਵਾਲਿਆਂ ਨੂੰ ਜੇਲ੍ਹ 'ਚ ਭੇਜਣ ਦੀ ਬਜਾਏ ਇਲਾਜ ਸੈਂਟਰ 'ਚ ਭੇਜਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਕੌਂਸਲਿੰਗ ਕੀਤੀ ਜਾ ਸਕੇ। ਇਸ ਮਾਮਲੇ 'ਚ ਜਿਸ ਵਿਅਕਤੀ ਕੋਲ ਘਰ ਨਹੀਂ ਹੈ ਉਸ ਨੂੰ ਵੀ ਸਮਾਜ ਦਾ ਸਹਿਯੋਗ ਮਿਲਣਾ ਚਾਹੀਦਾ ਹੈ। ਉਨ੍ਹਾਂ ਇਹ ਟਿੱਪਣੀ ਅਲਬਰਟਾ 'ਚ ਅਫ਼ੀਮ ਨਾਲ ਲਗਾਤਾਰ ਹੋ ਰਹੀਆਂ ਮੌਤਾਂ ਦੇ ਸਬੰਧ ਵਿਚ ਕੀਤੀ ਹੈ। ਸੂਬੇ ਵਲੋਂ ਜਾਰੀ ਰਿਪੋਰਟ ਮੁਤਾਬਕ ਇਕ ਜਨਵਰੀ ਤੋਂ ਛੇ ਮਈ ਵਿਚਕਾਰ ਫੈਂਟਾਨਾਈਲ ਦੀ ਜ਼ਿਆਦਾ ਮਾਤਰਾ ਲੈਣ ਨਾਲ 228 ਮੌਤਾਂ ਤੇ ਕਰਫੈਂਟਾਨਿਲ ਨਾਲ ਅਲਬਰਟਾ 'ਚ 236 ਮੌਤਾਂ ਹੋਈਆਂ ਹਨ। ਐਮਐਲਏ ਡੇਵਿਡ ਦੀ ਦਲੀਲ ਇਹ ਸੀ ਕਿ ਪੁਰਤਗਾਲ 'ਚ ਡਰੱਗ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਵੱਖਰਾ ਕੀਤਾ ਗਿਆ ਹੈ ਇਸ ਦੇ ਨਤੀਜੇ ਵਜੋਂ ਜਿੱਥੇ ਨਸ਼ੇ ਕਾਰਨ ਮੌਤਾਂ 'ਚ ਕਮੀ ਆਈ ਹੈ ਉੱਥੇ ਹੀ ਐਚਆਈਵੀ ਦੇ ਮਰੀਜ਼ਾਂ ਵਿਚ ਵੀ ਕਮੀ ਦੇਖਣ ਨੂੰ ਮਿਲੀ ਹੈ। ਪੁਰਤਗਾਲ 'ਚ ਇਨ੍ਹਾਂ ਨਤੀਜਿਆਂ ਤੋਂ ਬਾਅਦ ਕਨੇਡਾ ਵਿਚ ਇਸ ਵਿਸ਼ੇ ਨੂੰ ਲੈ ਕੇ ਬਹਿਸ ਸ਼ੁਰੂ ਹੋਈ ਹੈ। ਫੈਡਰਲ ਦੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਵੀ ਹਰ ਤਰ੍ਹਾਂ ਦੇ ਨਸ਼ੇ ਦੇ ਗੈਰ ਅਪਰਾਧੀਕਰਨ ਦਾ ਸਮਰਥਨ ਕੀਤਾ ਹੈ। ਇਸ ਮਾਮਲੇ 'ਚ ਸਵਾਨ ਚਾਹੁੰਦਾ ਹੈ ਕਿ ਐਨਡੀਪੀ ਵਿਚ ਨਸ਼ੇ ਦੇ ਗੈਰਅਪਰਾਧੀਕਰਨ ਨੂੰ ਲੈ ਕੇ ਸਹਿਮਤੀ ਬਣਾਈ ਜਾਵੇ ਤਾਂ ਜੋ ਫੈਡਰਲ ਸਰਕਾਰ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰੇ। ਸੂਬੇ ਦੀ ਸਿਹਤ ਮੰਤਰੀ ਸਾਰਾ ਹੌਫ਼ਮੈਨ ਦੀ ਪ੍ਰੈਸ ਸਕੱਤਰ ਨੇ ਕਿਹਾ ਕਿ ਐਨਡੀਪੀ ਸਰਕਾਰ ਇਲਾਜ ਦੇ ਖੇਤਰ ਵਿਚ ਵਿਸਥਾਰ ਕਰਨ ਬਾਰੇ ਸੋਚ ਰਹੀ ਹੈ ਤੇ ਉਪਭੋਗਤਾ ਸੇਵਾਵਾਂ ਨੂੰ ਗਹੁ ਨਾਲ ਵਾਚਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਡਰੱਗ ਦਾ ਗੈਰਅਪਰਾਧੀਕਰਨ ਦਾ ਮਾਮਲਾ ਫੈਡਰਲ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਅਸੀਂ ਕੁਝ ਨਹੀਂ ਕਰ ਸਕਦੇ।



Sweet and Sassy
Hair Saloon
Licenced Haristylist
Sandy Sandhu
(with over 12 years experience)
7808500752
5716 19 Ave SW Edmonton, Only Appointments ravpreetsandhu@gmail.com



Emergency Service
24x7
Free Estimate
with Treatment
GOLDEN ARROW PEST CONTROL INC.

CALL @ 780-462-6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਇੰਪਰੀਅਲ ਆਇਲ ਦਾ ਦਾਅਵਾ : ਗ੍ਰੀਨਹਾਊਸ ਗੈਸਾਂ ਦੇ ਰਿਸਾਵ ਵਿਚ 2023 ਤੱਕ 10 ਪ੍ਰਤੀਸ਼ਤ ਦੀ ਹੋਵੇਗੀ ਕਮੀ

ਐਡਮਿੰਟਨ-ਨਦਬ: ਇੰਪਰੀਅਲ ਆਇਲ ਕੰਪਨੀ ਵਲੋਂ ਦਾਅਵਾ ਕੀਤਾ ਗਿਆ ਹੈ ਕਿ 2023 ਤੱਕ ਗ੍ਰੀਨਹਾਊਸ ਗੈਸਾਂ ਦੇ ਰਿਸਾਵ ਵਿਚ ਕੰਪਨੀ ਵਲੋਂ 10 ਪ੍ਰਤੀਸ਼ਤ ਦੀ ਕਮੀ ਕੀਤੀ ਜਾਵੇਗੀ। ਕੈਲਗਰੀ ਦੇ ਰਿਸਰਚ ਸੈਂਟਰ ਵਿਚ ਕੰਪਨੀ ਦੇ ਵਿਗਿਆਨੀਆਂ ਅਤੇ ਤਕਨੀਕੀ ਮਾਹਰਾਂ ਨੇ ਅਜਿਹੀਆਂ ਵਿਧੀਆਂ ਨੂੰ ਖੋਜਿਆ ਹੈ ਜਿਨ੍ਹਾਂ ਨਾਲ ਆਇਲਸੈਂਡ ਅਪਰੇਸ਼ਨਜ਼ ਦੌਰਾਨ ਗ੍ਰੀਨਹਾਊਸ ਗੈਸਾਂ ਦੇ ਰਿਸਾਵ ਵਿਚ ਕਮੀ ਆਵੇਗੀ। ਕੰਪਨੀ ਦੇ ਸੀਈਓ ਨੇ ਦੱਸਿਆ ਕਿ ਨਵੀਆਂ ਤਕਨੀਕਾਂ ਨਾਲ 2016 ਵਿਚ ਜੋ ਗ੍ਰੀਨਹਾਊਸ ਗੈਸਾਂ ਦੇ ਰਿਸਾਵ ਦਾ ਪੱਧਰ ਸੀ ਉਸ ਨੂੰ ਹੌਲੀ ਹੌਲੀ ਘੱਟ ਕੀਤਾ ਜਾਵੇਗਾ। ਕੋਲਡ ਲੇਕ ਵਿਚ ਚੱਲ ਰਹੇ ਅਪਰੇਸ਼ਨਜ਼ ਅਤੇ ਕਰਲ ਆਇਲਸੈਂਡ ਮਾਈਨਿੰਗ ਵਿਚ ਇਨ੍ਹਾਂ ਨਵੀਆਂ ਤਕਨੀਕਾਂ ਦਾ ਉਪਯੋਗ ਕੀਤਾ ਜਾਵੇਗਾ ਤਾਂ ਜੋ ਨਿਸਚਿਤ ਨਤੀਜਿਆਂ ਨੂੰ ਹਾਸਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਉਦੇਸ਼ ਨੂੰ ਤਾਂ ਹੀ ਹਾਸਲ ਕੀਤਾ ਜਾ ਸਕਦਾ ਹੈ ਜੇਕਰ ਕੰਪਨੀ ਬਣਾਈ ਗਈ ਯੋਜਨਾ ਨੂੰ ਲੈ ਕੇ ਅੱਗੇ ਵਧੇਗੀ। ਇਸ ਯੋਜਨਾ ਤਹਿਤ ਐਸਪਨ ਆਇਲਸੈਂਡਜ਼ ਪ੍ਰੋਜੈਕਟ ਵਿਚ 2.4 ਬਿਲੀਅਨ ਡਾਲਰ ਦਾ ਨਿਵੇਸ਼ ਹੋਵੇਗਾ। ਇਸ ਤਹਿਤ ਨਾ ਸਿਰਫ਼ ਗ੍ਰੀਨਹਾਊਸ ਗੈਸਾਂ ਦੇ ਰਿਸਾਵ ਵਿਚ ਕਮੀ ਆਵੇਗੀ ਸਗੋਂ 25 ਪ੍ਰਤੀਸ਼ਤ ਪਾਣੀ ਦੀ ਲਾਗਤ ਵਿਚ ਕਮੀ ਦੇਖਣ ਨੂੰ ਮਿਲੇਗੀ। ਇਸ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਇਸ ਨਵੀਂ ਤਕਨੀਕ ਦਾ ਅਸਰ ਨਿਸਚਿਤ ਹੀ ਹਰ ਇਕ ਵਿਅਕਤੀ ਦੀ ਜ਼ਿੰਦਗੀ 'ਤੇ ਪਵੇਗਾ।



ਕੰਪਨੀ ਦੇ ਸੀਈਓ ਦਾ ਕਹਿਣਾ ਸਾਨੂੰ ਖੁਸ਼ੀ ਹੈ ਕਿ ਫੈਡਰਲ ਸਰਕਾਰ ਨੇ ਕਲੀਨ ਫਿਊਲ ਸਟੈਂਡਰਡ 2019 ਦੇ ਤਹਿਤ ਪ੍ਰਸਤਾਵਤ ਰੈਗੂਲੇਸ਼ਨਜ਼ ਨੂੰ ਦੇਰ ਨਾਲ ਜਾਰੀ ਕਰਨ ਦਾ ਫੈਸਲਾ ਲਿਆ ਹੈ ਤੇ ਹੋਰ ਵਿਚਾਰ ਵਟਾਂਦਰਾ ਕਰਨ ਬਾਰੇ ਸੋਚਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਲਗਾਤਾਰ ਸੂਬਾਈ ਅਤੇ ਫੈਡਰਲ ਸਰਕਾਰ ਉੱਤੇ ਰੈਗੂਲੇਟਰੀ ਢਾਂਚੇ ਲਈ ਦਬਾਅ ਪਾ ਰਹੇ ਹਾਂ ਜਿਸ ਨਾਲ ਨਾ ਸਿਰਫ਼ ਕੈਨੇਡਾ ਦੀਆਂ ਕੰਪਨੀਆਂ ਵਿਚ ਮੁਕਾਬਲਾ ਵਧੇਗਾ ਸਗੋਂ ਉਹ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ ਨਿਵੇਸ਼ ਕਰਨ ਲਈ ਵੀ ਉਤਸ਼ਾਹਤ ਹੋਣਗੀਆਂ।

ਉਨ੍ਹਾਂ ਕਿਹਾ ਕਿ ਅਕਸਰ ਜਦੋਂ ਅਸੀਂ ਪ੍ਰਦੂਸ਼ਣ ਦੀ ਗੱਲ ਕਰਦੇ ਹਾਂ ਤਾਂ ਉਦਯੋਗਿਕ ਪ੍ਰਦੂਸ਼ਣ ਨੂੰ ਓਨਾ ਕੇਂਦਰ ਵਿਚ ਨਹੀਂ ਰੱਖਦੇ ਜਿੰਨਾ ਸਾਨੂੰ ਰੱਖਣਾ ਚਾਹੀਦਾ ਹੈ। ਕਾਰਨ ਇਹ ਹੈ ਕਿ ਉਦਯੋਗਪਤੀਆਂ ਦਾ ਸਰਕਾਰੀ ਨੀਤੀਆਂ ਵਿਚ ਦਖ਼ਲ ਹੁੰਦਾ ਹੈ ਤੇ ਇਸ ਤਰ੍ਹਾਂ ਅਕਸਰ ਪ੍ਰਦੂਸ਼ਣ ਦੇ ਮਾਮਲੇ ਵਿਚ ਇਹ ਕਲੀਨ ਚਿੱਟ ਹਾਸਲ ਕਰ ਲੈਂਦੇ ਹਨ। ਪਰ ਸੱਚ ਇਹ ਹੈ ਕਿ ਅੱਜ ਸਭ ਤੋਂ ਵੱਧ ਪ੍ਰਦੂਸ਼ਣ ਉਦਯੋਗਪਤੀਆਂ ਦੁਆਰਾ ਫੈਲਾਇਆ ਜਾ ਰਿਹਾ ਹੈ, ਇਸ ਦੇ ਮੁਕਾਬਲੇ ਦੂਜੇ ਤਰ੍ਹਾਂ ਦੇ ਪ੍ਰਦੂਸ਼ਣ ਤੁੱਛ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਉਦਯੋਗਪਤੀਆਂ ਦੀਆਂ ਗੱਲਾਂ ਵਿਚ ਆਉਣ ਤੇ ਪ੍ਰਦੂਸ਼ਣ ਦੇ ਮਾਮਲੇ ਵਿਚ ਸਪਸ਼ਟ ਅਤੇ ਭਵਿੱਖਮੁਖੀ ਨੀਤੀਆਂ ਘੜਣ।

## ਟਰੀਟੀ 6 ਦਾ ਸਥਾਪਨਾ ਦਿਵਸ ਮਨਾਇਆ



ਐਡਮਿੰਟਨ-ਨਦਬ: ਪਿਛਲੇ ਦਿਨੀਂ ਕਨਫੈਡਰੇਸੀ ਆਫ਼ ਟਰੀਟੀ 6 ਫਸਟ ਨੇਸ਼ਨਜ਼ ਦੇ ਚੀਫ਼ ਨੇ ਐਡਮਿੰਟਨ ਸਿਟੀ ਦੇ ਅਧਿਕਾਰੀਆਂ, ਸੂਬਾਈ ਅਤੇ ਫੈਡਰਲ ਸਰਕਾਰ ਦੇ ਪ੍ਰਤੀਨਿਧਾਂ ਨਾਲ ਮਿਲ ਕੇ ਟਰੀਟੀ 6 ਦਾ ਸਥਾਪਨਾ ਦਿਵਸ ਮਨਾਇਆ। ਇਸ ਸਮਾਰੋਹ ਵਿਚ ਹਿੱਸਾ ਲੈਣ ਵਾਲਿਆਂ ਵਿਚ ਉਹ ਫਸਟ ਨੇਸ਼ਨ ਸ਼ਾਮਲ ਹੋਏ ਜਿਨ੍ਹਾਂ ਨੇ 1877 ਤੋਂ 1879 ਵਿਚਕਾਰ ਟਰੀਟੀ 6 'ਤੇ ਦਸਤਖ਼ਤ ਕੀਤੇ ਸਨ। ਇਨ੍ਹਾਂ ਵਿਚ ਰੀਵਰ ਡਰੱਮ ਗਰੁੱਪ, ਪਲੇਨਜ਼ ਅਤੇ ਵੁੱਡ ਕਰੀ, ਕਰਾਊਨ, ਸਾਲਟੀਆਕਸ ਅਤੇ ਨਾਕੋਟਾ ਸੀਓਕਸ ਸ਼ਾਮਲ ਹਨ। ਸਮਾਰੋਹ ਦੌਰਾਨ ਬੋਲਦਿਆਂ ਐਡਮਿੰਟਨ ਦੇ ਮੇਅਰ ਡਾਨ ਇਵਸਨ ਨੇ ਕਿਹਾ ਕਿ ਇਹ ਸਮਾਰੋਹ ਨਾ ਸਿਰਫ਼ ਇਸ ਧਰਤੀ ਦੇ ਇਤਿਹਾਸ ਅਤੇ ਸਭਿਆਚਾਰ ਨੂੰ ਦਰਸਾਉਂਦਾ ਹੈ ਸਗੋਂ ਟਰੀਟੀ 6 ਦੀ ਟੈਰੀਟਰੀ ਦੇ ਬਾਸ਼ਿੰਦਿਆਂ ਨੂੰ ਏਕਤਾ ਦਾ ਸੰਦੇਸ਼ ਵੀ ਦਿੰਦਾ ਹੈ। ਇਸ ਮੌਕੇ ਟਰੀਟੀ 6 ਦੇ ਫਸਟ ਨੇਸ਼ਨਜ਼ ਦੇ ਪ੍ਰਤੀਨਿਧਾਂ, ਸੂਬਾਈ ਅਤੇ ਫੈਡਰਲ ਸਰਕਾਰ ਦੇ ਪ੍ਰਤੀਨਿਧਾਂ ਅਤੇ ਐਡਮਿੰਟਨ ਸਿਟੀ ਦੇ ਅਧਿਕਾਰੀਆਂ ਨੇ ਆਪੋ ਵਿਚ ਤੋਹਫ਼ਿਆਂ ਦਾ ਅਦਾਨ ਪ੍ਰਦਾਨ ਵੀ ਕੀਤਾ।

## ਸਿਟੀ ਉੱਤੇ ਵਾਤਾਵਰਨ ਨੂੰ ਵਿਗਾੜਨ ਦੇ ਦੋਸ਼ ਆਇਦ

### ਰਿਹਾਇਸ਼ੀ ਇਲਾਕਿਆਂ ਵਿਚ ਪੈਸਟੀਸਾਈਡ ਦੀ ਵਰਤੋਂ ਦਾ ਮਾਮਲਾ

ਐਡਮਿੰਟਨ-ਨਦਬ: ਐਡਮਿੰਟਨ ਸਿਟੀ ਵਿਚ ਗੈਰ ਲੋੜੀਂਦੇ ਘਾਹ ਜਾਂ ਬੂਟੀ ਨੂੰ ਹਟਾਉਣ ਲਈ ਜਾਂ ਕਾਬੂ ਕਰਨ ਲਈ ਜਿਸ ਮਾਤਰਾ ਵਿਚ ਪੈਸਟੀਸਾਈਡ ਦੀ ਵਰਤੋਂ ਕੀਤੀ ਜਾ ਰਹੀ ਹੈ ਉਹ ਚਿੰਤਾਜਨਕ ਹੈ। ਇਸ ਨਾਲ ਵਾਤਾਵਰਣ ਉੱਤੇ ਘਾਤਕ ਅਸਰ ਪੈ ਰਿਹਾ ਹੈ। ਇਸ ਹਾਲਤ ਨੂੰ ਦੇਖਦਿਆਂ ਸਿਟੀ ਉੱਤੇ ਵਾਤਾਵਰਣ ਨੂੰ ਵਿਗਾੜਨ ਦੇ ਛੇ ਦੋਸ਼ ਲਾਏ ਗਏ ਹਨ। ਇਹ ਦੋਸ਼ ਐਨਵਾਇਰਮੈਂਟਲ ਪ੍ਰੋਟੈਕਸ਼ਨ ਐਂਡ ਇਨਹੈਂਸਮੈਂਟ ਐਕਟ ਤਹਿਤ ਲਾਏ ਗਏ ਹਨ। ਦੱਸਣਾ ਬਣਦਾ ਹੈ ਕਿ ਇਹ ਦੋਸ਼ 11 ਮਈ ਤੋਂ 9 ਸਤੰਬਰ 2016 ਵਿਚਕਾਰ ਵਾਪਰੀਆਂ ਘਟਨਾਵਾਂ ਨੂੰ ਦੇਖਦਿਆਂ ਤਹਿ ਕੀਤੇ ਗਏ ਹਨ। ਇਨ੍ਹਾਂ ਵਿਚੋਂ ਇਕ ਦੋਸ਼ ਇਹ ਹੈ ਕਿ ਜਿਹੜਾ ਕੈਮੀਕਲ ਸਿਟੀ ਵਿਚ ਘਾਹ ਬੂਟੀ ਨੂੰ ਹਟਾਉਣ ਲਈ ਵਰਤਿਆ ਜਾ ਰਿਹਾ ਹੈ ਉਹ ਰਿਹਾਇਸ਼ੀ ਇਲਾਕਿਆਂ ਵਿਚ ਨਹੀਂ ਵਰਤਿਆ ਜਾ ਸਕਦਾ। ਇਸ ਮਾਮਲੇ ਵਿਚ ਸਿਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਸਲ ਵਿਚ ਅਜਿਹਾ ਹਰਬੀਸਾਈਡ ਹਾਇਅਰ ਐਕਸ-ਐਲ ਦੀ ਅਣਗਹਿਲੀ ਨਾਲ ਕੀਤੀ ਵਰਤੋਂ ਕਾਰਨ ਵਾਪਰਿਆ ਹੈ। ਪਰ ਹੁਣ ਜਦ ਤੋਂ ਦੋਸ਼ ਲੱਗੇ ਹਨ ਉਸ ਤੋਂ ਬਾਅਦ ਸਿਟੀ ਵਲੋਂ ਹਾਇਅਰ ਐਕਸ-ਐਲ ਦੀ ਵਰਤੋਂ ਬੰਦ ਕਰ ਦਿੱਤੀ ਗਈ ਹੈ। ਇਸ ਨੂੰ ਲੈ ਕੇ ਸਿਟੀ ਦੇ ਅਧਿਕਾਰੀਆਂ ਵਲੋਂ ਵੀ ਮੁਲਾਂਕਣ ਕੀਤਾ ਗਿਆ ਹੈ ਜਿਸ ਵਿਚ ਸਾਹਮਣੇ ਆਇਆ ਕਿ ਹਰਬੀਸਾਈਡ ਦੇ ਸੰਕਰਮਣ ਦਾ ਕਿਤੇ ਨਾਮੋ ਨਿਸ਼ਾਨ ਨਹੀਂ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਨੂੰ ਲੈ ਕੇ ਸਿਟੀ ਦੀ 28 ਸਤੰਬਰ ਨੂੰ ਅਦਾਲਤ ਵਿਚ ਪੇਸ਼ੀ ਹੈ। ਇਸ ਤੋਂ ਇਸ ਮਾਮਲੇ ਵਿਚ ਅਜੇ ਬਹੁਤੇ ਵੇਰਵੇ ਸਾਹਮਣੇ ਨਹੀਂ ਆਏ ਪਰ ਅਦਾਲਤੀ ਕਾਗਜ਼ਾਂ ਤੋਂ ਇਹ ਜ਼ਰੂਰ ਜ਼ਾਹਰ ਹੁੰਦਾ ਹੈ ਕਿ ਇਹ ਪੈਸਟੀਸਾਈਡ ਦੀ ਗੈਰ ਜ਼ਰੂਰੀ ਵਰਤੋਂ ਦਾ ਮਾਮਲਾ ਹੈ। ਭਾਵੇਂ ਸਿਟੀ ਪ੍ਰਸ਼ਾਸਨ ਵਲੋਂ ਮੁਲਾਂਕਣ ਕਰਨ ਤੋਂ ਬਾਅਦ ਦਾਅਵਾ ਕੀਤਾ ਗਿਆ ਹੈ ਕਿ ਸਿਟੀ ਵਿਚ ਪੈਸਟੀਸਾਈਡ ਦੇ ਮਾਮਲੇ ਨੂੰ ਲੈ ਕੇ ਹੁਣ ਕੋਈ ਸਮੱਸਿਆ ਨਹੀਂ ਹੈ ਪਰ ਇਸ ਮਾਮਲੇ ਵਿਚ ਨਾਗਰਿਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਵੀ ਚਲਾਉਣੀ ਚਾਹੀਦੀ ਹੈ ਤਾਂ ਜੋ ਨਾਗਰਿਕਾਂ ਨੂੰ ਪੈਸਟੀਸਾਈਡ ਨਾਲ ਹੋਣ ਵਾਲੀਆਂ ਸਮੱਸਿਆਵਾਂ ਦੀ ਜਾਣਕਾਰੀ ਹੋਵੇ ਤੇ ਉਹ ਇਸ ਦੀ ਵਰਤੋਂ ਨਾ ਕਰਨ।

## ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ



ਅਰਪਨ ਲਿਖਾਰੀ ਸਭਾ ਦੀ ਮੀਟਿੰਗ ਮਗਰੋਂ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ ਸਭਾ ਦੇ ਮੈਂਬਰ ਅਤੇ ਮਹਿਮਾਨ

ਕੈਲਗਰੀ (ਜਸਵੰਤ ਸਿੰਘ ਸੇਖੋਂ/ਇਕਬਾਲ ਖ਼ਾਨ): ਆਰਪਨ ਲਿਖਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ 8 ਸਤੰਬਰ 2018 ਨੂੰ ਕੌਂਸਲ ਆਫ਼ ਸਿੱਖ ਔਰਗੇਨਾਇਜੇਸ਼ਨ ਦੇ ਹਾਲ ਵਿੱਚ ਡਾ. ਮਨਜੀਤ ਸਿੰਘ ਸੋਹਲ ਅਤੇ ਸਤਨਾਮ ਸਿੰਘ ਢਾਅ ਦੀ ਪ੍ਰਧਾਨਗੀ ਹੇਠ ਹੋਈ। ਇਕਬਾਲ ਖ਼ਾਨ ਨੇ ਸਟੇਜ ਦੀ ਕਾਰਵਾਈ ਸੰਭਾਦਿਆਂ ਸਾਰੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆ ਆਖਿਆ ਅਤੇ ਇੱਕ ਦੁਖਦਾਈ ਜਾਣਕਾਰੀ ਸਾਂਝੀ ਕੀਤੀ ਕਿ ਕੈਲਗਰੀ ਵਿੱਚ ਇੱਕ ਨੌਜਆਨ ਬੱਚੇ ਦੀ ਮੌਤ ਕੈਲਗਰੀ ਪੁਲੀਸ ਦੀ ਗੋਲੀ ਨਾਲ਼ ਹੋਣ ਤੇ ਕੈਲਗਰੀ ਪੁਲੀਸ ਦੀ ਨਿੰਦਾ ਕੀਤੀ। ਸਭਾ ਵੱਲੋਂ ਇੱਕ ਮਿੰਟ ਦਾ ਮੋਨ ਧਾਰ ਕੇ ਜੈਕਮਲ ਸਿੰਘ ਲੇਲ੍ਹ ਨੂੰ ਸ਼ਰਧਾਂਜਲੀ ਦਿੱਤੀ ਅਤੇ ਲੇਲ੍ਹ ਪਰਿਵਾਰ ਨਾਲ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਪਤਾ ਲੱਗਾ ਕਿ ਇਹ ਲੜਕਾ ਡਿਪਰੈਸ਼ਨ ਵਿੱਚ ਸੀ। ਸਭਾ ਵੱਲੋਂ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਕੈਲਗਰੀ ਪੁਲੀਸ ਨੂੰ ਇਹੋ ਜਿਹੇ ਕੇਸਾਂ ਵਿੱਚ ਹੋਰ ਇਹਿਤਿਹਾਦ ਅਤੇ ਹਮਦਰਦੀ ਵਰਤਣ ਦੀ ਲੋੜ ਹੈ। ਕਿਸੇ ਦੀ ਜਾਨ ਲਏ ਬਿਨਾ ਵੀ ਕਿਸੇ ਮੁਸ਼ਕਲ ਨੂੰ ਹੱਲ ਕੀਤਾ ਜਾ ਸਕਦਾ ਹੈ। ਸਭਾ ਵੱਲੋਂ ਇਸ ਦੀ ਸਖ਼ਤ ਨਿਖੇਧੀ ਕੀਤੀ ਜਾਂਦੀ ਹੈ।

ਪ੍ਰੋਗਰਾਮ ਵਿੱਚ ਸੁਰਿੰਦਰ ਸਿੰਘ ਢਿੱਲੋਂ, ਅਜੈਬ ਸਿੰਘ ਸੇਖੋਂ, ਮਾ. ਅਜੀਤ ਸਿੰਘ ਸਿੱਧੂ, ਨਰਿੰਦਰ ਢਿੱਲੋਂ, ਜਗਜੀਤ ਸਿੰਘ, ਕੈਲਗਰੀ ਦੇ ਨਾਮਵਰ ਕਵੀਸ਼ਰ ਸਰੂਪ ਸਿੰਘ, ਸੁਰਿੰਦਰਪਾਲ ਸਿੰਘ, ਜਰਨੈਲ ਸਿੰਘ ਤੱਗੜ, ਪੈਰੀ ਮਾਹਲ, ਨਾਮਵਰ ਸ਼ਾਇਰ ਕੇਸਰ ਸਿੰਘ ਨੀਰ, ਜੋਗਾ ਸਿੰਘ, ਕਵੀਸ਼ਰ ਜਸਵੰਤ ਸਿੰਘ ਸੇਖੋਂ, ਅਮਰੀਕ ਸਿੰਘ ਚੀਮਾਂ, ਸੁਖਵਿੰਦਰ ਸਿੰਘ ਤੂਰ, ਜਸਵੀਰ ਸਿੰਘ ਸਿਹੋਤਾ, ਤ੍ਰਿਲੋਕ ਸਿੰਘ ਚੁੱਘ, ਤੇਜਾ ਸਿੰਘ ਥਿਆੜਾ, ਅਮਰ ਸਿੰਘ ਕਿੰਗਰਾ, ਪ੍ਰਿਤਪਾਲ ਸਿੰਘ ਮੱਲ੍ਹੀ, ਸੁਖਦੇਵ ਕੌਰ ਢਾਅ, ਅਵਤਾਰ ਕੌਰ ਤੱਗੜ, ਗੁਰਦੀਪ ਸਿੰਘ ਚੀਮਾਂ ਨੇ ਇਸ ਸਾਹਿਤਕ ਮਿਲਣੀ ਵਿੱਚ ਹਾਜ਼ਰੀ ਲਗਵਾਈ ਅਤੇ ਸ੍ਰੋਤਿਆਂ ਨਾਲ ਆਪਣੀਆਂ ਰਚਨਾਂਵਾਂ ਅਤੇ ਵਿਚਾਰ ਸਾਂਝੇ ਕੀਤੇ।

ਅਖ਼ੀਰ ਤੇ ਡਾ. ਮਨਜੀਤ ਸਿੰਘ ਸੋਹਲ ਨੇ ਅਰਪਨ ਲਿਖਾਰੀ ਸਭਾ ਦੀ ਪਹਿਲੀ ਕਾਰਜ-ਕਾਰਨੀ ਨੂੰ ਹੀ ਦੋ ਸਾਲ ਹੋਰ ਸੇਵਾ ਕਰਨ ਲਈ ਹੇਠ ਲਿਖੇ ਅਨੁਸਾਰ ਜ਼ਿੰਮੇਵਾਰੀਆਂ ਸੰਭਾਲੀਆਂ: ਪ੍ਰਧਾਨ: ਸਤਪਾਲ ਕੌਰ ਬੱਲ, ਵਾਇਸ ਪ੍ਰਧਾਨ: ਡਾ. ਮਨਜੀਤ ਸਿੰਘ ਸੋਹਲ, ਜਨਰਲ ਸਕੱਤਰ: ਜਸਵੰਤ ਸਿੰਘ ਸੇਖੋਂ, ਮੀਡੀਆ ਸਕੱਤਰ: ਸਤਨਾਮ ਸਿੰਘ ਢਾਅ, ਖ਼ਜ਼ਾਨਚੀ: ਕੇਸਰ ਸਿੰਘ ਨੀਰ, ਮੈਂਬਰ: ਇਕਬਾਲ ਸਿੰਘ ਖ਼ਾਨ (ਕਾਲੀਰਾਏ), ਤੇਜਾ ਸਿੰਘ ਥਿਆੜਾ, ਜਰਨੈਲ ਸਿੰਘ ਤਗੱੜ, ਪੈਰੀ ਮਾਹਲ, ਜੋਗਾ ਸਿੰਘ ਸਿਹੋਤਾ, ਸਰੂਪ ਸਿੰਘ ਮੰਡੇਰ। ਜਿਸ ਨੂੰ ਹਾਜ਼ਰੀ ਨੇ ਸਰਬ ਸਮੰਤੀ ਨਾਲ ਪ੍ਰਵਾਗੀ ਦਿੱਤੀ। ਅਰਪਨ ਲਿਖਾਰੀ ਸਭਾ ਨੇ ਆਪਣੀ ਪਿਛਲੀ ਮੀਟਿੰਗ ਵਿਚ ਰਾਮ ਸਰੂਪ ਰਿਖੀ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਸੀ। ਇਸ ਸਮੇਂ ਉਨ੍ਹਾਂ ਦੀ ਸੁਪਤਨੀ ਸੰਤੋਸ਼ ਰਿਖੀ ਵੀ ਹਾਜ਼ਰ ਸਨ।

## ਬਰੈਂਪਟਨ 'ਚ ਐਡਮਿੰਟਨ ਦੀ ਭੰਗੜਾ ਟੀਮ ਨੇ ਪਾਈ ਧਾਕ



ਬਰੈਂਪਟਨ (ਨਦਬ) : ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰੋਜ਼ ਥੀਏਟਰ ਵਿਚ ਸਾਥ ਫਾਊਂਡੇਸ਼ਨ ਅਤੇ ਦੀਪ ਕਰਨ ਵਲੋਂ ਫਲਾਵਰ ਸਿਟੀ ਭੰਗੜਾ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿਚ ਕੈਨੇਡਾ ਤੇ ਅਮਰੀਕਾ ਦੀਆਂ ਟੀਮਾਂ ਨੇ ਹਿੱਸਾ ਲਿਆ। ਇਸ ਵਿਚ ਐਡਮਿੰਟਨ ਦੀ ਪੰਜਾਬੀ ਹੈਰੀਟੇਜ ਫੋਕ (ਪੀ.ਐਚ.ਐਫ.) ਦੀਆਂ ਕੁੜੀਆਂ ਦੀ ਟੀਮ ਨੇ ਜੂਨੀਅਰ ਕੈਟਾਗਰੀ ਵਿਚ ਪਹਿਲਾ ਸਥਾਨ ਤੇ ਸੀਨੀਅਰ ਕੈਟਾਗਰੀ ਵਿਚ ਤੀਜਾ ਸਥਾਨ ਹਾਸਲ ਕਰਕੇ ਐਡਮਿੰਟਨ ਦਾ ਨਾਂ ਰੌਸ਼ਨ ਕੀਤਾ। ਟੀਮ ਦੇ ਕੋਚ ਮਨਜੀਤ ਸਿੰਘ ਤੇ ਪੂਨਮ ਔਲਖ ਨੇ ਦਸਿਆ ਕਿ ਇਹ ਕੈਨੇਡਾ ਦਾ ਸਭ ਤੋਂ ਵੱਡਾ ਲਾਈਵ ਭੰਗੜਾ ਮੁਕਾਬਲਾ ਸੀ। ਤੇ ਉਨ੍ਹਾਂ ਦੀ ਟੀਮ ਬਿੱਟੂ ਉਸਤਾਦ, ਬਿੰਦਰ ਉਸਤਾਦ, ਜਗੀਰ ਬਰਾੜ ਦੀ ਰਹਿਨੁਮਾਈ ਹੇਠ ਦੋ ਮਹੀਨਿਆਂ ਤੋਂ ਅਭਿਆਸ ਕਰ ਰਹੀ ਸੀ। ਇਸ ਮੁਕਾਬਲੇ ਵਿਚ ਬਿੱਟੂ ਉਸਤਾਦ ਨੂੰ ਜੂਨੀਅਰ ਕੈਟਾਗਰੀ ਦੇ ਬੈਸਟ ਢੋਲੀ ਦੇ ਖ਼ਿਤਾਬ ਨਾਲ ਨਵਾਜਿਆ ਗਿਆ। ਇਸ ਦੇ ਨਾਲ ਬੋਲੀਆਂ 'ਤੇ ਪੁਖਰਾਜ ਸਿੰਘ, ਅਲਗੋਜ਼ਿਆਂ 'ਤੇ ਜਗੀਰ ਬਰਾੜ ਤੇ ਬੁਗਚੂ ਤੇ ਪਰਦੀਪ ਸਿੰਘ ਬਰਾੜ ਦੀ ਬਾਖੂਬੀ ਪੇਸ਼ਕਾਰੀ ਨੇ ਲੋਕਾਂ ਦਾ ਮਨ ਮੋਹ ਲਿਆ। ਆਪਣੇ ਬੱਚਿਆਂ ਨੂੰ ਸਭਿਆਚਾਰਕ ਪ੍ਰੋਗਰਾਮਾਂ ਨਾਲ ਜੋੜਨ ਲਈ ਮਨਜੀਤ ਸਿੰਘ ਨੂੰ 780-952-5075 ਅਤੇ ਪੂਨਮ ਔਲਖ ਨੂੰ 780-289-9521 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਪੰਜਾਬ 'ਚ ਨਹੀਂ ਰੁਕ ਰਹੀਆਂ ਕਿਸਾਨ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ



ਪੰਜਾਬ ਵਿਚ ਕਰਜ਼ੇ ਦੇ ਬੋਝ ਕਾਰਨ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀਆਂ ਦਾ ਰੁਝਾਨ ਰੁਕਣ ਦਾ ਨਾਮ ਨਹੀਂ ਲੈ ਰਿਹਾ। ਕੇਂਦਰ ਸਰਕਾਰ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਸੂਬਾ ਸਰਕਾਰ ਦੇ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੇ ਦਾਅਵਿਆਂ ਦੇ ਬਾਵਜੂਦ ਕਿਸਾਨਾਂ ਅੰਦਰ ਨਾਉਮੀਦੀ ਦਾ ਆਲਮ ਹੈ। ਪੇਂਡੂ ਅਰਥ ਵਿਵਸਥਾ, ਸਿੱਖਿਆ, ਸਿਹਤ ਅਤੇ ਜੀਵਨ ਦੇ ਹਰ ਸ਼ੋਹਬੇ ਵਿਚ ਆਈ ਗਿਰਾਵਟ ਦੀ ਦਰੁਸਤੀ ਦਾ ਕੋਈ ਪ੍ਰੋਗਰਾਮ ਦੇਣ ਦੀ ਥਾਂ ਮਾਮੂਲੀ ਛੋਟਾਂ ਦੇ ਐਲਾਨ ਇਸ ਵੱਡੇ ਵਰਗ ਲਈ ਧਰਵਾਸ ਨਹੀਂ ਬਣ ਰਹੇ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਵਲੋਂ 2000 ਤੋਂ 2015-16 ਤੱਕ ਦੇ ਕੀਤੇ ਗਏ ਸਰਵੇਖਣ ਮੁਤਾਬਕ ਸੂਬੇ ਵਿਚ 16606 ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ। ਇਸ ਤੋਂ ਬਾਅਦ ਦੇ ਸਾਲਾਂ ਦੌਰਾਨ ਖ਼ੁਦਕੁਸ਼ੀਆਂ ਦੀ ਤਾਦਾਦ ਵਿਚ ਤੇਜ਼ੀ ਆਈ ਹੈ। ਬੈਂਕਾਂ ਦੇ ਅਨੁਮਾਨ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ 73 ਹਜ਼ਾਰ ਕਰੋੜ ਰੁਪਏ ਦਾ ਸੰਸਥਾਗਤ ਕਰਜ਼ਾ ਹੈ। ਇਸ ਦਾ 20 ਤੋਂ 25 ਫੀਸਦ ਤੱਕ ਸ਼ਾਹੂਕਾਰਾ ਕਰਜ਼ਾ ਹੋਣ ਦਾ ਅਨੁਮਾਨ ਲਗਾਇਆ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਚੋਣਾਂ ਤੋਂ ਪਹਿਲਾਂ ਕੀਤਾ ਤੁਰੰਤ ਰਾਹਤ ਦੇਣ ਵਾਲਾ ਵਾਅਦਾ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਸੀ। ਡਾ. ਟੀ.ਹੱਕ ਦੀ ਅਗਵਾਈ ਵਿਚ ਬਣਾਈ ਕਮੇਟੀ ਵਲੋਂ ਦਿੱਤੀ ਰਿਪੋਰਟ ਵਿਚ ਵੀ ਛੋਟੇ ਅਤੇ ਸੀਮਾਂਤ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ਼ ਕਰਨ ਦੀ ਸਿਫਾਰਸ਼ ਕੀਤੀ ਗਈ। ਇਸ ਤੋਂ ਇਲਾਵਾ ਸਾਰੇ ਕਿਸਾਨਾਂ ਦੇ ਕਰਜ਼ੇ ਦਾ ਸਾਲ ਦਾ ਵਿਆਜ ਮੁਆਫ਼ ਕਰਨ ਦੀ ਸਿਫਾਰਸ਼ ਸੀ। ਕੈਪਟਨ ਅਮਰਿੰਦਰ ਸਿੰਘ ਨੇ 19 ਜੂਨ 2017 ਨੂੰ ਵਿਧਾਨ ਸਭਾ ਵਿਚ ਐਲਾਨ ਕੀਤਾ ਕਿ ਦੋ ਲੱਖ ਤੱਕ ਦਾ ਕਰਜ਼ਾ ਅਤੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇਗਾ।

ਕਿਸਾਨਾਂ ਦੇ ਕਰਜ਼ੇ ਦੀ ਮੁਆਫ਼ੀ ਦੀ ਰਫ਼ਤਾਰ ਸਹਿਕਾਰੀ ਸਭਾਵਾਂ ਤੋਂ ਅੱਗੇ ਤੁਰ ਹੀ ਨਹੀਂ ਰਹੀ। ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਸਮੁੱਚੇ ਕਰਜ਼ੇ ਦੀ ਮੁਆਫ਼ੀ ਦੀ ਫਾਈਲ ਕਿਸੇ ਠੰਢੇ ਬਸਤੇ ਵਿਚ ਬੰਦ ਹੋ ਗਈ ਲਗਦੀ ਹੈ। ਪੰਜਾਬ ਸਰਕਾਰ ਨੇ 2015 ਵਿਚ ਖ਼ੁਦਕੁਸ਼ੀ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਲਈ ਨੀਤੀ ਬਣਾਈ ਸੀ, ਜਿਸ ਤਹਿਤ ਸ਼ੁਰੂ ਵਿਚ ਦੋ ਅਤੇ ਮਗਰੋਂ ਤਿੰਨ ਲੱਖ ਰੁਪਏ ਦੀ ਤੁਰੰਤ ਰਾਹਤ ਦੇਣ ਦਾ ਫੈਸਲਾ ਕੀਤਾ ਗਿਆ। ਇਹ ਰਾਸ਼ੀ ਡਿਪਟੀ ਕਮਿਸ਼ਨਰ, ਜ਼ਿਲ੍ਹਾ ਖੇਤੀਬਾੜੀ ਅਫਸਰ, ਐਸਐਸਪੀ, ਸਿਵਲ ਸਰਜਨ ਅਤੇ ਸਬੰਧਤ ਪਿੰਡ ਦੇ ਸਰਪੰਚ ਉੱਤੇ ਆਧਾਰਤ ਕਮੇਟੀ ਵਲੋਂ ਕੇਸ ਦੀ ਪੜਤਾਲ ਕਰਕੇ ਦਿੱਤੀ ਜਾਂਦੀ ਹੈ। ਸੂਤਰਾਂ ਅਨੁਸਾਰ ਅਜੇ ਤੱਕ ਇਕ ਤਿਹਾਈ ਪਰਿਵਾਰਾਂ ਨੂੰ ਹੀ ਤਿੰਨ ਲੱਖ ਰੁਪਏ ਦੀ ਰਾਹਤ ਮਿਲੀ ਹੈ ਜਦੋਂਕਿ ਬਾਕੀ ਸਾਲਾਂ ਤੋਂ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਢ ਰਹੇ ਹਨ। ਕੇਸ ਰੱਦ ਕਰਨ ਲਈ ਪੋਸਟ ਮਾਰਟਮ ਦੀ ਰਿਪੋਰਟ, ਪੁਲੀਸ ਰਿਪੋਰਟ, ਕਰਜ਼ੇ ਬਾਰੇ ਪੁਖ਼ਤਾ ਸਬੂਤ ਨਾ ਦੇ ਸਕਣ, ਜੇਕਰ ਬਾਪ ਦੇ ਸਿਰ ਕਰਜ਼ਾ ਹੈ ਪੁੱਤ ਦੇ ਖ਼ੁਦਕੁਸ਼ੀ ਕੀਤੇ ਜਾਣ ਨੂੰ ਕਰਜ਼ਾ ਕਾਰਨ ਨਾ ਮੰਨਣ ਵਰਗੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਸਭ ਤੋਂ ਵੱਧ ਕੇਸ ਮਜ਼ਦੂਰਾਂ ਦੇ ਰੱਦ ਹੋ ਰਹੇ ਹਨ ਕਿਉਂਕਿ ਅਸਲ ਵਿਚ ਮਜ਼ਦੂਰਾਂ ਨੂੰ ਸੰਸਥਾਗਤ ਕਰਜ਼ਾ ਨਾਂਮਾਤਰ ਮਿਲਦਾ ਹੈ, ਉਸ ਕੋਲ ਗਹਿਣੇ ਰੱਖਣ ਲਈ ਪੂੰਜੀ ਹੀ ਨਹੀਂ ਹੈ। ਨਿੱਜੀ ਕਰਜ਼ੇ ਦਾ ਸਬੂਤ ਉਹ ਕਿੱਥੋਂ ਲਿਆ ਕੇ ਦੇਣ? ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਪੀੜਤ ਕਮੇਟੀ ਦੀ ਮੁਖੀ ਕਿਰਨਜੀਤ ਕੌਰ ਝੁਨੀਰ ਨੇ ਕਿਹਾ ਕਿ ਕੋਈ ਮੁਲਾਜ਼ਮ ਕਿਸੇ ਦੇ ਘਰ ਤੱਕ ਵੀ ਨਹੀਂ ਜਾਂਦਾ। ਇਸੇ ਕਰਕੇ ਅਜੇ ਤੱਕ ਇਨ੍ਹਾਂ ਗਰੀਬ ਪਰਿਵਾਰਾਂ ਨੂੰ ਜਾਣਕਾਰੀ ਹੀ ਨਹੀਂ ਹੈ ਕਿ ਖ਼ੁਦਕੁਸ਼ੀ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ ਅਰਜ਼ੀ ਦੇਣੀ ਹੁੰਦੀ ਹੈ। ਅਰਜ਼ੀ ਦੇਣ ਵਿਚ ਦੇਰੀ ਕਾਰਨ ਵੀ ਬਹੁਤ ਸਾਰੇ ਕੇਸ ਰੱਦ ਕੀਤੇ ਜਾ ਰਹੇ ਹਨ।

ਅਰਥਸ਼ਾਸਤਰੀ ਸੁੱਚਾ ਸਿੰਘ ਗਿੱਲ ਅਤੇ ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਸਰਕਾਰ ਨੂੰ ਫੈਸਲਾ ਤੁਰੰਤ ਕਰਨਾ ਚਾਹੀਦਾ ਹੈ, ਹੁਣ ਤੱਕ ਆਈਆਂ ਅਰਜ਼ੀਆਂ ਅਤੇ ਯੂਨੀਵਰਸਿਟੀਆਂ ਵਲੋਂ ਪੇਸ਼ ਕੀਤੇ ਅੰਕੜਿਆਂ ਵਿਚ ਸ਼ਾਮਲ ਪਰਿਵਾਰਾਂ ਦੇ ਕੇਸ ਬਿਨਾਂ ਸ਼ਰਤ ਪ੍ਰਵਾਨ ਕੀਤੇ ਜਾਣ। ਰਾਹਤ ਨੀਤੀ ਅਨੁਸਾਰ ਅਜਿਹੇ ਪਰਿਵਾਰਾਂ ਨੂੰ ਹਰ ਸਕੀਮ ਦਾ ਲਾਭ ਪਹਿਲ ਦੇ ਆਧਾਰ ਉੱਤੇ ਮਿਲੇ, ਪਰ ਜੇਕਰ ਕਿਸੇ ਪੱਧਰ ਉੱਤੇ ਕੁਤਾਹੀ ਹੁੰਦੀ ਹੈ ਤਾਂ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ਼ ਕਾਰਵਾਈ ਹੋਵੇ।

### ਵਿਧਾਇਕਾਂ ਨੂੰ ਬੋਰਡਾਂ ਅਤੇ ਨਿਗਮਾਂ ਦੇ ਚੇਅਰਮੈਨ ਬਣਾਉਣ ਲਈ ਹਰੀ ਝੰਡੀ



ਪੰਜਾਬ ਦੇ ਵਿਧਾਇਕਾਂ ਨੂੰ ਬੋਰਡਾਂ ਅਤੇ ਨਿਗਮਾਂ ਦੇ ਚੇਅਰਮੈਨ ਲਾਉਣ ਲਈ ਸੂਬੇ ਦੇ ਰਾਜਪਾਲ ਵੀ ਪੀ ਸਿੰਘ ਬਦਨੌਰ ਨੇ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਵਿਧਾਨ ਸਭਾ ਨੇ ਮੌਨਸੂਨ ਸੈਸ਼ਨ ਵਿਚ ਵਿਧਾਇਕਾਂ ਨੂੰ ਲਾਭ ਦੇ ਅਹੁਦੇ ਤੋਂ ਅਯੋਗ ਨਾ ਠਹਿਰਾਏ ਜਾਣ ਸਬੰਧੀ ਸੋਧ ਬਿਲ ਪਾਸ ਕਰ ਦਿੱਤਾ ਸੀ। ਹੁਣ ਰਾਜਪਾਲ ਨੇ ਇਸ ਬਿਲ 'ਤੇ ਮੋਹਰ ਲਾ ਦਿੱਤੀ ਹੈ।

ਇਸ ਤੋਂ ਪਹਿਲਾਂ ਪੰਜਾਬ ਵਜ਼ਾਰਤ ਨੇ ਵਿਧਾਇਕਾਂ ਨੂੰ ਬੋਰਡਾਂ ਅਤੇ ਨਿਗਮਾਂ ਦੇ ਚੇਅਰਮੈਨ ਲਾਉਣ ਲਈ ਰਾਜਪਾਲ ਨੂੰ ਪੰਜਾਬ ਸਟੇਟ ਲੈਜਿਸਲੇਚਰ (ਪ੍ਰੀਵੈਨਸ਼ਨ ਆਫ਼ ਡਿਸਕੁਆਲੀਫਿਕੇਸ਼ਨ) ਐਕਟ 1952 'ਚ ਸੋਧ ਬਾਰੇ ਆਰਡੀਨੈਂਸ ਭੇਜਿਆ ਸੀ ਪਰ ਰਾਜਪਾਲ ਨੇ ਆਰਡੀਨੈਂਸ ਨੂੰ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਸ ਕਰਕੇ ਵਿਧਾਇਕਾਂ ਨੂੰ ਬੋਰਡਾਂ ਅਤੇ ਨਿਗਮਾਂ ਦੇ ਚੇਅਰਮੈਨ ਲਾਉਣ ਦਾ ਮਾਮਲਾ ਲਟਕ ਗਿਆ ਸੀ ਅਤੇ ਵਿਧਾਇਕਾਂ 'ਚ ਨਿਰਾਸ਼ਾ ਫੈਲ ਗਈ ਸੀ। ਉਂਜ ਇਸ ਐਕਟ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੇ ਜਾਣ ਦੇ ਪੂਰੇ ਆਸਾਰ ਹਨ।

### ਅਕਾਲ ਤਖ਼ਤ ਦੇ ਜਥੇਦਾਰ ਦੀ ਹੋ ਸਕਦੀ ਹੈ ਛੁੱਟੀ

ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਸੰਕਟ ਵਿਚ ਘਿਰਨ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਛੁੱਟੀ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮੁੱਦੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨਾਲ ਅਕਾਲੀ ਦਲ ਦੇ ਪ੍ਰਧਾਨ



ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਸੀਨੀਅਰ ਆਗੂਆਂ ਨਾਲ ਵਿਚਾਰ ਚਰਚਾ ਕਰ ਲਈ ਹੈ। ਸ਼੍ਰੋਮਣੀ ਕਮੇਟੀ ਵਲੋਂ ਕਿਸੇ ਵੀ ਸਮੇਂ ਜਥੇਦਾਰ ਤੋਂ ਅਸਤੀਫਾ ਲਿਆ ਜਾ ਸਕਦਾ ਹੈ ਅਤੇ ਨਵੇਂ ਜਥੇਦਾਰ ਦੀ ਨਿਯੁਕਤੀ ਲਈ ਸਰਗਰਮੀਆਂ ਵੀ ਤੇਜ਼ ਕੀਤੀਆਂ ਹੋਈਆਂ ਹਨ। ਪਾਰਟੀ ਦੇ ਸੀਨੀਅਰ ਆਗੂ ਨੇ ਜਥੇਦਾਰ ਦੀ ਤਬਦੀਲੀ ਸਬੰਧੀ ਹੋ ਰਹੀ ਚਰਚਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵਲੋਂ ਧਾਰਮਕ ਖੇਤਰ ਦੀ ਕਿਸੇ ਕੱਦਾਵਰ ਸਿੱਖ ਹਸਤੀ ਨੂੰ ਇਸ ਵਕਾਰੀ ਅਹੁਦੇ 'ਤੇ ਬਿਠਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਪਾਰਟੀ ਦੇ ਇਸ ਆਗੂ ਦਾ ਇਹ ਵੀ ਕਹਿਣਾ ਹੈ ਕਿ ਕਿਸੇ ਸਿਆਸੀ ਆਗੂ ਨੂੰ ਅਕਾਲ ਤਖ਼ਤ ਦਾ ਜਥੇਦਾਰ ਨਹੀਂ ਥਾਪਿਆ ਜਾ ਸਕਦਾ ਕਿਉਂਕਿ ਅਕਾਲੀ ਦਲ ਪਹਿਲਾਂ ਹੀ ਸਿਆਸੀ ਸੰਕਟ ਵਿਚ ਘਿਰਿਆ ਹੋਇਆ ਹੈ।

ਪੰਜਾਬ ਵਿਧਾਨ ਸਭਾ ਵਿਚ ਦੋ ਕੁ ਹਫ਼ਤੇ ਪਹਿਲਾਂ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਆਧਾਰਤ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਬਹਿਸ ਦੌਰਾਨ ਜਥੇਦਾਰ ਗਿਆਨੀ ਗੁਰਬਚਨ ਸਿੰਘ ਬਾਰੇ ਵੀ ਤਿੱਖੀਆਂ ਟਿੱਪਣੀਆਂ ਹੋਣ ਤੋਂ ਬਾਅਦ ਅਕਾਲੀ ਆਗੂ ਨਮੋਸ਼ੀ ਮਹਿਸੂਸ ਕਰ ਰਹੇ ਹਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਦੋ ਹਫ਼ਤਿਆਂ ਬਾਅਦ ਹੀ ਲੋਕਾਂ ਦੇ ਸਾਹਮਣੇ ਆਏ ਹਨ। ਅਕਾਲੀ ਨੇਤਾਵਾਂ ਨੂੰ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਸਾਲ 2015 ਵਿਚ ਦਿੱਤੀ ਮੁਆਫ਼ੀ ਦੇ ਮੁੱਦੇ 'ਤੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸੀਨੀਅਰ ਆਗੂਆਂ ਨੇ ਜਥੇਦਾਰ ਨੂੰ ਅਹੁਦੇ ਤੋਂ ਖ਼ੁਦ-ਬ-ਖ਼ੁਦ ਹੀ ਲਾਂਭੇ ਹੋਣ ਦਾ ਮਸ਼ਵਰਾ ਵੀ ਦਿੱਤਾ ਸੀ।

### ਡੀਜੀਪੀ ਅਰੋੜਾ ਦੇ ਸੇਵਾਕਾਲ 'ਚ ਵਾਧਾ

ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਦੇ ਕਾਰਜਕਾਲ ਵਿਚ ਤਿੰਨ ਮਹੀਨੇ ਦੇ ਵਾਧੇ ਲਈ ਕੇਂਦਰੀ ਕੈਬਨਿਟ ਦੀ ਨਿਯੁਕਤੀਆਂ ਸਬੰਧੀ ਕਮੇਟੀ ਨੇ ਪ੍ਰਵਾਨਗੀ ਦੇ ਦਿੱਤੀ ਹੈ। ਸ੍ਰੀ ਅਰੋੜਾ, ਜਿਨ੍ਹਾਂ 30 ਸਤੰਬਰ ਨੂੰ ਸੇਵਾਮੁਕਤ ਹੋਣਾ ਸੀ, ਦਾ ਹੁਣ ਕਾਰਜਕਾਲ 31 ਦਸੰਬਰ ਤੱਕ ਦਾ ਹੋਵੇਗਾ। ਸੂਬੇ ਦੇ ਨਵੇਂ ਡੀਜੀਪੀ ਦੀ ਨਿਯੁਕਤੀ ਲਈ ਸੀਨੀਅਰ ਪੁਲੀਸ ਅਧਿਕਾਰੀਆਂ ਦਰਮਿਆਨ ਚੱਲ ਰਹੀ ਰੱਸਾਕਸ਼ੀ ਦੀ ਖੇਡ ਵੀ ਹੁਣ ਤਿੰਨ ਮਹੀਨਿਆਂ ਲਈ ਮੁਲਤਵੀ ਹੋ ਗਈ ਹੈ। ਸ੍ਰੀ ਅਰੋੜਾ ਨੂੰ ਅਕਾਲੀ-ਭਾਜਪਾ ਸਰਕਾਰ ਨੇ ਅਕਤੂਬਰ 2015 ਵਿਚ ਬਰਗਾੜੀ ਵਿਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਪੈਦਾ ਹੋਏ ਮਾਹੌਲ ਉਪਰੰਤ ਡੀਜੀਪੀ ਦੇ ਅਹੁਦੇ 'ਤੇ ਨਿਯੁਕਤ ਕੀਤਾ ਸੀ। ਪਿਛਲੇ ਸਾਲ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਦੇ ਗਠਨ ਮਗਰੋਂ ਵੀ ਸ੍ਰੀ ਅਰੋੜਾ ਨੂੰ ਇਸ ਵੱਕਾਰੀ ਅਹੁਦੇ 'ਤੇ ਕਾਇਮ ਰੱਖਿਆ ਗਿਆ। ਉਂਜ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਹੋਰ ਕਾਂਗਰਸ ਨੇਤਾਵਾਂ ਵਲੋਂ ਸ੍ਰੀ ਅਰੋੜਾ ਨੂੰ ਇਸ ਅਹੁਦੇ 'ਤੇ ਕਾਇਮ ਰੱਖਣ ਦਾ ਵਿਰੋਧ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਕਾਂਗਰਸ ਹਾਈ ਕਮਾਨ ਅਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਡੀਜੀਪੀ ਦੇ ਸੇਵਾਕਾਲ ਵਿਚ ਵਾਧੇ ਖਿਲਾਫ਼ ਵੀ ਸਨ ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਅੰਦਰਲੇ ਵਿਰੋਧ ਨੂੰ ਦਰਕਿਨਾਰ ਕਰ ਦਿੱਤਾ। ਇੱਥੋਂ ਤਕ ਕਿ ਸ੍ਰੀ ਅਰੋੜਾ ਦੇ ਸੇਵਾਕਾਲ ਵਿਚ ਵਾਧੇ ਤੋਂ ਪਹਿਲਾਂ ਸ਼ੁਰੂ ਹੋਈ ਪ੍ਰਕਿਰਿਆ ਸਬੰਧੀ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਅਤੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਤੇ ਹੋਰਨਾਂ ਅਧਿਕਾਰੀਆਂ ਨੂੰ ਭਿਣਕ ਨਹੀਂ ਸੀ ਪੈਣ ਦਿੱਤੀ ਗਈ।



ਪੰਜਾਬ ਪੁਲੀਸ ਲਈ ਆਉਣ ਵਾਲੇ ਕਈ ਮਹੀਨੇ ਅਹਿਮ ਮੰਨੇ ਜਾ ਰਹੇ ਹਨ। ਬੇਅਦਬੀ ਅਤੇ ਗੋਲੀ ਕਾਂਡ ਦੀ ਪੜਤਾਲ ਲਈ ਵਧੀਕ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ (ਸਿੱਟ) ਦਾ ਮਾਮਲਾ ਕਠਿਨ ਪ੍ਰੀਖਿਆ ਦੇ ਬਰਾਬਰ ਹੈ। ਉਕਤ ਘਟਨਾਵਾਂ ਦੀ ਪੜਤਾਲ ਲਈ ਕੈਪਟਨ ਸਰਕਾਰ ਵਲੋਂ ਗਠਿਤ ਕੀਤੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ 'ਤੇ ਆਧਾਰਤ ਕਮਿਸ਼ਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਇਸੇ ਤਰ੍ਹਾਂ ਸਾਬਕਾ ਡੀਜੀਪੀ ਤੇ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਪੁਲੀਸ ਅਧਿਕਾਰੀ ਸੁਮੇਧ ਸਿੰਘ ਸੈਣੀ ਸਮੇਤ 14 ਸੀਨੀਅਰ ਪੁਲੀਸ ਅਧਿਕਾਰੀਆਂ ਦੀ ਭੂਮਿਕਾ 'ਤੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪੁਲੀਸ ਅਧਿਕਾਰੀਆਂ ਦਰਮਿਆਨ ਡੀਜੀਪੀ ਦਾ ਅਹੁਦਾ ਹਥਿਆਉਣ ਲਈ ਪਿਛਲੇ ਕਈ ਮਹੀਨਿਆਂ ਤੋਂ ਜੱਦੋ-ਜ਼ਹਿਦ ਚੱਲ ਰਹੀ ਸੀ। ਡੀਜੀਪੀ (ਇੰਟੈਲੀਜੈਂਸ) ਦਿਨਕਰ ਗੁਪਤਾ ਦਾ ਨਾਮ ਹੁਣ ਤੱਕ ਮੋਹਰੀ ਦਾਅਵੇਦਾਰਾਂ ਵਿਚ ਮੰਨਿਆ ਜਾ ਰਿਹਾ ਸੀ। ਕਾਂਗਰਸ ਹਾਈ ਕਮਾਨ ਦੇ ਦਬਾਅ ਅਤੇ ਅਕਾਲੀਆਂ ਜਾਂ ਭਾਜਪਾ ਦੇ ਪ੍ਰਭਾਵ ਵਾਲੇ ਪੁਲੀਸ ਅਧਿਕਾਰੀ ਨੂੰ ਇਸ ਅਹੁਦੇ ਤੋਂ ਲਾਂਭੇ ਰੱਖਣ ਲਈ ਚਲਾਈ ਮੁਹਿੰਮ ਨੇ ਕਈ ਪੁਲੀਸ ਅਫ਼ਸਰਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਸੀ।

### ਰਮਨ ਦਾ ਕੋਨਾ

ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿਚ ਇਸ ਵਾਰ ਨੌਂ ਬਿੱਲ ਬਿਨਾਂ ਬਹਿਸ ਹੀ ਪਾਸ ਕਰ ਦਿੱਤੇ ਗਏ, ਬਹਿਸ ਸਿਰਫ਼ ਜਸਟਿਸ ਰਣਜੀਤ ਸਿੰਘ ਦੀ ਪੜਤਾਲੀਆ ਰਿਪੋਰਟ ਉਪਰ ਹੋਈ ਜੋ ਬਰਗਾੜੀ ਤੇ ਬਹਿਬਲ ਕਾਂਡ ਵਿਚ ਹੋਈਆਂ ਮੰਦਭਾਗੀਆਂ ਬੇਅਦਬੀ ਦੀਆਂ ਘਟਨਾਵਾਂ ਬਾਰੇ ਸੀ। ਵਿਧਾਨ ਸਭਾ ਵਿਚੋਂ ਅਕਾਲੀ ਤਾਂ ਲੰਗੜਾ ਜਿਹਾ ਬਹਾਨਾ ਬਣਾ ਕੇ ਵਾਕ ਆਊਟ ਕਰ ਗਏ ਸਨ, ਪਰ ਬਾਕੀ ਮੈਂਬਰਾਂ ਨੇ ਜੰਮ ਕੇ ਬਹਿਸ ਕੀਤੀ ਅਤੇ ਕਮਿਸ਼ਨ ਦੀ ਇਸ ਲੱਭਤ ਨਾਲ ਸਹਿਮਤੀ ਪ੍ਰਗਟਾਈ ਕਿ ਬੇਅਦਬੀ ਦੀਆਂ ਘਟਨਾਵਾਂ ਲਈ ਤੇ ਲੋਕਾਂ ਉਪਰ ਹੋਏ ਜ਼ਬਰ ਲਈ ਵੱਡਾ ਤੇ ਛੋਟਾ ਦੋਵੇਂ ਬਾਦਲ ਜ਼ਿੰਮੇਵਾਰ ਹਨ, ਜੋ ਘਟਨਾਵਾਂ ਵਾਪਰਨ ਸਮੇਂ ਕ੍ਰਮਵਾਰ ਪੰਜਾਬ ਦੇ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸਨ। ਉਂਜ ਇਹ ਸਚਾਈ ਕਮਿਸ਼ਨ ਕਾਇਮ ਕਰ ਕੇ ਲੱਭਣ ਵਾਲੀ ਨਹੀਂ ਸੀ। ਸਭ ਜਾਣਦੇ ਹਨ ਕਿ ਪੁਲੀਸ ਬਿਨਾਂ ਸਰਕਾਰੀ ਆਦੇਸ਼ ਤੋਂ ਕੁਝ ਨਹੀਂ ਕਰਦੀ। ਸੋ, ਚਾਹੀਦਾ ਤਾਂ ਇਹ ਸੀ ਕਿ ਉਪਰੋਕਤ ਵਿਅਕਤੀਆਂ ਦੀ ਪੁਲੀਸ ਜ਼ਬਰ ਵਿਚ ਭੂਮਿਕਾ ਨੂੰ ਸਵੈ-ਸਿੱਧ ਮੰਨ ਕੇ ਮੌਜੂਦਾ ਸਰਕਾਰ ਵਲੋਂ ਪੀੜਤ ਲੋਕਾਂ ਨੂੰ ਨਿਆਂ ਦੇਣ ਲਈ ਤੁਰੰਤ ਸਿੱਧੀ ਕਾਰਵਾਈ ਕੀਤੀ ਜਾਂਦੀ, ਪ੍ਰੰਤੂ ਦੋਸ਼ੀਆਂ ਦਾ ਪਤਾ ਨਹੀਂ ਕਿਹੜਾ ਲਿਹਾਜ਼ ਰੱਖਦਿਆਂ ਹੋਇਆਂ ਸਾਰੀ ਕਹਾਣੀ ਕਮਿਸ਼ਨਾਂ ਤੇ ਵਿਵਾਦਾਂ ਦੇ ਗੇੜ ਵਿਚ ਪਾ ਦਿੱਤੀ ਹੈ। ਜਾਂਚ ਪੜਤਾਲ ਦੇ ਸਾਰੇ ਦਾਰੋਮਦਾਰ ਨੂੰ ਵੇਖ ਕੇ ਇਕ ਗੱਲ ਯਾਦ ਆਉਂਦੀ ਹੈ, ਕਿਸੇ ਦੇ ਘਰ ਚੋਰੀ ਹੋ ਗਈ। ਚੋਰੀ ਵਾਲੇ ਘਰ ਵਿਚ ਇਕੱਤਰ ਲੋਕ ਆਪੋ ਆਪਣੀ ਥਿਊਰੀ ਦੇਣ ਲੱਗੇ, ਕੋਈ ਆਖੇ, ਇਹ ਕਿਸੇ ਭੇਤੀ ਦਾ ਕੰਮ ਹੋਊ, ਕੋਈ ਕਹੇ, ਕਈ ਦਿਨਾਂ ਤੋਂ ਓਪਰੇ ਬੰਦੇ ਤੁਰੇ ਫਿਰਦੇ ਆ, ਉਨ੍ਹਾਂ ਦਾ ਕੰਮ ਹੋਊ, ਕੋਈ ਕਹੇ, ਦਿਨੇਂ ਕੱਟੇ ਤੇ ਝੰਡਰ ਮੱਝਾਂ ਖ਼ਰੀਦਣ ਵਾਲੇ ਰਾਤ ਨੂੰ ਇਹ ਕੰਮ ਕਰਦੇ ਆ, ਗੱਲ ਕੀ, ਜਿੰਨੇ ਮੂੰਹ ਓਨੀਆਂ ਗੱਲਾਂ। ਇਸੇ ਦੌਰਾਨ ਭੀੜ 'ਚੋਂ ਇਕ ਬੰਦਾ ਕਰਾਰੀ ਆਵਾਜ਼ ਵਿਚ ਬੋਲਿਆ, 'ਮੇਰੀ ਗੱਲ ਸੁਣੋ!' ਸਾਰਿਆਂ ਦਾ ਧਿਆਨ ਓਧਰ ਚਲਾ ਗਿਆ ਤਾਂ ਉਹਨੇ ਬੜੇ ਭਰੋਸੇ ਨਾਲ ਕਿਹਾ, "ਮੈਨੂੰ ਤਾਂ ਇਹ ਕਿਸੇ ਹੋਰ ਦਾ ਕੰਮ ਲਗਦੈ।" ਗੱਲ ਸੁਣ ਕੇ ਸਾਰੇ ਹਾਂ ਬਈ, ਹਾਂ ਬਈ, ਆਖਦੇ ਉਥੋਂ ਵਗ ਗਏ। ਜਿਵੇਂ ਮੌਨਸੂਨ ਸੈਸ਼ਨ 'ਚੋਂ ਮੈਂਬਰ ਬਾਦਲ, ਬਾਦਲ, ਕਹਿੰਦੇ ਚਲੇ ਗਏ।

# ਪੰਜਾਬੀ ਲਿਖਾਰੀ ਸਭਾ ਵਲੋਂ ਰੰਗਕਰਮੀ ਬਖਸ਼ ਸੰਘਾ ਦਾ ਸਨਮਾਨ

**ਪਰਮਿੰਦਰ ਰਮਨ ਦਾ ਪਲੇਠਾ ਕਾਵਿ ਸੰਗ੍ਰਹਿ ਲੋਕ ਅਰਪਣ**



ਕੈਲਗਰੀ (ਜੋਰਾਵਰ ਬਾਂਸਲ) ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ 19ਵਾਂ ਸਾਲਾਨਾ ਸਮਾਗਮ ਵਾਈਟਹੌਰਨ ਕਮਿਊਨਿਟੀ ਹਾਲ ਵਿਚ ਸ਼ੁਰੂ ਹੋਇਆ। ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਮੁੱਖ ਮਹਿਮਾਨ ਬਖਸ਼ ਸੰਘਾ, ਸਾਬਕਾ ਪ੍ਰਧਾਨ ਹਰੀਪਾਲ, ਰਜਿੰਦਰ ਕੌਰ ਚੋਹਕਾ, ਮੱਖਣ ਕੁਹਾੜ ਤੇ ਰਾਜਵੰਤ ਮਾਨ ਨੂੰ ਸੱਦਾ ਦਿੱਤਾ। ਰਾਸ਼ਟਰੀ ਗੀਤ 'ਓ ਕੈਨੇਡਾ' ਨਾਲ ਪ੍ਰੋਗਰਾਮ ਦਾ ਆਗਾਜ਼ ਹੋਇਆ। ਕਵੀ ਦਰਬਾਰ ਦਾ ਉਦਘਾਟਨ ਯੂਨਾਈਟਡ ਹਾਕਸ ਸਪੋਰਟਸ ਕਲੱਬ ਦੇ ਸਰਪ੍ਰਸਤ ਮੈਂਬਰਾਂ ਨੇ ਕੀਤਾ। ਸਭਾ ਵਲੋਂ ਉਨ੍ਹਾਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਪੰਜਾਬੀ ਲਿਖਾਰੀ ਸਭਾ ਦੇ ਸਰਪ੍ਰਸਤ ਜਸਵੰਤ ਸਿੰਘ ਗਿੱਲ ਨੇ ਸਭਾ ਬਾਰੇ ਜਾਣਕਾਰੀ ਦਿੱਤੀ।

ਬੱਚਿਆ ਦੇ ਸਾਲਾਨਾ ਸਮਾਗਮ ਦੇ ਜੇਤੂ ਬੱਚੇ ਸਾਲੋਨੀ ਗੌਤਮ ਨੇ ਗੁਰਭਜਨ ਗਿੱਲ ਦੀ ਲਿਖੀ ਕਵਿਤਾ 'ਲੋਰੀ' ਤੇ ਗੁਰਤਾਜ ਲਿੱਟ ਨੇ 'ਪ੍ਰਦੇਸੀ ਵੱਸਣ ਵਾਲਿਓ' ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕੀਤੀ। ਰਚਨਾਵਾਂ ਦੀ ਸ਼ੁਰੂਆਤ ਜੋਗਾ ਸਿੰਘ ਸਹੋਤਾ ਨੇ ਕੀਤੀ। ਤਰਲੋਚਨ ਸੈਂਭੀ, ਦਵਿੰਦਰ ਮਲਹਾਂਸ, ਜੋਰਾਵਰ ਬਾਂਸਲ, ਗੁਰਦੀਸ਼ ਕੌਰ ਗਰੇਵਾਲ, ਸੁਰਿੰਦਰ ਗੀਤ, ਜਸਵੀਰ ਸੰਘਾ, ਮਹਿੰਦਰਪਾਲ ਐਸ ਪਾਲ, ਬਲਵੀਰ ਗੋਰਾ ਨੇ ਆਪਣੀਆਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਹਰੀਪਾਲ ਨੇ ਬਖਸ਼ ਸੰਘਾ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਆਪਣੀਆਂ ਕੁਝ ਲਿਖਤਾਂ ਸਾਂਝੀਆਂ ਕੀਤੀਆਂ। ਸਭਾ ਵਲੋਂ ਉਨ੍ਹਾਂ ਨੂੰ ਪਲੈਕ, ਹਜ਼ਾਰ ਡਾਲਰ ਤੇ ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨ ਕੀਤਾ ਗਿਆ। ਇਸ ਤੋਂ ਮੱਖਣ ਕੁਹਾੜ, ਗੁਰਚਰਨ ਕੌਰ ਥਿੰਦ, ਤਨਵੀਰ, ਹਰਕੀਰਤ ਧਾਲੀਵਾਲ, ਰਾਜਵੰਤ ਮਾਨ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਡਾ. ਬਲਵਿੰਦਰ ਬਰਾੜ ਨੇ ਸਨਮਾਨਿਤ ਮਹਿਮਾਨ ਨੂੰ ਵਧਾਈ ਦਿੱਤੀ। ਹੈਰੀਟੇਜ ਗਿੱਧਾ ਸਕੂਲ (ਮਨਦੀਪ ਤੂਰ) ਦੀਆਂ ਬੱਚੀਆਂ ਨੇ ਆਪਣੀ ਪਰਫੋਰਮੈਂਸ ਨਾਲ ਪ੍ਰੋਗਰਾਮ ਵਿਚ ਚਾਰ ਚੰਨ ਲਾ ਦਿੱਤੇ। ਪਰਮਿੰਦਰ ਰਮਨ ਦਾ ਪਲੇਠਾ ਕਵਿ ਸੰਗ੍ਰਹਿ 'ਆ ਸਮੇਂ ਦੇ ਹਾਣ ਦੇ ਹੋਈਏ' ਲੋਕ ਅਰਪਣ ਕੀਤਾ ਗਿਆ। ਪਰਮਿੰਦਰ ਰਮਨ ਨੇ ਕਿਤਾਬ ਵਿਚੋਂ ਕੁਝ ਨਜ਼ਮਾਂ ਸੁਣਾਈਆਂ। ਇਸ ਮੌਕੇ ਡਰਾਅ ਵੀ ਕੱਢੇ ਗਏ ਜਿਨ੍ਹਾਂ ਵਿਚ ਕਿਤਾਬਾਂ ਦੇ ਸੈੱਟ ਤੋਹਫੇ ਵਜੋਂ ਦਿੱਤੇ ਗਏ। ਚਾਹ ਪਾਣੀ ਸਨੈਕਸ ਦਾ ਪ੍ਰਬੰਧ ਗੁਰਲਾਲ ਰੁਪਾਲੋ (ਲਾਲੀ) ਤੇ ਉਸ ਦੇ ਪਰਿਵਾਰ ਵਲੋਂ ਕੀਤਾ ਗਿਆ। ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ ਜਿਸ ਦੀ ਜ਼ਿੰਮੇਵਾਰੀ ਮਹਿੰਦਰ ਪਾਲ ਤੇ ਮੰਗਲ ਚੱਠਾ ਨੇ ਨਿਭਾਈ।

ਦਵਿੰਦਰ ਮਲਹਾਂਸ ਤੇ ਰਾਜਨ ਸੰਘਾ ਨੇ ਪ੍ਰੋਗਰਾਮ ਕੈਮਰਾਬੱਧ ਕੀਤਾ। ਸਾਊਂਡ ਸਿਸਟਮ ਦੀ ਜ਼ਿੰਮੇਵਾਰੀ ਜੋਰਾਵਰ ਬਾਂਸਲ ਨੇ ਸੰਭਾਲੀ। ਸਭਾ ਦੀ ਅਗਲੀ ਮੀਟਿੰਗ 16 ਸਤੰਬਰ ਬਾਅਦ ਦੁਪਹਿਰ ਦੋ ਵਜੇ ਕੋਸੋ ਹਾਲ ਵਿਚ ਹੋਏਗੀ।

# ਪਾਕਿ ਅਦਾਲਤ ਵਲੋਂ ਸ਼ਾਦਮਾਨ ਚੌਕ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਹਦਾਇਤ



ਲਾਹੌਰ (ਨਦਬ) ਪਾਕਿਸਤਾਨ ਦੀ ਇਕ ਅਦਾਲਤ ਨੇ ਲਾਹੌਰ ਦੀ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਸ਼ਾਦਮਾਨ ਚੌਕ ਦਾ ਨਾਂ ਬਦਲ ਕੇ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਬਾਰੇ ਫ਼ੈਸਲਾ ਕਰੇ। ਯਾਦ ਰਹੇ ਕਿ ਅੰਗਰੇਜ਼ ਹਕੂਮਤ ਦੇ ਕਾਰਜਕਾਲ ਦੌਰਾਨ 87 ਸਾਲ ਪਹਿਲਾਂ ਆਜ਼ਾਦੀ ਘੁਲਾਟੀਏ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਇਥੇ ਫ਼ਾਂਸੀ ਦਿੱਤੀ ਗਈ ਸੀ ਤੇ ਸ਼ਾਦਮਾਨ ਚੌਕ ਉਸੇ ਥਾਂ 'ਤੇ ਬਣਿਆ ਹੋਇਆ ਹੈ। ਲਾਹੌਰ ਹਾਈ ਕੋਰਟ ਦੇ ਜਸਟਿਸ ਸ਼ਾਹਿਦ ਜਮੀਲ ਖ਼ਾਨ ਨੇ ਲਾਹੌਰ ਦੇ ਡਿਪਟੀ ਕਮਿਸ਼ਨਰ ਨੂੰ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਸ਼ਾਦਮਾਨ ਚੌਕ ਦਾ ਨਾਂ ਬਦਲ ਕੇ ਭਗਤ ਸਿੰਘ ਦੇ ਨਾਂ 'ਤੇ ਰੱਖਣ ਬਾਰੇ ਫ਼ੈਸਲਾ ਲੈਣ ਲਈ ਕਿਹਾ ਹੈ।

**ਅਧਿਆਪਕ ਦਿਵਸ 'ਤੇ ਖ਼ਾਸ**

# ਅਧਿਆਪਕ ਦੇ ਨਾਮ ਇਬਰਾਹੀਮ ਲਿੰਕਨ ਦਾ ਇਤਿਹਾਸਕ ਖਤ

"ਹੇ ਪਿਆਰੇ ਅਧਿਆਪਕ ਇਸ ਤਰ੍ਹਾਂ ਢਾਲ ਮੇਰੇ ਬੱਚੇ ਨੂੰ"

ਮੈਂ ਜਾਣਦਾ ਹਾਂ ਕਿ ਮੇਰੇ ਬੱਚੇ ਨੂੰ ਇਹ ਸਿੱਖਣਾ ਪਵੇਗਾ ਕਿ ਸਾਰੇ ਆਦਮੀ ਇਕੋ ਜਿਹੇ ਨਹੀਂ ਹੁੰਦੇ, ਸਾਰੇ ਆਦਮੀ ਇਮਾਨਦਾਰ ਨਹੀਂ ਹੁੰਦੇ ਅਤੇ ਸਾਰੇ ਸੱਚੇ ਵੀ ਨਹੀਂ ਹੁੰਦੇ; ਉਸ ਨੂੰ ਇਹ ਸਿਖਾਓ ਕਿ ਜਿੰਨੇ ਇੱਥੇ ਨੀਚ ਆਦਮੀ ਹਨ, ਓਨੇ ਨਾਇਕ ਵੀ ਹਨ। ਜਿੰਨੇ ਸਵਾਰਥੀ ਸਿਆਸਤਦਾਨ ਹਨ ਓਨੇ ਆਪਾ ਵਾਰੂ ਆਗੂ ਵੀ ਹਨ।

ਉਸ ਨੂੰ ਇਹ ਸਿਖਾਓ ਕਿ ਜੇ ਦੁਸ਼ਮਣ ਹਨ, ਓਨੇ ਦੋਸਤ ਵੀ ਹਨ। ਮੈਨੂੰ ਪਤਾ ਹੈ ਇਸ ਸਭ ਕਾਸੇ ਨੂੰ ਕੁਝ ਸਮਾ ਲੱਗੇਗਾ। ਜੇ ਹੋ ਸਕੇ ਤਾਂ ਉਸ ਨੂੰ ਇਹ ਵੀ ਸਿਖਾਓ ਕਿ ਹੱਥੀਂ ਕਮਾਏ ਇਕ ਡਾਲਰ ਦੀ ਕੀਮਤ ਮੁਫਤ ਵਿਚ ਮਿਲੇ ਵੀਹ ਡਾਲਰਾਂ ਤੋਂ ਵੀ ਜ਼ਿਆਦਾ ਹੁੰਦੀ ਹੈ। ਉਸ ਨੂੰ ਹਾਰ ਬਰਦਾਸ਼ਤ ਕਰਨਾ ਅਤੇ ਜਿੱਤ ਦਾ ਅਨੰਦ ਲੈਣਾ ਵੀ ਸਿਖਾਓ।

ਉਸ ਨੂੰ ਈਰਖਾ ਤੋਂ ਕੋਹਾਂ ਦੂਰ ਲੈ ਜਾਵੋ ਅਤੇ ਜੇ ਹੋ ਸਕੇ ਤਾਂ ਉਸ ਨੂੰ ਖਚਰੀ ਮੁਸਕਰਾਹਟ ਦੇ ਭੇਤ ਤੋਂ ਵੀ ਜਾਣੂ ਕਰਵਾਓ। ਉਸ ਨੂੰ ਛੋਟੀ ਉਮਰੇ ਹੀ ਇਹ ਵੀ ਸਿੱਖਣ ਦਿਓ ਕਿ ਗੁੰਡਿਆਂ ਨੂੰ ਕੁੱਟਣਾ ਸਭ ਤੋਂ ਸੌਖਾ ਹੁੰਦਾ ਹੈ।

ਉਸ ਨੂੰ ਕਿਤਾਬਾਂ ਦੀ ਅਨੋਖੀ ਦੁਨੀਆ ਬਾਰੇ ਦੱਸੋ, ਪਰ ਉਸ ਨੂੰ ਅਸਮਾਨ ਵਿਚ ਉੱਡਦੇ ਪਰਿੰਦਿਆਂ, ਧੁੱਪ ਵਿਚ ਉਡਦੀਆਂ ਮਧੂ ਮੱਖੀਆਂ, ਹਰਿਆਵਲ ਨਾਲ ਲੱਦੀਆਂ ਪਹਾੜੀਆਂ ਉੱਤੇ ਖਿੜੇ ਫੁੱਲਾਂ ਦੇ ਕੁਦਰਤੀ ਅਨੋਖੇ ਨਜ਼ਾਰਿਆਂ ਬਾਰੇ ਦਿਮਾਗ ਲੜਾਉਣ ਲਈ ਵੀ ਸਮਾਂ ਦਿਓ।

ਉਸ ਨੂੰ ਦੱਸੋ ਕਿ ਨਕਲ ਅਤੇ ਬੇਈਮਾਨੀ ਨਾਲ ਪਾਸ ਹੋਣ ਨਾਲੋਂ ਫੇਲ ਹੋਣਾ ਕਿਤੇ ਇਜ਼ਤ ਵਾਲਾ ਕੰਮ ਹੈ। ਉਸ ਨੂੰ ਆਪਣੇ ਵਿਚਾਰਾਂ ਤੇ ਵਿਸ਼ਵਾਸ ਕਰਨਾ ਸਿਖਾਓ ਭਾਵੇਂ ਕਿ ਹਰ ਕੋਈ ਕਹਿ ਰਿਹਾ ਹੋਵੇ ਕਿ ਉਹ ਗ਼ਲਤ ਹੈ। ਉਸ ਨੂੰ ਨਿਮਰ ਲੋਕਾਂ ਨਾਲ ਨਿਮਰਤਾ ਨਾਲ ਅਤੇ ਅੜੀਅਲ ਢੀਠ ਲੋਕਾਂ ਨਾਲ ਕਰੜਾਈ ਨਾਲ ਸਿੱਝਣਾ ਸਿਖਾਓ।

ਉਸ ਨੂੰ ਉਦਾਸੀ ਵਿਚ ਵੀ ਹੱਸਣਾ ਸਿਖਾਓ ਅਤੇ ਇਹ ਦੱਸੋ ਕਿ ਜੇ ਅੱਖਾਂ ਵਿਚੋਂ ਅੱਥਰੂ ਛਲਕ ਪੈਣ ਤਾਂ ਇਹ ਕੋਈ ਸ਼ਰਮ ਵਾਲੀ ਗੱਲ ਨਹੀਂ ਹੁੰਦੀ।

ਉਸ ਨੂੰ ਇਨਸਾਨੀ ਗੁਣਾ ਨਾਲ ਈਰਖਾ ਕਰਨ ਵਾਲਿਆਂ ਉਤੇ ਹੱਸਣਾ ਸਿਖਾਓ ਅਤੇ ਬਹੁਤੀ ਮਿਠਾਸ ਤੋਂ ਸਾਵਧਾਨ ਰਹਿਣਾ ਵੀ। ਉਸ ਨੂੰ ਸਿਖਾਓ ਕਿ ਆਪਣੀ ਸਿਆਣਪ ਅਤੇ ਤਾਕਤ ਦੀ ਵੱਧ ਤੋਂ ਵੱਧ ਕੀਮਤ ਵਸੂਲ ਕਰੇ ਪਰ ਕਿਸੇ ਵੀ ਹਾਲਤ ਵਿਚ ਆਪਣੀ ਸੋਚ ਅਤੇ ਜ਼ਮੀਰ ਨੂੰ ਦਾਅ ਉਤੇ ਨਾ ਲੱਗਣ ਦੇਵੇ। ਹੇ ਪਿਆਰੇ ਅਧਿਆਪਕ ਇਸ ਤਰ੍ਹਾਂ ਢਾਲ ਮੇਰੇ ਬੱਚੇ ਨੂੰ।

# ਜਮਹੂਰੀ ਹੱਕਾਂ ਲਈ ਸਰਗਰਮ ਕਾਰਕੁਨਾਂ ਦੀ ਗ੍ਰਿਫਤਾਰੀਆਂ ਦਾਂ ਜ਼ੋਰਦਾਰ ਵਿਰੋਧ

## ਕੇਂਦਰ ਦੀ ਫਾਸ਼ੀਵਾਦੀ ਮੋਦੀ ਸਰਕਾਰ ਖਿਲਾਫ਼ ਕੀਤਾ ਅਰਥੀ ਫੂਕ ਮੁਜ਼ਾਹਰਾ

ਲੁਧਿਆਣਾ (ਨਦਬ) : ਜ਼ਿਲ੍ਹਾ ਲੁਧਿਆਣਾ ਦੀਆਂ ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ, ਵਿਦਿਆਰਥੀਆਂ, ਬੁੱਧੀਜੀਵੀਆਂ ਦੀਆਂ ਸਮੂਹ ਜਨਤਕ-ਜਮਹੂਰੀ ਜਥੇਬੰਦੀਆਂ ਵਲੋਂ ਡੀ.ਸੀ. ਦਫ਼ਤਰ ਅੱਗੇ ਅਰਥੀ ਫੂਕ ਮੁਜ਼ਾਹਰਾ ਕਰਕੇ ਜਮਹੂਰੀ ਅਧਿਕਾਰ ਕਾਰਕੁਨਾਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਉੱਤੇ ਫਾਸ਼ੀਵਾਦੀ ਹਮਲੇ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਗਈ। ਜਥੇਬੰਦੀਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਜਮਹੂਰੀ ਕਾਰਕੁਨਾਂ ਨੂੰ ਰਿਹਾਅ ਨਾ ਕੀਤਾ ਗਿਆ, ਦਹਿਸ਼ਤ ਫੈਲਾਉਣ ਅਤੇ ਲੋਕਾਂ ਦੀ ਜਮਹੂਰੀ ਹੱਕਾਂ ਦੀ ਆਵਾਜ਼ ਦੀ ਸੰਘੀ ਨੱਪਣ ਦੀਆਂ ਫਾਸ਼ੀਵਾਦੀ ਕੋਸ਼ਿਸ਼ਾਂ ਬੰਦ ਨਾ ਕੀਤੀਆਂ ਗਈਆਂ ਤਾਂ ਲੋਕ ਇਸ ਦਾ ਜਵਾਬ ਤਿੱਖੇ ਸੰਘਰਸ਼ਾਂ ਰਾਹੀਂ ਦੇਣਗੇ।

ਮੁਜਾਹਰੇ ਦੀ ਸ਼ੁਰੂਆਤ ਪੱਤਰਕਾਰ ਗੌਰੀ ਲੰਕੇਸ਼ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਅਤੇ ਇਨਕਲਾਬੀ ਨਾਅਰਿਆਂ ਨਾਲ ਕੀਤੀ ਗਈ। ਇਸ ਮੌਕੇ ਜੱਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਲੋਕਾਂ ਦੇ ਹੱਕਾਂ ਲਈ ਜੂਝਣ ਵਾਲੇ ਜਮਹੂਰੀ ਅਧਿਕਾਰ ਕਾਰਕੁਨਾਂ ਅਤੇ ਬੁੱਧੀਜੀਵੀਆਂ ਪ੍ਰੋ. ਵਰਵਰਾ ਰਾਓ, ਗੌਤਮ ਨੌਵਲੱਖਾ, ਵਰਨੌਨ ਗੋਂਸਾਲਵੇਜ਼, ਐਡਵੋਕੇਟ ਸੁਧਾ ਭਾਰਦਵਾਜ ਅਤੇ ਅਰੁਣ ਫਰੇਰਾ ਦੇ ਘਰਾਂ ਉੱਤੇ ਨਾਜਾਇਜ਼ ਛਾਪੇ ਮਾਰੇ ਗਏ ਹਨ, ਤਲਾਸ਼ੀਆਂ ਲਈਆਂ ਗਈਆਂ ਹਨ, ਜ਼ਲੀਲ ਕੀਤਾ ਗਿਆ ਹੈ, ਰਿਸ਼ਤੇਦਾਰਾਂ ਨੂੰ ਤੰਗ-ਪਰੇਸ਼ਾਨ ਕੀਤਾ ਗਿਆ ਹੈ, ਤੇ ਝੂਠੇ ਕੇਸ ਪਾਏ ਗਏ ਹਨ। ਇਸ ਤੋਂ ਇਲਾਵਾ ਪ੍ਰੋ. ਅਨੰਦ ਤੇਲਤੁੰਬੜੇ, ਸਟੈਨ ਸਵਾਮੀ ਤੇ ਹੋਰ ਬੁੱਧੀਜੀਵੀਆਂ ਦੇ ਘਰਾਂ ਉੱਤੇ ਵੀ ਛਾਪੇ ਮਾਰੇ ਗਏ ਹਨ। ਹੋਰ ਵੀ ਜਮਹੂਰੀ ਹੱਕ ਕਾਰਕੁਨਾਂ ਅਤੇ ਬੁੱਧੀਜੀਵੀਆਂ ਦੇ ਘਰਾਂ ਉੱਤੇ ਛਾਪੇਮਾਰੀ ਅਤੇ ਗ੍ਰਿਫਤਾਰੀਆਂ ਦੀ ਯੋਜਨਾਬੰਦੀ ਕੀਤੀ ਗਈ ਹੈ। ਦੋ ਮਹੀਨੇ ਪਹਿਲਾਂ ਵੀ ਪ੍ਰੋ. ਸੋਮਾਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਸੁਧੀਰ ਧਾਵਲੇ, ਮਹੇਸ਼ ਰਾਵਤ ਤੇ ਰੋਨਾ ਵਿਲਸਨ ਨੂੰ ਪੂਰੀ ਤਰ੍ਹਾਂ ਨਾਜਾਇਜ਼ ਢੰਗ ਨਾਲ ਭੀਮਾ ਕੋਰੇਗਾਓਂ ਦੀ ਹਿੰਸਾ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਉੱਤੇ ਨਰਿੰਦਰ ਮੋਦੀ ਦੇ ਕਤਲ ਦੀ ਯੋਜਨਾ ਬਣਾਉਣ ਦੀ ਝੂਠੇ ਕੇਸ ਵਿਚ ਫਸਾ ਦਿੱਤਾ ਗਿਆ। ਇਹ ਸਾਰੇ ਵਿਅਕਤੀ ਲੋਕਾਂ ਦੇ ਬੁਨਿਆਦੀ ਮੁੱਦਿਆਂ ਰੁਜ਼ਗਾਰ, ਗਰੀਬੀ, ਮਹਿੰਗਾਈ, ਘੱਟ ਗਿਣਤੀਆਂ-ਦਲਿਤਾਂ-ਆਦਿਵਾਸੀਆਂ ਉੱਤੇ ਹੋ ਰਹੇ ਜ਼ਬਰ ਆਦਿ ਮਸਲਿਆਂ ਉੱਤੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ, ਲੋਕਾਂ ਦੀ ਉਨ੍ਹਾਂ ਦੇ ਹੱਕੀ ਸੰਘਰਸ਼ਾਂ ਵਿਚ ਮਦਦ ਕਰ ਰਹੇ ਹਨ। ਇਨ੍ਹਾਂ ਨੂੰ ਦਹਿਸ਼ਤਗਰਦ ਜਾਂ ਦੇਸ਼ ਧ੍ਰੋਹੀ ਕਹਿਣਾ ਅਸਲ ਵਿਚ ਲੁਟੇਰੇ ਪ੍ਰਬੰਧ-ਲੁਟੇਰੇ ਹਾਕਮਾਂ ਵਿਰੁੱਧ ਉੱਠੀ ਹਰ ਲੋਕ ਪੱਖੀ ਆਵਾਜ਼ ਦਬਾਉਣ ਦੀ ਸਾਜ਼ਿਸ਼ ਹੈ ਜੋ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ।

ਜਥੇਬੰਦੀਆਂ ਦੇ ਆਗੂਆਂ ਨੇ ਸਭਨਾਂ ਇਨਸਾਫ਼ਪਸੰਦ ਜਮਹੂਰੀ ਲੋਕਾਂ ਨੂੰ ਫਿਰਕਾਪ੍ਰਸਤ ਫਾਸ਼ੀਵਾਦੀ ਹਾਕਮਾਂ ਖਿਲਾਫ਼ ਸੰਘਰਸ਼ ਦੇ ਮੈਦਾਨ ਵਿਚ ਨਿੱਤਰਨ ਦੀ ਅਪੀਲ ਕੀਤੀ ਹੈ।

# ਕਾਰਲ ਮਾਰਕਸ ਨੂੰ ਸਮਰਪਤ ਹੋਏਗਾ ਮੇਲਾ ਗ਼ਦਰੀ ਬਾਬਿਆਂ ਦਾ

- ਨੌਨਿਹਾਲ ਸਿੰਘ ਲਹਿਰਾਉਣਗੇ ਗ਼ਦਰੀ ਝੰਡਾ
- 30, 31 ਅਕਤੂਬਰ ਅਤੇ 1 ਨਵੰਬਰ ਤਿੰਨ ਦਿਨ ਚੱਲੇਗਾ ਮੇਲਾ

ਜਲੰਧਰ (ਨਦਬ) : ਗ਼ਦਰੀ ਬਾਬਿਆਂ ਦਾ ਮੇਲਾ ਇਸ ਵਾਰ ਸੰਸਾਰ ਭਰ ਦੀ ਕਿਰਤੀ ਜਮਾਤ ਦੀ ਮੁਕਤੀ ਦੇ ਮਾਰਗ ਦਰਸ਼ਕ ਮਹਾਂ ਦਾਰਸ਼ਨਿਕ, ਕਾਰਲ ਮਾਰਕਸ ਦੀ 200 ਸਾਲਾਂ (5 ਮਈ 1818-2018) ਜਨਮ ਸ਼ਤਾਬਦੀ ਨੂੰ ਸਮਰਪਿਤ ਹੋਏਗਾ। ਇਹ 27ਵਾਂ ਮੇਲਾ 30 ਅਕਤੂਬਰ ਤੋਂ ਸ਼ੁਰੂ ਹੋ ਕੇ 2 ਨਵੰਬਰ ਸਰਘੀ ਵੇਲੇ ਤੱਕ ਚੱਲੇਗਾ।

ਦੇਸ਼ ਭਗਤ ਯਾਦਗਾਰ ਹਾਲ 'ਚ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ ਹੇਠ ਹੋਈ ਜਨਰਲ ਬਾਡੀ ਦੀ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30 ਅਕਤੂਬਰ ਸਵੇਰੇ 10 ਵਜੇ ਸ਼ਮ੍ਹਾ ਰੌਸ਼ਨ ਕਰਨ ਨਾਲ ਮੇਲੇ ਦਾ ਆਗਾਜ਼ ਹੋਏਗਾ।

ਮੀਟਿੰਗ ਦੌਰਾਨ ਕਮੇਟੀ ਦੇ ਸੀਨੀਅਰ ਟਰੱਸਟੀ ਅਤੇ ਸਾਬਕਾ ਜਨਰਲ ਸਕੱਤਰ ਗੰਧਰਵ ਸੈਨ ਕੋਛੜ ਨੂੰ ਸ਼ਰਧਾਂਜ਼ਲੀ ਦਿੱਤੀ ਗਈ। 30 ਅਕਤੂਬਰ ਨੂੰ ਪਹਿਲੇ ਦਿਨ ਗਾਇਨ ਅਤੇ ਭਾਸ਼ਣ ਮੁਕਾਬਲੇ ਹੋਣਗੇ। ਦੂਜੇ ਦਿਨ 31 ਅਕਤੂਬਰ ਨੂੰ ਕਾਰਲ ਮਾਰਕਸ ਦੇ ਜੀਵਨ ਅਤੇ ਸੰਗਰਾਮ ਸੰਬੰਧੀ ਕਮੇਟੀ ਦੇ ਮੈਂਬਰ ਹਰਵਿੰਦਰ ਭੰਡਾਲ ਦੁਆਰਾ ਲਿਖੀ ਜਾ ਰਹੀ ਪੁਸਤਕ 'ਕਾਰਲ ਮਾਰਕਸ: ਵਿਅਕਤੀ, ਯੁੱਗ ਅਤੇ ਸਿਧਾਂਤ' ਉਪਰ ਕੁਇਜ਼ ਮੁਕਾਬਲਾ ਹੋਏਗਾ। ਇਸ ਰੋਜ਼ ਹੀ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਲੜਕੀਆਂ/ਲੜਕਿਆਂ ਦੇ ਗਰੁੱਪ ਚਿੱਤਰਕਲਾ ਮੁਕਾਬਲੇ 'ਚ ਭਾਗ ਲੈਣਗੇ। ਸ਼ਾਮ 4 ਵਜੇ ਕਵੀ ਦਰਬਾਰ ਅਤੇ ਰਾਤ ਨੂੰ ਦਸਤਾਵੇਜ਼ੀ ਫ਼ਿਲਮ ਅਤੇ ਵੰਨ-ਸੁਵੰਨੀਆਂ ਕਲਾ ਕਿਰਤਾਂ ਪੇਸ਼ ਹੋਣਗੀਆਂ। ਪਹਿਲੀ ਨਵੰਬਰ ਸਵੇਰੇ ਠੀਕ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਅਦਾ ਕਰਨਗੇ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ 'ਜੀ ਆਇਆਂ' ਕਹਿਣਗੇ। ਝੰਡੇ ਦਾ ਗੀਤ ਅਮੋਲਕ ਸਿੰਘ ਦਾ ਲਿਖਿਆ ਹੋਏਗਾ।

ਸਾਰਾ ਦਿਨ ਗੀਤ-ਸੰਗੀਤ, ਲਘੂ ਨਾਟਕ ਹੋਣਗੇ। ਬਾਅਦ ਦੁਪਹਿਰ ਠੀਕ 4:00 ਵਜੇ 'ਕਾਰਲ ਮਾਰਕਸ ਦੀ ਬਹੁ-ਪੱਖੀ ਅਮਿੱਟ ਦੇਣ' ਉਪਰ ਵਿਚਾਰ-ਚਰਚਾ ਹੋਏਗੀ। ਪਹਿਲੀ ਨਵੰਬਰ ਦੀ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਹੋਏਗੀ। ਨਾਟਕ, ਕੋਰਿਓਗ੍ਰਾਫ਼ੀਆਂ ਅਤੇ ਗੀਤ-ਸੰਗੀਤ ਮੁਲਕ ਅੰਦਰ ਭਖ਼ਦੇ ਮਸਲਿਆਂ ਦੇ ਵਿਸ਼ਾ ਵਸਤੂ ਨੂੰ ਆਪਣੇ ਕਲਾਵੇ ਅੰਦਰ ਲੈਣਗੇ।

## ਯੌਨ ਸ਼ੋਸ਼ਣ ਪੀੜਤ ਸ਼ਰਾਬੀ ਮਹਿਲਾ ਨੂੰ ਹਿਰਾਸਤ ’ਚ ਰੱਖਣ ’ਤੇ ਉਠਿਆ ਇਤਰਾਜ਼

ਯੈਲੋਨਾਈਫ਼-ਨਦਬ: ਮਈ 2017 ਨੂੰ ਇਕ ਸ਼ਰਾਬੀ ਮਹਿਲਾ ਦਾ ਯੌਨ ਸ਼ੋਸ਼ਣ ਹੋਇਆ ਪਰ ਪੁਲੀਸ ਨੇ ਉਸ ਮਹਿਲਾ ਨੂੰ ਹਸਪਤਾਲ ਭੇਜਣ ਦੀ ਬਜਾਏ ਸੈੱਲ ਵਿਚ ਡੱਕ ਦਿੱਤਾ। ਇਸ ਮਾਮਲੇ ’ਤੇ ਪ੍ਰਤੀਕਿਰਿਆ ਕਰਦਿਆਂ ਜਸਟਿਸ ਗਾਰਥ ਮਲਕੋਏ ਨੇ ਕਿਹਾ ਕਿ ਇਹ ਮੇਰੀ ਕਲਪਨਾ ਤੋਂ ਬਾਹਰ ਹੈ ਕਿ ਇਕ ਯੌਨ ਉਤਪੀੜਤ ਨੂੰ ਹਸਪਤਾਲ ਭੇਜਣ ਦੀ ਬਜਾਏ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਵੇ। ਹੈਰਾਨੀ ਦੀ ਗੱਲ ਹੈ ਕਿ ਪੀੜਤ ਨਾਲ ਦੁਰਵਿਹਾਰ ਹੋਇਆ ਹੈ, ਜਿਸ ਲਈ ਉਹ ਬਿਲਕੁੱਲ ਵੀ ਹੱਕਦਾਰ ਨਹੀਂ ਸੀ। ਜਦੋਂ ਕਿ ਮਹਿਲਾ ਨੂੰ ਜਾਂਚ ਲਈ ਹਸਪਤਾਲ ਵਿਚ ਲੈ ਕੇ ਜਾਣਾ ਚਾਹੀਦਾ ਸੀ।

ਦੂਜੇ ਪਾਸੇ ਪੁਲੀਸ ਦਾ ਇਸ ਮਾਮਲੇ ਵਿਚ ਕਹਿਣਾ ਹੈ ਕਿ ਔਰਤ ਨੇ ਸ਼ਰਾਬ ਬਹੁਤ ਜ਼ਿਆਦਾ ਪੀਤੀ ਹੋਈ ਸੀ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਉਸ ਦੀ ਸੁਰੱਖਿਆ ਲਈ ਉਸ ਨੂੰ ਸੈੱਲ ਵਿਚ ਰੱਖਿਆ ਗਿਆ। ਆਰਸੀਐਮਪੀ ਦੀ ਤਰਜਮਾਨ ਨੇ ਕਿਹਾ ਕਿ ਅਸੀਂ ਜੱਜ ਦੀ ਟਿੱਪਣੀ ਦਾ ਮੁਲਾਂਕਣ ਕਰ ਰਹੇ ਹਾਂ। ਸਾਡੇ ਲਈ ਸਵਾਲ ਇਹ ਹੈ ਕਿ ਅਸੀਂ ਆਪਣੀਆਂ ਨੀਤੀਆਂ ਅਤੇ ਟਰੇਨਿੰਗ ਨੂੰ ਕਿੰਝ ਵਰਤੋਂ ਵਿਚ ਲਿਆਉਣਾ ਹੈ। ਸਾਨੂੰ ਇਹ ਵੇਖਣਾ ਪਵੇਗਾ ਕਿ ਸਾਡਾ ਪੀੜਤ ਪ੍ਰਤੀ ਵਿਹਾਰ ਕੀ ਹੋਣਾ ਚਾਹੀਦਾ ਹੈ।

ਯੈਲੋਨਾਈਫ਼ ਵੂਮੈਨ ਸੁਸਾਇਟੀ ਦੀ ਆਗੂ ਦਾ ਕਹਿਣਾ ਹੈ ਕਿ ਹੁਣ ਸਮਾਂ ਬਦਲ ਚੁੱਕਿਆ ਹੈ। ਆਰਸੀਐਮਪੀ ਹਰ ਇਕ ਸ਼ਰਾਬੀ ਨੂੰ ਸੈੱਲ ਵਿਚ ਬੰਦ ਕਰ ਦਿੰਦੀ ਹੈ ਜਦੋਂਕਿ ਬਹੁਤ ਘੱਟ ਲੋਕ ਇਸ ਲਈ ਰਾਜ਼ੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸਾਨੂੰ ਨੀਤੀਆਂ ਦੇ ਮੁਲਾਂਕਣ ਕਰਨ ਦੀ ਜ਼ਰੂਰਤ ਹੈ।

# ਸੀਨੀਅਰ ਸੁਸਾਇਟੀ ਵਲੋਂ ਹੈਲਥ ਵਾਕ ਦਾ ਆਯੋਜਨ




ਐਡਮਿੰਟਨ - ਨਦਬ: ਮਿਲਵੁਡਜ਼ ਕਲਚਰਲ ਸੁਸਾਇਟੀ ਆਫ਼ ਰਿਟਾਇਰਡ ਐਂਡ ਸੈਮੀ-ਰਿਟਾਇਰਡ ਵਲੋਂ ਸਾਲਾਨਾ ਹੈਲਥ ਵਾਕ ਦਾ ਆਯੋਜਨ ਕੀਤਾ ਗਿਆ। ਇਸ ਵਿਚ ਸੁਸਾਇਟੀ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਨੌਜਵਾਨਾਂ ਅਤੇ ਬੱਚਿਆਂ ਨੇ ਨਸ਼ਾ-ਵਿਰੋਧੀ ਅਤੇ ਸਿਹਤ -ਚਕਿਤਸਾ ਸਬੰਧੀ ਮਾਟੋ ਹੱਥਾਂ ਵਿਚ ਚੁੱਕੇ ਹੋਏ ਸਨ। ਸੁਸਾਇਟੀ ਦੇ ਪ੍ਰਧਾਨ ਜੋਰਾ ਸਿੰਘ ਝੱਜ ਨੇ ਦੱਸਿਆ ਕਿ ਇਸ ਵਾਕ ਦਾ ਮਕਸਦ ਲੋਕਾਂ ਨੂੰ ਨਸ਼ਿਆਂ ਪ੍ਰਤੀ ਸਾਵਧਾਨ ਕਰਨਾ ਅਤੇ ਸਿਹਤ ਸਬੰਧੀ ਜਾਗਰੂਕ ਕਰਨਾ ਹੈ। ਅਲਬਰਟਾ ਦੇ ਲੇਬਰ ਮੰਤਰੀ ਕਰਿਸਟੀਨਾ ਗਰੇਅ ਅਤੇ ਐਡਮਿੰਟਨ ਐਲਰਸਲੀ ਤੋਂ ਐਮ.ਐਲ.ਏ. ਰੌਡ ਲੋਇਲਾ ਨੇ ਈਵੈਂਟ ਵਿਚ ਵਿਸ਼ੇਸ਼ ਤੌਰ ’ਤੇ ਸ਼ਮੂਲੀਅਤ ਕੀਤੀ। ਇਸ ਸਮੇਂ ਬਜ਼ੁਰਗਾਂ ਦਾ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਚੈਕ ਕਰਨ ਲਈ ਫਾਰਮਿਸਟ ਪਹੁੰਚੇ ਹੋਏ ਸਨ। ਸੁਸਾਇਟੀ ਵਲੋਂ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

## ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵਲੋਂ ਲੇਖਿਕਾ ਦਲਵੀਰ ਕੌਰ ਨਾਲ ਸਾਹਿਤਕ ਮਿਲਣੀ



ਕੈਲਗਰੀ (ਜ਼ੋਰਾਵਰ ਸਿੰਘ ਬਾਂਸਲ) : ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵਲੋਂ ਰੂੜ੍ਹੀਵਾਦੀ ਰੀਤਾਂ ਵਿਚ ਤਬਦੀਲੀ ਪਸੰਦ ਲੇਖਿਕਾ ਦਲਵੀਰ ਕੌਰ ਵੁਲਵਰਹੈਂਪਟਨ (ਯੂ.ਕੇ.) ਨਾਲ ਵਿਸ਼ੇਸ਼ ਸਾਹਿਤਕ ਮਿਲਣੀ ਇਥੋਂ ਦੇ ਇੰਡੀਆ ਪੈਲੇਸ ਰੇਸਤਰਾਂ ਵਿਚ ਕੀਤੀ ਗਈ। ਲੇਖਿਕਾ ਨੇ ਆਪਣੇ ਜੀਵਨ ਅਤੇ ਲੇਖਣੀ ਦੇ ਸਫ਼ਰ ਬਾਰੇ ਜਾਣਕਾਰੀ ਸਾਂਝੀ ਕੀਤੀ। ਹੁਣ ਤੱਕ ਉਹ ਤਿੰਨ ਕਿਤਾਬਾਂ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਉਨ੍ਹਾਂ ਕੁਝ ਰਚਨਾਵਾਂ ਵੀ ਸਾਂਝੀਆਂ ਕੀਤੀ। ਸਭਾ ਵਲੋਂ ਸਭਾ ਦੇ ਮੈਂਬਰਾਂ ਦੀਆਂ ਕਿਤਾਬਾਂ ਦਾ ਸੈਟ ਭੇਟ ਕੀਤਾ ਗਿਆ ਅਤੇ ਉਨ੍ਹਾਂ ਆਪਣੀ ਕਿਤਾਬ ‘ਅਹਿਦ’, ਕਵਿਤਾਵਾਂ ਦੀਆਂ ਸੀਡੀਆਂ ਸਭਾ ਨੂੰ ਭੇਟ ਕੀਤੀਆਂ। ਦਲਬੀਰ ਕੌਰ ਨੇ ਕਿਹਾ ਕਿ ਸਭਾ ਦੇ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੋੜਨ ਲਈ ਕਰਵਾਏ ਜਾਂਦੇ ਕੰਮਾਂ ਤੋਂ ਉਹ ਬਹੁਤ ਪ੍ਰਭਾਵਤ ਹੈ। ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਜਨਰਲ ਸਕੱਤਰ ਰਣਜੀਤ ਸਿੰਘ, ਸਹਾਇਕ ਸਕੱਤਰ ਕਹਾਣੀਕਾਰ ਦਵਿੰਦਰ ਸਿੰਘ ਮਲਹਾਂਸ, ਕਾਰਜਕਾਰੀ ਮੈਂਬਰ ਹਰੀਪਾਲ, ਤਰਲੋਚਨ ਸਿੰਘ ਸੈਹਿੰਭੀ, ਬਲਵੀਰ ਗੋਰਾ ਅਤੇ ਗੁਰਮੀਤ ਕੌਰ ਕੁਲਾਰ, ਹਰਜੰਤ ਕੌਰ ਸੰਘਾ ਹਾਜ਼ਰ ਸਨ।

### ਜਨਤਕ ਥਾਵਾਂ ’ਤੇ ਅਫੀਮ ਦੀ ਵਰਤੋਂ

## ਸਿਟੀ ਕੌਂਸਲ ਬਣਾ ਸਕਦੀ ਹੈ ਸਥਾਨਕ ਕਾਨੂੰਨ



ਐਡਮਿੰਟਨ-ਨਦਬ: ਅਫੀਮ ਦਾ ਕਾਨੂੰਨੀਕਰਨ ਅਕਤੂਬਰ ਵਿਚ ਹੋਣ ਜਾ ਰਿਹਾ ਹੈ। ਫੈਡਰਲ ਸਰਕਾਰ ਨੇ ਇਸ ਸਬੰਧੀ ਮੁਢਲਾ ਕਾਨੂੰਨੀ ਢਾਂਚਾ ਘੜ ਦਿੱਤਾ ਹੈ। ਇਸ ਤੋਂ ਬਾਅਦ ਸਪਲਾਈ ਅਤੇ ਵਰਤੋਂ ਸਬੰਧੀ ਹਰ ਸੂਬਾ ਆਪਣੇ ਹਿਸਾਬ ਨਾਲ ਕਾਨੂੰਨ ਬਣਾ ਸਕਦਾ ਹੈ। ਇਸ ਤੋਂ ਇਲਾਵਾ ਮਿਊਂਸੀਪਲਟੀ ਨੂੰ ਜਨਤਕ ਵਰਤੋਂ ਸਬੰਧੀ ਆਪਣਾ ਸਥਾਨਕ ਕਾਨੂੰਨ ਬਣਾਉਣ ਦਾ ਹੱਕ ਹੈ। ਇਸ ਦਾ ਮਤਲਬ ਇਹ ਹੈ ਕਿ ਹੋ ਸਕਦਾ ਹੈ ਤੁਸੀਂ ਐਡਮਿੰਟਨ ਦੀਆਂ ਕੁਝ ਜਨਤਕ ਥਾਵਾਂ ’ਤੇ ਅਫੀਮ ਦੇ ਕਸ਼ ਲਗਾ ਸਕਦੇ ਹੋਵੋਂ ਪਰ ਜੇਕਰ ਤੁਸੀਂ ਐਂਥਨੀ ਹੈਂਡੇ ਡਰਾਈਵ ਦੇ ਉੱਤਰ ਵਿਚ ਅਜਿਹਾ ਕਰੋਗੇ ਤਾਂ ਤੁਹਾਨੂੰ ਇਸ ਲਈ ਜ਼ੁਰਮਾਨਾ ਭੁਗਤਣਾ ਪੈ ਸਕਦਾ ਹੈ।

ਸੇਂਟ ਅਲਬਰਟ ਦੇ ਕੌਂਸਲਰਾਂ ਵਲੋਂ ਪਿਛਲੇ ਦਿਨੀਂ ਜਨਤਕ ਥਾਵਾਂ ’ਤੇ ਅਫੀਮ ਦੀ ਵਰਤੋਂ ਨੂੰ ਲੈ ਕੇ ਪੂਰਨ ਤੌਰ ’ਤੇ ਮਨਾਹੀ ਦਾ ਪ੍ਰਸਤਾਵ 6-1 ਨਾਲ ਪਾਸ ਕਰ ਦਿੱਤਾ ਗਿਆ ਹੈ। ਦੱਸਣਾ ਬਣਦਾ ਹੈ ਕਿ ਇਹ ਪ੍ਰਸਤਾਵ ਕੌਂਸਲਰ ਕੈਨ ਮੈਕੇ ਵਲੋਂ ਪੇਸ਼ ਕੀਤਾ ਗਿਆ ਸੀ। ਇਸ ਪ੍ਰਸਤਾਵ ਵਿਚ ਇਕ ਮਦ ਵਿਸ਼ੇਸ਼ ਤੌਰ ’ਤੇ ਇਹ ਹੈ ਕਿ ਮਰੀਜ਼ਾਂ ਉੱਤੇ ਇਹ ਨਿਯਮ ਲਾਗੂ ਨਹੀਂ ਹੋਣਗੇ।

ਮੇਅਰ ਕੈਥੀ ਹਿਰੋਨ ਨੇ ਕਿਹਾ ਕਿ ਅਸਲ ਵਿਚ ਸੇਂਟ ਅਲਬਰਟ ਵਿਚ ਜੋ ਕਾਨੂੰਨ ਤੰਬਾਕੂ ਨੂੰ ਲੈ ਕੇ ਹੈ ਉਹੀ ਕਾਨੂੰਨ ਅਫੀਮ ਦੇ ਸਬੰਧ ਵਿਚ ਲਾਗੂ ਹੋਵੇਗਾ ਤੇ ਇਸ ਸਬੰਧੀ ਅਸੀਂ ਅਲਬਰਟਾ ਹੈਲਥ ਸਰਵਿਸ ਨੂੰ ਜਾਣਕਾਰੀ ਦੇ ਦਿੱਤੀ ਹੈ।

ਇਸ ਨਿਯਮ ਅਨੁਸਾਰ ਬਹੁਤ ਘੱਟ ਅਜਿਹੀਆਂ ਥਾਂਵਾਂ ਹੋਣਗੀਆਂ ਜਿੱਥੇ ਅਫੀਮ ਦੇ ਆਦੀ ਕਸ਼ ਲਗਾ ਸਕਣਗੇ। ਜਿਵੇਂ ਕਿ ਨਿੱਜੀ ਘਰਾਂ ਵਿਚ ਜਾਂ ਫਿਰ ਖਾਸ ਇਲਾਕਾ ਜੋ ਕਸ਼ ਲਗਾਉਣ ਲਈ ਰਾਖਵਾਂ ਰੱਖਿਆ ਹੋਵੇਗਾ।

ਐਡਮਿੰਟਨ ਦੇ ਮਾਮਲੇ ਵਿਚ ਸ਼ਾਇਦ ਪਬਲਿਕ ਥਾਂਵਾਂ ਤੋਂ ਦਸ ਮੀਟਰ ਦੇ ਅੰਦਰ ਅਫੀਮ ਦੇ ਕਸ਼ ਲਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਇਨ੍ਹਾਂ ਪਬਲਿਕ ਥਾਂਵਾਂ ਵਿਚ ਜਿਵੇਂ ਬੱਸ ਸਟੈਂਡ, ਐਲਆਰਟੀ ਸਟੇਸ਼ਨ, ਡੋਰਵੇਅ ਆਦਿ ਸ਼ਾਮਲ ਹੋਣਗੇ। ਪਲੇਅ ਗਰਾਊਂਡ, ਖੇਡ ਦੇ ਮੈਦਾਨ, ਸਕੇਟਿੰਗ ਰਿੰਕਸ, ਸਕੇਟ ਪਾਰਕ, ਫੈਸਟੀਵਲ ਵਾਲੀਆਂ ਥਾਂਵਾਂ ਅਤੇ ਆਊਟਡੋਰ ਥੀਏਟਰ ਆਦਿ ਤੋਂ ਇਹ ਦੂਰੀ ਤੀਹ ਮੀਟਰ ਦੀ ਹੋਵੇਗੀ। ਸਬੰਧਤ ਪ੍ਰਸਤਾਵ 12 ਸਤੰਬਰ ਨੂੰ ਕੌਂਸਲ ਦੀ ਮੀਟਿੰਗ ਵਿਚ ਤੀਸਰੀ ਵਾਰ ਵਿਚਾਰਿਆ ਜਾਣਾ ਹੈ ਤੇ ਛੇਤੀ ਹੀ ਇਸ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਜਾਣਗੀਆਂ।

ਕੈਲਗਰੀ ਨੇ ਇਸ ਸਬੰਧ ਜਨਤਕ ਤੌਰ ’ਤੇ ਅਫੀਮ ਦੀ ਵਰਤੋਂ ਦੀ ਮਨਾਹੀ ਕੀਤੀ ਹੈ ਪਰ ਕਈ ਥਾਂਵਾਂ ਅਜਿਹੀਆਂ ਹਨ ਜਿੱਥੇ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕੈਮਰੋਜ਼ ਵਿਚ ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਕਾਉਂਟੀ ਕੌਂਸਲ ਨੇ ਪ੍ਰਸ਼ਾਸਨ ਨੂੰ ਕਿਹਾ ਕਿ ਅਜਿਹਾ ਸਥਾਨਕ ਕਾਨੂੰਨ ਬਣਾਇਆ ਜਾਵੇ ਜਿਸ ਵਿਚ ਜਨਤਕ ਪਾਰਕਾਂ ਵਿਚ ਇਸ ਦੀ ਮਨਾਹੀ ਹੋਵੇ। ਫੋਰਟ ਸਸਕੈਚਵਨ ਵਿਚ ਵੀ ਇਸ ਸਬੰਧ ਵਿਚ ਸਥਾਨਕ ਕਾਨੂੰਨ ਬਣਾਇਆ ਜਾਵੇਗਾ। ਰੈੱਡ ਡੀਅਰ ਸਿਟੀ ਦੇ ਵਿਚਾਰ ਅਧੀਨ ਕਾਨੂੰਨ ਵਿਚ ਜਨਤਕ ਥਾਂਵਾਂ ’ਤੇ ਅਫੀਮ ਦੀ ਵਰਤੋਂ ਦੀ ਮਨਾਹੀ ਹੈ। ਇਸ ਤਰ੍ਹਾਂ ਦਾ ਹੀ ਕਾਨੂੰਨ ਸਟ੍ਰਾਥਕੋਨਾ ਕਾਉਂਟੀ ਵਿਚ ਵਿਚਾਰ ਅਧੀਨ ਹੈ। ਉਮੀਦ ਹੈ ਕਿ ਛੇਤੀ ਇਸ ਮਾਮਲੇ ਵਿਚ ਸਥਿਤੀ ਸਪਸ਼ਟ ਹੋ ਜਾਵੇਗੀ।

## ਗੁਰੂ ਨਾਨਕ ਸੀਨੀਅਰ ਕੇਅਰ ਸੁਸਾਇਟੀ ਨੇ ਬਜ਼ੁਰਗਾਂ ਨਾਲ ਮਨਾਈ ਪਿਕਨਿਕ



ਐਡਮਿੰਟਨ (ਨਦਬ) : ਗੁਰੂ ਨਾਨਕ ਸੀਨੀਅਰ ਕੇਅਰ ਸੁਸਾਇਟੀ ਐਡਮਿੰਟਨ ਵਲੋਂ ਸੀਨੀਅਰਜ਼ ਫੈਮਲੀ ਪਿਕਨਿਕ ਕਰਵਾਈ ਗਈ। ਇਹ ਪ੍ਰੋਗਰਾਮ ਮਨਜਿੰਦਰ ਕੌਰ ਬਰਾੜ ਅਤੇ ਜਸਜੀਤ ਬਾਵਾ ਦੀ ਟੀਮ ਨੇ ਬਣਾਇਆ। ਪਿਕਨਿਕ ਵਿਚ ਸੀਨੀਅਰ ਸੀਟੀਜ਼ਨ ਸੁਸਾਇਟੀ ਦੇ ਮੈਂਬਰ ਅਤੇ ਕਰੀਬ 20 ਪਰਿਵਾਰਾਂ ਦੇ 55 ਵਿਅਕਤੀਆਂ ਨੇ ਹਿੱਸਾ ਲਿਆ। ਬੱਚੇ ਆਪਣੇ ਬਜ਼ੁਰਗਾਂ ਨੂੰ ਪਿਕਨਿਕ ’ਤੇ ਲੈ ਕੇ ਗਏ। ਪਰਿਵਾਰਾਂ ਨੇ ਵੱਖ ਵੱਖ ਵੰਨਗੀਆਂ ਵਾਲੇ ਭੋਜਨ ਲਿਆ ਕੇ ਪਰੋਸੇ। ਨੋਵਾ ਮੈਡੀਕਲ ਦੇ ਡਾਕਟਰ ਨਰਪਿੰਦਰ ਕੌਰ ਨੇ ਸਾਰਿਆਂ ਨੂੰ ਚਾਟ-ਪਾਪੜੀ ਵਰਤਾਈ ਤੇ ਰਲ ਮਿਲ ਕੇ ਸਾਰਿਆਂ ਨੂੰ ਚਾਹ ਵਰਤਾਈ ਗਈ। ਸੁਸਾਇਟੀ ਦੇ ਸਲਾਹਕਾਰ ਮੇਜਰ ਅਜੈਬ ਸਿੰਘ ਮਾਨ ਨੇ ਸੁਸਾਇਟੀ ਦੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਬਜ਼ੁਰਗਾਂ ਨੇ ਆਪਣੀ ਆਪਣੀ ਵਿਤ ਮੁਤਾਬਕ ਸੈਰ ਕੀਤੀ। ਇਸ ਮਗਰੋਂ ਮਨਜਿੰਦਰ ਕੌਰ ਬਰਾੜ ਨੇ ਸਿਹਤ ਨੂੰ ਤੰਦਰੁਸਤ ਰੱਖਣ ਦੇ ਨੁਕਤੇ ਸਾਂਝੇ ਕੀਤੇ। ਯੋਗਾ ਦੇ ਨਾਲ ਨਾਲ ਮਨ ਪਰਚਾਵਾ ਵੀ ਕਰਵਾਇਆ ਗਿਆ। ਪੌਟਲੱਕ ਲੰਚ ਲੈਣ ਮਗਰੋਂ ਬੀਬੀਆਂ ਨੇ ਗੀਤਾਂ ਤੇ ਗਿੱਧੇ ਰਾਹੀਂ ਮਨ ਪਰਚਾਵਾ ਕੀਤਾ। ਯਾਦਗਾਰੀ ਤਸਵੀਰ ਮਗਰੋਂ ਅਜੈਬ ਸਿੰਘ ਮਾਨ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਰਾਈਟਰਜ਼ ਫੋਰਮ ਵਲੋਂ ਪੱਤਰਕਾਰ ਕੁਲਦੀਪ ਨਈਅਰ ਨੂੰ ਸ਼ਰਧਾਂਜਲੀਆਂ

ਕੈਲਗਰੀ (ਨਦਬ) : ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਸਭਾ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ, ਪ੍ਰਿੰਸੀਪਲ ਕ੍ਰਿਸ਼ਨ ਸਿੰਘ ਅਤੇ ਸ. ਬਿੱਕਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਪੱਤਰਕਾਰ ਕੁਲਦੀਪ ਨਈਅਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿਚ ਜਸਵੀਰ ਸਿੰਘ ਸਿਹੋਤਾ ਨੇ ਸਰੋਤਿਆਂ ਨੂੰ ਜੀ ਆਇਆਂ ਆਖਿਆ। ਜਗਦੀਸ਼ ਸਿੰਘ ਚੋਹਕਾ ਨੇ ਕੁਲਦੀਪ ਨਈਅਰ ਦੇ ਜੀਵਨ ’ਤੇ ਝਾਤ ਪਾਈ। ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਮੂਹ ਸਭਾ ਨੇ ਇਕ ਮਿੰਟ ਦਾ ਮੋਨ ਰੱਖਿਆ। ਬੀਬੀ ਰਜਿੰਦਰ ਕੌਰ ਚੋਹਕਾ ਨੇ ਨਾਰੀ ਚਿੰਤਨ ਕਰਦਿਆਂ ਗਰਲ ਚਾਈਲਡ ਡੇ ’ਤੇ ਮੌਜੂਦਾ ਹਾਲਾਤ ’ਤੇ ਵਿਸਥਾਰ ਨਾਲ ਗੱਲ ਕੀਤੀ। ਜਸਵੀਰ ਸਿੰਘ ਨੇ ਗੁਰੂ ਸਾਹਿਬਾਂ ਦੇ ਸਮਕਾਲੀ ਯੂਰਪੀਅਨ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਹਰਚਰਨ ਸਿੰਘ ਹੇਹਰ, ਅਮਰੀਕ ਸਿੰਘ ਚੀਮਾ, ਗਿਆਨੀ ਸੇਵਾ ਸਿੰਘ, ਜਸਵੰਤ ਸਿੰਘ ਸੇਖੋਂ, ਗੁਰਨਾਮ ਸਿੰਘ ਗਿੱਲ, ਸੁਰਜੀਤ ਸਿੰਘ ਪੰਨੂੰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਹੋਮੋਪੈਥੀ ਦੇ ਡਾ. ਜੋਗਾ ਸਿੰਘ ਸਹੋਤਾ ਨੇ ਓ.ਸੀ.ਡੀ. ਬਿਮਾਰੀ ਅਤੇ ‘ਸਨੇਕ ਬਾਈਟ’ ਦੇ ਬਚਾਅ ਅਤੇ ਇਲਾਜ ਦੇ ਸਬੰਧੀ ਗੱਲ ਕੀਤੀ ਅਤੇ ਤਰੰਨਮ ਵਿਚ ਗ਼ਜ਼ਲ ਸੁਣਾਈ।

Yes! Immigration Consultancy Services

iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA

www.yesimmigration.ca



RIPTAAPAN SINGH (RIP)
Branch Manager (B.Sc)

OUR SERVICES

Student Visa
Express Entry-Jan 2015
Canadian Experience Class
Federal Skilled Worker
LMIA/Work Permits
Citizenship Services
P.R. Card Services
Canadain Experience Class
Federal Skilled Worker
Business Immigration
Family Sponsorship
Affidavits

Live in Caregiver
Change of Employer
Change of Conditions
Case History From CIC
Name Change
Travel Documents
Dual Citizenship
US Visa, UK Visa, Australia Visa
Provincial Nominee Programs
Spousal Sponsorship
Sponsorship Appeals
Visitor Visa/Super Visa

ALBERTA OFFICE :
Unit #201, 4271-23 Ave. NW
( All Indian Plaza) Edmonton, AB T6L 5Z8
Ph. 780.466.2138
Email : RS.YesImmigration@gmail.com

TORONTO OFFICE :
RAJ NARANG
#202 1058A Albion Road
Etobicoke, ON M9V 1A7
Registered Canadian Immigration Consultant
Immigration Consultant of Canada Regulatory Council
ICCRC Member #R416279

SUPER VISA INSURANCE




CREATIVE SOLUTIONS UNLIMITED
Strategy Planning & Public Relations

Grant Compilation
Board Development
Event Management & Promotions

Commissioner of Oaths
Power of Attorney/ Life Certificate
Letter Drafting
Translation
Affidavit



9245-35 Avenue Edmonton, AB T6E 5Y1
780-469-4009
info@creativesui.com

SOHAIL QUADRI

# A-WIN Insurance

## What we Offer

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them







Discounts up to 60% Payment Options available

## Western Canada's

Biggest Brokers Team, designed to serve Canadian's with solutions for your personal and professional insurance needs.

## When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

PROVIDING PEACE OF MIND 100 YEAR & BEYOND
SMI SASKATCHEWAN MUTUAL INSURANCE COMPANY

**Edmonton: 780-465-6900**
ਜਸਵੀਰ ਦਿਓਲ, ਨ'ਤੇਜ ਬੈਂਸ, ਸੰਜੀਵ ਖੰਨਾ, ਮਨਪ੍ਰੀਤ ਗਰੇਵਾਲ, ਸੋਨਿਕਾ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ



For all your Real Estate needs

NIRMAL (SONY) GILL

BUY OR SELL

Century 21 A.L.L. Stars Realty Ltd

MLS REALTOR

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ

ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ

780-937-9067

Office: 780-434-4700

Email : nirmalgill@live.com



3229 22 st. Edmonton



13039 165 Ave. Edmonton



16520 131 st. Edmonton




*In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.*



Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873



G DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ

ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



Male & Female Instructors are available

VEHICLE PROVIDE FOR ROAD TEST

Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com





Do it Once Do it Right !!!

uniTech CONSTRUCTION

ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :

ਰਾਜ

780.860.1975

bhardwaj75@gmail.com

| DESIGN | CONSTRUCTION | RENOVATION |
|---|---|---|
| Hardscapes | Rough to Final Grades | Water Features |
| Greenscapes | Fence & Deck | Renovations |
| | Concrete | |



Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।



Stucco is a versatile, beautiful, durable and fire resistant cladding.

All kind of Stucco

Acrylic & Rain Screen

Harinder Dhaliwal

(780) 297-9165



EMPIRE INN & SUITES

Empire Inn & Suites

www.choicehotels.com

Reservations 1-877-424-6423



403-346-4188

Cell: 403-505-4188

Email: econolodgereddeer@shaw.ca



Varinder Sidhu

President

37433 Highway 2 South, East Side Gasoline Alley

Red Deer, Alberta T4E 1B3



$299,900

Incl. Home, lot & net GST

ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST

2 Storey

3 bedrooms

2 1/2 baths

1290sq.ft

Single Garage

6 Appliances





$318,800

2 storey

Detached home

3 bedrooms

1 1/2 baths

1260 sq.ft

6 Appliances

double Garage

SOUTH WEST

2 Storey

3 bedrooms

2 1/2 baths

1711sq.ft

Bonus Room

Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ

ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com

# ਪੰਜਾਬ ਨੂੰ ਚਾਹੀਦੀ ਏ ਨਸ਼ਿਆਂ ਤੋਂ ਆਜ਼ਾਦੀ

## ਪੰਜਾਬ ’ਚ 9 ਲੱਖ ਲੋਕ ਲੈ ਰਹੇ ਡਰੱਗ, 3.5 ਲੱਖ ਨਸ਼ੇ ਦੇ ਆਦੀ, ਖੇਡਾਂ ਤੋਂ ਲੈ ਕੇ ਫ਼ੌਜ ਤਕ ਦਾ ਪੱਧਰ ਡਿੱਗਿਆ

# 10 ਸਾਲਾਂ ’ਚ 25 ਹਜ਼ਾਰ ਨੇ ਨਸ਼ਾ ਨਾ ਮਿਲਣ ਕਾਰਨ ਦਿੱਤੀ ਜਾਨ, 50 ਹਜ਼ਾਰ ਐਚਆਈਵੀ ਪੀੜਤ

ਜਲੰਧਰ (ਅਸ਼ੀਸ਼ ਚੌਰਸੀਆ, ਪ੍ਰਵੀਨ ਪਰਵ) : ਪੰਜਾਬ ਪਿਛਲੇ ਨੌ ਦਹਾਕਿਆਂ ਤੋਂ ਨਸ਼ਾਖ਼ੋਰੀ ਕਾਰਨ ਗਿਰਾਵਟ ਵੱਲ ਜਾ ਰਿਹਾ ਹੈ। ਗੁਰੂਆਂ ਦੀ ਧਰਤੀ ਨਸ਼ਾ ਤਸਕਰੀ ਦਾ ਘਰ ਬਣਦੀ ਜਾ ਰਹੀ ਹੈ। ਅਫ਼ੀਮ, ਭੁੱਕੀ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਹੈਰੋਇਨ, ਸਮੈਕ, ਕੋਕੀਨ, ਸਿੰਥੈਟਿਕ ਡਰੱਗ ਵਰਗੇ ਜਾਨਲੇਵਾ ਨਸ਼ਿਆਂ ਤਕ ਪਹੁੰਚ ਚੁੱਕਾ ਹੈ। ਅੰਕੜਿਆਂ ਅਨੁਸਾਰ ਪੰਜਾਬ ’ਚ 9 ਲੱਖ ਲੋਕ ਡਰੱਗ ਲੈਂਦੇ ਹਨ। ਇਸ ’ਚ 3.5 ਲੱਖ ਲੋਕ ਐਡਿਕਟ ਹਨ। ਸੂਬੇ ’ਚ ਨਸ਼ੇ ਤੋਂ ਜਾਂ ਇਸ ਨਾਲ ਸਬੰਧਤ ਬਿਮਾਰੀਆਂ ਕਾਰਨ ਹਰ ਮਹੀਨੇ 112 ਲੋਕਾਂ ਦੀ ਮੌਤ ਹੋ ਰਹੀ ਹੈ। ਚੰਡੀਗੜ੍ਹ ਤੋਂ ਛਪਦੇ ਹਿੰਦੀ ਅਖ਼ਬਾਰ ‘ਭਾਸਕਰ’ ਨੇ ਦੋ ਰਿਸਰਚ ਰਿਪੋਰਟਾਂ (ਡਰੱਗ ਐਬਯੂਜ਼! ਪ੍ਰਾਬਲਮ ਇਜ਼ ਈਟੈਂਸ ਇਨ ਪੰਜਾਬ ਅਤੇ ਚੰਡੀਗੜ੍ਹ ਪੀ.ਜੀ.ਆਈ. ਅਤੇ ਏਮਜ਼ ਦੀ ਸੰਯੁਕਤ ਰਿਪੋਰਟਰ), 1000 ਪੀੜਤ ਪਰਿਵਾਰ, ਨਸ਼ਾ ਮੁਕਤੀ ਕੇਂਦਰ, ਔਟ ਸੈਂਟਰ ਅਤੇ ਮਨੋਚਿਕਿਤਸਾਂ ਨਾਲ ਗੱਲ ਕਰਨ ’ਤੇ ਸਾਹਮਣੇ ਆਇਆ ਕਿ ਨਸ਼ੇ ਦੀ ਵਜ੍ਹਾ ਨਾਲ ਕਈ ਘਰ ਉਜੜ ਗਏ। ਨਿਪੁੰਸਕਤਾ ਦੀ ਵਜ੍ਹਾ ਨਾਲ ਕਈ ਘਰ ਟੁੱਟ ਗਏ। ਇਕ ਹੀ ਸਰਿੰਜ ਨਾਲ ਡਰੱਗ ਲੈਣ ਕਾਰਨ ਐਚਆਈਵੀ/ਏਡਜ਼, ਹੈਪੇਟਾਈਟਸ ਸੀ ਵਰਗੀਆਂ ਬਿਮਾਰੀਆਂ ਫੈਲ ਰਹੀਆਂ ਹਨ। ਐਨਸੀਬੀ ਦੀ ਰਿਪੋਰਟ ਮੁਤਾਬਕ ਪਿਛਲੇ ਦਸ ਸਾਲਾਂ ’ਚ (2007-2017) ਭਾਰਤ ’ਚ 25 ਹਜ਼ਾਰ ਲੋਕਾਂ ਨੇ ਨਸ਼ੇ ਦੀ ਪੂਰਤੀ ਨਾ ਹੋਣ ਕਾਰਨ ਆਤਮ ਹੱਤਿਆ ਕਰ ਲਈ। ਇਨ੍ਹਾਂ ’ਚ 74 ਫ਼ੀਸਦੀ ਮਾਮਲੇ ਪੰਜਾਬ ਦੇ ਹਨ। ਕਦੇ ਭਾਰਤੀ ਫ਼ੌਜ ਨੂੰ ਸਭ ਤੋਂ ਜ਼ਿਆਦਾ ਜਵਾਨ ਦੇਣ ਵਾਲਾ ਪੰਜਾਬ ਅੱਜ ਛੇਵੇਂ ਨੰਬਰ ’ਤੇ ਖਿਸਕ ਗਿਆ ਹੈ, ਕਿਉਂਕਿ ਇਨ੍ਹਾਂ ਦੇ ਨੌਜਵਾਨ ਸਰੀਰਕ ਯੋਗਤਾ ’ਚ ਫੇਲ੍ਹ ਹੋ ਰਹੇ ਹਨ। ‘ਭਾਸਕਰ’ ਦੀ ਮੁਹਿੰਮ ਦਾ ਉਦੇਸ਼ ਪੰਜਾਬ ਨੂੰ ਨਸ਼ਾਮੁਕਤ ਕਰ ਕੇ ਸਮਰੱਥ ਬਣਾਉਣਾ ਹੈ। ਅੰਗਰੇਜ਼ਾਂ ਤੋਂ ਸਾਨੂੰ ਆਜ਼ਾਦੀ ਉਦੋਂ ਮਿਲੀ ਸੀ ਜਦੋਂ ਸਾਰੇ ਦੇਸ਼ ਵਾਸੀਆਂ ਦੀਆਂ ਅੱਖਾਂ ਨੇ ‘ਅੰਗਰੇਜ਼ੋ ਭਾਰਤ ਛੱਡੋ’ ਦਾ ਖ਼ੁਆਬ ਦੇਖਿਆ। ਹੁਣ ਸਾਨੂੰ ਨਸ਼ਾ ਤਿਆਗਣਾ ਹੋਵੇਗਾ ਤਾਂ ਹੀ ਪੰਜਾਬ ਖ਼ੁਸ਼ਹਾਲ ਰਾਜ ਬਣ ਸਕੇਗਾ। ਇਹ ਤਾਂ ਹੀ ਸੰਭਵ ਹੋਵੇਗਾ, ਜਦੋਂ ਅਸੀਂ ਇਸ ਉਮੀਦ ਨੂੰ ਟੁੱਟਣ ਨਾ ਦਈਏ।



## ਚਿੱਟੇ ਦੀ ਚੋਟ — 4 ਖੇਤਰਾਂ ’ਚ ਸਮੱਸਿਆ, ਨਸ਼ੇ ਨੇ ਸੂਬੇ ਦਾ ਕਿੰਨਾ ਨੁਕਸਾਨ ਕੀਤਾ

### ਫ਼ੌਜ : ਪਹਿਲੇ ਨੰਬਰ ਤੋਂ ਛੇਵੇਂ ਸਥਾਨ ’ਤੇ ਖਿਸਕੇ



ਨਸ਼ਾਖੋਰੀ ਕਾਰਨ ਫ਼ੌਜ ’ਚ ਵੀ ਪੰਜਾਬ ਦੇ ਨੌਜਵਾਨਾਂ ਦੀ ਹਿੱਸੇਦਾਰੀ ’ਚ ਕਮੀ ਆਈ ਹੈ। 1947 ’ਚ ਫ਼ੌਜ ’ਚ ਪੰਜਾਬ ਦੇ ਅਫ਼ਸਰਾਂ ਦੀ ਗਿਣਤੀ 50 ਫ਼ੀਸਦੀ, ਏਅਰਫੋਰਸ ’ਚ 38 ਫ਼ੀਸਦੀ ਅਤੇ ਲੜਾਕੂ ਜਾਂਬਾਜ਼ਾਂ ਦੀ ਗਿਣਤੀ 33 ਫ਼ੀਸਦੀ ਹੁੰਦੀ ਸੀ। ਹੁਣ 24 ਫ਼ੀਸਦੀ ਰਹਿ ਗਈ ਹੈ। ਐਨਡੀਏ ਹਰ ਸਾਲ ਪੂਰੇ ਦੇਸ਼ ਤੋਂ 2100 ਨੌਜਵਾਨ ਦੇਸ਼ ਨੂੰ ਦਿੰਦੀ ਹੈ। ਪਿਛਲੇ ਪੰਜ ਸਾਲਾਂ ’ਚ ਆਈਐਮਏ ਤੋਂ ਪੰਜਾਬ ਦੇ ਕੁੱਲ 167 ਉਮੀਦਵਾਰ ਪਾਸਿੰਗ ਆਊਟ ਹੋਏ। ਪਿਛਲੇ ਤਿੰਨ ਸਾਲਾਂ ’ਚ ਫ਼ੌਜ ਵਿਚ ਸਿੱਧੀ ਭਰਤੀ ਲਈ ਸੂਬੇ ’ਚੋਂ 45000 ਨੌਜਵਾਨਾਂ ਨੇ ਅਪਲਾਈ ਕੀਤਾ। 90 ਫ਼ੀਸਦੀ ਨੌਜਵਾਨ ਸਰੀਰਕ ਯੋਗਤਾ ’ਚ ਫੇਲ੍ਹ ਹੋ ਗਏ।

### ਸਪੋਰਟਸ : ਸਿਰਮੌਰ ਸੀ, ਹੁਣ ਡਿੱਗਿਆ ਪ੍ਰਦਰਸ਼ਨ



ਪੰਜਾਬ ਨੇ ਕਦੇ ਦੇਸ਼ ਵਿਚ ਖੇਡਾਂ ’ਚ ਰਾਜ ਕੀਤਾ ਸੀ। ਓਲੰਪਿਕ ’ਚ ਦੇਸ਼ ਦੀ ਟੀਮ ਪੰਜਾਬ ਦੇ ਐਥਲੀਟਾਂ ’ਤੇ ਨਿਰਭਰ ਕਰਦੀ ਸੀ। ਲੌਂਗ ਜੰਪਰ ਬਲਬੀਰ ਸਿੰਘ, ਟ੍ਰਿਪਲ ਜੰਪਰ ਮੋਹਿੰਦਰ ਸਿੰਘ, ਮਿਲਖਾ ਸਿੰਘ, ਹਾਈ ਜੰਪਰ ਗੁਰਬਚਨ ਸਿੰਘ ਰੰਧਾਵਾ ਵਰਗੇ ਐਥਲੀਟਾਂ ਨੂੰ ਕੌਣ ਭੁੱਲ ਸਕਦਾ ਹੈ। 1968 ਮੈਕਸੀਕੋ ਓਲੰਪਿਕ ’ਚ ਭੇਜੇ ਗਏ 25 ਮੈਂਬਰੀ ਦਲ ’ਚ 13 ਪੰਜਾਬ ਤੋਂ ਸਨ। ਕਾਮਨਵੈਲਥ ਖੇਡਾਂ 2014 ’ਚ ਪੰਜਾਬ ਨੇ 9 ਮੈਡਲ ਜਿੱਤੇ ਸਨ।

### ਸਿੱਖਿਆ : ਹਰ ਤੀਸਰਾ ਵਿਦਿਆਰਥੀ ਲੈ ਰਿਹੈ ਡਰੱਗ, 15 ਫ਼ੀਸਦੀ ਐਡਿਕਟ



ਪੰਜਾਬ ਤੋਂ ਹਰ ਸਾਲ 45 ਹਜ਼ਾਰ ਵਿਦਿਆਰਥੀ ਸਿੱਖਿਆ ਲਈ ਵਿਦੇਸ਼ ਜਾ ਰਹੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਜ਼ਿਆਦਾਤਰ ਮਾਪਿਆਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਬੱਚੇ ਇੱਥੇ ਰਹਿ ਕੇ ਡਰੱਗ ਦਾ ਸ਼ਿਕਾਰ ਹੋ ਸਕਦੇ ਹਨ। ਰਿਪੋਰਟ ਅਨੁਸਾਰ ਪ੍ਰਦੇਸ਼ ’ਚ ਹਰ ਤੀਸਰਾ ਮੇਲ ਅਤੇ 10ਵੀਂ ਫੀਮੇਲ ਵਿਦਆਰਥੀ ਡਰੱਗ ਲੈਂਦੇ ਹਨ। ਇਨ੍ਹਾਂ ’ਚ 15 ਫ਼ੀਸਦੀ ਅਤੇ 20 ਫ਼ੀਸਦੀ ਭੁੱਕੀ ਦੇ ਆਦੀ ਹਨ। ਸਕੂਲ ਡ੍ਰਾਪਆਊਟ ਗੰਭੀਰ ਸਮੱਸਿਆ ਹੈ। ਐਨੁਅਲ ਡਰਾਪ ਆਊਟ ਰੇਟ 2014-15 ਵਿਚ 13 ਫ਼ੀਸਦੀ ਤੋਂ 2016-17 ’ਚ 3.3 ਫ਼ੀਸਦੀ ਹੋ ਗਈ ਹੈ। ਕੁਸ਼ਲ ਕਾਮੇ ਘੱਟ ਰਹੇ ਹਨ।

### ਹੈਲਥ : ਹਰ ਮਹੀਨੇ 112 ਲੋਕ ਨਸ਼ੇ ਅਤੇ ਇਸ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ ਮਰ ਰਹੇ ਹਨ

ਜਲੰਧਰ ਦੇ ਸਿਵਲ ਹਸਪਤਾਲ ’ਚ ਡੀ ਅਡਿਕਸ਼ਨ ਸੈਂਟਰ ਦੇ ਡਾਕਟਰ ਸੰਜੇ ਖੰਨਾ ਅਨੁਸਾਰ ਨੌਜਵਾਨ ਕਈ ਕਾਰਨਾਂ ਕਰਾਨ ਐਡਿਵਟ ਬਣ ਰਹੇ ਹਨ। ‘ਭਾਸਕਰ’ ਦੀ ਪੜਤਾਲ ਅਨੁਸਾਰ 44 ਫ਼ੀਸਦੀ ਨੇ ਪਹਿਲੀ ਵਾਰ ਦੋਸਤਾਂ ਦੇ ਦਬਾਅ ’ਚ ਡਰੱਗ ਲਈ। ਇਕ ਹੀ ਸਰਿੰਜ ਨਾਲ ਡਰੱਗ ਲੈਣ ਕਾਰਨ ਐਚਆਈਵੀ ਹੈਪੇਟਾਈਟਸ ਦੇ ਮਰੀਜ਼ ਲਗਾਤਾਰ ਵੱਧ ਰਹੇ ਹਨ। ਸੂਬੇ ਵਿਚ ਇਸ ਸਮੇਂ 50 ਹਜ਼ਾਰ ਹੈਪੇਟਾਈਟਸ ਸੀ ਦੇ ਮਰੀਜ਼ ਹਨ। ਪੰਜਾਬ ’ਚ ਐਚਆਈਵੀ ਦੇ ਮਰੀਜ਼ਾਂ ਦੀ ਗਿਣਤੀ ’ਚ 5 ਸਾਲ ਵਿਚ 30 ਫ਼ੀਸਦੀ ਤਕ ਵਾਧਾ ਹੋਇਆ ਹੈ। ਸੂਬੇ ’ਚ ਹਰ ਮਹੀਨੇ ਨਸ਼ੇ ਅਤੇ ਇਨ੍ਹਾਂ ਨਾਲ ਸਬੰਧਤ ਬਿਮਾਰੀਆਂ ਨਾਲ ਮਰਨ ਵਾਲਿਆਂ ਦੀ ਗਿਣਤੀ 112 ਦਰਜ ਕੀਤੀ ਗਈ ਹੈ।

### ਆਤਮ ਹੱਤਿਆ ਦਾ ਵਧਿਆ ਰੁਝਾਨ...: ਨਸ਼ਿਆਂ ਨਾਲ ਮੌਤ ਦੇ 70 ਫ਼ੀਸਦੀ ਕੇਸ ਪੁਲੀਸ ਕੋਲ ਨਹੀਂ ਪਹੁੰਚਦੇ

ਡਰੱਗ ਨਾਲ ਆਤਮ ਹੱਤਿਆ ਦੀ ਗੱਲ ਕਰੀਏ ਤਾਂ 2012 ’ਚ 4000 ਤੋਂ ਜ਼ਿਆਦਾ ਮਾਮਲੇ ਦਰਜ ਕੀਤੇ ਗਏ ਸਨ। 2013 ’ਚ ਇਸ ਦੀ ਗਿਣਤੀ ਵਧ ਕੇ 4500 ਹੋ ਗਈ ਸੀ। ਐਨਸੀਬੀ ਦੇ ਅੰਕੜੇ ਦੱਸਦੇ ਹਨ ਕਿ ਭਾਰਤ ’ਚ 2007 ਤੋਂ ਲੈ ਕੇ 2017 ਤਕ ਦਸ ਸਾਲਾਂ ’ਚ ਡਰੱਗ ਨਾਲ ਸਬੰਧਤ 25,000 ਤੋਂ ਜ਼ਿਆਦਾ ਆਤਮ ਹੱਤਿਆਵਾਂ ਹੋਈਆਂ ਸਨ। ਇਨ੍ਹਾਂ ’ਚ 74 ਫ਼ੀਸਦੀ ਮਾਮਲੇ ਪੰਜਾਬ ਨਾਲ ਸਬੰਧਤ ਸਨ। ਸੰਯੁਕਤ ਰਾਸ਼ਟਰ ਦੇ ਇਕ ਅਧਿਐਨ ਮੁਤਾਬਕ 2017 ਦੌਰਾਨ ਪੂਰੇ ਵਿਸ਼ਵ ’ਚ ਨਸ਼ਿਆਂ ਦੀ ਵਜ੍ਹਾ ਨਾਲ 2.6 ਲੱਖ ਲੋਕਾਂ ਦੀ ਮੌਤ ਹੋਈ ਸੀ। ਡਰੱਗ ਦੀ ਆਦਤ ਜਾਂ ਸ਼ਰਾਬ ਦੀ ਵਜ੍ਹਾ ਨਾਲ ਹੋਣ ਵਾਲੀਆਂ ਆਤਮ ਹੱਤਿਆਵਾਂ, ਜੋ ਥਾਣਿਆਂ ’ਚ ਦਰਜ ਹੁੰਦੀਆਂ ਹਨ, ਐੱਨਸੀਬੀ ਉਨ੍ਹਾਂ ਦੇ ਆਧਾਰ ’ਤੇ ਅੰਕੜੇ ਤਿਆਰ ਕਰਦਾ ਹੈ, ਪਰ ‘ਭਾਸਕਰ’ ਦੇ ਸਰਵੇਖਣ ’ਚ ਇਹ ਵੀ ਸਾਹਮਣੇ ਆਇਆ ਕਿ ਪੇਂਡੂ ਖੇਤਰਾਂ ’ਚ ਕਈ ਮਾਮਲੇ ਦਰਜ ਹੀ ਨਹੀਂ ਹੁੰਦੇ। ਅਜਿਹੇ ਵੀ ਕਈ ਕੇਸ ਸਾਹਮਣੇ ਆਏ, ਜਦੋਂ ਬਦਨਾਮੀ ਕਾਰਨ ਆਤਮ ਹੱਤਿਆ ਦੀ ਵਜ੍ਹਾ ਮਾਨਸਿਕ ਪ੍ਰੇਸ਼ਾਨੀ ਵੀ ਦੱਸੀ ਜਾਂਦੀ ਹੈ। ਨਸ਼ਿਆਂ ਨਾਲ ਹੋਣ ਵਾਲੀ ਮੌਤ ਦੇ 70 ਫ਼ੀਸਦੀ ਤੋਂ ਜ਼ਿਆਦਾ ਮਾਲਮੇ ਪੁਲੀਸ ਕੋਲ ਨਹੀਂ ਪਹੁੰਚਦੇ। ‘ਭਾਸਕਰ’ ਦੀ ਜਾਂਚ ’ਚ ਇਹ ਵੀ ਸਾਹਮਣੇ ਆਇਆ ਕਿ ਪੰਜਾਬ ’ਚ ਐੱਸਯੂਵੀ ਗੱਡੀਆਂ, ਬੰਦੂਕ ਅਤੇ ਡਰੱਗ ਫੈਸ਼ਨ ਬਣ ਗਿਆ ਹੈ। ਮਹਿੰਗਾ ਨਸ਼ਾ ਸੰਪੂਰਨਤਾ ਦਾ ਜ਼ਰੀਆ ਵੀ ਬਣ ਰਿਹਾ ਹੈ। ਕਾਲਜਾਂ ਦੇ ਵਿਦਿਆਰਥੀ ਇਨ੍ਹਾਂ ਨਸ਼ੀਲੇ ਪਦਾਰਥਾਂ ਦੇ ਨਸ਼ੇ ਦੀ ਗ੍ਰਿਫ਼ਤ ’ਚ ਹਨ, ਅਤੇ ਇੰਨੇ ਆਦੀ ਹੋ ਜਾਂਦੇ ਹਨ ਕਿ ਜਦੋਂ ਇਨ੍ਹਾਂ ਕੋਲ ਖ਼ਰੀਦਣ ਲਈ ਪੈਸਾ ਨਹੀਂ ਹੁੰਦਾ, ਤਾਂ ਉਹ ਅਪਰਾਧ ਨਾਲ ਜੁੜ ਜਾਂਦੇ ਹਨ। ਇਕ ਸਾਧਾਰਨ ਵਿਦਿਅਰਥੀ ਤੋਂ ਗੈਂਸਸਟਰ ਬਣਨ ਦਾ ਪੰਜਾਬ ਦਾ ਲੰਮਾ ਚੌੜਾ ਇਤਿਹਾਸ ਹੈ। ਵਿੱਕੀ ਗੋਂਡਰ ਇਸ ਦਾ ਪ੍ਰਤੱਖ ਸਬੂਤ ਹੈ।

**• ਨਤੀਜਾ ਸਿਰਫ਼ ਮੌਤ**

ਸਰੀਰ ਅਤੇ ਦਿਮਾ.ਗ ਨਸ਼ੀਲੇ ਪਦਾਰਥਾਂ ’ਤੇ ਨਿਰਭਰ ਹੋ ਜਾਂਦਾ ਹੈ। ਨਸ਼ੇ ਤੋਂ ਬਿਨਾਂ ਇਨ੍ਹਾਂ ਨੂੰ ਕੁੱਝ ਵੀ ਚੰਗਾ ਨਹੀਂ ਲੱਗਦਾ। ਪੂਰਤੀ ਨਾ ਹੋਣ ’ਤੇ ਸਰੀਰ ’ਚ ਦਰਦ, ਬੇਚੈਨੀ ਅਤੇ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ। ਲੀਵਰ, ਗੁਰਦੇ ਅਤੇ ਦਿਲ ’ਤੇ ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਬੁਰਾ ਪ੍ਰਭਾਵ ਪੈਂਦਾ ਹੈ। ਇਕ ਵਾਰ ਲੱਤ ਲਗ ਜਾਵੇ ਤਾਂ ਨਸ਼ੀਲੇ ਪਦਾਰਥ ਦੇ ਸੇਵਨ ਬਿਨਾਂ ਰਹਿ ਨਹੀਂ ਸਕਦੇ ਅਤੇ ਉਨ੍ਹਾਂ ਦੀ ਵਰਤੋਂ ਮੌਤ ਵੱਲ ਧੱਕਦੀ ਹੈ।

New Location of
K.P. ACCOUNTING & TAX SERVICES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

SAVE YOUR TAX
FOR FAST REFUND USE E-FILES
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
Ph. : 780-469-2677 Fax : 780-469-2026
9218 34 Ave in Plaza 34



Kapil Sharma

## ਡਰੱਗ ਤਸਕਰਾਂ ਦਾ ਰੂਟ ਉਹੀ ਕਾਰੋਬਾਰੀ ਅਤੇ ਸਰਪੰਚ ਤਰੀਕਾ ਨਵਾਂ

# ਪਾਕਿਸਤਾਨੀ ਤਸਕਰਾਂ ਨੂੰ ਹੈਰੋਇਨ ਦੀ ਅਦਾਇਗੀ ਪਸ਼ਮੀਨਾ ਸ਼ਾਲ ਰਾਹੀਂ

**• ਕਬੂਤਰਾਂ ਰਾਹੀਂ ਦਿੱਤੇ ਜਾਂਦੇ ਨੇ ਨੰਬਰ • ਵੱਟਸਐਪ 'ਤੇ ਭੇਜ ਰਹੇ ਲੋਕੇਸ਼ਨ**

ਪਾਕਿਸਤਾਨ ਨਾਲ ਲੱਗਦੀ 553 ਕਿਲੋਮੀਟਰ ਪੰਜਾਬ ਦੀ ਸਰਹੱਦ, 139 ਬੀਐਸਐਫ ਪੋਸਟਾਂ 'ਤੇ ਤੈਨਾਤ 1200 ਜਵਾਨ, ਫਿਰ ਵੀ 20 ਸਾਲ ਤੋਂ ਨਸ਼ਾ ਤਸਕਰੀ ਜਾਰੀ ਹੈ। 'ਭਾਸਕਰ' ਟੀਮ ਨੇ ਜਦੋਂ ਸਰਹੱਦੀ ਖੇਤਰ ਦੇ 25 ਪਿੰਡਾਂ ਦਾ ਦੌਰਾ ਕੀਤਾ, ਪੁਲੀਸ ਰਿਕਾਰਡਾਂ ਨੂੰ ਖੰਘਾਲਿਆ ਤਾਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਸਰਹੱਦ 'ਤੇ 13 ਸਾਲਾਂ ਵਿਚ 1239 ਸਮਗਲਰ ਗ੍ਰਿਫ਼ਤਾਰ ਕੀਤੇ ਅਤੇ 2278 ਕਿਲੋ ਹੈਰੋਇਨ ਫੜੀ ਗਈ। ਡਰੱਗ ਤਸਕਰਾਂ 'ਚ ਬੀਐਸਐਫ ਦੇ ਕੁੱਝ ਜਵਾਨ ਤੇ ਪੁਲੀਸ ਵਾਲੇ ਹੀ ਨਹੀਂ, ਸਰਹੱਦੀ ਪਿੰਡਾਂ ਦੇ ਕਈ ਸਰਪੰਚ ਅਤੇ ਜਲੰਧਰ-ਅੰਮ੍ਰਿਤਸਰ ਤੋਂ ਲੈ ਕੇ ਸ੍ਰੀਨਗਰ ਤਕ ਦੇ ਕੁੱਝ ਕਾਰੋਬਾਰੀ ਵੀ ਸ਼ਾਮਲ ਹਨ। ਇਹ ਲੋਕ ਸ੍ਰੀਨਗਰ ਦੇ ਵਪਾਰੀਆਂ ਤੋਂ 2 ਲੱਖ ਤਕ ਦੀ ਕੀਮਤ 'ਚ ਪਸ਼ਮੀਨਾ ਸ਼ਾਲ ਰਾਹੀਂ ਪਾਕਿਸਤਾਨੀ ਸਮਗਲਰਾਂ ਨੂੰ ਅਦਾਇਗੀ ਕਰਵਾ ਰਹੇ ਹਨ। ਕਈ ਪਿੰਡਾਂ 'ਚ ਤਾਂ ਸਰਪੰਚਾਂ ਦੀਆਂ 3-3 ਪੀੜ੍ਹੀਆਂ ਤਸਕਰੀ 'ਚ ਲੱਗੀਆਂ ਹਨ। ਇਨ੍ਹਾਂ ਪਰਿਵਾਰਾਂ ਦੇ ਕਈ ਮੈਂਬਰ ਜੇਲ੍ਹ 'ਚ ਹਨ ਜਾਂ ਫਿਰ ਭਗੌੜੇ ਹਨ।

7 ਸਾਲ 'ਚ ਬੀਐਸਐਫ ਦੇ 7 ਜਵਾਨ ਵੀ ਭਗੌੜੇ ਹੋ ਗਏ ਹਨ। ਕਈ ਪਾਕਿਸਤਾਨੀ ਤਸਕਰਾਂ ਦੇ ਨਾਮ ਵੀ ਸਾਹਮਣੇ ਆਏ, ਜੋ ਅਫਗਾਨਿਸਤਾਨ ਤੋਂ ਹੈਰੋਇਨ ਮੰਗਵਾ ਕੇ ਭੇਜ ਰਹੇ ਹਨ। ਤਸਕਰੀ ਦਾ ਤਰੀਕਾ ਵੀ ਅਲੱਗ ਹੈ। ਕਬੂਤਰਾਂ ਦੇ ਜ਼ਰੀਏ ਨੰਬਰ ਐਕਸਚੇਂਜ, ਵੱਟਸਐਪ 'ਤੇ ਡਰੱਗ ਡੀਲ ਅਤੇ ਲੋਕੇਸ਼ਨ ਦੱਸ ਰਹੇ ਹਨ। ਪਹਿਲਾਂ ਪਾਕਿਸਤਾਨੀ ਸਿਮ ਇਸਤੇਮਾਲ ਕਰਦੇ ਸਨ, ਹੁਣ ਦੂਸਰੇ ਦੇਸ਼ਾਂ ਦਾ, ਤਾਂ ਕਿ ਟਰੇਸ ਨਾ ਹੋਵੇ। ਜਲਾਲਾਬਾਦ, ਫਿਰੋਜ਼ਪੁਰ, ਖੇਮਕਰਨ ਤੋਂ ਅੰਮ੍ਰਿਤਸਰ ਤਕ ਦੋ ਨਦੀਆਂ ਨਾਲ ਲਗਦੇ ਕਰੀਬ 10-15 ਕਮਜ਼ੋਰ ਪੁਆਇੰਟ ਹਨ, ਜਿਥੇ ਵੱਡੀ ਕਨਸਾਈਨਮੈਂਟ ਫੜੀ ਗਈ ਹੈ। 2012 ਵਿਚ ਗ੍ਰਹਿ ਮੰਤਰਾਲੇ ਨੇ ਐਨਆਈਏ ਕੋਲੋਂ ਪਾਇਲਟ ਪ੍ਰਾਜੈਕਟ ਸ਼ੁਰੂ ਕਰਵਾਇਆ ਸੀ ਪਰ ਇਕ ਹੀ ਜਾਂਚ ਤੋਂ ਬਾਅਦ ਠੱਪ ਹੋ ਗਿਆ।

**ਤਸਕਰੀ ਵਿਚ ਲੱਗੇ ਵਪਾਰੀਆਂ ਦਾ ਨਵਾਂ ਹਵਾਲਾ ਨੈੱਟਵਰਕ**

## ਜਲੰਧਰ ਅਤੇ ਅੰਮ੍ਰਿਤਸਰ ਦੇ ਕਾਰੋਬਾਰੀ ਸ੍ਰੀਨਗਰ ਦੇ ਵਪਾਰੀਆਂ ਰਾਹੀਂ ਪਾਕਿਸਤਾਨੀ ਤਸਕਰਾਂ ਨੂੰ ਕਰਵਾ ਰਹੇ ਅਦਾਇਗੀ

ਪਾਕਿ ਤਸਕਰਾਂ ਵੱਲੋਂ ਪੰਜਾਬ ਭੇਜੀ ਜਾਣ ਵਾਲੀ ਹੈਰੋਇਨ ਦੀ ਖੇਪ ਦੀ ਅਦਾਇਗੀ ਲਈ ਸੂਬੇ 'ਚ ਨਵਾਂ ਹਵਾਲਾ ਨੈੱਟਵਰਕ ਖੜ੍ਹਾ ਹੋ ਗਿਆ ਹੈ। ਸੂਬੇ ਦੇ ਕੁੱਝ ਸੋਨਾ, ਕੱਪੜਾ ਅਤੇ ਫਰੂਟ ਵਪਾਰੀ ਸ੍ਰੀਨਗਰ ਦੇ ਕਾਰੋਬਾਰੀਆਂ ਰਾਹੀਂ ਤਸਕਰਾਂ ਨੂੰ ਹੈਰੋਇਨ ਦੀ ਖੇਪ ਦੀ ਅਦਾਇਗੀ ਪਸ਼ਮੀਨਾ ਸ਼ਾਲ ਦੇ ਰੂਪ ਵਿਚ ਕਰਵਾ ਰਹੇ ਹਨ। ਸਟੇਟ ਸੋਸ਼ਲ ਆਪਰੇਸ਼ਨ ਸੈੱਲ (ਐਸਐਸਓਸੀ) ਨੇ ਅਜਿਹੇ ਤਿੰਨ ਮਾਮਲੇ ਫੜੇ ਹਨ। ਇਨ੍ਹਾਂ 'ਚ ਜਲੰਧਰ ਅਤੇ ਅੰਮ੍ਰਿਤਸਰ ਦੇ ਵਪਾਰੀਆਂ ਨੇ ਸ੍ਰੀਨਗਰ ਦੇ ਵਪਾਰੀਆਂ ਨਾਲ ਮਿਲ ਕੇ ਫਿਰੋਜ਼ਪੁਰ ਅਤੇ ਤਰਨਤਾਰਨ ਦੇ ਤਸਕਰਾਂ ਦੀ ਪੇਮੈਂਟ ਕੀਤੀ। ਇਕ ਮਾਮਲੇ 'ਚ ਤਾਂ ਜੇਲ੍ਹ 'ਚ ਬੰਦ ਤਸਕਰ ਹੀ ਪਾਕਿਸਤਾਨੀ ਤਸਕਰ ਨਾਲ ਮਿਲ ਕੇ ਨੈੱਟਵਰਕ ਅਪਡੇਟ ਕਰਦਾ ਰਿਹਾ, ਜਦਕਿ ਫਿਰੋਜ਼ਪੁਰ ਦੇ ਇਕ ਤਸਕਰ ਦੀ ਕਰੀਬ 2.5 ਕਰੋੜ ਦੀ ਅਦਾਇਗੀ ਵਪਾਰੀ ਰਾਹੀਂ ਪਾਕਿਸਤਾਨੀ ਤਸਕਰਾਂ ਨੂੰ ਕੀਤੀ ਗਈ। ਕਾਬਲੇਗੌਰ ਹੈ ਕਿ ਪਸ਼ਮੀਨਾ ਸ਼ਾਲ ਦੀ ਕੀਮਤ 15 ਹਜ਼ਾਰ ਤੋਂ 2 ਲੱਖ ਰੁਪਏ ਤਕ ਹੁੰਦੀ ਹੈ।

### ਕੇਸ ਨੰ: 1- ਹੈਰੋਇਨ ਦੇ ਬਦਲੇ ਸ੍ਰੀਨਗਰ ਤੋਂ ਭਿਜਵਾਏ ਸਨ ਸ਼ਾਲ

26 ਫ਼ਰਵਰੀ ਨੂੰ ਅੰਮ੍ਰਿਤਸਰ ਦਾ ਫਰੂਟ ਵਪਾਰੀ ਮਨਮੀਤ 52.16 ਲੱਖ ਨਗਦੀ ਸਮੇਤ ਫੜਿਆ ਗਿਆ ਸੀ। ਪਤਾ ਲੱਗਾ ਕਿ ਜੇਲ੍ਹ 'ਚ ਬੰਦ ਉਸ ਦੇ ਚਚੇਰੇ ਭਰਾ ਹਰਪ੍ਰੀਤ ਨੇ ਉਸ ਨੂੰ 10 ਦੇ ਨੋਟ ਦਾ ਅੱਧਾ ਨੰਬਰ ਦੱਸ ਕੇ ਸ੍ਰੀਨਗਰ ਦੇ ਕੱਪੜਾ ਵਪਾਰੀਆਂ ਨਾਲ ਮੈਚ ਕਰ ਕੇ ਉਨ੍ਹਾਂ ਨੂੰ ਪਾਕਿਸਤਾਨੀ ਤਸਕਰ ਨੂੰ ਅਦਾਇਗੀ ਕਰਨ ਲਈ ਕਿਹਾ ਸੀ। ਇਹ ਪੇਮੈਂਟ ਪਸ਼ਮੀਨਾ ਸ਼ਾਲ ਰਾਹੀਂ ਹੁੰਦੀ ਸੀ।

### ਕੇਸ ਨੰ: 2- ਪਾਕਿ ਤਸਕਰਾਂ ਨਾਲ ਅੰਮ੍ਰਿਤਸਰ ਦੇ ਸੁਨਿਆਰੇ ਦਾ ਸੰਪਰਕ

26 ਮਾਰਚ 2018 ਨੂੰ ਮਮਦੋਟ ਦੇ ਤਸਕਰ ਹਰਵਿੰਦਰ ਨੂੰ 350 ਗਰਾਮ ਹੈਰੋਇਨ ਸਮੇਤ ਫੜਿਆ ਗਿਆ। ਪੁਛਗਿੱਛ ਦੌਰਾਨ ਅੰਮ੍ਰਿਤਸਰ ਦੇ ਸੁਨਿਆਰੇ ਰਾਕੇਸ਼ ਦਾ ਨਾਮ ਸਾਹਮਣੇ ਆਇਆ, ਜਿਸ ਤੋਂ 16 ਲੱਖ ਡਰੱਗ ਮਨੀ ਵੀ ਮਿਲੀ। ਸੇਠ ਸ੍ਰੀਨਗਰ 'ਚ ਸੋਨੇ ਦੀਆਂ ਤੀਲੀਆਂ ਸਪਲਾਈ ਕਰਦਾ ਸੀ। ਇਸੇ ਆੜ 'ਚ ਉਸ ਨੇ ਕਸ਼ਮੀਰੀ ਵਪਾਰੀਆਂ ਰਾਹੀਂ ਪਾਕਿਸਤਾਨੀ ਤਸਕਰਾਂ ਨੂੰ ਸ਼ਾਲ ਦੇ ਰੂਪ ਵਿਚ ਪੇਮੈਂਟ ਕਰਨੀ ਸੀ।

### ਕੇਸ ਨੰ: 3- ਜਲੰਧਰ ਦਾ ਵਪਾਰੀ ਤਸਕਰੀ 'ਚ ਫੜਿਆ

9 ਨਵੰਬਰ 2016 ਨੂੰ ਜਲੰਧਰ ਦੇ ਕੱਪੜਾ ਵਪਾਰੀ ਅਭਿਸ਼ੇਕ ਸਮੇਤ 7 ਵਿਅਕਤੀ ਫੜੇ ਗਏ। ਉਸ ਕੋਲ ਅੱਧਾ ਕਿਲੋ ਹੈਰੋਇਨ ਅਤੇ 39 ਲੱਖ ਨਗਦੀ ਮਿਲੀ। ਇਹ ਰਕਮ ਹੈਰੋਇਨ ਬਦਲੇ ਸ੍ਰੀਨਗਰ 'ਚ ਵਪਾਰੀਆਂ ਨੂੰ ਦਿੱਤੀ ਜਾਣੀ ਸੀ, ਜੋ ਪਾਕਿਸਤਾਨੀ ਤਸਕਰਾਂ ਨੂੰ ਦੇਣੀ ਸੀ। ਪਤਾ ਲੱਗਾ ਹੈ ਕਿ ਉਹ ਪਹਿਲਾਂ ਵੀ ਸ਼ਾਲ ਰਾਹੀਂ 2.5 ਕਰੋੜ ਦੀ ਪੇਮੈਂਟ ਕਰਵਾ ਚੁੱਕਾ ਹੈ।

**19,179** ਕੇਸ ਦਰਜ ਐਨਡੀਪੀਐਸ ਐਕਟ ਤਹਿਤ।

**21,571** ਵਿਅਕਤੀ ਗ੍ਰਿਫ਼ਤਾਰ ਕੀਤੇ ਗਏ।

**23** ਪੁਲੀਸ ਵਾਲੇ ਅਤੇ ਇਕ ਡੀਐਸਪੀ ਸ਼ਾਮਲ

*ਅੰਕੜੇ ਪੂਰੇ ਸੂਬੇ ਦੇ 2013 ਤੋਂ 5 ਅਗਸਤ 2018 ਤਕ*

*20 ਅਗਸਤ ਨੂੰ ਪੰਚਕੂਲਾ 'ਚ ਹੋਈ 7 ਰਾਜਾਂ ਦੀ ਮੀਟਿੰਗ ਦੌਰਾਨ ਇਹ ਜਾਣਕਾਰੀ ਕੈਪਟਨ ਨੇ ਦਿੱਤੀ ਸੀ।*

### • ਤਸਕਰੀ 'ਚ ਵਿਦੇਸ਼ੀ ਸਿੰਮ ਦਾ ਇਸਤੇਮਾਲ ਤਾਂ ਕਿ ਟਰੇਸ ਨਾ ਕੀਤਾ ਜਾ ਸਕੇ

80 ਦੇ ਦਹਾਕੇ 'ਚ ਜਦੋਂ ਤਾਰਬੰਦੀ ਨਹੀਂ ਸੀ ਤਾਂ ਪੰਜਾਬ ਦੇ ਤਸਕਰ ਸਰਹੱਦ ਪਾਰੋਂ ਆਸਾਨੀ ਨਾਲ ਖੇਪ ਲੈ ਆਉਂਦੇ ਸਨ। 1992 'ਚ ਤਾਰਬੰਦੀ ਹੋਈ ਤਾਂ ਤਸਕਰਾਂ ਨੇ ਕਿਸਾਨਾਂ ਨੂੰ ਲਾਲਚ ਦੇ ਕੇ ਇਸ ਕੰਮ 'ਚ ਲਗਾ ਦਿੱਤਾ। ਪਾਕਿਸਤਾਨੀ ਤਸਕਰ ਸਰਹੱਦ ਨੇੜਲੇ ਖੇਤਾਂ ਜਾਂ ਟਿਊਬਵੈੱਲਾਂ ਕੋਲ ਹੈਰੋਇਨ ਰੱਖ ਜਾਂਦੇ ਅਤੇ ਕਿਸਾਨ ਟਰੈਕਟਰ ਦੇ ਇੰਜਨ, ਚਾਰੇ ਅਤੇ ਫ਼ਸਲ 'ਚ ਲੁਕੋ ਕੇ ਲੈ ਆਉਂਦੇ ਸਨ। ਮੋਬਾਈਲ ਆਉਣ ਤੋਂ ਬਾਅਦ ਪਾਕਿਸਤਾਨੀ ਤਸਕਰ ਪਾਕਿਸਤਾਨੀ ਸਿਮ ਦੇ ਕੇ ਆਰਡਰ ਲੈਣ ਲੱਗੇ। ਬੀਐਸਐਫ ਨੇ 2013-16 ਤਕ 173 ਪਾਕਿਸਤਾਨੀ ਸਿਮ ਬਰਾਮਦ ਕੀਤੇ।

**ਕਬੂਤਰਾਂ ਦੀ ਆੜ 'ਚ** ਫਿਰੋਜ਼ਪੁਰ ਦੇ ਪਿੰਡ ਕਾਵਖਾਲਾ, ਤਰਨ ਤਾਰਨ ਦੇ ਹਵੇਲਿਆਂ, ਸਰਾਏ ਅਮਾਨਤ ਖਾਂ, ਅੰਮ੍ਰਿਤਸਰ ਦੇ ਦਾਓਕੇ 'ਚ ਕਬੂਤਰ ਪਾਲਣ ਦਾ ਟਰੈਂਡ ਵਧਿਆ ਹੈ। ਤਸਕਰ ਕਬੂਤਰਾਂ 'ਤੇ ਮੋਬਾਈਲ ਨੰਬਰ ਲਿਖ ਉਡਾਉਂਦੇ ਹਨ ਅਤੇ ਪਾਕਿਸਤਾਨੀ ਤਸਕਰਾਂ ਨਾਲ ਸੰਪਰਕ ਬਣਾਉਂਦੇ ਹਨ। ਥਾਣਾ ਲੋਪੋਕੇ 'ਚ ਅਜਿਹਾ ਮਾਮਲਾ ਸਾਹਮਣੇ ਆਇਆ ਹੈ।



**ਚੈਟਿੰਗ ਰਾਹੀਂ ਚੀਟਿੰਗ** 2017 'ਚ ਵੱਟਸਐਪ 'ਤੇ ਚੈਟਿੰਗ ਸ਼ੁਰੂ ਕੀਤੀ। ਫਿਰੋਜ਼ਪੁਰ 'ਚ ਕਈ ਤਸਕਰ ਫੜੇ ਗਏ ਜਿਨ੍ਹਾਂ ਨੂੰ ਪਾਕਿਸਤਾਨੀ ਤਸਕਰਾਂ ਨੇ ਖੇਤ 'ਚ ਲੁਕਾਈ ਹੈਰੋਇਨ ਦੀ ਲੋਕੇਸ਼ਨ ਭੇਜੀ ਸੀ। 29 ਸਤੰਬਰ 2017 ਨੂੰ ਫੜੇ ਗਏ ਤਸਕਰ ਜੋਗਿੰਦਰ ਤੋਂ ਆਸਟ੍ਰੇਲੀਆ ਦਾ ਸਿੰਮ ਮਿਲਿਆ।

PAKISTANI & EAST AFRICAN MENU

BEEF RIB, MOGO,
MISHKAKI, CHOPS,
CHAPPALI KABAB,
SEEKH KABAB

Shafi Tandoori Grill

Party Hall Available

Catering in Town or Out of Town

Tuesday Closed

ASK For

780 462 3556

3444-93 Street, NW, Edmonton AB T6E 6A4, Fax : 780 462 3575, Toll Free : 1 866 362 3556

**ਅੰਮ੍ਰਿਤਸਰ, ਫਿਰੋਜ਼ਪੁਰ, ਨਾਭਾ ਤੋਂ ਬਾਅਦ ਹੁਣ ਫ਼ਰੀਦਕੋਟ ਜੇਲ੍ਹ 'ਚ ਸਾਹਮਣੇ ਆਏ ਕਈ ਮਾਮਲੇ**

# ਸਮੱਗਲਰਾਂ ਲਈ ਸੁਰੱਖਿਅਤ ਠਾਹਰ ਬਣੀਆਂ ਜੇਲ੍ਹਾਂ ਡਰੱਗ ਡੀਲ ਤੋਂ ਲੈ ਕੇ ਡਲਿਵਰੀ ਤਕ ਸਭ ਇੱਥੋਂ ਹੀ

- ਐਸਟੀਐਫ ਅਤੇ ਪੁਲੀਸ ਕੋਰੀਅਰ ਨੂੰ ਤਾਂ ਫੜ ਲੈਂਦੀ ਹੈ ਪਰ ਜੇਲ੍ਹਾਂ 'ਚ ਡਰੱਗ ਰੈਕੇਟ ਨੂੰ ਤੋੜਣ 'ਚ ਕਾਮਯਾਬ ਨਹੀਂ ਹੋ ਸਕੀ
- ਨਾਭਾ ਅਤੇ ਪਟਿਆਲਾ ਜੇਲ੍ਹਾਂ 'ਚ ਬੰਦ ਅਤਿਵਾਦੀਆਂ ਨੇ ਫ਼ੋਨ 'ਤੇ ਹੀ ਲਸ਼ਕਰ 'ਚ ਨੌਜਵਾਨਾਂ ਦੀ ਭਰਤੀ ਕਰਵਾਈ ਸੀ।

ਬਠਿੰਡਾ (ਨਰਿੰਦਰ ਸ਼ਰਮਾ) : ਪੰਜਾਬ ਦੀਆਂ ਜੇਲ੍ਹਾਂ ਗੈਂਗਸਟਰਾਂ ਅਤੇ ਤਸਕਰਾਂ ਲਈ ਸੁਰੱਖਿਅਤ ਠਾਹਰ ਸਿੱਧ ਹੋ ਰਹੀਆਂ ਹਨ। ਇੱਥੇ ਬੈਠ ਕੇ ਆਸਾਨੀ ਨਾਲ ਮੋਬਾਈਲ ਰਾਹੀਂ ਡਰੱਗ ਡੀਲ ਕਰਦੇ ਹਨ ਅਤੇ ਬਾਹਰ ਆਪਣੇ ਸਾਥੀਆਂ ਤੋਂ ਉਨ੍ਹਾਂ ਦੀ ਡਲਿਵਰੀ ਕਰਵਾ ਦਿੰਦੇ ਹਨ।

**ਪੰਜਾਬ ਨੂੰ ਚਾਹੀਦੀ ਏ ਨਸ਼ਿਆਂ ਤੋਂ ਆਜ਼ਾਦੀ**

ਇਹੀ ਨਹੀਂ, ਜੇਲ੍ਹ ਤੋਂ ਮਿਲੇ ਕੋਡ ਵਰਡ ਰਾਹੀਂ ਹਵਾਲਾ ਜ਼ਰੀਏ ਅਦਾਇਗੀ ਵੀ ਕਰਵਾ ਦਿੱਤੀ ਜਾਂਦੀ ਹੈ। ਐਸਟੀਐਫ ਅਤੇ ਪੁਲੀਸ ਕੋਰੀਅਰ ਨੂੰ ਤੋੜ ਤਾਂ ਲੈਂਦੀ ਹੈ, ਪਰ ਜੇਲ੍ਹਾਂ ਤੋਂ ਚੱਲ ਰਹੇ ਇਸ ਡਰੱਗ ਰੈਕੇਟ ਦੀ ਚੇਨ ਨੂੰ ਤੋੜਨ 'ਚ ਕਾਮਯਾਬ ਨਹੀਂ ਹੋ ਸਕੀ। ਇਹੀ ਨਹੀਂ, ਪੰਜਾਬ ਦੀ ਹਾਈ ਸਕਿਊਰਟੀ ਜੇਲ੍ਹ ਨਾਭਾ, ਅਤਿ ਸੰਵੇਦਨਸ਼ੀਲ ਜੇਲ੍ਹ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਮਾਡਰਨ ਜੇਲ੍ਹ ਫ਼ਰੀਦਕੋਟ 'ਚ ਪਿਛਲੇ ਛੇ ਮਹੀਨਿਆਂ ਦੌਰਾਨ ਅਜਿਹੇ ਹੀ ਅੱਧਾ ਦਰਜਨ ਕੇਸ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ 'ਚ ਜੇਲ੍ਹਾਂ 'ਚ ਬੈਠੇ ਸਮੱਗਲਰਾਂ ਨੇ ਪਾਕਿਸਤਾਨ ਤੋਂ ਨਾ ਕੇਵਲ ਹੈਰੋਇਨ ਦੀ ਖੇਪ ਮੰਗਵਾਈ, ਬਲਕਿ ਉਸ ਨੂੰ ਡਲਿਵਰ ਵੀ ਕਰਵਾ ਦਿੱਤਾ।

## ਇਨ੍ਹਾਂ 5 ਕੇਸਾਂ ਨੂੰ ਸਮਝੋ...ਕਿਸ ਤਰ੍ਹਾਂ ਫੈਲ ਰਿਹਾ ਹੈ ਜੇਲ੍ਹ ਤੋਂ ਜਾਲ

### ਕੇਸ ਨੰ: 1
**ਨਾਇਜੀਰਅਨ ਨੇ ਨਾਭਾ ਜੇਲ੍ਹ ਤੋਂ ਮੋਗਾ 'ਚ ਕਰਵਾਈ ਡਲਿਵਰੀ**

22 ਜਨਵਰੀ 2018 ਨੂੰ ਯੁਗਾਂਡਾ ਦੀ ਔਰਤ ਰੋਜੇਟ ਨੂੰ ਜਗਰਾਉਂ ਪੁਲੀਸ ਨੇ 1.5 ਕਿਲੋ ਹੈਰੋਇਨ ਸਮੇਤ ਫੜਿਆ। ਉਹ ਇਕ ਬੈਗ 'ਚ ਮੱਛੀਆਂ ਲੈ ਕੇ ਜਾ ਰਹੀ ਸੀ। ਮੱਛੀਆਂ ਅੰਦਰ ਹੈਰੋਇਨ ਦੇ ਕੈਪਸੂਲ ਬਣਾ ਕੇ ਲੁਕਾਏ ਹੋਏ ਸਨ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਹ ਹੈਰੋਇਨ ਮੋਗਾ ਦੇ ਨਿਹਾਲ ਸਿੰਘ ਵਾਲਾ 'ਚ ਸਪਲਾਈ ਹੋਣੀ ਸੀ, ਜਿਸ ਦਾ ਆਰਡਰ ਨਾਭਾ ਜੇਲ੍ਹ 'ਚ ਬੰਦ ਮਹਿਲਾ ਦੇ ਪ੍ਰੇਮੀ ਨਾਇਜੀਰੀਅਨ ਮਾਈਕਲ ਨੇ ਮੋਬਾਈਲ 'ਤੇ ਦਿੱਤਾ ਸੀ। ਇਹ ਦੂਸਰੀ ਖੇਪ ਸੀ, ਇਸ ਤੋਂ ਪਹਿਲਾਂ ਇਕ ਖੇਪ ਮੋਗਾ 'ਚ ਡਲਿਵਰ ਹੋ ਚੁੱਕੀ ਸੀ।

### ਕੇਸ ਨੰ: 2
**ਫ਼ਰੀਦਕੋਟ ਜੇਲ੍ਹ 'ਚ ਪਾਕਿ ਤਸਕਰਾਂ ਨੇ ਮੰਗਵਾਈ ਹੈਰੋਇਨ**

29 ਅਗਸਤ 2018 ਨੂੰ ਐਸਟੀਐਫ ਨੇ ਤਰਨ ਤਾਰਨ ਤੋਂ ਫ਼ਰੀਦਕੋਟ ਦੇ ਇਕ ਵਿਅਕਤੀ ਨੂੰ ਇਕ ਕਿਲੋ ਹੈਰੋਇਨ ਸਮੇਤ ਫੜਿਆ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਉਸ ਨੂੰ ਇਹ ਹੈਰੋਇਨ ਫ਼ਰੀਦਕੋਟ ਜੇਲ੍ਹ 'ਚ ਨਸ਼ੇ ਅਤੇ ਸੈਕਸ ਰੈਕੇਟ ਕੇਸ 'ਚ ਬੰਦ ਮਹਿਲਾ ਸਿਮਰਨਜੀਤ ਕੌਰ ਇੰਦੂ ਨੇ ਦਿੱਤੀ ਸੀ। ਜਾਂਚ 'ਚ ਇੰਦੂ ਦਾ ਮੋਬਾਈਲ ਵੀ ਫੜਿਆ ਗਿਆ ਸੀ। ਐਸਟੀਐਫ ਦਾ ਦਾਅਵਾ ਹੈ ਕਿ ਇੰਦੂ ਫ਼ਰੀਦਕੋਟ ਜੇਲ੍ਹ 'ਚ ਵੱਟਸਐਪ 'ਤੇ ਪਾਕਿਸਤਾਨੀ ਤਸਕਰਾਂ ਨਾਲ ਗੱਲ ਕਰ ਕੇ ਉਨ੍ਹਾਂ ਤੋਂ ਹੈਰੋਇਨ ਤਰਨ ਤਾਰਨ ਬਾਰਡਰ 'ਤੇ ਮੰਗਵਾਉਂਦੀ ਸੀ। ਇਸ ਤੋਂ ਬਾਅਦ ਪਤੀ ਅਤੇ ਇਕ ਸਾਥੀ ਰਾਹੀਂ ਫ਼ੋਨ 'ਤੇ ਹੀ ਅੰਮ੍ਰਿਤਸਰ, ਤਰਨ ਤਾਰਨ ਅਤੇ ਮੋਗਾ ਦੇ ਤਸਕਰਾਂ ਨੂੰ ਡਲਿਵਰ ਵੀ ਕਰਵਾਉਂਦੀ ਸੀ।

### ਕੇਸ ਨੰ: 3
**ਨਾਭੇ ਜੇਲ੍ਹ 'ਚੋਂ ਪਾਕਿ ਤੋਂ ਆਰਡਰ ਕੀਤੀ 2 ਕਿਲੋ ਹੈਰੋਇਨ**

ਨਾਭਾ ਜੇਲ੍ਹ 'ਚ ਬੰਦ 22 ਕਿਲੋ ਹੈਰੋਇਨ ਤਸਕਰੀ ਦੇ ਸਮੱਗਲਰ ਹਰਬੰਸ ਸਿੰਘ ਰਾਣਾ ਨੇ ਮੋਬਾਈਲ ਫ਼ੋਨ ਰਾਹੀਂ ਪਾਕਿਸਤਾਨੀ ਤਸਕਰਾਂ ਤੋਂ ਵੱਟਸਐਪ ਕਾਲ ਰਾਹੀਂ ਸੰਪਰਕ ਕਰ ਕੇ 2 ਕਿਲੋ ਹੈਰੋਇਨ ਮੰਗਵਾ ਲਈ, ਜਿਸ ਦੀ ਡਲਿਵਰੀ ਲੈਣ ਲਈ ਉਸ ਦੀ ਭੂਆ ਦਾ ਲੜਕਾ ਬਲਦੇਵ ਸਿੰਘ ਉਰਫ਼ ਦੇਬੀ ਗਿਆ ਜੋ ਫੜਿਆ ਗਿਆ। ਇਸ ਤੋਂ ਬਾਅਦ ਵੀ ਇਹ ਦੋਸ਼ੀ ਜੇਲ੍ਹ 'ਚੋਂ ਮੋਬਾਈਲ ਫ਼ੋਨ ਇਸਤੇਮਾਲ ਕਰਦਾ ਰਿਹਾ। 18 ਅਗਸਤ 2018 ਨੂੰ ਇਹ ਪਹਿਲਾਂ ਮਿੱਥੀ ਸਾਜ਼ਿਸ਼ ਤਹਿਤ ਫ਼ਿਰੋਜ਼ਪੁਰ ਪੇਸ਼ੀ ਦੌਰਾਨ ਆਪਣੇ ਸਾਥੀਆਂ ਦੀ ਮਦਦ ਨਾਲ ਪੁਲੀਸ ਮੁਲਾਜ਼ਮ ਦੀਆਂ ਲੱਤਾਂ 'ਤੇ ਗੋਲੀ ਮਾਰ ਕੇ ਫ਼ਰਾਰ ਹੋ ਗਿਆ।

### ਕੇਸ ਨੰ: 4
**ਅੰਮ੍ਰਿਤਸਰ ਜੇਲ੍ਹ 'ਚੋਂ ਹੈਰੋਇਨ ਦੀ ਡਲਿਵਰੀ**

ਅੰਮ੍ਰਿਤਸਰ ਜੇਲ੍ਹ 'ਚ ਐਸਟੀਐਫ ਵੱਲੋਂ 93 ਕਿਲੋ ਹੈਰੋਇਨ ਤਸਕਰੀ ਦੇ ਕੇਸ 'ਚ ਫੜੇ ਗਏ ਫਿਰੋਜ਼ਪੁਰ ਦੇ ਪਿੰਡ ਨਿਹਾਲਾ ਕਿਚਲਾ ਦੇ ਜੋਗਿੰਦਰ ਸਿੰਘ ਸ਼ੰਮੀ ਨੇ ਨਵੰਬਰ 2017 'ਚ ਅੰਮ੍ਰਿਤਸਰ ਜੇਲ੍ਹ ਤੋਂ ਫ਼ੋਨ ਕਰ ਕੇ ਮਮਦੋਟ 'ਚ ਲੁਕਾ ਕੇ ਰੱਖੀ 7 ਕਿਲੋ ਹੈਰੋਇਨ ਦੀ ਡਲਿਵਰੀ ਕਰਵਾ ਦਿੱਤੀ। ਐਸਟੀਐਫ ਨੂੰ ਇਸ ਦਾ ਪਤਾ ਬਾਅਦ ਵਿਚ ਲੱਗਾ।

### ਕੇਸ ਨੰ: 5
**ਫਿਰੋਜ਼ਪੁਰ ਜੇਲ੍ਹ 'ਚ ਕਾਂਗਰਸੀ ਨਾਲ ਡਰੱਗ ਡੀਲ**

ਫਿਰੋਜ਼ਪੁਰ ਜੇਲ੍ਹ 'ਚ ਹੈਰੋਇਨ ਤਸਕਰੀ ਤੋਂ ਬਾਅਦ ਪਿੰਡ ਰਾਮ ਲਾਲ ਦੇ ਸਾਬਕਾ ਸਰਪੰਚ ਬਖ਼ਸ਼ੀਸ਼ ਸਿੰਘ ਦੇ ਪੁੱਤਰ ਗੁਰਵਿੰਦਰ ਸਿੰਘ ਨੂੰ ਐਸਐਸਓਸੀ ਨੇ ਹੈਰੋਇਨ ਤਸਕਰੀ ਦੇ ਦੋਸ਼ ਹੇਠ ਫੜਿਆ ਸੀ। ਉਸ ਨੇ ਜੇਲ੍ਹ 'ਚ ਹੀ ਫ਼ੋਨ ਕਰ ਕੇ ਕਾਂਗਰਸੀ ਆਗੂ ਦਰਬਾਰਾ ਸਿੰਘ ਤੋਂ ਹੈਰੋਇਨ ਦੀ ਡੀਲ ਕਰਕੇ ਮਾਂ ਨੂੰ ਹੈਰੋਇਨ ਦੇਣ ਲਈ ਕਿਹਾ। ਕਾਊਂਟਰ ਇੰਟੈਲੀਜੈਂਸ ਨੇ 50 ਗਰਾਮ ਹੈਰੋਇਨ ਅਤੇ 13.70 ਲੱਖ ਡਰੱਗ ਮਨੀ ਸਮੇਤ ਫੜਿਆ।

## ••••• ਫਿਰ ਵੀ ਨਹੀਂ ਬਦਲੇ ਹਾਲਾਤ •••••

### ਜੇਲ੍ਹਾਂ 'ਚ ਹੁੰਦੀਆਂ ਹਨ ਪਾਰਟੀਆਂ
**ਜੇਲ੍ਹਾਂ 'ਚ ਜੈਮਰ ਟੂ ਅਤੇ ਥ੍ਰੀ ਜੀ, ਤਸਕਰਾਂ ਦੇ ਫ਼ੋਨ ਫੋਰ ਜੀ**



ਜੇਲ੍ਹਾਂ 'ਚ ਸਰਗਰਮ ਤਸਕਰ ਫੋਰ ਜੀ ਨੈੱਟਵਰਕ ਵਰਤ ਕੇ ਵੱਟਸਐਪ ਕਾਲ ਕਰ ਰਹੇ ਹਨ ਜੋ ਨਾ ਤਾਂ ਜੈਮਰ ਦੀ ਪਕੜ ਵਿਚ ਆ ਰਹੇ ਹਨ ਅਤੇ ਨਾ ਹੀ ਟਰੇਸ ਹੋ ਰਹੇ ਹਨ। ਅੰਮ੍ਰਿਤਸਰ, ਕਪੂਰਥਲਾ, ਫ਼ਰੀਦਕੋਟ, ਫਿਰੋਜ਼ਪੁਰ ਅਤੇ ਨਾਭਾ ਵਰਗੀਆਂ ਅਹਿਮ ਜੇਲ੍ਹਾਂ 'ਚ ਅਜੇ ਤਕ ਥ੍ਰੀ ਜੀ ਜੈਮਰ ਨ। ਅੰਮ੍ਰਿਤਸਰ 'ਚ ਤਾਂ ਟੂ ਜੀ ਜੈਮਰ ਹੀ ਹੈ।

### ਡੀਆਈਜੀ ਸਮੇਤ 14 ਜੇਲ੍ਹ ਅਫ਼ਸਰਾਂ 'ਤੇ ਕਾਰਵਾਈ



3 ਮਹੀਨੇ ਪਹਿਲਾਂ ਜੈਪੁਰ ਅਦਾਲਤ ਦੇ ਹੁਕਮ ਤੋਂ ਬਾਅਦ ਪੰਜਾਬ ਜੇਲ੍ਹ ਪ੍ਰਬੰਧਨ ਨੇ ਜਾਂਚ ਤੋਂ ਬਾਅਦ ਡੀਆਈਜੀ ਸਮੇਤ 14 ਜੇਲ੍ਹ ਅਫ਼ਸਰਾਂ 'ਤੇ ਜੇਲ੍ਹਾਂ 'ਚ ਮੋਬਾਈਲ ਫ਼ੋਨ ਇਸਤੇਮਾਲ ਹੋਣ ਦੇ ਮਾਮਲੇ 'ਚ ਵਿਭਾਗੀ ਕਰਵਾਈ ਕੀਤੀ ਸੀ। ਇਹ ਅਫ਼ਸਰ 2009 ਤੋਂ 2011 ਦੌਰਾਨ ਨਾਭਾ ਅਤੇ ਪਟਿਆਲਾ ਜੇਲ੍ਹ 'ਚ ਤੈਨਾਤ ਰਹੇ ਸਨ। ਇਸੇ ਦੌਰਾਨ ਇਨ੍ਹਾਂ ਜੇਲ੍ਹਾਂ 'ਚ ਬੰਦ ਲਸ਼ਕਰ ਦੇ ਦੋ ਅਤਿਵਾਦੀਆਂ ਨੇ ਸ਼ਰੇਆਮ ਮੋਬਾਈਲ ਦੀ ਵਰਤੋਂ ਕਰਕੇ ਰਾਜਸਥਾਨ 'ਚ ਲਸ਼ਕਰ ਲਈ ਨਾ ਕੇਵਲ ਨੌਜਵਾਨਾਂ ਦੀ ਭਰਤੀ ਕੀਤੀ ਬਲਕਿ ਉਨ੍ਹਾਂ ਦਾ ਪਾਕਿਸਤਾਨ 'ਚ ਸੰਪਰਕ ਸਥਾਪਤ ਵੀ ਕਰਵਾਇਆ। ਏਟੀਐਸ ਰਾਜਸਥਾਨ ਨੇ ਜਦੋਂ 2010 'ਚ ਮਾਮਲਾ ਹੱਥ 'ਚ ਲਿਆ ਤਾਂ ਇਸ ਦਾ ਖੁਲਾਸਾ ਹੋਇਆ। ਦਸੰਬਰ 2017 ਨੂੰ ਜੈਪੁਰ ਅਦਾਲਤ ਨੇ ਪੰਜਾਬ ਸਰਕਾਰ ਨੂੰ ਉਸ ਸਮੇਂ ਦੇ ਜੇਲ੍ਹ ਅਫ਼ਸਰਾਂ ਖਿਲਾਫ਼ ਕਾਰਵਾਈ ਦੇ ਹੁਕਮ ਦਿੱਤੇ ਸਨ। ਇਸ ਤੋਂ ਬਾਅਦ ਡੀਆਈਜੀ, ਆਈਪੀਐਸ ਸਹੋਤਾ ਨੇ ਆਈਜੀ ਰੂਪ ਲਾਲ ਅਰੋੜਾ ਨੂੰ ਜਾਂਚ ਸੌਂਪੀ ਸੀ। ਜਾਂਚ ਤੋਂ ਬਾਅਦ ਡੀਆਈਜੀ ਸਮੇਤ 14 ਜੇਲ੍ਹ ਅਫ਼ਸਰਾਂ ਨੂੰ ਦੋਸ਼ੀ ਪਾਇਆ ਸੀ। ਇਸ ਤੋਂ ਬਾਅਦ ਵੀ ਪੰਜਾਬ ਦੀਆਂ ਜੇਲ੍ਹਾਂ ਦੇ ਹਾਲਾਤ ਨਹੀਂ ਬਦਲੇ।

## ਪੰਜਾਬ : ਨਸ਼ਾ ਤਾਂ ਉਤਰਿਆ ਨਹੀਂ, ਹੁਣ ਧਰਮ ਗ੍ਰੰਥਾਂ ਦੀ ਬੇਅਦਬੀ ਵੀ ਵੱਡਾ ਸਿਆਸੀ ਮੁੱਦਾ

ਪੰਜਾਬ 'ਚ ਚੋਣਾਵੀ ਮਾਹੌਲ ਦਾ ਜਾਇਜ਼ਾ ਲੈਣ ਲਈ ਅਸੀਂ ਸੂਫ਼ੀ ਸੰਤ ਬਾਬਾ ਫ਼ਰੀਦ ਦੇ ਸ਼ਹਿਰ ਫ਼ਰੀਦਕੋਟ ਪਹੁੰਚੇ ਹਾਂ। ਦਰਅਸਲ, 2019 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ 13 ਸੀਟਾਂ ਦਾ ਕੇਂਦਰ ਇਹੀ ਸੀਟ ਰਹੇਗੀ। ਇਹ ਉਹੀ ਇਲਾਕਾ ਹੈ, ਜਿਸ ਦੇ 4 ਵਿਧਾਨ ਸਭਾ ਹਲਕਿਆਂ ਕੋਟਕਪੂਰਾ, ਰਾਮਪੁਰਾ, ਜੈਤੋਂ ਅਤੇ ਮੋਗਾ 'ਚ 2014 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਸਨ। ਇਨ੍ਹਾਂ ਘਟਨਾਵਾਂ ਤੋਂ ਇਲਾਵਾ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਵਰਗੀਆਂ ਘਟਨਾਵਾਂ ਨੇ ਸੂਬੇ ਵਿਚ ਲੋਕਾਂ ਦੇ ਮਨ 'ਤੇ ਕਾਫ਼ੀ ਅਸਰ ਪਾਇਆ ਹੈ। ਹੁਣ ਉਹੀ ਮੁੱਦਾ ਲੋਕ ਸਭਾ ਚੋਣਾਂ 'ਚ ਸਿਆਸੀ ਦਲ ਵਰਤਣ ਵਾਲੇ ਹਨ। ਇਸ ਦੀ ਤਿਆਰੀ ਹੁਣ ਤੋਂ ਹੀ ਸ਼ੁਰੂ ਹੋ ਗਈ ਹੈ। ਲੋਕ ਕਹਿੰਦੇ ਹਨ-ਨੇਤਾ ਸਿਆਸੀ ਸੇਜ ਸਜਾਉਣ ਵਿਚ ਲੱਗੇ ਹਨ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਦਅਬੀ ਦਾ ਗੁੱਸਾ ਲੋਕ ਸਭਾ ਚੋਣਾਂ ਵਿਚ ਸਾਹਮਣੇ ਆਵੇਗਾ।

ਸਾਰੀਆਂ ਲੋਕ ਸਭਾ ਸੀਟਾਂ 'ਤੇ ਸਿਆਸੀ ਦਲਾਂ ਨੇ ਪੰਥਕ (ਧਾਰਮਕ) ਮੁੱਦਿਆਂ ਨੂੰ ਹਵਾ ਦੇ ਕੇ ਆਪਣਾ ਆਪਣਾ ਗਰਾਊਂਡ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਵੇ ਜਾਂ ਬਰਗਾੜੀ ਕਾਂਡ ਦੀ ਜਾਂਚ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਇਕ-ਦੂਜੇ 'ਤੇ ਨਿਸ਼ਾਨਾ ਲਗਾਉਣ 'ਚ ਜੁੱਟੀਆਂ ਹੋਈਆਂ ਹਨ। ਕਾਂਗਰਸ ਬਰਗਾੜੀ ਕਾਂਡ 'ਚ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਅਕਾਲੀਆਂ ਨੂੰ ਘੇਰਨ ਦੀ ਤਿਆਰੀ ਵਿਚ ਹੈ ਤਾਂ ਅਕਾਲੀ ਦਲ ਇਸ ਨੂੰ ਸਾਜ਼ਿਸ਼ ਦਸਦਿਆਂ ਸਰਕਾਰ ਤੋਂ ਪੰਜਾਬ 'ਚ ਨਸ਼ਾ ਖ਼ਤਮ ਕਰਨ ਦੇ ਵਾਅਦਿਆਂ 'ਤੇ ਜਵਾਬ ਮੰਗ ਰਿਹਾ ਹੈ। ਉਥੇ, ਤੀਸਰਾ ਫ਼ਰੰਟ ਬਣ ਕੇ ਉਭਰੀ ਆਮ ਆਦਮੀ ਪਾਰਟੀ ਘਰੇਲੂ ਕਲੇਸ਼ ਵਿਚ ਫਸ ਗਈ ਹੈ। ਪਾਰਟੀ ਦੇ 8 ਬਾਗੀ ਵਿਧਾਇਕ 'ਆਪ' ਦੇ ਸਾਬਕਾ ਵਿਧਾਇਕ ਦਲ ਦੇ ਆਗੂ ਸੁਖਪਾਲ ਖਹਿਰਾ ਦੇ ਨਾਲ ਆ ਗਏ ਹਨ। ਬਾਕੀ 12 ਵਿਧਾਇਕਾਂ ਨੂੰ ਲੈ ਕੇ 'ਆਪ' ਸੰਸਦ ਮੈਂਬਰ ਭਗਵੰਤ ਮਾਨ ਅਲੱਗ ਸੇਜ ਸਜਾ ਬੈਠੇ ਹਨ। 'ਆਪ' ਪ੍ਰਮੁੱਖ ਅਰਵਿੰਦ ਕੇਜਰੀਵਾਲ ਚੁੱਪ ਹਨ ਕਿਉਂਕਿ ਜਿਨ੍ਹਾਂ ਦਿਗਜ਼ਾਂ ਦੇ ਸਹਾਰੇ 'ਆਪ' ਨੇ 2014 ਵਿਚ ਪੰਜਾਬ ਦੀਆਂ ਇਕ ਤਿਹਾਈ ਸੀਟਾਂ ਜਿੱਤੀਆਂ ਸਨ, ਹੁਣ ਉਹੀ ਇਕਮਤ ਨਹੀਂ ਹਨ। ਕੁੱਲ ਮਿਲਾ ਕੇ ਇਸ ਵਾਰ ਕਿਸੇ ਵੀ ਪਾਰਟੀ ਲਈ ਬਿਨਾਂ ਵਿਰੋਧ ਦੇ ਉਤਰਨਾ ਆਸਾਨ ਨਹੀਂ ਹੋਵੇਗਾ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਕਾਹਦੇ ਲਈ ਹੈ ਸਰਕਾਰ ?

ਭਾਰਤੀਆਂ ਨੂੰ ਮੁਲਕ ਦੇ 'ਸੁਪਰ ਪਾਵਰ' ਬਣਾਉਣ ਦੇ ਸ਼ੇਖਚਿੱਲੀ ਵਾਲੇ ਸੁਪਨਜਾਲ ਵਿਚ ਉਲਝਾ ਕੇ ਹਕੂਮਤ ਹਾਸਲ ਕਰਨ ਵਾਲੇ ਨਰਿੰਦਰ ਮੋਦੀ ਦੇ ਰਾਜ ਕਾਜ ਵਿਚ ਹਰ ਖੇਤਰ ਵਿਚ ਸਿਰੇ ਦੀ ਗਿਰਾਵਟ ਦੇਖੀ ਜਾ ਰਹੀ ਹੈ। ਮੋਦੀ ਰਾਜ ਦੇ 'ਸੁਪਰ ਪਾਵਰ' ਵਾਲੇ ਭਾਰਤ ਦੀ ਅਸਲ ਤਸਵੀਰ ਇਹ ਹੈ ਕਿ ਆਮ ਘਰੇਲੂ ਸੁਆਣੀ ਕੋਲ ਤਾਂ ਟਮਾਟਰ ਖਰੀਦਣ ਦੀ ਵੀ 'ਪਾਵਰ' ਨਹੀਂ ਹੈ। ਪਰ ਇਸ ਨਾਲ ਭਾਜਪਾ ਦੀ ਅਗਵਾਈ ਵਾਲੀ ਐਨ. ਡੀ. ਏ ਸਰਕਾਰ ਦਾ ਕੋਈ ਵਾਸਤਾ ਨਹੀਂ ਹੈ। ਜੇ ਵਾਸਤਾ ਹੁੰਦਾ ਤਾਂ ਸਵਾ ਅਰਬ ਨੂੰ ਢੁੱਕ ਚੁੱਕੇ 'ਮਹਾਨ ਦੇਸ਼' ਦੀ ਏਨੀ ਮਾੜੀ ਅਵਸਥਾ ਨਾ ਹੁੰਦੀ।

ਅੱਜ ਹਰ ਦਿਨ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਧਾਈਆਂ ਜਾ ਰਹੀਆਂ ਹਨ। ਪੈਟਰੋਲ ਕਈ ਥਾਂ ਨੱਬੇ ਰੁਪਏ ਤੋਂ ਵੀ ਪਾਰ ਚਲਾ ਗਿਆ ਹੈ। ਇਸ ਨੇ ਜ਼ਰੂਰਤ ਦੀ ਹਰ ਚੀਜ਼ ਨੂੰ ਅਸਮਾਨੀ ਚਾੜ੍ਹ ਦਿੱਤਾ ਹੈ। ਸਰਕਾਰ ਕਹਿੰਦੀ ਹੈ ਕਿ ਸਾਡੇ ਤਾਂ ਬੱਸ 'ਚ ਹੀ ਕੁੱਝ ਨਹੀਂ ਹੈ। ਜੇ ਸਰਕਾਰ ਦੇ ਬੱਸ ਵਿਚ ਹੀ ਕੁੱਝ ਨਹੀਂ ਤਾਂ ਫਿਰ ਸਰਕਾਰ ਹੈ ਹੀ ਕਾਹਦੇ ਲਈ ? ਪੈਟਰੋਲ ਡੀਜ਼ਲ ਦੀਆਂ ਕੀਮਤਾਂ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਦਾ ਬਹਾਨਾ ਲਾ ਕੇ ਵਧਾਈਆਂ ਜਾਂਦੀਆਂ ਹਨ ਜਦਕਿ ਅੱਜ ਤੱਕ ਕਦੇ ਸਰਕਾਰ ਨੇ ਨਹੀਂ ਦਸਿਆ ਕਿ ਰੁਪਇਆਂ ਵਿਚ ਕੱਚੇ ਤੇਲ ਦੀ ਅਸਲ ਕੀਮਤ ਕੀ ਬਣਦੀ ਹੈ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਸਾਨੂੰ ਕੱਚਾ ਤੇਲ 30 ਤੋਂ 35 ਰੁਪਏ ਫੀਸਦੀ ਲੀਟਰ ਪੈਂਦਾ ਹੈ, ਜੋ ਰਿਫਾਇੰਡ ਹੋ ਕੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਮਣਾਂਮੂਹੀਂ ਟੈਕਸ ਲੱਗ ਕੇ ਖ਼ਪਤਕਾਰਾਂ ਕੋਲ 85 ਤੋਂ 8 ਰੁਪਏ ਫੀਸਦੀ ਲੀਟਰ ਤੱਕ ਪਹੁੰਚ ਰਿਹਾ ਹੈ। ਵੱਡੀ ਗੱਲ ਇਕ ਮੁਲਕ ਇਕ ਟੈਕਸ ਦੀ ਦੁਹਾਈ ਦੇਣ ਵਾਲੀ ਨਰਿੰਦਰ ਮੋਦੀ ਦੀ ਸਰਕਾਰ ਪੈਟਰੋਲ, ਡੀਜ਼ਲ ਨੂੰ ਜੀ.ਐਸ.ਟੀ ਅੰਦਰ ਕਿਉਂ ਨਹੀਂ ਲੈ ਕੇ ਆ ਰਹੀ ? ਜੇਕਰ ਸਰਕਾਰ ਚਾਹਵੇ ਤਾਂ ਟੈਕਸਾਂ ਦਾ ਬੋਝ ਘਟਾ ਕੇ ਪੈਟਰੋਲ ਦੀਆਂ ਕੀਮਤਾਂ ਕਾਬੂ ਕਰ ਸਕਦੀ ਹੈ ਪਰ ਇਹ ਹਾਕਮਾਂ ਦੇ ਹਿੱਤ ਵਿਚ ਨਹੀਂ। ਜਿਵੇਂ ਜਿਵੇਂ ਪੈਟਰੋਲ, ਡੀਜ਼ਲ ਉਪਰ ਨੂੰ ਜਾ ਰਹੇ ਹਨ, ਰੁਪਇਆ ਹੇਠਾਂ ਨੂੰ ਜਾਈ ਜਾਣ ਦੇ ਰਿਕਾਰਡ ਬਣਾ ਰਿਹਾ ਹੈ।

ਮਹਿੰਗਾਈ ਇਸੇ ਲਈ ਵੱਧ ਰਹੀ ਹੈ। ਮਹਿੰਗਾਈ ਪਹਿਲਾਂ ਵੀ ਲਗਾਤਾਰ ਵਧਦੀ ਆਈ ਹੈ ਅਤੇ ਇਹ ਅਗਾਂਹ ਵੀ ਵਧੇਗੀ ਪਰ ਜਿਸ ਤੇਜ਼ੀ ਨਾਲ ਨਰਿੰਦਰ ਮੋਦੀ ਦੇ ਰਾਜ ਵਿਚ ਮਹਿੰਗਾਈ ਨੇ ਛਾਲਾਂ ਮਾਰੀਆਂ ਹਨ, ਉਹ ਪ੍ਰੇਸ਼ਾਨ ਹੀ ਨਹੀਂ ਹੈਰਾਨ ਕਰਨ ਵਾਲੀ ਵੀ ਹੈ। ਜਦੋਂ ਤੋਂ ਨਰਿੰਦਰ ਮੋਦੀ ਦੀ ਸਰਕਾਰ ਨੇ ਸੱਤਾ ਸੰਭਾਲੀ ਹੈ, ਮਹਿੰਗਾਈ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਆਟੇ ਦੀਆਂ ਕੀਮਤਾਂ ਵਿਚ ਲਗਭਗ 55 ਫੀਸਦੀ, ਸਾਧਾਰਨ ਚਾਵਲ 112 ਫੀਸਦੀ, ਸਰੋਂ ਦਾ ਤੇਲ 66 ਫੀਸਦੀ, ਘਿਓ 55 ਫੀਸਦੀ ਅਤੇ ਚੀਨੀ ਦੀਆਂ ਕੀਮਤਾਂ 60 ਫੀਸਦੀ ਵੱਧ ਗਈਆਂ ਹਨ। ਇਸੇ ਗਤੀ ਨਾਲ ਹੀ ਬਾਕੀ ਜ਼ਰੂਰੀ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਉਛਾਲ ਆਇਆ ਹੈ। ਇਸ ਲਿਹਾਜ਼ ਨਾਲ ਤਾਂ ਸਾਫ਼ ਕਿਹਾ ਜਾ ਸਕਦਾ ਹੈ ਕਿ ਨਰਿੰਦਰ ਮੋਦੀ ਦੀ ਸਰਕਾਰ ਨੇ ਜੇਕਰ ਸਚਮੁੱਚ ਹੀ ਪ੍ਰਗਤੀ ਕੀਤੀ ਹੈ ਤਾਂ ਉਹ ਹੈ ਮਹਿੰਗਾਈ ਦਾ ਖੇਤਰ। ਬਾਕੀ ਖੇਤਰਾਂ ਵਿਚ ਮੁਲਕ ਲਗਾਤਾਰ ਪੱਛੜਦਾ ਜਾ ਰਿਹਾ ਹੈ। ਮਹਿੰਗਾਈ ਹੀ ਅਜਿਹੀ ਸੌਗਾਤ ਹੈ ਜਿਸ ਨੂੰ ਸਰਕਾਰ ਨੇ ਆਪਣੀ 'ਪਟਰਾਣੀ' ਬਣਾ ਧਰਿਆ ਹੈ। ਮਹਿੰਗਾਈ ਦੇ ਇਸ ਜੰਜਾਲ ਨੇ ਆਮ ਬੰਦੇ ਦੇ ਮੂੰਹ ਦੀ ਬੁਰਕੀ ਵੀ ਖੋਹ ਲਈ ਹੈ। ਅਨਾਜ, ਦਾਲਾਂ ਦੇ ਨਾਲ-ਨਾਲ ਸਬਜ਼ੀਆਂ ਵੀ ਅਸਮਾਨੀ ਜਾ ਚੜ੍ਹੀਆਂ ਹਨ।

ਸਰਕਾਰ ਲੱਖ ਦਾਅਵੇ ਕਰੀ ਜਾਵੇ ਕਿ ਉਸ ਨੇ ਖੇਤੀ ਖੇਤਰ ਲਈ ਬਹੁਤ ਕੰਮ ਕੀਤਾ ਹੈ ਪਰ ਮੁਲਕ ਭਰ ਵਿਚ ਵੱਧ ਰਹੀਆਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਸਰਕਾਰ ਦੇ ਸਾਰੇ ਦਾਅਵਿਆਂ ਦਾ ਸੱਚ ਚੌਰਾਹੇ ਭੰਨ ਰਹੀਆਂ ਹਨ। ਖੇਤੀ ਲਾਗਤਾਂ ਲਗਾਤਾਰ ਵਧੀ ਜਾ ਰਹੀਆਂ ਹਨ ਪਰ ਕੇਂਦਰ ਜਿਣਸਾਂ ਦਾ ਘੱਟੋ-ਘੱਟ ਚੰਗਾ ਸਹਾਇਕ ਮੁਲ ਦੇਣ ਤੋਂ ਵੀ ਸਦਾ ਹੀ ਭੱਜਦਾ ਆਇਆ ਹੈ। ਉਂਜ ਵੀ ਜ਼ਮੀਨਾਂ ਨੂੰ ਕਿਸਾਨਾਂ ਹੱਥੋਂ ਖੋਹ ਕੇ ਬਹੁਕੌਮੀ ਕੰਪਨੀਆਂ ਅਤੇ ਆਪਣੇ ਚਹੇਤੇ ਨਿੱਜੀ ਵਪਾਰੀਆਂ ਨੂੰ ਸੌਂਪਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ।

ਹਾਲਾਤ ਇਹ ਹਨ ਕਿ ਸਰਕਾਰ ਨੇ ਸਾਰਾ ਕੁੱਝ ਹੀ ਬਹੁਕੌਮੀ ਕੰਪਨੀਆਂ ਅਤੇ ਨਿੱਜੀ ਵਪਾਰੀਆਂ ਅੱਗੇ ਢੇਰ ਕਰ ਛਡਿਆ ਹੈ। ਇਨ੍ਹਾਂ ਨੂੰ ਖੁਲ੍ਹ ਕੇ ਖੇਡਣ ਦੀ ਪੂਰੀ ਆਜ਼ਾਦੀ ਹੀ ਨਹੀਂ ਸਗੋਂ ਇਨ੍ਹਾਂ ਲਈ ਮੈਦਾਨ ਵੀ ਖੁਦ ਸਰਕਾਰ ਤਿਆਰ ਕਰਕੇ ਦੇਈ ਜਾ ਰਹੀ ਹੈ।

ਇਨ੍ਹਾਂ ਬਦਤਰ ਪ੍ਰਸਥਿਤੀਆਂ ਨੂੰ ਤਬਦੀਲ ਕਰਨ ਲਈ ਸਭ ਤੋਂ ਜ਼ਰੂਰੀ ਸ਼ਕਤੀ ਆਮ ਬੰਦੇ ਕੋਲ ਹੈ, ਉਹ ਹੈ ਆਪਣੇ ਹੱਕਾਂ, ਹਿੱਤਾਂ ਅਤੇ ਆਸਾਂ, ਉਮੰਗਾਂ ਲਈ ਲੜਨ-ਭਿੜਨ ਦੀ ਸ਼ਕਤੀ। ਇਸ ਸ਼ਕਤੀ ਨੂੰ ਪਛਾਣਦਿਆਂ ਆਪਣੇ ਨੇੜੇ-ਤੇੜੇ ਲੋਕ ਹਿੱਤਾਂ ਲਈ ਜੂਝ ਰਹੀਆਂ ਧਿਰਾਂ ਦੇ ਅੰਗ-ਸੰਗ ਹੋਣਾਂ ਹੀ ਹਾਂ ਪੱਖੀ ਤਬਦੀਲੀ ਦਾ ਵਾਹਕ ਹੈ।

# ਸਿਆਸਤ ਅਤੇ ਸਟੰਟਬਾਜ਼ੀ



– ਪ੍ਰੋ. ਰਾਕੇਸ਼ ਰਮਨ
+91-88375-92976
raman.mlp@gmail.com

ਪੰਜਾਬ ਵਿਚ ਪੂਰੀ ਤਰ੍ਹਾਂ ਸਟੰਟਬਾਜ਼ੀ ਦਾ ਰੂਪ ਧਾਰਨ ਕਰ ਚੁੱਕੀ ਸਿਆਸਤ ਆਪਣੇ ਸਹੀ ਅਤੇ ਪਰਿਭਾਸ਼ਿਕ ਅਰਥਾਂ ਵਿਚ ਵਿਗਿਆਨ ਹੋਣੀ ਚਾਹੀਦੀ ਹੈ। ਵਿਰੋਧ-ਵਿਕਾਸ ਦੇ ਕੁਦਰਤੀ ਅਮਲ ਨਾਲ ਜੁੜੀ ਹੋਈ ਸਿਆਸਤ ਦੂਜੇ ਵਿਗਿਆਨਾਂ ਵਰਗਾ ਵਿਗਿਆਨ ਹੀ ਹੈ। ਪੱਛਮ ਦਾ ਵਿਕਸਤ ਸਮਾਜ ਇਸ ਦੇ ਵਿਗਿਆਨਕ ਚਰਿੱਤਰ ਨੂੰ ਖ਼ੂਬ ਪਛਾਣਦਾ ਹੈ। ਉਥੋਂ ਦੇ ਲੋਕ ਆਪਣੇ ਜੀਵਨ ਦੀਆਂ ਪ੍ਰਸਥਿਤੀਆਂ ਨੂੰ ਬਿਹਤਰ ਬਣਾਉਣ ਤੋਂ ਚੰਗੇਰੇ ਸਮਾਜ ਦੀ ਉਸਾਰੀ ਲਈ ਇਸ ਵਿਗਿਆਨ ਦੀ ਬੜੀ ਸੁਚੱਜੀ ਵਰਤੋਂ ਬੜੇ ਕਾਰਗਰ ਢੰਗ ਨਾਲ ਕਰਦੇ ਆ ਰਹੇ ਹਨ। ਉਹ ਵਾਹ ਲਗਦੀ ਆਪਣੇ ਸਾਰੇ ਆਰਥਕ ਮਸਲਿਆਂ ਨੂੰ ਹੱਲ ਕਰਨ ਲਈ ਇਸ ਦੀ ਵਰਤੋਂ ਕਰਦੇ ਹਨ। ਦੁਨੀਆ ਵਿਚ ਅੱਜ ਜੇਕਰ ਉਹ ਦੇਸ਼ ਨਮੂਨੇ ਦੇ ਬਣੇ ਹਨ ਤਾਂ ਇਸ ਦਾ ਵੱਡਾ ਕਾਰਨ ਇਹ ਹੈ ਕਿ ਉਨ੍ਹਾਂ ਦੇਸ਼ਾਂ ਦੇ ਲੋਕਾਂ ਨੇ ਸਿਆਸਤ ਦੀ ਵਰਤੋਂ ਵਿਗਿਆਨਕ ਵਿਧੀ ਨਾਲ ਕਰਨ ਨੂੰ ਹਮੇਸ਼ਾ ਤਰਜੀਹ ਦਿੱਤੀ ਹੈ।

ਸਾਡੇ ਸਮਾਜ ਵਿਚ ਸਿਆਸਤ ਗੋਰਖਧੰਦਾ ਹੈ। ਗੋਰਖਧੰਦੇ ਤੋਂ ਵੀ ਕਈ ਕਦਮ ਅੱਗੇ ਜਾ ਕੇ ਇਹ ਇਕ 'ਧੰਦਾ' ਮਾਤਰ ਬਣ ਗਿਆ ਹੈ। ਸਾਡੇ ਸਮਾਜ ਵਿਚ ਸਿਆਸਤ ਦੀ ਵਰਤੋਂ ਰਾਹੀਂ ਲੋਕਾਂ ਨੂੰ ਉਨ੍ਹਾਂ ਦੇ ਆਰਥਕ ਮਾਮਲਿਆਂ ਤੇ ਮੁੱਦਿਆਂ ਦੀ ਸੋਝੀ ਦੇਣ ਦੀ ਥਾਂ, ਉਨ੍ਹਾਂ ਦਾ ਧਿਆਨ ਉਨ੍ਹਾਂ ਦੇ ਬੁਨਿਆਦੀ ਮਾਮਲਿਆਂ ਤੋਂ ਲਾਂਭੇ ਲਿਜਾਣ ਦਾ ਯਤਨ ਕੀਤਾ ਜਾਂਦਾ ਹੈ ਤੇ ਕਈ ਵਾਰ ਤਾਂ ਇਸ ਗੱਲ ਦੀ ਪ੍ਰਵਾਹ ਵੀ ਨਹੀਂ ਕੀਤੀ ਜਾਂਦੀ ਕਿ ਇਹ ਜੋਖ਼ਿਮ ਭਰਿਆ ਕੰਮ ਵੀ ਹੋ ਸਕਦਾ ਹੈ। ਮਿਸਾਲ ਵਜੋਂ ਦੋ ਕੁ ਸਾਲ ਪਹਿਲਾਂ ਪੰਜਾਬ ਦੇ ਕਿਸਾਨਾਂ ਨੇ ਆਪਣੇ ਆਰਥਕ ਹਿੱਤਾਂ ਲਈ ਸੂਬੇ ਵਿਚ ਤਕੜੀ ਲਹਿਰ ਖੜ੍ਹੀ ਕਰਨ ਵਿਚ ਸਫਲਤਾ ਹਾਸਲ ਕਰ ਲਈ। ਇਸ ਲਹਿਰ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਕਥਿਤ ਸਿਆਸੀ ਲੋਕਾਂ ਨੇ ਧਾਰਮਕ ਮਾਮਲਿਆਂ ਨੂੰ ਰਾਤੋ-ਰਾਤ ਹਵਾ ਦੇ ਦਿੱਤੀ ਤੇ ਪੰਜਾਬ ਵਿਚ ਮਾਲਵਾ ਖਿੱਤੇ ਵਿਚ ਬੇਅਦਬੀ ਦੀਆਂ ਘਟਨਾਵਾਂ ਵਾਪਰਣ ਲੱਗੀਆਂ ਤੇ ਇੰਜ ਸਮਾਜ ਸੰਵੇਦਨਸ਼ੀਲ ਮੁੱਦੇ ਨਾਲ ਗ੍ਰਸਿਆ ਗਿਆ। ਸਿੱਟੇ ਵਜੋਂ ਬਰਗਾੜੀ ਅਤੇ ਬਹਿਬਲ ਕਲਾਂ ਦੀਆਂ ਦੁਖਾਂਤਕ ਘਟਨਾਵਾਂ ਵਾਪਰੀਆਂ। ਇਉਂ, ਜਿੱਥੇ ਪੱਛਮ ਦਾ ਸਿਆਸਤਦਾਨ ਸਿਆਸਤ ਰਾਹੀਂ ਆਰਥਕ ਮਾਮਲਿਆਂ ਨੂੰ ਸੁਲਝਾਉਂਦਾ ਹੈ, ਉਥੇ ਸਾਡਾ ਸਿਆਸਤਦਾਨ ਆਰਥਕ ਮਾਮਲਿਆਂ ਨੂੰ ਨਾ ਕੇਵਲ ਅਣ-ਸੁਲਝਿਆ ਛੱਡ ਦਿੰਦਾ ਹੈ, ਸਗੋਂ ਪਹਿਲਾਂ ਨਾਲੋਂ ਵੀ ਉਲਝਾਅ ਦਿੰਦਾ ਹੈ ਤੇ ਇਨ੍ਹਾਂ ਦੇ ਨਾਲ ਕਈ ਹੋਰ ਮਾਮਲੇ ਵੀ ਅੜੁੰਗ ਦਿੰਦਾ ਹੈ। ਜ਼ਾਹਰ ਹੈ ਕਿ ਜਿੱਥੇ ਪੱਛਮ ਦੇ ਸਿਆਸਤਦਾਨ ਸਿਆਸਤ ਨੂੰ ਬਿਹਤਰ ਸਮਾਜ ਦੀ ਸਿਰਜਣਾ ਲਈ ਇਸਤੇਮਾਲ ਕਰਦੇ ਹਨ, ਉਥੇ ਸਾਡੇ ਸਿਆਸਤਦਾਨ ਸਿਆਸਤ ਦਾ ਪ੍ਰਯੋਗ ਸਮਾਜ ਨੂੰ ਬਦ ਤੋਂ ਬਦਤਰ ਬਣਾਉਣ ਲਈ ਕਰਦੇ ਹਨ।



ਪੱਛਮ ਦੇ ਕਈ ਦੇਸ਼ਾਂ ਵਿਚ ਜੇਕਰ ਤੁਸੀਂ ਗੱਡੀ (ਟਰੇਨ) ਵਿਚ ਸਫ਼ਰ ਕਰ ਰਹੇ ਹੋਵੋ ਤਾਂ ਸੰਭਵ ਹੈ ਕਿ ਤੁਹਾਡੇ ਸਾਹਮਣੇ ਦੀ ਸੀਟ 'ਤੇ ਬੈਠਾ, ਅਖ਼ਬਾਰ ਪੜ੍ਹਨ ਵਿਚ ਮਸਤ ਬੰਦਾ, ਉਸ ਮੁਲਕ ਦਾ ਕੋਈ ਮੰਤਰੀ ਹੀ ਹੋਵੇ। ਏਧਰ ਸਾਡੇ ਦੇਸ਼ ਵਿਚ ਗੱਡੀਆਂ ਦਾ ਵੱਡਾ ਗ਼ੈਰਜ਼ਰੂਰੀ ਕਾਫ਼ਲਾ ਮੰਤਰੀ ਦੀ ਪਛਾਣ ਬਣ ਚੁੱਕਾ ਹੈ। ਇਹ ਮੰਤਰੀ ਜਦੋਂ ਆਪਣੇ ਕਾਫ਼ਲੇ ਸਮੇਤ ਕਿਸੇ ਵਿਆਹ ਸਮਾਗਮ ਵਿਚ ਸ਼ਾਮਲ ਹੁੰਦਾ ਹੈ ਤਾਂ ਜਾਪਦਾ ਹੈ ਜਿਵੇਂ ਅਸਲੀ ਬਰਾਤ ਤਾਂ ਹੁਣ ਢੁੱਕੀ ਹੋਵੇ। ਸਾਡਾ ਸਿਆਸਤਦਾਨ ਜਦੋਂ ਮੰਤਰੀ ਬਣ ਜਾਂਦਾ ਹੈ ਤਾਂ ਬੇਹਯਾਈ ਤੇ ਬਦਤਮੀਜ਼ੀ ਦੇ ਲਗਭਗ ਸਾਰੇ ਹੱਦ ਬੰਨੇ ਟੱਪ ਜਾਣ ਵਿਚ ਆਪਣੀ ਵਡਿਆਈ ਸਮਝਦਾ ਹੈ।

ਪੱਛਮ ਦੀ ਸਿਆਸਤ ਸਿਆਸੀ ਬੁੱਧੀਜੀਵੀ ਨੂੰ ਸਿਆਸਤ ਦੇ ਖੇਤਰ ਵਿਚੋਂ ਖ਼ਾਰਜ ਨਹੀਂ ਕਰਦੀ, ਇਸ ਦੇ ਉਲਟ ਸਾਡੀ ਸਿਆਸਤ ਸਿਆਸੀ ਬੁੱਧੀਜੀਵੀ ਨੂੰ ਵਾਹ ਲਗਦੀ ਸਿਆਸੀ ਖੇਤਰ ਵਿਚ ਵੜਨ ਹੀ ਨਹੀਂ ਦਿੰਦੀ। ਉਥੋਂ ਦਾ ਸਿਆਸਤਦਾਨ ਆਮ ਲੋਕਾਂ ਵਰਗਾ ਹੈ ਤੇ ਆਮ ਲੋਕਾਂ ਵਿਚ ਵਿਚਰਨ ਦੀ ਰੁਚੀ ਰੱਖਦਾ ਹੈ। ਉਥੋਂ ਦੇ ਸਿਆਸਤਦਾਨ ਦੀ ਤੁਲਨਾ ਉਸ ਮੋਟਰ ਸਾਈਕਲ ਚਾਲਕ ਨਾਲ ਕੀਤੀ ਜਾ ਸਕਦੀ ਹੈ, ਜਿਹੜਾ ਨਿਯਮਾਂ ਦਾ ਪਾਲਣ ਕਰਦਿਆਂ ਹੋਇਆ, ਸੜਕ ਉਪਰ ਬੜੀ ਜ਼ਿੰਮੇਵਾਰੀ ਨਾਲ ਆਪਣੀ ਬਾਈਕ ਚਲਾਉਂਦਾ ਹੈ। ਸਾਡੇ ਸਿਆਸਤਦਾਨ ਦੀ ਤੁਲਨਾ ਉਸ ਚਾਲਕ ਨਾਲ ਕੀਤੀ ਜਾ ਸਕਦੀ ਹੈ, ਜਿਹੜਾ ਬਾਈਕ ਦੀ ਸੀਟ ਉਪਰ ਖਲੋ ਕੇ, ਨੱਚਦਾ-ਟੱਪਦਾ, ਅਠਖੇਲੀਆਂ ਕਰਦਾ ਆਪਣੀ ਬਾਈਕ ਚਲਾਉਣਦਾ ਮੁਜ਼ਾਹਰਾ ਕਰਦਾ ਹੈ। ਇਸ ਮਿਸਾਲ ਤੋਂ ਅਸੀਂ ਸਹਿਜੇ ਹੀ ਸਿੱਟਾ ਕੱਢ ਸਕਦੇ ਹਾਂ ਕਿ ਪੱਛਮ ਦਾ ਸਿਆਸਤਦਾਨ ਆਮ ਇਨਸਾਨ ਹੈ ਜਦਕਿ ਸਾਡਾ ਸਿਆਸਤਦਾਨ ਨਿਰਾਪੁਰਾ ਸਟੰਟਬਾਜ਼।

ਪੰਜਾਬ ਵਿਚ ਇਸ ਸਮੇਂ ਸਟੰਟ ਰਾਜਨੀਤੀ ਸਿਖ਼ਰਾਂ ਛੂਹ ਰਹੀ ਹੈ। ਪਿਛਲੇ ਢਾਈ-ਤਿੰਨ ਦਹਾਕਿਆਂ ਦੌਰਾਨ ਪੰਜਾਬ ਦੀ ਰਾਜਨੀਤੀ ਵਿਚ ਜੋ ਚਿਹਰੇ ਉੱਭਰੇ ਹਨ, ਉਨ੍ਹਾਂ ਵਿਚ ਵਧੇਰੇ ਗਿਣਤੀ ਸਟੰਟਬਾਜ਼ਾਂ ਦੀ ਹੀ ਹੈ। ਇਨ੍ਹਾਂ ਦੇ ਕਾਰਨ ਪੰਜਾਬ ਦੇ ਆਰਥਕ ਵਿਕਾਸ ਦਾ ਚੱਕਾ ਵੀ ਦਹਾਕਿਆਂ ਤੋਂ ਜਾਮ ਹੀ ਚੱਲਿਆ ਆ ਰਿਹਾ ਹੈ। ਕੀ ਉਦਯੋਗਿਕ, ਕੀ ਖੇਤੀਬਾੜੀ ਤੇ ਕੀ ਸੇਵਾਵਾਂ, ਹਰ ਖੇਤਰ ਵਿਚ ਸੰਕਟ ਛਾਇਆ ਹੋਇਆ ਹੈ। ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ ਤਾਂ ਨੌਜਵਾਨ ਵਿਦੇਸ਼ ਭੱਜਣ ਲਈ ਉਤਾਵਲਾ ਹੈ। ਵਿਦੇਸ਼ ਨਹੀਂ ਜਾਵੇਗਾ ਤਾਂ ਏਧਰ ਬੇਰੁਜ਼ਗਾਰੀ ਦੇ ਸਤਾਏ ਹੋਏ ਨੌਜਵਾਨਾਂ ਸਾਹਮਣੇ ਨਸ਼ਿਆਂ ਦਾ ਅਜਗਰ ਮੂੰਹ ਅੱਡੀ ਬੈਠਾ ਹੋਵੇਗਾ। ਬੇਰੁਜ਼ਗਾਰੀ ਨੇ ਸੱਚਮੁਚ ਹੀ ਨੌਜਵਾਨਾਂ ਦੇ ਹੌਸਲੇ ਪਸਤ ਕਰ ਦਿੱਤੇ ਹਨ। ਹਨੇਰੇ ਭਵਿੱਖ ਦੀ ਕਲਪਨਾ ਦੇ ਸਨਮੁੱਖ ਉਨ੍ਹਾਂ ਨੇ ਰਵਾਇਤੀ ਪੜ੍ਹਾਈ ਤੋਂ ਵੀ ਮੂੰਹ ਮੋੜ ਲਿਆ ਹੈ। ਨੌਜਵਾਨ ਇਸ ਸਮੇਂ ਦੋ ਕਿਤਾਬਾਂ ਲੈ ਕੇ ਘੁੰਮ ਰਹੇ ਹਨ, ਇਕ ਹੈ ਆਈਲੈੱਟਸ ਦੀ ਤੇ ਦੂਜੀ ਫੇਸਬੁੱਕ। ਸੂਬੇ ਵਿਚ ਸੁਰੱਖਿਆ ਰੱਬ ਆਸਰੇ ਹੀ ਹੈ। ਗੈਂਗਵਾਰ ਦਾ ਹਰ ਥਾਂ ਖ਼ਤਰਾ ਬਣਿਆ ਰਹਿੰਦਾ ਹੈ। ਜਿਸ ਦੇ ਵੀ ਹੱਥ ਹਥਿਆਰ ਆ ਜਾਂਦੇ ਹਨ, ਉਹ ਤਰਥੱਲੀ ਮਚਾ ਦਿੰਦਾ ਹੈ, ਭਾਵੇਂ ਕੁੱਝ ਦਿਨਾਂ ਲਈ ਹੀ ਸਹੀ। ਸੂਬੇ ਵਿਚ ਸਨਅਤਾਂ ਦੀ ਪਤਲੀ ਪੈ ਗਈ ਹਾਲਤ ਨੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਹੋਰ ਵੀ ਸੀਮਤ ਕਰ ਦਿੱਤੇ ਹਨ।

ਇਹ ਸਭ ਮਸਲੇ ਆਰਥਕ ਮਸਲੇ ਹਨ, ਸਾਡੇ ਸਿਆਸੀ ਆਗੂ ਅਖਵਾਉਣ ਵਾਲਿਆਂ ਨੂੰ ਇਨ੍ਹਾਂ ਮਸਲਿਆਂ ਲਈ 'ਆਰਥਕ ਨੀਤੀ' ਘੜਨੀ ਚਾਹੀਦੀ ਹੈ ਜਾਂ ਘੱਟੋ ਘੱਟ ਕੋਈ 'ਨੀਤੀ' ਬਣਾਉਣੀ ਚਾਹੀਦੀ ਹੈ। ਪਰ ਸਿੱਤਮ-ਜ਼ਰੀਫ਼ੀ ਦੇਖੋ ਕਿ ਨਾ ਆਰਥਕ ਨੀਤੀ ਨਾ ਕੋਈ ਹੋਰ ਨੀਤੀ ਸਗੋਂ ਇਨ੍ਹਾਂ ਦੀ ਥਾਂ ਇਹ ਪਾਣੀ ਵਿਚ ਮਧਾਣੀ ਪਾਈ ਰੱਖਣ ਵਾਲੀ ਹੋਛੀ 'ਰਾਜਨੀਤੀ' ਘੜਦੇ ਹਨ ਜੋ ਕਿ ਅਸਿੱਧੇ ਰੂਪ ਵਿਚ ਸਟੰਟਬਾਜ਼ੀ ਹੀ ਹੁੰਦੀ ਹੈ। ਦਹਾਕਿਆਂ ਤੋਂ ਇਹ ਸਟੰਟਬਾਜ਼ ਪੰਜ-ਚਾਰ ਮੁੱਦਿਆਂ ਦਾ ਪਾਣੀ ਹੀ ਰਿੜਕਦੇ ਆ ਰਹੇ ਹਨ ਤੇ ਇਹ ਸਿਲਸਿਲਾ ਹੁਣ ਤਕ ਬਦਸਤੂਰ ਜਾਰੀ ਹੈ, ਤੇ ਜਨਤਾ ਮੂਰਖ ਬਣੀ ਦੇਖੀ ਜਾ ਰਹੀ ਹੈ, ਜਦਕਿ ਜਨਤਾ ਲਈ ਪਾਣੀ ਵਿਚੋਂ ਮੱਖਣ ਨਿਕਲ ਸਕਣਾ ਕਿਸੇ ਵੀ ਸੂਰਤ ਵਿਚ ਸੰਭਵ ਨਹੀਂ ਹੈ।

ਇਸ ਸਮੇਂ ਪੰਜਾਬ ਦੀ ਸੱਤਾ ਦਾ ਆਨੰਦ ਮਾਣ ਰਹੇ ਅਤੇ ਮੀਡੀਆ ਵਿਚ ਚਰਚਿਤ ਵਧੇਰੇ ਸਟੰਟਬਾਜ਼ ਸਿਆਸਤਦਾਨ ਇਕੋ ਹੀ ਵਰਗ ਚਰਿੱਤਰ ਦੇ ਹਨ। ਇਨ੍ਹਾਂ ਨੂੰ ਪੈਰਾਸੂਟ ਰਾਹੀਂ ਉਤਾਰੇ ਗਏ ਸਿਆਸਤਦਾਨ ਵੀ ਕਿਹਾ ਜਾਂਦਾ ਹੈ। ਵੱਡੇ ਵੱਡੇ ਦੂਨ ਸਕੂਲਾਂ ਦੇ ਪਿਛੋਕੜ ਵਾਲੇ ਵੱਡੇ ਸਿਆਸਤਦਾਨ ਹਨ।

ਬਾਕੀ ਸਫ਼ਾ 41 'ਤੇ

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਕਮਲ ਦੁਸਾਂਝ, ਰਾਮਾ ਕਾਂਤ ਡਾਵਰ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਹੁਸ਼ਿਆਰਪੁਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਵੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਮੋਹਿੰਦਰ ਸਿੰਘ ਕੰਡਾ (ਫਰਿਜ਼ਨੋ ਪ੍ਰਤੀਨਿਧ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Kamal Dosanjh, Rama Kant Dawar*
*Advisory Board : Dr. Karamjeet Singh (Hushiarpur)*
*Prof. Rakesh Raman (Ludhiana)*
*Sulakhan Sarhadi (Gurdaspur)*
*Jasvir Deol (Edmonton)*
*Kirtmeet Kohar (Edmonton)*
*Jessie Singh (Calgary)*
*Mohinder Singh Kanda (Fresno Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ 'ਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਆਮ ਆਦਮੀ ਪਾਰਟੀ ਦੀ ਟੁੱਟ-ਭੱਜ ਕਿਉਂ ?

ਮੰਗਤ ਰਾਮ ਪਾਸਲਾ
+91-98141-82998
sangrami.lehar@gmail.com



ਪੰਜਾਬ ਦੀ ਅਸੰਬਲੀ ਵਿਚ ਮੁੱਖ ਵਿਰੋਧੀ ਪਾਰਟੀ 'ਆਮ ਆਦਮੀ ਪਾਰਟੀ' ਦੀ ਹਾਲਤ ਅੱਜਕੱਲ੍ਹ ਚਰਚਾ ਦਾ ਵਿਸ਼ਾ ਬਣੀ ਹੋਈ ਹੈ। 'ਆਪ' ਮੁਖੀ ਅਰਵਿੰਦ ਕੇਜਰੀਵਾਲ ਤੇ ਉਸ ਦੇ ਸਹਿਯੋਗੀਆਂ ਵੱਲੋਂ ਦਿੱਲੀ ਦੀਆਂ ਚੋਣਾਂ ਜਿੱਤਣ ਤੋਂ ਪਹਿਲਾਂ ਲੋਕਾਂ ਨਾਲ ਇਮਾਨਦਾਰੀ, ਭਾਈਚਾਰਕ ਸਾਂਝ, ਪਾਰਦਰਸ਼ਤਾ, ਜਮਹੂਰੀਅਤ, 'ਲੋਕਸ਼ਾਹੀ' ਦੀ ਮਜ਼ਬੂਤੀ, ਲੋੜਵੰਦਾਂ ਨੂੰ ਸਿਹਤ ਸੇਵਾਵਾਂ, ਵਿਦਿਆ, ਸਮਾਜਕ ਸੁਰੱਖਿਆ ਆਦਿ ਪ੍ਰਦਾਨ ਕਰਨ ਤੇ ਔਰਤਾਂ ਦੀ ਸੁਰੱਖਿਆ ਬਾਰੇ ਕੀਤੇ ਸਾਰੇ ਵਾਅਦੇ ਹਵਾ 'ਚ ਉਡ-ਪੁਡ ਗਏ ਹਨ। ਦੇਸ਼ ਵਿਚ ਲੋਕ ਰਾਜ ਨੂੰ ਖ਼ਤਰਿਆਂ ਬਾਰੇ ਦੁਹਾਈ ਦੇਣ ਵਾਲੀ 'ਆਪ' ਨੇ ਆਪਣੀ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਨੂੰ ਨੁੱਕਰੇ ਲਾ ਦਿੱਤਾ ਹੈ। ਕਈ 'ਆਪ' ਆਗੂਆਂ 'ਤੇ ਭ੍ਰਿਸ਼ਟਾਚਾਰੀ ਤੇ ਅਨੈਤਿਕ ਕਾਰਵਾਈਆਂ ਦੇ ਦੋਸ਼ ਲੱਗ ਰਹੇ ਹਨ। ਪੰਜਾਬ ਅੰਦਰ ਪਾਰਲੀਮੈਂਟ ਤੇ ਅਸੈਂਬਲੀ ਚੋਣਾਂ 'ਚ ਪ੍ਰਾਪਤ ਕੀਤੀ ਵੱਡੀ ਲੋਕ ਹਮਾਇਤ ਤੇ ਸਦਭਾਵਨਾ ਨਾਲ ਹਕੀਕੀ ਤੌਰ 'ਤੇ 'ਆਪ' ਦੇ ਆਗੂਆਂ ਨੇ ਦਗ਼ਾ ਕਮਾਇਆ ਹੈ। ਲੋਕਾਂ ਦੇ ਮਸਲੇ ਹੱਲ ਕਰਨ ਲਈ ਸਾਂਝੀ ਜਨਤਕ ਲਾਮਬੰਦੀ ਕਰਨ ਦੀ ਥਾਂ ਇਸ ਦੇ ਨੇਤਾ ਡਰਾਮੇਬਾਜ਼ੀ ਕਰਨ ਵਿਚ ਵਧੇਰੇ ਦਿਲਚਸਪੀ ਦਿਖਾ ਰਹੇ ਹਨ।



ਪੰਜਾਬ ਦੀ 'ਆਪ' ਦੋ ਧੜਿਆਂ ਵਿਚ ਵੰਡੀ ਗਈ ਹੈ, ਪਰ ਇਸ ਫੁੱਟ ਦਾ ਕਿਸੇ ਸਿਧਾਂਤ ਜਾਂ ਲੋਕਾਂ ਦੀ ਸੇਵਾ ਨਾਲ ਦੂਰ ਦਾ ਵੀ ਸਬੰਧ ਨਹੀਂ ਹੈ। ਲੜਾਈ ਸਿਰਫ਼ ਤੇ ਸਿਰਫ਼ ਸੱਤਾ, ਅਹੁਦੇ, ਚੌਧਰ ਤੇ ਪੈਸੇ ਦੀ ਹੈ। ਉਹ ਵਲੰਟੀਅਰ, ਜਿਨ੍ਹਾਂ ਨੇ 'ਆਪ' ਦੀ ਕਾਇਮੀ ਲਈ ਤੇ ਇਸ ਦੇ ਪੱਖ ਵਿਚ ਜਨਤਕ ਹਮਾਇਤ ਜੁਟਾਉਣ ਵਿਚ ਵੱਡਾ ਹਿੱਸਾ ਪਾਇਆ ਸੀ, 'ਆਪ' ਨੇਤਾਵਾਂ ਦੀ ਕਾਰਗੁਜ਼ਾਰੀ ਦੇਖ ਕੇ ਮਾਯੂਸ ਤੇ ਦੋਚਿੱਤੀ ਦੇ ਨਾਲ-ਨਾਲ ਡਾਢੇ ਗੁੱਸੇ ਵਿਚ ਵੀ ਹਨ। ਬਹੁਤ ਸਾਰੇ 'ਵਲੰਟੀਅਰਜ਼' ਨੇ 'ਆਪ' ਦੇ ਲੋਕ ਲੁਭਾਊ ਪਰ ਹਵਾਈ, ਗ਼ੈਰ ਵਿਗਿਆਨਕ ਤੇ ਭੁਲੇਖਾ ਪਾਉਣ ਵਾਲੇ ਨਾਅਰਿਆਂ ਦੇ ਪ੍ਰਭਾਵ ਹੇਠਾਂ ਆ ਕੇ ਨੌਕਰੀਆਂ ਤਿਆਗੀਆਂ, ਧਨ ਤੇ ਸਮੇਂ ਦੀ ਕੁਰਬਾਨੀ ਕੀਤੀ ਅਤੇ ਰਾਤ-ਦਿਨ ਇਕ ਕਰਕੇ 'ਆਪ' ਨੂੰ ਮਜ਼ਬੂਤ ਕਰਨ ਵਿਚ ਵੱਡਾ ਯੋਗਦਾਨ ਪਾਇਆ। ਬਹੁਤ ਸਾਰੇ ਅਗਾਂਹਵਧੂ ਤੇ ਜਮਹੂਰੀ ਸੋਚਣੀ ਵਾਲੇ ਬੁੱਧੀਜੀਵੀ, ਲਿਖਾਰੀ ਤੇ ਦਰਮਿਆਨੀਆਂ ਜਮਾਤਾਂ ਦੇ ਖੱਬੇ ਪੱਖੀ ਤੇ ਅਗਾਂਹਵਧੂ ਰਾਜਨੀਤਕ ਵਿਚਾਰਾਂ ਦੇ ਪੈਰੋਕਾਰ ਜਜ਼ਬਾਤੀ ਲੋਕਾਂ ਨੇ 'ਆਪ' ਦੇ ਇਕ ਹਕੀਕੀ ਲੋਕ ਪੱਖੀ ਦਲ ਹੋਣ ਦਾ ਭਰਮ ਪਾਲ ਲਿਆ। ਵਿਦੇਸ਼ਾਂ ਵਿਚ ਬੈਠੇ ਭਾਰਤੀਆਂ ਨੇ ਤਾਂ ਆਪਣੀ ਕਿਰਤ ਕਮਾਈ ਵਿਚੋਂ 'ਆਪ' ਲਈ ਧਨ ਦੀਆਂ ਥੈਲੀਆਂ ਦੇ ਮੂੰਹ ਹੀ ਖੋਲ੍ਹ ਦਿੱਤੇ। ਬਹੁਤ ਸਾਰੇ ਸੱਜਣ ਸਮੇਂ ਦੇ ਵੇਗ ਵਿਚ ਵਹਿ ਕੇ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਦੀ ਪੀ.ਪੀ.ਪੀ. ਤੇ ਬਾਅਦ ਵਿਚ 'ਆਪ' ਦੇ ਐਨੇ ਅੰਨ੍ਹੇ ਭਗਤ ਸੱਜ ਗਏ ਕਿ ਉਹ ਕਮਿਊਨਿਸਟ ਪਾਰਟੀਆਂ ਤੇ ਖੱਬੇਪੱਖੀ ਸੰਘਰਸ਼ਸ਼ੀਲ ਧਿਰਾਂ ਨੂੰ 'ਆਪ' ਸੰਗ ਚੱਲਣ ਦੀਆਂ ਮੱਤਾਂ ਦੇਣ ਦੀ ਹੱਦ ਤੱਕ ਚਲੇ ਗਏ।

'ਆਪ' ਦੇ ਨੇਤਾਵਾਂ ਵਿਚੋਂ ਹੁਣ ਕੋਈ ਪੰਜਾਬ ਨੂੰ 'ਸੂਬਾਈ ਖੁਦਮੁਖਤਿਆਰੀ' ਦੇਣ, ਤੇ ਕੋਈ ਅਫ਼ੀਮ ਡੋਡਿਆਂ ਦੀ ਖੇਤੀ ਕਰਕੇ ਪੰਜਾਬ ਦੀ ਤਰਸਯੋਗ ਅਵਸਥਾ ਨੂੰ ਸੁਧਾਰਨ ਦੀਆਂ ਦਲੀਲਾਂ ਦੇ ਰਿਹਾ ਹੈ। ਕਈ 'ਆਪ' ਆਗੂ ਤਾਂ ਆਪਣੇ ਆਪ ਹੀ ਸਿੱਖਾਂ ਦੇ ਹਿੱਤਾਂ ਦੇ 'ਵੱਡੇ ਪਹਿਰੇਦਾਰ' ਹੋਣ ਦੇ ਦਾਅਵੇਦਾਰ ਬਣੀ ਜਾ ਰਹੇ ਹਨ। ਉਂਝ ਅਰਵਿੰਦ ਕੇਜਰੀਵਾਲ ਤੋਂ ਲੈ ਕੇ ਪੰਜਾਬ ਦੇ 'ਆਪ' ਆਗੂਆਂ ਤੱਕ ਸਾਰੇ ਹੀ ਪੰਜਾਬ ਦੇ ਮੁੱਠੀ ਭਰ ਗਰਮਦਲੀਏ ਸਿੱਖਾਂ ਦੇ ਪੂਰਨ ਰੂਪ ਵਿਚ ਹਮਾਇਤੀ ਰਹੇ ਹਨ, ਜਿਨ੍ਹਾਂ ਨੇ ਪੰਜਾਬ ਦੀ ਭਾਈਚਾਰਕ ਸਾਂਝ, ਸਿੱਖ ਹਿੱਤਾਂ ਤੇ ਜਮਹੂਰੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਇਆ ਹੈ। ਹੁਣ ਵੀ ਅਜਿਹੇ 'ਗਰਮਦਲੀਏ ਸਿੱਖ ਆਗੂ' ਕੋਈ ਸਾਰਥਕ ਕੰਮ ਜਾਂ ਪੀੜਤ ਲੋਕਾਈ ਨੂੰ ਇਕਜੁਟ ਕਰਕੇ ਹਾਕਮਾਂ ਵਿਰੁੱਧ ਜ਼ੋਰਦਾਰ ਜਨਤਕ ਲਹਿਰ ਖੜ੍ਹੀ ਕਰਨ ਦੀ ਥਾਂ ਧਾਰਮਕ ਮੁੱਦਿਆਂ ਦੇ ਪਰਦੇ ਹੇਠਾਂ ਫ਼ਿਰਕਾਪ੍ਰਸਤੀ ਫੈਲਾਉਣ ਤੇ ਅੱਤਵਾਦ ਦਾ ਮਾਹੌਲ ਪੈਦਾ ਕਰਨ ਦੀ ਤਾਕ ਵਿਚ ਹਨ ਅਤੇ ਹਾਕਮਾਂ ਦੇ ਇਸ਼ਾਰਿਆਂ 'ਤੇ ਫੁੱਟ ਪਾਊ ਕਾਰਵਾਈਆਂ ਕਰਨ ਵਿਚ ਮਸਰੂਫ ਹਨ। 'ਆਪ' ਦੇ ਦੋਨੋਂ ਧੜੇ ਕਿਸੇ ਵੀ ਦੂਸਰੀ ਲੋਕ ਪੱਖੀ ਰਾਜਨੀਤਕ ਧਿਰ ਨਾਲ ਮਿਲ ਕੇ ਅਜੋਕੇ ਲੁੱਟ-ਖਸੁੱਟ ਦੇ ਢਾਂਚੇ ਵਿਰੁੱਧ ਕੋਈ ਹਕੀਕੀ ਰਾਜਸੀ ਮੁਤਬਾਦਲ ਉਸਾਰਨ ਤੇ ਇਸ ਮਨੋਰਥ ਲਈ ਲੋੜੀਂਦੀ ਸਾਂਝੀ ਲੋਕ ਲਹਿਰ ਖੜ੍ਹੀ ਕਰਨ ਤੋਂ ਇਨਕਾਰੀ ਹੋਣ ਦਾ ਵਾਰ-ਵਾਰ ਐਲਾਨ ਕਰ ਰਹੇ ਹਨ। ਅਜਿਹਾ ਕਰਨ ਨਾਲ ਉਹ ਇਕੱਲਿਆਂ ਆਪਣੀ ਮਰਜ਼ੀ ਅਨੁਸਾਰ ਹਾਕਮ ਧਿਰਾਂ ਨਾਲ ਗਿੱਟ-ਮਿੱਟ ਕਰ ਸਕਣਗੇ, ਜੋ ਕਈ ਵਾਰ ਸਾਂਝੀਆਂ ਲਹਿਰਾਂ ਵਿਚ ਸੰਭਵ ਨਹੀਂ ਹੁੰਦਾ। ਆਪਣੀਆਂ ਵਿਰੋਧੀ ਧਿਰਾਂ ਦੇ ਆਗੂਆਂ ਵਿਰੁੱਧ ਰਿਸ਼ਵਤਖੋਰੀ, ਨਸ਼ਾ ਤਸਕਰੀ ਵਰਗੇ ਇਲਜ਼ਾਮ ਲਗਾਉਣ ਵਾਲੇ ਸ੍ਰੀ ਕੇਜਰੀਵਾਲ ਤੇ ਉਸ ਦੇ ਸਹਿਯੋਗੀ ਸਮਾਂ ਆਉਣ 'ਤੇ ਇਸ ਤੋਂ ਮੁਨੱਕਰ ਹੋ ਗਏ। ਇਸ ਤੋਂ ਵੱਡੀ ਸੇਵਾ ਭ੍ਰਿਸ਼ਟ ਤੇ ਲੋਕ ਵਿਰੋਧੀ ਹਾਕਮ ਪਾਰਟੀਆਂ ਦੇ ਆਗੂਆਂ ਦੀ ਹੋਰ ਕੀ ਹੋ ਸਕਦੀ ਹੈ ?

'ਆਪ' ਦੀ ਅਧੋਗਤੀ ਦਾ ਵੱਡਾ ਕਾਰਨ ਇਸ ਦੀ ਜਮਾਤੀ ਬਣਤਰ ਤੇ ਸੋਚ ਹੈ। ਕਾਰਪੋਰੇਟ ਘਰਾਣਿਆਂ ਤੇ ਜਾਗੀਰਦਾਰ ਜਮਾਤ ਦੇ ਹਿੱਤਾਂ ਦੀ ਰਾਖੀ ਕਰ ਰਹੀ ਮੌਜੂਦਾ ਸਰਕਾਰ ਬਾਰੇ 'ਆਪ' ਦਾ ਵਤੀਰਾ ਜਮਾਤੀ ਨਜ਼ਰੀਏ ਤੋਂ ਮਿੱਤਰਤਾ ਪੂਰਨ ਹੈ।

'ਆਪ' ਦੀ ਅਧੋਗਤੀ ਦਾ ਵੱਡਾ ਕਾਰਨ ਇਸ ਦੀ ਜਮਾਤੀ ਬਣਤਰ ਤੇ ਸੋਚ ਹੈ। ਕਾਰਪੋਰੇਟ ਘਰਾਣਿਆਂ ਤੇ ਜਾਗੀਰਦਾਰ ਜਮਾਤ ਦੇ ਹਿੱਤਾਂ ਦੀ ਰਾਖੀ ਕਰ ਰਹੀ ਮੌਜੂਦਾ ਸਰਕਾਰ ਬਾਰੇ 'ਆਪ' ਦਾ ਵਤੀਰਾ ਜਮਾਤੀ ਨਜ਼ਰੀਏ ਤੋਂ ਮਿੱਤਰਤਾ ਪੂਰਨ ਹੈ।

ਸਾਮਰਾਜ ਨਿਰਦੇਸ਼ਤ ਆਰਥਕ ਨੀਤੀਆਂ 'ਤੇ ਖੁੱਲ੍ਹੀ ਮੰਡੀ ਦੇ ਹਮਾਇਤੀ ਬਹੁਤ ਸਾਰੇ ਸੱਜਣਾਂ ਨੂੰ 'ਆਪ' ਨੇ ਲੋਕ ਸਭਾ ਟਿਕਟਾਂ ਨਾਲ ਨਿਵਾਜਿਆ। 'ਆਪ' ਆਗੂ ਸੀ.ਆਈ.ਆਈ. ਵਰਗੀਆਂ ਵੱਡੇ ਸਰਮਾਏਦਾਰਾਂ ਦੀਆਂ ਐਸੋਸੀਏਸ਼ਨਾਂ ਅੰਦਰ ਉਨ੍ਹਾਂ ਦੇ ਹਮਾਇਤੀ ਹੋਣ ਦਾ ਭਰੋਸਾ ਦੁਆਉਂਦੇ ਰਹੇ। ਇਸ ਦੇ ਇਵਜ਼ਾਨੇ ਵਜੋਂ ਦੇਸ਼ ਦੇ ਧਨਾਢਾਂ ਨੇ 'ਆਪ' ਨੂੰ ਫ਼ੰਡਾਂ ਦੇ ਗੱਫੇ ਦਿੱਤੇ ਅਤੇ ਇਲੈਕਟਰਾਨਿਕ ਮੀਡੀਆ ਰਾਹੀਂ 'ਆਪ' ਦੀਆਂ ਸਰਗਰਮੀਆਂ ਤੇ ਵਿਚਾਰਾਂ ਦਾ ਜ਼ੋਰਦਾਰ ਪ੍ਰਚਾਰ ਕੀਤਾ। ਟੀ.ਵੀ. ਤੇ ਦੇਸ਼ ਦੀਆਂ ਦੋ ਵੱਡੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ, ਭਾਜਪਾ ਤੇ ਕਾਂਗਰਸ ਦੇ ਐਨ ਬਰਾਬਰ 'ਆਪ' ਬੁਲਾਰਿਆਂ ਨੂੰ ਥਾਂ ਮਿਲਣ ਤੋਂ ਸਾਫ਼ ਜ਼ਾਹਰ ਹੁੰਦਾ ਸੀ ਕਿ ਦਾਲ ਵਿਚ ਕੁਝ ਕਾਲਾ ਜ਼ਰੂਰ ਹੈ। 'ਆਪ' ਦਾ ਇਕ ਵੀ ਨੀਤੀਗਤ ਬਿਆਨ ਲੁਟੇਰੀਆਂ ਸ਼੍ਰੇਣੀਆਂ ਦੀਆਂ ਲੋਕ-ਮਾਰੂ ਆਰਥਕ ਨੀਤੀਆਂ ਵਿਰੁੱਧ ਦੇਖਣ-ਸੁਣਨ ਨੂੰ ਨਹੀਂ ਮਿਲਿਆ। ਸ੍ਰੀ ਕੇਜਰੀਵਾਲ ਤਾਂ ਆਪਣੇ ਆਪ ਨੂੰ 'ਯੋਗ ਬਾਣੀਆ' ਸਿੱਧ ਕਰਨ ਵਿਚ ਮਾਣ ਮਹਿਸੂਸ ਕਰਦੇ ਸਨ, ਜੋ ਹਮੇਸ਼ਾ ਮੁਨਾਫ਼ੇ ਦਾ ਸੌਦਾ ਹੀ ਕਰਦਾ ਹੈ। ਧਰਮ ਨਿਰਪੱਖਤਾ ਦੇ ਅਸੂਲਾਂ ਬਾਰੇ ਵੀ 'ਆਪ' ਆਗੂ ਹਾਕਮ ਜਮਾਤਾਂ ਦੀਆਂ ਬਾਕੀ ਪਾਰਟੀਆਂ ਵਾਂਗੂੰ ਹਮੇਸ਼ਾ ਡਗਮਗਾਉਂਦੇ ਨਜ਼ਰੀਂ ਆਏ।

ਅੱਜ ਤੱਕ ਦੀ ਸਥਿਤੀ ਅੰਦਰ ਨਹੀਂ ਜਾਪਦਾ ਕਿ 'ਆਪ' ਆਗੂ ਆਪਣੇ ਅਤੀਤ ਦੀਆਂ ਗ਼ਲਤੀਆਂ ਤੋਂ ਸਬਕ ਸਿੱਖ ਕੇ ਕੋਈ ਦਰੁਸਤ ਰਸਤਾ ਅਪਣਾਉਣ ਤੇ ਸੱਤਾ ਦੀ ਭੁੱਖ ਨੂੰ ਤਿਆਗ ਕੇ ਲੋਕ ਮੁੱਦਿਆਂ ਉਪਰ ਆਧਾਰਤ ਸਾਂਝੀਆਂ ਜਨਤਕ ਕਾਰਵਾਈਆਂ ਲਈ ਸੰਘਰਸ਼ਸ਼ੀਲ ਰਾਜਨੀਤਕ ਧਿਰਾਂ ਨਾਲ ਕੋਈ ਸਾਂਝ ਕਾਇਮ ਕਰਨ। 'ਆਪ' ਦੇ ਬਹੁਤ ਸਾਰੇ ਪ੍ਰਤੀਬੱਧ ਤੇ ਇਮਾਨਦਾਰ ਵਲੰਟੀਅਰ 'ਆਪ' ਦੀ ਮੌਜੂਦਾ ਕਲਾ ਤੋਂ ਪ੍ਰੇਸ਼ਾਨ ਹੋ ਕੇ ਰਾਜਨੀਤੀ ਤੋਂ ਕਿਨਾਰਾਕਸ਼ੀ ਕਰਕੇ ਘਰੀਂ ਬੈਠ ਰਹੇ ਹਨ ਤੇ ਅਨੇਕਾਂ ਉਨ੍ਹਾਂ ਦੂਸਰੀਆਂ ਰਾਜਨੀਤਕ ਪਾਰਟੀਆਂ ਦੇ ਖੇਮੇ ਵਿਚ ਜਾ ਰਹੇ ਹਨ, ਜਿਨ੍ਹਾਂ ਨੂੰ ਉਹ ਪਾਣੀ ਪੀ-ਪੀ. ਕੇ ਕੋਸਦੇ ਨਹੀਂ ਸਨ ਥੱਕਦੇ। 'ਆਪ' ਅੰਦਰ ਅਜੇ ਉਹ ਵਲੰਟੀਅਰ ਵੀ ਮੌਜੂਦ ਹਨ, ਜੋ ਇਸ ਪਾਰਟੀ ਦੀ ਮੁੜ ਲੋਕ-ਪੱਖੀ ਦਿੱਖ ਬਣਨ ਅਤੇ ਸੱਤਾਧਾਰੀ ਹੋਣ ਦੀ ਆਸ ਲਾਈ ਬੈਠੇ ਹਨ!

ਸਾਡੀ ਨਜ਼ਰੇ ਇਹ ਤਿੰਨੇ ਰਾਹ ਹੀ ਗ਼ਲਤ ਹਨ। ਬਿਨਾਂ ਕਿਸੇ ਲੋਕ ਪੱਖੀ ਵਿਚਾਰਧਾਰਾ, ਹਕੀਕੀ ਅਮਲ ਤੇ ਨਿਰਸਵਾਰਥ ਕੁਰਬਾਨੀ ਕਰਨ ਦੀ ਭਾਵਨਾ ਤੋਂ, ਸਿਰਫ ਭਾਵਨਾਤਮਕ ਨਾਅਰਿਆਂ ਰਾਹੀਂ ਲੋਕ ਹਮਾਇਤ ਜੁਟਾ ਕੇ ਸੱਤਾ ਦੇ ਗਲਿਆਰਿਆਂ ਤੱਕ ਪੁੱਜਣ ਦੀ ਆਸ ਲਾਉਣ ਵਾਲੀ ਕਿਸੇ ਵੀ ਰਾਜਸੀ ਪਾਰਟੀ ਦਾ ਹਸ਼ਰ ਮੌਜੂਦਾ 'ਆਪ' ਵਰਗਾ ਹੀ ਹੋਵੇਗਾ। ਮੌਜੂਦਾ ਭ੍ਰਿਸ਼ਟ ਤੇ ਲੋਕ ਵਿਰੋਧੀ ਸਥਾਪਤੀ ਨੂੰ ਉਖਾੜਨਾ ਤੇ ਇਸ ਦੀ ਜਗ੍ਹਾ ਇਕ ਹਕੀਕੀ ਲੋਕ ਪੱਖੀ ਮੁਤਬਾਦਲ ਉਸਾਰਨਾ ਕੋਈ ਕੌਫ਼ੀ ਹਾਊਸ 'ਚ ਕੀਤੀ ਗੱਲਬਾਤ ਵਰਗੀ ਚੀਜ਼ ਨਹੀਂ ਹੈ ਤੇ ਨਾ ਹੀ ਇਹ ਨਿਸ਼ਾਨਾ ਸੋਸ਼ਲ ਮੀਡੀਏ ਰਾਹੀਂ ਪ੍ਰਚਾਰ ਕਰਕੇ ਪੜ੍ਹੇ ਲਿਖੇ ਨੌਜਵਾਨਾਂ, ਮੁਲਾਜ਼ਮਾਂ ਤੇ ਦਰਮਿਆਨੇ ਤਬਕੇ ਦੇ ਲੋਕਾਂ ਨੂੰ ਭੁਚਲਾਉਣ ਨਾਲ ਹਾਸਲ ਕੀਤਾ ਜਾ ਸਕਦਾ ਹੈ। ਇਸ ਵਾਸਤੇ ਇਕ ਲੰਬੇ, ਸਿਰੜੀ, ਕੁਰਬਾਨੀਆਂ ਭਰਪੂਰ ਤੇ ਨਿਰੰਤਰ ਸਾਂਝੇ ਲੋਕ ਪੱਖੀ ਸੰਘਰਸ਼ਾਂ ਦੀ ਜ਼ਰੂਰਤ ਹੁੰਦੀ ਹੈ, ਜੋ ਇਕ ਵਿਗਿਆਨਕ ਵਿਚਾਰਧਾਰਾ ਅਨੁਸਾਰ ਅਮਲ ਕਰਨ ਤੇ ਇਨਕਲਾਬੀ ਅਨੁਸ਼ਾਸਤ ਸੰਗਠਨ ਦੀ ਕਾਇਮੀ ਰਾਹੀਂ ਹੀ ਸੰਭਵ ਹੋ ਸਕਦਾ ਹੈ। ਬਿਨਾਂ ਲੋਕ-ਪੱਖੀ ਵਿਗਿਆਨਕ ਸਿਧਾਂਤ ਤੋਂ ਕੰਮ ਕਰਨ ਵਾਲਾ ਕੋਈ ਰਾਜਸੀ ਦਲ ਜਾਂ ਨੇਤਾ ਅੰਤਮ ਰੂਪ ਵਿਚ ਮੌਜੂਦਾ ਲੋਕ-ਦੋਖੀ ਪ੍ਰਬੰਧ ਦਾ ਮਦਦਗਾਰ ਹੋ ਨਿਬੜਦਾ ਹੈ। ਕਿਨਾਰੇ 'ਤੇ ਬੈਠ ਕੇ ਤਮਾਸ਼ਾ ਦੇਖਣ ਨਾਲ ਸਮਾਜ ਨਹੀਂ ਬਦਲਦਾ, ਬਲਕਿ ਇਸ ਕੰਮ ਲਈ ਤਾਂ ਆਪਾ ਵਾਰਨ ਦੀ ਭਾਵਨਾ ਪੈਦਾ ਕਰਨ ਦੀ ਲੋੜ ਹੁੰਦੀ ਹੈ। ਹਾਂ, ਕਿਸੇ ਰਾਜਸੀ ਦਲ ਜਾਂ ਜਨਤਕ ਜਥੇਬੰਦੀ ਵਿਚ ਸ਼ਿਰਕਤ ਕਰਨ ਵੇਲੇ ਉਸਦੇ ਪ੍ਰੋਗਰਾਮਾਂ, ਅਮਲਾਂ ਤੇ ਨਿਸ਼ਾਨਿਆਂ ਨੂੰ ਡੂੰਘਾਈ ਨਾਲ ਸਮਝਣ ਦੀ ਕੋਸ਼ਿਸ਼ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ। ਰਾਜਨੀਤੀ ਵਿਚ ਬਿਨਾਂ ਸਿਧਾਂਤਾਂ ਦੇ ਅਮਲ ਅੰਨ੍ਹਾ ਹੈ ਤੇ ਅਮਲਾਂ ਤੋਂ ਬਿਨਾਂ ਸਿਧਾਂਤ ਨਿਰਾਰਥਕ ਹੈ।

# ਪੱਛਮੀ ਫਿਲਾਸਫ਼ਰਾਂ ਦੇ ਗੌਲਣਯੋਗ ਬੋਲ।

## ਲਿਓ ਟਾਲਸਟਾਏ ( 1828-1910)



"ਕਿਸੇ ਮੁਲਕ ਨੂੰ ਬਰਬਾਦ ਕਰਨਾ ਹੋਵੇ ਤਾਂ ਉਥੋਂ ਦੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਆਪਸ ਵਿਚ ਲੜਾ ਦਿਓ, ਮੁਲਕ ਆਪਣੇ ਆਪ ਬਰਬਾਦ ਹੋ ਜਾਵੇਗਾ।"

## ਹਰਬਰਟ ਵੇਲਜ਼ (1866-1946)



"ਹਿੰਦੁਸਤਾਨ ਬੇਹੱਦ ਪ੍ਰਤਿਭਾਸ਼ਾਲੀ ਮੁਲਕ ਹੈ ਪਰ ਜਨਤਾ ਓਨੀ ਹੀ ਮੂਰਖ਼ ਵੀ, ਉਥੋਂ ਦੇ ਲੋਕ ਜਾਤੀ-ਧਰਮ ਦੇ ਨਾਂ 'ਤੇ ਆਪਸ ਵਿਚ ਲੜ ਕੇ ਆਪਣੇ ਹੀ ਮੁਲਕ ਦਾ ਨੁਕਸਾਨ ਕਰ ਰਹੇ ਹਨ।"

## ਅਲਬਰਟ ਆਈਨਸਟਾਈਨ (1879-1955)



"ਉਸ ਮੁਲਕ ਦੇ ਵਿਨਾਸ਼ ਨੂੰ ਕੋਈ ਨਹੀਂ ਰੋਕ ਸਕਦਾ ਜਿਸ ਮੁਲਕ ਦੀ ਸਰਕਾਰ ਵਿਚ ਬੈਠੇ ਲੋਕ ਹੀ ਆਪਣੀ ਜਨਤਾ ਨੂੰ ਸਿਰਫ਼ ਵੋਟ ਖ਼ਾਤਰ ਡਰਾਉਣਾ ਸ਼ੁਰੂ ਕਰ ਦੇਣ।"

## ਹਸਟਨ ਸਮਿਥ (1919)



"ਹਿੰਦੁਸਤਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਉਸ ਦੇ ਆਪਣੇ ਲੋਕ ਬਣੇ ਹੋਏ ਹਨ ਜੋ ਧਰਮ ਅਤੇ ਜਾਤੀ ਦੇ ਨਾਂ 'ਤੇ ਆਪਸ ਵਿਚ ਵੰਡ ਕੇ ਆਪਣੇ ਮੁਲਕ ਦੀ ਬਦਕਿਸਮਤੀ ਲਿਖ ਰਹੇ ਹਨ।"

## ਮਾਈਕਲ ਨਾਸਤਰੇਦਮਸ (1503-1566)



"ਕਿਸੇ ਵੀ ਮੁਲਕ ਦਾ ਸ਼ਾਸਕ ਜੇਕਰ ਆਪਣੀ ਜਨਤਾ ਨਾਲੋਂ ਜ਼ਿਆਦਾ ਆਪਣੇ ਕੱਪੜਿਆਂ ਵੱਲ ਧਿਆਨ ਦੇਵੇ ਤਾਂ ਸਮਝ ਲਓ ਕਿ ਉਸ ਮੁਲਕ ਦੀ ਵਾਗਡੋਰ ਬੇਹੱਦ ਕਮਜ਼ੋਰ, ਸਨਕੀ ਅਤੇ ਡਰੇ ਹੋਏ ਇਨਸਾਨ ਦੇ ਹੱਥਾਂ ਵਿਚ ਹੈ।"

## ਸਿਗਮੰਡ ਫਰਾਇਡ (1856-1939)



"ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸਦੇ ਇਕ ਸਾਵੀ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵੱਧ ਜਾਂਦੇ ਹਨ।"

## ਆਰਥਰ ਸ਼ੌਪਨਹਾਊਰ (1788-1860)



"ਧਰਮ ਟਟਹਿਣਿਆਂ ਵਾਂਗ ਹਨ। ਉਨ੍ਹਾਂ ਨੂੰ ਚਮਕਣ ਲਈ ਹਨੇਰੇ ਦੀ ਲੋੜ ਹੈ।"

# 21ਵੀਂ ਸਦੀ ਵਿਚ ਮਾਰਕਸ ਦੀ ਪ੍ਰਸੰਗਕਤਾ

**ਕਾਰਲ ਮਾਰਕਸ 19ਵੀਂ ਸਦੀ (1818-1883) ਵਿਚ ਹੋਇਆ, ਇਹ ਇਕ ਅਜਿਹਾ ਦੌਰ ਜੋ ਸਾਡੇ ਸਮਿਆਂ ਤੋਂ ਬਹੁਤ ਵੱਖਰਾ ਸੀ, ਜਿਸ ਦੌਰ ਵਿਚ ਅਜੋਕੇ ਸਮਾਜ ਦੀਆਂ ਵਿਸ਼ੇਸ਼ਤਾਵਾਂ ਅਜੇ ਆਕਾਰ ਲੈਣਾ ਅਰੰਭ ਹੀ ਕਰ ਰਹੀਆਂ ਸਨ। ਉਸਨੇ ਸ਼ੋਸ਼ਣ ਅਤੇ ਲੁੱਟ ਦੀ ਪਹਿਚਾਣ ਕਰਦਿਆਂ ਪੂੰਜੀਵਾਦੀ ਆਰਥਿਕਤਾ ਦੇ ਸਵੈ-ਚਾਲਿਤ ਆਤਮ-ਸੰਤੁਲਨ ਦੇ ਸਿਧਾਂਤ ਉਪਰ ਸਵਾਲ ਖੜ੍ਹੇ ਕੀਤੇ। 19ਵੀਂ ਸਦੀ ਦੀ ਮਾਰਕਸ ਦੀ ਅੰਤਰ-ਦ੍ਰਿਸ਼ਟੀ ਸਾਨੂੰ 21ਵੀਂ ਸਦੀ ਬਾਰੇ ਵਿਚਾਰ ਕਰਨ ਲਈ ਮਾਰਗ ਦਰਸ਼ਨ ਪੇਸ਼ ਕਰਦੀ ਹੈ। ਸਾਨੂੰ ਉਹ ਇਹ ਯਾਦ ਕਰਵਾਉਂਦਾ ਹੈ ਕਿ ਪਰਿਵਰਤਨ ਦੀ ਸੰਭਾਵਨਾ ਸਦਾ ਹੀ ਮੌਜੂਦ ਰਹਿੰਦੀ ਹੈ ਅਤੇ ਰਾਜਨੀਤੀ ਇਸ ਪਰਿਵਤਰਨ ਵੱਲ ਜਾਂਦਾ ਰਾਹ ਹੈ।**




**ਡਾ. ਪੀ.ਆਰ. ਕਾਲੀਆ**
ਸੰਪਾਦਕ, ਏਸ਼ੀਅਨ ਟਾਈਮਜ਼
ਐਡਮਿੰਟਨ, ਕੈਨੇਡਾ


ਸਮੁੱਚੇ ਮਨੁੱਖੀ ਇਤਿਹਾਸ ਦੇ ਸਭ ਤੋਂ ਮਹਾਨ ਅੰਤਰਦ੍ਰਿਸ਼ਟੀਕਾਰਾਂ ਵਿਚੋਂ ਇੱਕ, ਕਾਰਲ ਮਾਰਕਸ ਦਾ ਜਨਮ ਟਰੀਅਰ, ਜਰਮਨੀ ਵਿਖੇ ਹੋਇਆ। ਉਸਦੇ ਜਨਮ ਵਾਲੇ ਦਿਨ 5 ਮਈ 1818 ਤੋਂ ਦੋ ਸੌ ਸਾਲ ਬਾਅਦ, ਹਾਈਗੇਟ ਕਬਰਸਤਾਨ, ਲੰਦਨ ਵਿਖੇ ਉਸਦੀ ਕਬਰ ਉਤੇ ਉਸਦੀ ਵਰ੍ਹੇਗੰਢ ਨੂੰ ਮਨਾਉਣ ਲੋਕਾਂ ਦੀ ਇੱਕ ਵੱਡੀ ਭੀੜ ਜਮ੍ਹਾਂ ਹੋਈ।

ਉਸਦੀ ਕਬਰ ਉਤੇ ਉਕਰਿਆ ਹੋਇਆ ਨਾਅਰਾ 'ਦੁਨੀਆ ਭਰ ਦੇ ਮਜ਼ਦੂਰੋ ਇੱਕ ਹੋ ਜਾਓ' ਵਿਹਾਰਿਕ ਤੌਰ 'ਤੇ ਸਭ ਨੂੰ ਆਕਰਸ਼ਿਤ ਕਰਦਾ ਹੈ। ਇਹ ਨਾਅਰਾ ਮਾਰਕਸ ਅਤੇ ਏਂਗਲਜ਼ ਦੇ ਕਾਮਗਾਰ ਜਮਾਤ ਬਾਰੇ ਅੰਤਰਰਾਸ਼ਟਰੀਵਾਦ ਦੇ ਦ੍ਰਿਸ਼ਟੀਕੋਣ ਨੂੰ ਵਿਅਕਤ ਕਰਦਾ ਹੈ। ਇਸ ਨਾਅਰੇ ਦਾ ਸਾਰ ਇਹ ਹੈ ਕਿ ਸੰਸਾਰ ਭਰ ਦੀ ਕਾਮਗਾਰ ਜਮਾਤ ਦੇ ਸਾਰੇ ਮੈਂਬਰਾਂ ਨੂੰ ਆਪਸੀ ਸਹਿਯੋਗ ਨਾਲ ਵਰਗ ਸੰਘਰਸ਼ ਵਿਚ ਜਿੱਤ ਹਾਸਲ ਕਰਨੀ ਚਾਹੀਦੀ ਹੈ। ਪਰ ਅਸਲੀਅਤ ਇਹ ਹੈ ਕਿ ਵੱਡੇ ਪੱਧਰ ਉਤੇ ਉਹ ਅਜੇ ਵੀ ਇੱਕਠੇ ਨਹੀਂ ਹੋ ਸਕੇ ਹਨ। ਸ਼ੋਸ਼ਿਤਾਂ ਦੀ ਏਕਤਾ, ਜਿਸ ਨੂੰ ਮਾਰਕਸ ਨੇ ਪੂੰਜੀਵਾਦ ਦੇ ਅੰਤ ਲਈ ਅਤੀ ਜ਼ਰੂਰੀ ਕਿਹਾ ਸੀ, ਉਹ ਸ਼ਾਇਦ ਹੀ ਇਸ ਸਮੇਂ ਹੋਂਦ ਵਿਚ ਹੈ।

ਕਾਰਲ ਮਾਰਕਸ 19ਵੀਂ ਸਦੀ ਦੇ ਯੂਰਪ ਦੀ ਬੌਧਿਕ ਅਤੇ ਰਾਜਨੀਤਿਕ ਤਰਜ਼ੇ-ਜ਼ਿੰਦਗੀ ਵਿਚ ਜੁਆਨ ਹੋਇਆ ਸੀ। 19ਵੀਂ ਸਦੀ ਦੇ ਮੁੱਢਲੇ ਵਰ੍ਹਿਆਂ ਤੋਂ ਹੀ ਉਦਯੋਗਿਕ ਇਨਕਲਾਬ ਨੇ ਦੁਨੀਆਂ ਵਿਚ ਕ੍ਰਾਂਤੀ ਲੈ ਆਂਦੀ। ਇਸ ਦੀਆਂ ਪ੍ਰਾਪਤੀਆਂ ਨੇ ਭੂਤਕਾਲ ਦੀਆਂ ਸਾਰੀਆਂ ਸਭਿਅਤਾਵਾਂ ਨੂੰ ਫਿੱਕਿਆਂ ਪਾ ਦਿੱਤਾ ਅਤੇ ਇਸ ਦੀਆਂ ਕਾਢਾਂ - ਰੇਲਵੇ, ਸਟੀਮ ਜਹਾਜ਼ਾਂ ਅਤੇ ਟੈਲੀਗ੍ਰਾਫ਼ ਆਦਿ ਨੇ ਸ਼ਾਨਦਾਰ ਅਤੇ ਬੇਇੰਤਹਾ ਉਤਪਾਦਨ ਸ਼ਕਤੀਆਂ ਨੂੰ ਪੈਦਾ ਕੀਤਾ। ਨਿਮਨ ਕਿਸਾਨੀ ਨੂੰ ਇਸ ਮਸ਼ੀਨਰੀ ਦੀਆਂ ਗਰਾਰੀਆਂ ਅਤੇ ਚੱਕਿਆਂ ਵਿਚ ਧੂੰਹ ਕੇ ਧੱਕ ਦਿਤਾ ਗਿਆ ਅਤੇ ਸਮਾਜ ਉਪਰ ਜ਼ਮੀਨ ਮਾਲਕਾਂ ਦੀ ਥਾਂ ਫੈਕਟਰੀ ਮਾਲਕਾਂ ਦੇ ਰੂਪ ਵਿਚ ਨਵੇਂ ਲੋਕਾਂ ਦਾ ਕਬਜ਼ਾ ਹੋ ਗਿਆ। ਜਿਵੇਂ ਜਿਵੇਂ ਉਤਪਾਦਨ ਦਾ ਮਸ਼ੀਨੀਕਰਨ ਹੋਇਆ ਤਾਂ ਮਸ਼ੀਨ ਮਾਲਕਾਂ ਦਾ ਇਕੋ ਇਕ ਉਦੇਸ਼ ਲਾਭ ਪ੍ਰਾਪਤੀ ਹੀ ਬਣ ਗਿਆ, ਸਮਾਜ ਸਦਾ ਸਦਾ ਵਾਸਤੇ ਦੋ ਪਰਸਪਰ ਵਿਰੋਧੀ ਖੇਮਿਆਂ ਵਿਚ ਵੰਡਿਆ ਗਿਆ, ਜਿਨਾਂ ਵਿਚੋਂ ਇੱਕ ਵਿਹਲੜ ਹਿੱਸਾ ਮਾਲਕ ਸਨ ਅਤੇ ਦੂਜੇ ਗੈਰ ਮਾਲਕ ਮਜ਼ਦੂਰ ਕਾਮੇ ਸਨ। ਇਸੇ ਕਾਰਨ ਖੁੱਲੇ ਵਪਾਰ ਦੇ ਨਾਮ 'ਤੇ ਪੂੰਜੀਵਾਦ ਨੇ ਰਾਸ਼ਟਰੀ ਹੱਦਾਂ ਪਾਰ ਕਰਨੀਆਂ ਸ਼ੁਰੂ ਕਰ ਦਿੱਤੀਆਂ, ਕੀਮਤਾਂ ਘਟਾ ਦਿੱਤੀਆਂ ਗਈਆਂ, ਪੂਰੇ ਗ੍ਰਹਿ ਨੂੰ ਅੰਤਰ ਨਿਰਭਰ ਅਤੇ ਸਰਵਭੌਮਿਕ ਬਣਾ ਦਿੱਤਾ। ਵਸਤੂਆਂ ਅਤੇ ਵਿਚਾਰ ਹੁਣ ਹਰ ਜਗ੍ਹਾ ਪਹੁੰਚਣ ਲੱਗੇ। ਇਸ ਤੋਂ ਵੀ ਅੱਗੇ ਵਧਦਿਆਂ ਇਸਨੇ ਸਮਾਜ ਦੇ ਸਾਰੇ ਪਦਕ੍ਰਮਾਂ ਅਤੇ ਰਹੱਸਵਾਦਾਂ ਉਪਰ ਵੀ ਧੂੰਹਾਂ ਫੇਰ ਦਿੱਤਾ। ਲੋਕ ਹੁਣ ਬਿਲਕੁਲ ਇਹ ਵਿਸ਼ਵਾਸ਼ ਨਹੀਂ ਸਨ ਕਰਦੇ ਕਿ ਵੰਸ਼ਾਵਲੀ ਜਾਂ ਧਰਮ ਵਿਅਕਤੀ ਦਾ ਜ਼ਿੰਦਗੀ ਵਿਚ ਰੁਤਬਾ ਤੈਅ ਕਰਦੇ ਹਨ।

ਉਤਪਾਦਨ, ਸੰਚਾਰ ਅਤੇ ਵੰਡ ਦੇ ਨਵੇਂ ਸਾਧਨਾਂ ਨਾਲ ਉਦਯੋਗਿਕ ਕ੍ਰਾਂਤੀ ਨੇ ਬੇਥਵੀ ਪੂੰਜੀ ਪੈਦਾ ਕੀਤੀ। ਪ੍ਰੰਤੂ ਇਥੇ ਇਕ ਸਮਸਿਆਂ ਵਿਆਪਤ ਸੀ ਅਤੇ ਉਹ ਇਹ ਕਿ ਧਨ ਦੀ ਵੰਡ ਸਾਂਵੀ ਨਹੀਂ ਸੀ। ਦਸ ਪ੍ਰਤੀਸ਼ਤ ਜਨਸੰਖਿਆ ਕੋਲ ਹੀ ਅਸਲ ਵਿਚ ਸਾਰੀ ਸੰਪਤੀ ਸੀ; ਅਤੇ ਬਾਕੀ ਦੇ ਨੱਬੇ ਪ੍ਰਤੀਸ਼ਤ ਲੋਕਾਂ ਕੋਲ ਜਾਹਿਰਾ ਤੌਰ 'ਤੇ ਕੁਝ ਵੀ ਨਹੀਂ ਸੀ।

ਜਿਵੇਂ ਜਿਵੇਂ ਸ਼ਹਿਰ ਅਤੇ ਕਸਬੇ ਉਦਯੋਗਿਕ੍ਰਿਤ ਹੁੰਦੇ ਗਏ, ਪੂੰਜੀ ਹੋਰ ਵੀ ਕੇਂਦਰੀਕ੍ਰਿਤ ਹੁੰਦੀ ਗਈ, ਅਮੀਰ ਹੋਰ ਅਮੀਰ ਹੁੰਦਾ ਗਿਆ, ਮੱਧ ਵਰਗ ਹੌਲੀ-ਹੌਲੀ ਨਿਮਨ ਹੁੰਦਿਆਂ ਕਾਮਗਾਰ ਜਮਾਤ ਦੇ ਜੀਵਨ ਪੱਧਰ ਤੱਕ ਆ ਗਿਆ। ਜਲਦ ਹੀ ਸੰਸਾਰ ਪੱਕੇ ਤੌਰ 'ਤੇ ਦੋ ਤਰ੍ਹਾਂ ਦੇ ਲੋਕਾਂ ਵਿਚ ਵੰਡਿਆ ਗਿਆ, ਉਹ ਲੋਕ ਜੋ ਧਨ-ਸੰਪਤੀ ਦੇ ਮਾਲਕ ਸਨ ਅਤੇ ਦੂਜੇ ਉਹ ਜੋ ਉਹਨਾਂ ਕੋਲ ਆਪਣੀ ਕਿਰਤ ਵੇਚਦੇ ਸਨ। ਜਿਸ ਲੇਖਕ ਨੇ ਇਹ ਸਾਰੀ ਭਵਿੱਖ-ਬਾਣੀ ਕੀਤੀ ਸੀ ਉਹ ਹੋਰ ਕੋਈ ਨਹੀਂ ਬਲਕਿ ਕਾਰਲ ਮਾਰਕਸ ਸੀ।

**ਯੋਗਦਾਨ –**

ਮਾਰਕਸ ਦਾ ਅਸਲ ਯੋਗਦਾਨ ਮਨੁੱਖੀ ਸਮਾਜ ਦੇ ਇਤਿਹਾਸਕ ਵਿਕਾਸ ਦਾ ਵਰਗ ਸੰਬੰਧਾਂ ਦੇ ਅਧਾਰ 'ਤੇ ਵਿਸ਼ਲੇਸ਼ਣ ਕਰਨਾ ਹੈ। ਜਿਨ੍ਹਾਂ ਚਿਰ ਤੱਕ ਸਮਾਜ ਵਿਚ ਵਰਗ ਵਖਰੇਵਿਆਂ ਦੀ ਹੋਂਦ ਰਹੇਗੀ, ਓਨਾਂ ਚਿਰ ਤੱਕ ਇਕ ਵਰਗ ਉਪਰ ਦੂਜੇ ਵਰਗ ਦੇ ਦਬਦਬੇ ਨੂੰ ਖਤਮ ਕਰਨ ਦੇ ਉਦੇਸ਼ ਨਾਲ ਉਹਨਾਂ ਨੂੰ ਸਮਝਣ ਦੀ ਜ਼ਰੂਰਤ ਵੀ ਮੌਜੂਦ ਰਹੇਗੀ। ਮਾਰਕਸ ਨੇ ਉਹਨਾਂ ਕਿਰਤਾਂ ਦੀ ਰਚਨਾ ਕੀਤੀ ਹੈ - ਜਿਨ੍ਹਾਂ ਦੀ ਬੌਧਿਕ ਊਰਜਾ ਸਮੇਂ ਦੇ ਆਰ-ਪਾਰ ਕਾਇਮ ਰਹੀ ਹੈ। ਇਸ ਲਈ ਚਲੋ ਉਹਨਾਂ ਤੱਥਾ ਉਪਰ ਕੇਂਦਰਿਤ ਹੋਈਏ ਜਿਨ੍ਹਾਂ ਦੀ ਪੇਸ਼ਕਾਰੀ ਉਸਨੇ ਮੁੱਢਲੇ ਤੌਰ 'ਤੇ ਕੀਤੀ ਹੈ :

*ਮਾਰਕਸ ਉਪਰ ਜਰਮਨ ਵਿਦਵਾਨ ਹੀਗਲ ਦਾ*




*ਪ੍ਰਭਾਵ ਸੀ, ਜਿਸਨੇ ਦਾਅਵਾ ਕੀਤਾ ਸੀ ਕਿ ਇਤਿਹਾਸ ਦਾ ਚਾਲਨ ਵਿਚਾਰਾਂ ਅਤੇ ਮਨੁੱਖੀ ਚੇਤਨਾ ਦੇ ਵਿਕਾਸ ਦੁਆਰਾ ਕੀਤਾ ਜਾਂਦਾ ਹੈ। ਪ੍ਰੰਤੂ ਮਾਰਕਸ ਹੀਗਲ ਦੀ ਵਿਚਾਰਧਾਰਾ ਨੂੰ ਉਲਟਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਇਹ ਵਰਗ ਸੰਘਰਸ਼ ਅਤੇ ਉਤਪਾਦਕ ਸ਼ਕਤੀਆਂ ਹਨ ਜੋ ਮਨੁੱਖੀ ਚੇਤਨਾ ਨੂੰ ਆਕਾਰ ਦਿੰਦੇ ਹਨ ਅਤੇ ਇਸਦੇ ਨਾਲ ਹੀ ਇਤਿਹਾਸ ਨੂੰ ਵੀ ਆਕਾਰ ਮਿਲਦਾ ਹੈ। ਇਸਦੇ ਨਤੀਜੇ ਵਜੋਂ ਮਾਰਕਸ ਦਾ ਵਿਸ਼ਵਾਸ਼ ਸੀ ਕਿ ਰੱਬ ਨੇ ਮਨੁੱਖ ਨੂੰ ਨਹੀ ਬਣਾਇਆ ਸਗੋਂ ਮਨੁੱਖ ਦੁਆਰਾ ਹੀ ਰੱਬ ਵੀ ਸਿਰਜਿਆ ਗਿਆ ਹੈ। ਇਹੀ ਪ੍ਰਕਿਰਿਆ ਰਾਜ ਜਾਂ ਆਰਥਿਕਤਾ ਵਰਗੇ ਹੋਰ ਸੰਕਲਪਾਂ ਉਪਰ ਵੀ ਲਾਗੂ ਹੁੰਦੀ ਹੈ। ਇਤਿਹਾਸ ਦੇ ਵਿਕਾਸ ਕ੍ਰਮ ਵਿਚ ਹੀ ਮਨੁੱਖ ਨੇ ਇਹਨਾਂ ਸੱਭ ਸੰਸਥਾਵਾਂ ਅਤੇ ਸੰਕਲਪਾਂ ਦੀ ਰਚਨਾ ਕੀਤੀ ਹੈ। ਇਸਾਈ ਮੱਤ ਦੇ ਦਾਅਵਿਆਂ ਨੂੰ ਚੁਨੌਤੀ ਦੇਣ ਦੀ ਥਾਂ ਮਾਰਕਸ ਦਾ ਵਿਸ਼ਵਾਸ਼ ਸੀ ਕਿ ਸਾਨੂੰ ਧਰਮ ਨੂੰ ਵਿਕਾਸਵਾਦ ਅਤੇ ਮਾਨਵਜਾਤੀ ਦੇ ਇਤਿਹਾਸ ਦੇ ਸੰਦਰਭਾਂ ਵਿਚ ਸਮਝਣਾ ਪਵੇਗਾ। ਇਸ ਲਈ ਲੋਕਾਂ ਦੀ ਪਦਾਰਥਕ ਹਾਲਾਤ ਬਦਲਣ ਖਾਤਰ ਉਸਨੇ ਆਪਣੀ ਅਲੋਚਨਾ ਦਾ ਮੁਹਾਜ ਸਮਾਜਿਕ ਅਤੇ ਰਾਜਨੀਤਿਕ ਖੇਤਰ ਵੱਲ ਵਧਾਇਆ।*

ਦੂਜੇ ਪਾਸੇ, ਸਮਾਜਿਕ ਵਰਗਾਂ ਵਿਚਲੇ ਸੰਘਰਸ਼ ਦਾ ਸੰਸਲੇਸ਼ਣ ਕਰਦਿਆਂ ਮਾਰਕਸ ਅਤੇ ਏਂਗਲਜ਼ ਨੇ 13 ਸ਼ਬਦਾਂ ਵਿਚ ਲਿਖਿਆ ਹੈ : "ਹੁਣ ਤੱਕ ਮੌਜੂਦ ਸਾਰੇ ਸਮਾਜਾਂ ਦਾ ਇਤਿਹਾਸ ਅਸਲ ਵਿਚ ਵਰਗ ਸੰਘਰਸ਼ ਦਾ ਇਤਿਹਾਸ ਹੈ।" ਜਗੀਰੂ ਕੁਲੀਨਤੰਤਰ ਤੋਂ ਲੈ ਕੇ ਉਦਯੋਗਿਕ੍ਰਿਤ ਸਾਮਰਾਜਾਂ ਤੱਕ, ਇਤਿਹਾਸ ਸਦਾ ਹੀ ਨਿਰੰਤਰ ਵਿਕਾਸ ਕਰ ਰਹੀਆਂ ਤਕਨੀਕਾਂ ਅਤੇ ਪ੍ਰਚਲਿਤ ਵਰਗ ਪਰੰਪਰਾਵਾਂ ਦੇ ਦਰਮਿਆਨ ਸੰਘਰਸ਼ ਹੀ ਰਿਹਾ ਹੈ। ਸਮਾਜ ਦੀ ਤਕਨੀਕ ਦੇ ਹਰੇਕ ਵਿਘਟਨ ਨਾਲ, ਸੰਘਰਸ਼ ਵੀ, ਆਪਣਾ ਰੂਪ ਬਦਲ ਲੈਂਦਾ ਹੈ। ਪੁਰਾਣੇ ਵਰਗ ਲੁਪਤ ਹੋ ਜਾਂਦੇ ਹਨ ਅਤੇ ਅੰਤ ਵਿਚ ਕੇਵਲ ਦੋ ਵਰਗ ਹੀ ਹੋਂਦ ਵਿਚ ਰਹਿ ਜਾਂਦੇ ਹਨ : ਵਰਗ ਜੋ ਸਭ ਕੁਝ ਦਾ ਮਾਲਕ ਹੈ ਅਤੇ ਵਰਗ ਜਿਸ ਕੋਲ ਕੁਝ ਵੀ ਨਹੀਂ - ਬੁਰਜੂਆ ਅਤੇ ਪ੍ਰੋਲੇਤਾਰੀ।

ਇਸ ਤੋਂ ਵੀ ਵੱਧ ਕੇ ਮਾਰਕਸ ਨੇ ਪੂੰਜੀਵਾਦ ਦੀ ਇੱਕ ਹੈਰਾਨੀਜਨਕ ਤਸਵੀਰ ਪੇਸ਼ ਕੀਤੀ ਹੈ - ਕਿਸ ਤਰ੍ਹਾਂ ਇਹ ਵਿਸ਼ਵ ਮੰਡੀਆਂ ਦੀ ਰਚਨਾ ਕਰਦਾ ਹੈ, ਕਿਸ ਤਰ੍ਹਾਂ ਇਹ ਨਵੀਆਂ ਲੋੜਾਂ ਦੀ ਖੋਜ ਕਰਦਾ ਹੈ, ਕਿਸ ਤਰ੍ਹਾਂ ਇਹ ਵਿਰਸੇ ਵਿਚ ਮਿਲੀਆਂ ਸਭਿਆਚਾਰਕ ਪ੍ਰੰਪਰਾਵਾਂ ਨੂੰ ਅਸਥਿਰ ਕਰਦਾ ਹੈ ਅਤੇ ਪਦਕ੍ਰਮਾਂ ਦੀ ਉਪੇਕਸ਼ਾ ਕਰਦਾ ਹੈ ਅਤੇ ਹੋਰ ਕਈ ਕੁਝ। ਪੂੰਜੀਵਾਦ ਇਕ ਆਰਥਿਕ ਢਾਂਚਾ ਹੈ, ਜਿਸ ਵਿਚ ਪੂੰਜੀ ਅਤੇ ਵਸਤੂਆਂ ਦੀ ਮਾਲਕੀ ਨਿਜੀ ਵਿਅਕਤੀਆਂ ਜਾਂ ਵਪਾਰਾਂ ਦੇ ਹੱਥ ਹੁੰਦੀ ਹੈ। ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕੇਂਦਰੀ ਨਿਯੋਜਨ (ਨਿਯੋਜਿਤ ਅਰਥ ਵਿਵਸਥਾ ਜਾਂ ਨਿਰਦੇਸ਼ਿਤ ਅਰਥ ਵਿਵਸਥਾ) ਦੇ ਬਜਾਇ ਆਮ ਮੰਡੀ (ਬਜਾਰ ਦੀ ਅਰਥ ਵਿਵਸਥਾ) ਦੀ ਮੰਗ ਅਤੇ ਪੂਰਤੀ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

ਕਮਿਊਨਿਸਟ ਮੈਨੀਫੈਸਟੋ (1848) ਵਿਚ ਉਸਨੇ ਇਸ ਗੱਲ ਦੀ ਵਿਆਖਿਆ ਕੀਤੀ, ਕਿ ਜਗੀਰੂਵਾਦ ਜਾਂ ਗੁਲਾਮੀ ਤੋਂ ਵੱਧ ਪੂੰਜੀਵਾਦ ਕਿਸੇ ਜਿੱਤ ਦਾ ਉਤਪਾਦ ਨਹੀਂ ਹੈ, ਬਲਕਿ ਇਹ ਸਿਵਲ ਸਮਾਜ ਦੇ ਆਪਣੇ ਵਿਕਾਸ ਦਾ ਨਤੀਜਾ ਹੈ ਅਤੇ ਜਦੋਂ ਕੈਪੀਟਲ (ਸਰਮਾਇਆ) ਦਾ ਪ੍ਰਕਾਸ਼ਨ (1867) ਹੋਇਆ, ਮਾਰਕਸ ਪੂੰਜੀਵਾਦ ਦੀਆਂ ਵਿਕਰਿਤੀਆਂ ਬਾਰੇ ਸਮਝ ਚੁੱਕਾ ਸੀ। ਹੁਣ ਉਹ ਇਸ ਗੱਲ ਤੋਂ ਜਾਣੂ ਹੋ ਚੁੱਕਾ ਸੀ ਕਿ ਪੂੰਜੀਵਾਦ ਵਧੇਰੇ ਲਚਕੀਲਾ ਅਤੇ ਚੁਸਤ ਸੀ, ਇਹ ਵਾਧੂ ਉਤਪਾਦਨ ਅਤੇ ਵਾਧੂ ਆਬਾਦੀ ਅਤੇ ਮਾੜੀਆਂ ਫਸਲਾਂ ਅਤੇ ਹੋਰ ਸਭ ਕੁਝ ਦੇ ਨਾਲ ਸਮਾਯੋਜਿਤ ਹੋ ਸਕਦਾ ਸੀ। ਉਸਨੂੰ ਇਹ ਵੀ ਵਧੇਰੇ ਸਪੱਸ਼ਟ ਹੋ ਗਿਆ ਸੀ ਕਿ ਪੂੰਜੀਵਾਦ ਓਨੀ ਆਸਾਨੀ ਨਾਲ ਨਹੀਂ ਹਰਾਇਆ ਜਾ ਸਕਦਾ ਸੀ ਜਿਨਾਂ ਕਿ ਉਸਨੇ ਸੋਚਿਆ ਸੀ। ਉਸਦਾ ਮੂਲਭੂਤ ਨੁਕਤਾ ਇਹ ਸੀ ਕਿ ਇਹ ਸੁਭਾਵਿਕ ਤੌਰ 'ਤੇ ਪਰਿਵਰਤਨਸ਼ੀਲ ਅਤੇ ਸ਼ੋਸ਼ਣਕਾਰੀ ਨਿਜ਼ਾਮ ਸੀ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਮਾਰਕਸ ਦੇ ਰਾਜਨੀਤਿਕ ਅਤੇ ਆਰਥਿਕ ਵਿਚਾਰਾਂ ਦੇ ਸੰਗ੍ਰਹਿ ਨੂੰ ਮਾਰਕਸਵਾਦ ਵਜੋਂ ਜਾਣਿਆ ਜਾਂਦਾ ਹੈ, ਭਾਵੇਂ ਕਿ ਮਾਰਕਸ ਨੇ ਖੁਦ ਕਦੇ ਵੀ ਇਸ ਧਾਰਨਾ ਨੂੰ ਪਸੰਦ ਨਹੀਂ ਕੀਤਾ ਸੀ। ਅਸਲ ਵਿਚ ਇਹ ਵਰਤਾਰਾ 1870 ਵਿਆਂ ਵਿਚ ਵਾਪਰਿਆ ਅਤੇ ਇਹ ਪੱਕੇ ਤੌਰ 'ਤੇ ਇਸ ਵਿਸ਼ਵਾਸ਼ ਨਾਲ ਬੱਝਿਆ ਹੋਇਆ ਹੈ ਕਿ ਸਮੁੱਚਾ ਨਿਜ਼ਾਮ ਹੀ ਅਪਰਾਧੀ ਅਤੇ ਤਰੁੱਟੀ ਪੂਰਨ ਹੈ ਅਤੇ ਇਸਨੂੰ ਲਾਹ ਹੀ ਸੁੱਟਣਾ ਪਵੇਗਾ। ਇਹ ਇਸ ਵਿਚਾਰ ਵੱਲ ਲੈ ਜਾਂਦਾ ਹੈ ਕਿ ਪੂੰਜੀਵਾਦ ਸੰਕਟ ਵਿਚ ਹੈ ਅਤੇ ਇਸਦੇ ਢਹਿਢੇਰੀ ਹੋਣ ਵਿਚ ਤੇਜੀ ਲਿਆਉਣ ਲਈ ਇਨਕਲਾਬਾਂ ਦੀ ਅਹਿਮ ਲੋੜ ਹੈ। ਅਜਿਹੀ ਧਾਰਨਾ ਨੇ 20ਵੀਂ ਸਦੀ ਵਿਚ ਬਾਲਸ਼ਵਿਕਾਂ ਦਾ ਉਦੈ ਕੀਤਾ।

**ਨਵੇਂ ਸੰਸਾਰਿਕ ਨਿਜ਼ਾਮ ਦਾ ਉਥਾਨ :**

1991 ਵਿਚ ਸੋਵੀਅਤ ਯੂਨੀਅਨ ਦੇ ਪਤਨ ਅਤੇ ਪੂਰਬੀ ਯੂਰਪ ਵਿਚ ਸੋਵੀਅਤ ਰਾਜ ਦੇ ਖਿੰਡਰ ਜਾਣ ਤੋਂ ਬਾਅਦ, ਅਜੋਕੇ ਸੰਸਾਰ ਵਿਚ ਆਪਣੀ ਸਮੁੱਚੀ ਸ਼ਕਤੀ ਨਾਲ, "ਨਵੇਂ ਸੰਸਾਰਿਕ ਨਿਜ਼ਾਮ" ਦੀ ਪ੍ਰਕਿਰਤੀ ਉਪਰ ਇਕ ਅੰਤਰਰਾਸ਼ਟਰੀ ਬਹਿਸ ਆਰੰਭ ਹੋਈ। ਸ਼ੀਤ ਯੁੱਧਕਾਲੀਨ ਦੌਰ ਵਿਚ ਅੰਤਰਰਾਸ਼ਟਰੀ ਨਿਜ਼ਾਮ ਅਤੇ ਇਸ ਦੀ ਪ੍ਰਕਿਰਤੀ ਨੂੰ ਬਦਲੇ ਜਾਣ ਦੀਆਂ ਅਟਕਲਬਾਜ਼ੀਆਂ ਆਪਣੇ ਸਿਖਰ 'ਤੇ ਪਹੁੰਚ ਗਈਆਂ ਸਨ। ਬਹੁਤ ਸਾਰੀਆਂ ਵਸਤੂਆਂ ਅਤੇ ਹਾਲਾਤ 1989 ਵਿਚ ਸ਼ੀਤ ਯੁੱਧ ਦੇ ਖਤਮ ਹੋ ਜਾਣ ਤੋਂ ਬਾਅਦ ਬਦਲ ਦਿੱਤੇ ਗਏ ਸਨ, ਕਿਉਂਕਿ ਦੂਜੇ ਵਿਸ਼ਵ ਯੁੱਧ ਤੋਂ ਲੈ ਕੇ ਅਰੰਭਲੇ 1990ਵਿਆਂ ਤੱਕ ਪੂੰਜੀਵਾਦ ਦੇ ਅੰਦਰ ਇਕ ਡਰ ਘਰ ਕਰ ਗਿਆ ਸੀ ਕਿ ਸੰਸਾਰ ਵਿਚ ਮੌਜੂਦਾ ਕਮਿਊਨਿਸਟ ਹੋਂਦ ਨਾਲ ਲੜਨਾ ਅਤੇ ਮੁਕਾਬਲਾ ਕਰਨਾ ਹੀ ਪਵੇਗਾ। ਪ੍ਰੰਤੂ ਅੱਜ ਉਜਰਤੀ ਗੁਲਾਮੀ ਦੇ ਕਾਰਨ ਆਮ ਮਨੁੱਖ ਦੀ ਜ਼ਿੰਦਗੀ ਫਿਰ ਤੋਂ ਅਤਿ ਤਰਸਯੋਗ ਅਤੇ ਅਨਿਸ਼ਚਿਤ ਹੋ ਗਈ ਸੀ। ਇਹ ਮੌਕਾ ਸਮਾਜਿਕ ਲੋਕਤੰਤਰ ਲਈ ਇੱਕ ਸੁਨਹਿਰੀ ਯੁੱਗ ਬਣ ਗਿਆ ਸੀ ਕਿਉਂਕਿ ਧਨ-ਕੁਬੇਰ ਅਤੇ ਸਰਕਾਰਾਂ ਕਮਿਊਨਿਜ਼ਮ ਦਾ ਬਦਲ ਲੱਭਣ ਲਈ ਕਾਹਲੀਆਂ ਪੈ ਗਈਆਂ ਸਨ ਅਤੇ ਇਸਦੇ ਨਤੀਜੇ ਵਜੋਂ ਟਰੇਡ ਯੂਨੀਅਨਾਂ ਨੂੰ ਮਾਨਤਾ ਦੇਣੀ, ਪੈਨਸ਼ਨ ਸਕੀਮਾਂ ਨੂੰ ਲਾਗੂ ਕੀਤਾ ਜਾਣਾ, ਸਿਹਤ ਸੇਵਾਵਾਂ ਦਾ ਅਰੰਭ ਕੀਤਾ ਜਾਣਾ, ਜਨਤਕ ਸਿੱਖਿਆ ਪ੍ਰਣਾਲੀ ਦੀ ਸ਼ੁਰੂਆਤ ਕਰਨਾ, ਲੋਕਤੰਤਰੀ ਪਾਰਟੀਆਂ ਨੂੰ ਉਤਸ਼ਾਹ ਦਿੱਤਾ ਜਾਣਾ ਅਤੇ ਕਲਿਆਣਕਾਰੀ ਰਾਜ ਦੀ ਪ੍ਰੋੜਤਾ ਕੀਤਾ ਜਾਣਾ ਆਦਿ ਨੂੰ ਬਿਹਤਰੀਨ ਰਾਜਕੀ ਪਾਲਸੀ ਬਣਾਉਣਾ ਅਤੇ ਹੋਰ ਕਈ ਕੁੱਝ ਸ਼ਾਮਲ ਹੈ। ਅਜੋਕੇ ਸੰਸਾਰ ਵਿਚ ਸ਼ਾਇਦ ਹੀ ਕੋਈ ਦੇਸ਼ ਪ੍ਰਗਤੀਸ਼ੀਲ ਟੈਕਸ ਪ੍ਰਣਾਲੀ ਤੋਂ ਬਿਨਾਂ ਹੋਵੇ ਅਤੇ ਇਹੀ ਇਕੋ ਇਕ ਛੋਟਾ ਜਿਹਾ ਤਰੀਕਾ ਹੈ ਜਿਸ ਰਾਹੀਂ ਬਹੁਤ ਸਾਰੇ ਦੇਸ਼ ਅੱਜ ਕੁਝ ਹੱਦ ਤੱਕ ਆਮਦਨ ਅਸਮਾਨਤਾ ਨਾਲ ਲੜ ਰਹੇ ਹਨ।

ਪ੍ਰੰਤੂ ਨਾਲ ਹੀ ਅਜੋਕੀਆਂ ਸਰਕਾਰਾਂ ਦੀ ਖਾਮੋਸ਼ ਸਹਿਮਤੀ ਨਾਲ, ਪੂੰਜੀਵਾਦੀਆਂ ਨੇ ਸਬਸਿਡੀਆਂ ਦਾ ਇੰਤਜਾਮ ਕਰ ਲਿਆ ਅਤੇ ਨਾਲ ਹੀ ਲੋੜੀਂਦੇ ਟੈਕਸਾਂ ਤੋਂ ਵੀ ਛੁਟਕਾਰਾ ਪਾ ਲਿਆ।

ਇਸੇ ਲਈ ਨਵ-ਉਦਾਰਵਾਦ ਦੇ ਆਪਣੇ ਨਵੇਂ ਰੂਪ ਵਿਚ, ਪੂੰਜੀਵਾਦ ਨੇ ਆਪਣੀ ਜੜ੍ਹਾਂ ਪੱਕੀਆਂ ਕਰਦਿਆਂ ਮਾਨਵ ਨੂੰ ਮੁੜ ਆਪਣੇ ਨਿਯੰਤਰਣ ਕਰ ਲਿਆ। ਇਹੀ ਉਹ ਪਲ ਸੀ ਜਦੋਂ ਸਥਾਪਤੀ ਮਾਰਕਸ ਦੀ ਮੌਤ ਅਤੇ ਇਤਿਹਾਸ ਦੇ ਅੰਤ ਦੇ ਦਾਅਵੇ ਕਰ ਰਹੀ ਸੀ। ਅਫ਼ਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ "ਉਪਨਗਰਾਂ" ਵਿਚ ਕੰਮ ਕਰ ਰਹੀਆਂ ਯੂਰਪੀ, ਅਮਰੀਕੀ ਅਤੇ ਜਾਪਾਨੀ ਕਾਰਪੋਰੇਸ਼ਨਾਂ, ਇਕ ਵਾਰ ਫਿਰ ਆਪਣੇ ਆਪ ਨੂੰ ਬਸਤੀਵਾਦੀ ਸੰਸਾਧਨ ਲੋਟੂ ਭੂਮਿਕਾ ਵਿਚ ਸੀਮਿਤ ਕਰਦੀਆਂ ਜਾ ਰਹੀਆਂ ਹਨ।

ਚੰਗੇ-ਲੋਕ ਅਤੇ ਸਥਾਪਤੀ ਦੇ ਰਾਜਨੀਤਵਾਨਾਂ ਨੇ ਇਹਨਾਂ ਵਿਕਟ ਹਾਲਾਤਾਂ ਨੂੰ ਉਸੇ ਤਰੀਕੇ ਨਾਲ ਨਜਿਠਣਾ ਆਰੰਭ ਕਰਦਿਆਂ ਆਮਦਨ ਅਸਮਾਨਤਾਵਾਂ ਦੀ ਤਿੱਖੀ ਅਲੋਚਨਾ ਜਾਣਬੁੱਝ ਕੇ ਇਸਦੇ ਕਾਰਨਾਂ (ਮਸ਼ੀਨਾਂ, ਭੂਮੀ, ਸੰਸਾਧਨਾਂ ਉਪਰ ਅਸਮਾਨ ਸੰਪਤੀ ਅਧਿਕਾਰਾਂ ਤੋਂ ਉਪਜੇ ਸ਼ੋਸ਼ਣ) ਨੂੰ ਅੱਖੋਂ ਓਹਲੇ ਕਰਕੇ ਕਰਨੀ ਸ਼ੁਰੂ ਕਰ ਦਿੱਤੀ। ਹਾਸ਼ੀਏ 'ਤੇ ਧੱਕਿਆ ਹਰੇਕ ਵਿਅਕਤੀ ਅਜੇ ਵੀ ਭੋਜਨ ਦੀ ਪੂਰਤੀ ਲਈ, ਬੱਚਿਆਂ ਦੀ ਫੀਸ ਭੁਗਤਾਨ ਲਈ ਸੰਘਰਸ਼ ਕਰਦਾ ਇੱਕ ਕਰੈਡਿਟ ਕਾਰਡ ਤੋਂ ਦੂਜੇ ਕਰੈਡਿਟ ਕਾਰਡ ਵੱਲ ਛੜਪੇ ਮਾਰ ਰਿਹਾ ਹੈ ਜਾਂ ਫਿਰ ਮੰਦੀ ਨਾਲ ਲੜ ਰਿਹਾ ਹੈ।

ਵਰਤਮਾਨ ਸਮੇਂ, ਭਾਵੇਂ ਪੂੰਜੀਵਾਦ ਸੰਸਾਰ ਦੀ ਅਜਿੱਤ ਵਿਸ਼ੇਸ਼ਤਾ ਨਜ਼ਰ ਆ ਰਿਹਾ ਹੈ, ਫਿਰ ਵੀ ਮਾਰਕਸ ਦਾ ਵਿਸ਼ਵਾਸ਼ ਸੀ ਕਿ ਇਸਨੂੰ ਘੱਟ ਵਿਨਾਸ਼ਕਾਰੀ ਰੂਪਾਂ ਵਿਚ ਬਦਲਿਆ ਜਾ ਸਕਦਾ ਹੈ ਅਤੇ ਅਜੋਕੀਆਂ ਰਾਜਨੀਤਿਕ ਪਾਰਟੀਆਂ ਤੋਂ ਅਜਿਹੀ ਹੀ ਅਕਾਂਖਿਆ ਕੀਤੀ ਜਾਣੀ ਚਾਹੀਦੀ ਹੈ।

**ਪੂਰਵ ਗਿਆਨ :**

ਭਾਵੇਂ ਮਾਰਕਸ ਆਪਣੀ ਕਈ ਮਾਨਤਾਵਾਂ ਵਿਚ ਪੂਰਨ ਸਫ਼ਲ ਸਾਬਿਤ ਨਹੀਂ ਹੋਇਆ, ਫਿਰ ਵੀ ਉਸ ਦੀਆਂ ਲਿਖਤਾਂ ਨੇ ਸਮਕਾਲੀਨ ਪੂੰਜੀਵਾਦ ਦੇ ਕਈ ਪੱਖਾਂ ਦੀ ਸਹੀ - ਸਹੀ ਭਵਿੱਖਬਾਣੀ ਕਰ ਦਿੱਤੀ ਸੀ। "ਕਮਿਊਨਿਸਟ ਮੈਨੀਫੈਸਟੋ ਵਿਚ ਉਹਨਾਂ ਨੇ ਉਹਨਾਂ ਵਿਰੋਧਾਭਾਸਾਂ ਅਤੇ ਵਿਕਲਪਾਂ ਦਾ ਵਿਸ਼ਲੇਸ਼ਣ ਪੇਸ਼ ਕਰ ਦਿੱਤਾ ਸੀ ਜਿਨ੍ਹਾਂ ਦੇ ਸਨਮੁੱਖ ਸਾਨੂੰ ਅੱਜ ਹੋਣਾ ਪੈ ਰਿਹਾ ਹੈ ਅਤੇ ਨਾਲ ਹੀ ਉਹ ਸਾਨੂੰ ਭਰੋਸਾ ਵੀ ਦਿੰਦੇ ਹਨ ਕਿ ਅਸੀਂ ਇਕ ਬਿਹਤਰ ਸੰਸਾਰ ਦੀ ਸਿਰਜਣਾ ਕਰ ਸਕਦੇ ਹਾਂ। ਇਹ ਸਾਡੇ ਸਾਹਮਣੇ ਉਹਨਾਂ ਪਰਿਵਰਤਨਾਂ ਦੇ ਅਸਲ ਕਾਰਨਾਂ ਦਾ ਬਖਿਆਨ ਕਰ ਰਹੇ ਹਨ ਜੋ ਸਾਡੇ ਆਲੇ-ਦੁਆਲੇ ਅੱਜ ਫੈਲੇ ਹੋਏ ਹਨ। ਉਹ ਇਹ ਵਿਸ਼ਵਾਸ਼ ਕਰਦੇ ਹਨ ਕਿ ਅਜੋਕੇ ਸੰਸਾਰ ਵਿਚ ਭਾਵੇਂ ਸਮਾਰਟ ਫੋਨ ਹਨ ਜਾਂ ਇੰਟਰਨੈਟ ਜਾਂ ਕਨਵੇਅਰ ਬੈਲਟਾਂ ਅਤੇ ਫੈਕਟਰੀਆਂ ਜੋ ਕੁਝ ਵੀ ਹੈ ਉਹ ਨਿਯੰਤ੍ਰਣ ਤੋਂ ਬਾਹਰ ਨਹੀਂ ਹੈ। ਇਹਨਾਂ ਵਸਤੂਆਂ ਨੂੰ ਸੀਮਿਤ ਕਰਨ ਦੇ ਜਾਂ ਫਿਰ ਘੱਟੋ-ਘੱਟ ਇਹਨਾਂ ਦੇ ਪ੍ਰਭਾਵਾਂ ਨੂੰ ਤਬਦੀਲ ਕਰਨ ਦੇ ਤਰੀਕੇ ਸਾਡੇ ਕੋਲ ਮੌਜੂਦ ਹਨ। ਪਰਿਵਰਤਨ ਲਈ ਸੰਭਾਵਨਾ ਸਦਾ ਮੌਜੂਦ ਰਹਿੰਦੀ ਹੈ ਅਤੇ ਰਾਜਨੀਤੀ ਹੀ ਇਹ ਪਰਿਵਰਤਨ ਦਾ ਰਾਹ ਹੈ।

ਇਥੇ 21ਵੀਂ ਸਦੀ ਦੀ ਜ਼ਿੰਦਗੀ ਦੇ ਕੁਝ ਤੱਥ ਹਨ, ਜਿਨ੍ਹਾਂ ਦੀ ਭਵਿੱਖਬਾਣੀ ਮਾਰਕਸ ਨੇ ਪੂੰਜੀਵਾਦ ਦਾ ਵਿਸ਼ਲੇਸ਼ਣ ਕਰਦਿਆਂ ਇਕ ਸਦੀ ਤੋਂ ਵੀ ਵੱਧ ਸਮੇਂ ਪਹਿਲਾਂ ਪੇਸ਼ ਕੀਤੀ ਸੀ।

1. **ਵਿਆਪਕ ਮੰਦੀ** - ਪੂੰਜੀਵਾਦ ਦੀ ਸੰਕਟ-ਭਰਪੂਰ ਪ੍ਰਕਿਰਤੀ ਮਾਰਕਸ ਦੀਆਂ ਲਿਖਤਾਂ ਦਾ ਇੱਕ ਮੁੱਖ ਭਾਗ ਸੀ। ਉਸਨੇ ਤਰਕ ਦਿੱਤਾ ਸੀ ਕਿ ਮੁਨਾਫ਼ੇ ਦੀ ਅੰਨ੍ਹੀ ਦੌੜ ਕੰਪਨੀਆਂ ਨੂੰ ਆਪਣੇ ਕਾਰਖਾਨਿਆਂ ਨੂੰ ਹੋਰ ਵਧੇਰੇ ਮਸ਼ੀਨੀਕ੍ਰਿਤ ਕਰਨ ਲਈ ਪ੍ਰੇਰਿਤ ਕਰੇਗੀ, ਜਿਸ ਰਾਹੀਂ ਉਹ ਹੋਰ ਵਧੇਰੇ ਵਸਤੂਆਂ ਦਾ ਉਤਪਾਦਨ ਕਰਦੇ ਹੋਏ ਮਜਦੂਰਾਂ ਦੀ ਉਜਰਤ ਨੂੰ ਇਨ੍ਹਾਂ ਘਟਾ ਦੇਣਗੇ ਕਿ ਉਹ ਆਪਣੇ ਦੁਆਰਾ ਬਣਾਏ ਉਤਪਾਦਾਂ ਨੂੰ ਖਰੀਦਣ ਦੇ ਯੋਗ ਹੀ ਨਹੀਂ ਰਹਿ ਜਾਣਗੇ। ਤਾਜਾਤਰੀਨ ਆਧੁਨਿਕ ਘਟਨਾਵਾਂ ਇਹ ਸਾਬਿਤ ਕਰਦੀਆਂ ਹਨ ਕਿ ਇਹ ਕੁਚੱਕਰ ਅਜੇ ਵੀ ਸਾਡੀਆਂ ਅੱਖਾਂ ਸਾਹਮਣੇ ਚੱਲ ਰਿਹਾ ਹੈ : ਵਿਆਪਕ ਤੌਰ 'ਤੇ ਗੱਲ ਕਰੀਏ ਤਾਂ ਇਹੀ ਤੱਥ ਸੀ ਜਿਸਨੇ 2008 ਵਿਚ ਘਰ-ਸੰਪਤੀ ਮੰਡੀ ਨੂੰ ਢਹਿ-ਢੇਰੀ ਕਰ ਦਿੱਤਾ ਸੀ। ਦਹਾਕਿਆਂ ਤੋਂ ਗਹਿਰਾ ਅਸਮਾਨਤਾ ਨੇ ਉਜਰਤਾਂ ਵਿਚ ਕਮੀ ਲੈ ਆਂਦੀ ਜਿਸ ਕਾਰਨ ਵੱਧ ਤੋਂ ਵੱਧ ਲੋਕ ਕਰਜੇ ਲੈਣ ਲੱਗੇ। ਜਦੋਂ ਕੋਈ ਵੀ ਸਬਪ੍ਰਾਈਮ ਉਧਾਰ ਲੈਣ ਵਾਲਾ ਸਕੀਮ ਵਿਚ ਬਾਕੀ ਨਾ ਰਿਹਾ ਤਾਂ ਸਾਰਾ ਮੁਖੌਟਾ ਲਹਿ ਕੇ ਹੇਠਾਂ ਜਾ ਪਿਆ, ਜਿਵੇਂ ਕਿ ਮਾਰਕਸ ਨੂੰ ਪਹਿਲਾਂ ਹੀ ਪਤਾ ਸੀ ਕਿ ਅਜਿਹਾ ਹੀ ਹੋਵੇਗਾ।

2. **ਆਈ ਫ਼ੋਨ 5 ਐਸ** - ਮਾਰਕਸ ਨੇ ਚੇਤਾਵਨੀ ਦਿੱਤੀ ਸੀ ਕਿ ਪੂੰਜੀਵਾਦ ਦੀ ਗੈਰਤਾਰਕਿਕ ਉਤਪਾਦਾਂ ਉਪਰ ਲੋੜੋਂ ਵੱਧ ਜ਼ੋਰ ਦੇਣ ਦੀ ਪ੍ਰਵਿਰਤੀ ਸਮੇਂ ਦੇ ਨਾਲ ਉਹਨਾਂ ਹਾਲਾਤ ਵੱਲ ਲੈ ਜਾਵੇਗੀ ਜਿਸਨੂੰ ਉਹ ਮਨਸੂਈ ਅਤੇ ਕਾਲਪਨਿਕ ਭੁੱਖ ਕਹਿੰਦਾ ਹੈ। ਸਮਕਾਲੀਨ ਪੱਛਮੀ ਜਗਤ ਦੀ ਵਿਆਖਿਆ ਕਰਨ ਦਾ ਇਹ ਇਕ ਸਹੀ ਤਰੀਕਾ ਹੈ, ਜਿਥੇ ਅਸੀਂ ਅਮੁੱਕ ਸੁੱਖ ਸਹੂਲਤਾਂ ਨੂੰ ਮਾਣ ਰਹੇ ਹਾਂ ਅਤੇ ਫਿਰ ਵੀ ਹੋਰ-ਹੋਰ ਵਸਤੂਆਂ ਖਰੀਦਣ ਦੀ ਨਿਰੰਤਰ ਭੁੱਖ ਦੇ ਸ਼ਿਕਾਰ ਹਾਂ। ਉਦਾਹਰਣ ਵਜੋਂ ਆਈਫੋਨ 5 ਐਸ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ ਜੋ ਕਿ ਤੁਹਾਡੇ ਕੋਲ ਹੋਵੇ। ਕੀ ਇਹ ਸਚਮੁੱਚ ਹੀ ਆਈਫ਼ੋਨ 5 ਤੋਂ ਬਹੁਤ ਵਧੀਆ ਹੈ ਜੋ ਤੁਹਾਡੇ ਕੋਲ ਪਿਛਲੇ ਵਰ੍ਹੇ ਸੀ ਜਾਂ ਉਸ ਤੋਂ ਪਿਛਲੇ ਵਰ੍ਹੇ ਵਾਲੇ ਆਈਫ਼ੋਨ 4ਐਸ ਤੋਂ ? ਕੀ ਸਚਮੁੱਚ ਹੀ ਇਹ ਅਸਲ ਜ਼ਰੂਰਤ ਹੈ ਜਾਂ ਫਿਰ ਇਕ ਖੋਜੀ ਜਾਂ ਘੜੀ ਗਈ ਲੋੜ ਹੈ ?

3. **ਆਈ.ਐਮ.ਐਫ.** (ਪੂੰਜੀਵਾਦ ਦਾ ਵਿਸ਼ਵੀਕਰਨ) - ਮਾਰਕਸ ਦੇ ਫਾਲਤੂ ਉਤਪਾਦਨ ਬਾਰੇ ਵਿਚਾਰਾਂ ਨੇ ਉਸਨੂੰ ਉਸ ਤੱਥ ਦੀ ਭਵਿੱਖਬਾਣੀ ਕਰਨ ਵੱਲ ਪ੍ਰੇਰਿਤ ਕੀਤਾ ਜਿਸਨੂੰ ਅੱਜਕਲ ਵਿਸ਼ਵੀਕਰਨ ਕਿਹਾ ਜਾਂਦਾ ਹੈ - ਨਵੀਆਂ ਮੰਡੀਆਂ ਦੀ ਖੋਜ ਵਿਚ ਪੂੰਜੀਵਾਦ ਦਾ ਸਮੁੱਚੇ ਗ੍ਰਹਿ ਉਤੇ ਫੈਲ ਜਾਣਾ। ਉਹ ਲਿਖਦਾ ਹੈ, "ਆਪਣੇ ਉਤਪਾਦਾਂ ਲਈ ਨਿਰੰਤਰ ਫੈਲਦੀ ਮੰਡੀ ਦੀ ਤਲਾਸ਼ ਦੀ ਹੋੜ ਬੁਰਜੂਆਵਾਂ ਦਾ ਪਿੱਛਾਂ ਸਮੁੱਚੇ ਗ੍ਰਹਿ ਉਪਰ ਕਰਦੀ ਹੈ।" ਮਾਰਕਸ ਨੇ ਇਹ ਸ਼ਬਦ 1848 ਵਿਚ ਲਿਖੇ ਸਨ, ਜਦੋਂ ਵਿਸ਼ਵੀਕਰਨ ਅਜੇ ਇਕ ਸਦੀ ਦੂਰ ਸੀ ਅਤੇ ਉਹ ਇਸ ਬਾਰੇ ਬਿਲਕੁਲ ਠੀਕ ਸੀ ਕਿ ਇਹ ਕਿਉਂ ਹੋਇਆ : ਨਵੀਆਂ ਮੰਡੀਆਂ ਅਤੇ ਸਸਤੀ ਮਜਦੂਰੀ ਦੀ ਨਿਰੰਤਰ ਖੋਜ ਦੇ ਨਾਲ-ਨਾਲ ਹੋਰ ਕੁਦਰਤੀ ਸਾਧਨਾਂ ਦੀ ਲਗਾਤਾਰ ਮੰਗ, ਪੂੰਜੀਵਾਦੀਆਂ ਦੇ ਲਾਲਚ ਨੂੰ ਉਤੇਜਿਤ ਕਰਦੀ ਹੈ ਕਿ ਉਹ ਧਰਤੀ ਦੇ ਹਰ ਇਕ ਕੋਨੇ ਵਿਚ ਖੋਜਣ ਲਈ ਪਹੁੰਚ ਜਾਣ।

4. **ਵਾਲਮਾਰਟ (ਏਕਾਧਿਕਾਰ)** - ਅਰਥਸ਼ਾਸਤਰ ਦੀ ਸਨਾਤਨੀ ਵਿਚਾਰਧਾਰਾ ਦੀ ਇਹ ਮਾਨਤਾ ਸੀ ਕਿ ਮੰਡੀ ਦਾ ਮੁਕਾਬਲਾ ਸੁਭਾਵਕ ਹੋਣ ਕਾਰਣ ਆਤਮ ਨਿਰਭਰ ਸੀ। ਪ੍ਰੰਤੂ ਮਾਰਕਸ ਨੇ ਤਰਕ ਦਿੱਤਾ ਕਿ ਮੰਡੀ ਦੀ ਤਾਕਤ ਅਸਲ ਵਿੱਚ ਵੱਡੀਆਂ ਏਕਾਧਿਕਾਰੀ ਫਰਮਾਂ ਦੇ ਹੱਥਾਂ ਵਿਚ ਕੇਂਦਰਿਤ ਹੋ ਜਾਵੇਗੀ ਕਿਉਂਕਿ ਵਪਾਰਿਕ ਘਰਾਣੇ ਤੇਜੀ ਨਾਲ ਇਕ ਦੂਜੇ ਦਾ ਸ਼ਿਕਾਰ ਕਰਦੇ ਰਹਿਣਗੇ। ਇਹ 19ਵੀਂ ਸਦੀ ਦੇ ਪਾਠਕ ਨੂੰ ਸ਼ਾਇਦ ਅਟਪਟਾ ਲੱਗ ਸਕਦਾ ਸੀ। ਪ੍ਰੰਤੂ ਸਿਰਫ਼ 20ਵੀਂ ਸਦੀ ਦੇ ਆਉਣ ਤੱਕ ਹੀ ਜਿਸ ਪ੍ਰਵਿਰਤੀ ਨੂੰ ਮਾਰਕਸ ਨੇ ਪਹਿਲਾਂ ਹੀ ਅਨੁਭਵ ਕਰ ਲਿਆ ਸੀ ਉਹ ਤੇਜ ਹੋਣ ਲਗ ਪਈ। ਅੱਜ, "ਛੋਟੀਆਂ - ਛੋਟੀਆਂ ਦੁਕਾਨਾਂ ਦੀ ਜਗ੍ਹਾ ਵਾਲਮਾਰਟ ਵਰਗੇ ਵੱਡੇ - ਵੱਡੇ ਸਟੋਰਾਂ ਨੇ ਮੱਲ ਲਈ ਹੈ, ਛੋਟੇ ਸਮੁਦਾਇਕ ਬੈਂਕਾਂ ਦੀ ਜਗ੍ਹਾ ਜੇ.ਪੀ. ਮੋਰਗਨ ਵਰਗੇ ਵੱਡੇ ਸੰਸਾਰਿਕ ਬੈਂਕਾਂ ਨੇ ਲੈ ਲਈ ਹੈ ਅਤੇ ਨਿੱਕੇ ਨਿੱਕੇ ਕਿਸਾਨੀ ਜੋਤਾਂ ਦੀ ਜਗ੍ਹਾ ਆਰਚਰ ਡੈਨੀਅਲ ਮਿਡਲੈਂਡ ਵਰਗੀਆਂ ਵਪਾਰਿਕ ਕੰਪਨੀਆਂ ਨੇ ਹੜਪ ਲਈ ਹੈ।" ਤਕਨੀਕੀ ਸੰਸਾਰ ਪਹਿਲਾਂ ਹੀ ਕੇਂਦਰੀਕ੍ਰਿਤ ਹੋ ਰਿਹਾ ਹੈ, ਜਿੱਥੇ ਵੱਡੀਆਂ-ਵੱਡੀਆਂ ਕਾਰਪੋਰੇਸ਼ਨਾਂ ਨਿੱਕੀਆਂ ਨਿੱਕੀਆਂ ਫਰਮਾਂ ਨੂੰ ਜਿੰਨੀ ਜਲਦੀ ਹੋ ਸਕੇ ਹੜਪੀ ਜਾ ਰਹੀਆਂ ਹਨ। ਰਾਜਨੇਤਾ ਛੋਟੇ ਵਪਾਰਾਂ ਨੂੰ ਦਿਖਾਵਟੀ ਸੇਵਾ ਦੇ ਰਹੇ ਹਨ ਪ੍ਰੰਤੂ ਵੱਡੇ ਵਪਾਰਿਕ ਘਰਾਣਿਆਂ ਨਾਲ ਮਿਲੀਭੁਗਤ ਨਾਲ ਚੋਣਾਂ ਜਿੱਤਣ ਲਈ ਪੈਸਾ ਬਣਾ ਰਹੇ ਹਨ।

5. **ਨਿਮਨ ਮਜਦੂਰੀ ਦਰਾਂ, ਵੱਡੇ ਲਾਭ** - ਮਾਰਕਸ ਦਾ ਵਿਸ਼ਵਾਸ਼ ਸੀ ਕਿ "ਮਜਦੂਰਾਂ ਦੀ ਇੱਕ ਰਾਖਵੀਂ ਸੈਨਾ" ਦੁਆਰਾ ਮਜਦੂਰੀ ਦਰਾਂ ਵਿਚ ਕਮੀ ਲੈ ਆਂਦੀ ਜਾਵੇਗੀ, ਪੂੰਜੀਪਤੀਆਂ ਦੀ ਇੱਛਾ ਜਿਨਾ




ਸੰਭਵ ਹੋ ਸਕੇ ਮਜਦੂਰਾਂ ਨੂੰ ਘੱਟੋ ਘੱਟ ਭੁਗਤਾਨ ਕਰਨ ਦੀ ਹੋਵੇਗੀ ਅਤੇ ਅਜਿਹਾ ਕਰਨਾ ਉਦੋਂ ਸਭ ਤੋਂ ਸੁਖਾਲਾ ਹੁੰਦਾ ਹੈ ਜਦੋਂ ਬਹੁਤ ਸਾਰੇ ਮਜਦੂਰ ਉਪਲਬਧ ਹੋਣ। ਇਸ ਤਰ੍ਹਾਂ ਬੇਰੁਜਗਾਰੀ ਦੀ ਉਹੀ ਦਰ ਮਜਦੂਰੀ ਨੂੰ ਸਥਿਰ ਕਰ ਦੇਵੇਗੀ ਅਤੇ ਮੁਨਾਫ਼ੇ ਵੱਧਦੇ ਜਾਣਗੇ, ਕਿਉਂਕਿ ਮਜਦੂਰ ਆਪਣੀਆਂ ਨੌਕਰੀਆਂ ਛੱਡਣ ਤੋਂ ਡਰਦੇ ਰਹਿਣਗੇ ਅਤੇ ਇਸ ਨਾਲ ਜੋੜ-ਤੋੜ ਕਰਨ ਦੀਆਂ ਬਹੁਤ ਥੋੜੀਆਂ ਸ਼ਕਤੀਆਂ ਰਹਿ ਜਾਣਗੀਆਂ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਸਾਂਵੇ ਵਿਕਾਸ ਲਈ ਬਿਹਤਰੀਨ ਸਮਾਂ "ਪੂਰਨ ਰੋਜਗਾਰ" ਦੀ ਅਵਸਥਾ ਵਿਚ ਹੀ ਹੁੰਦਾ ਹੈ, ਜਦੋਂ ਬੇਰੁਜਗਾਰੀ ਦੀ ਦਰ ਬਹੁਤ ਘੱਟ ਹੋਵੇ, ਮਜਦੂਰਾਂ ਦਾ ਕੰਮ ਛੱਡ ਕੇ ਹੋਰ ਕੰਮ 'ਤੇ ਜਾਣ ਦਾ ਡਰ ਵਿਆਪਤ ਰਹਿੰਦਾ ਹੈ।

ਮਾਰਕਸ ਨੇ ਹੋਰ ਵੀ ਕਈ ਤੱਥਾਂ ਨੂੰ ਸਹੀ ਸਹੀ ਵਿਸ਼ਲੇਸ਼ਿਤ ਕੀਤਾ ਸੀ। ਉਹ ਸਮਝ ਚੁੱਕਾ ਸੀ ਕਿ ਉਦਯੋਗਿਕਰਨ ਸਮਾਜਿਕ ਢਾਂਚਿਆਂ ਨੂੰ ਮੁਧੜੇ ਮੂੰਹ ਉਲਟ ਦੇਵੇਗਾ ਅਤੇ ਉਹਨਾਂ ਦੀ ਜਗ੍ਹਾਂ ਨਵੇਂ ਢਾਂਚਿਆਂ ਨੂੰ ਸਥਾਪਿਤ ਕਰ ਦੇਵੇਗਾ। ਉਸਨੂੰ ਪੂੰਜੀਵਾਦ ਦੇ ਜਨਮਜਾਤ ਵਿਰੋਧਾਭਾਸਾਂ, ਵਪਾਰਿਕ ਚੱਕਰਾਂ ਅਤੇ ਅਸਥਿਰਤਾ ਦੇ ਭੇਦਾਂ ਬਾਰੇ ਵੀ ਚਾਨਣਾ ਪੈ ਚੁੱਕਾ ਸੀ।

ਭਾਵੇਂ ਕਿ ਅੱਜ ਵਧੇਰੇ ਕਰਕੇ ਕਮਿਊਨਿਸਟ ਪਾਰਟੀਆਂ ਰਾਜਨੀਤਿਕ ਚਿਤਰਪਟ ਤੋਂ ਅਲੋਪ ਹੋ ਚੁੱਕੀਆਂ ਹਨ ਪ੍ਰੰਤੂ ਮੈਨੀਫੈਸਟੋ ਰਾਹੀਂ ਚਾਲਿਤ ਕਮਿਊਨਿਜਮ ਦੀ ਭਾਵਨਾ ਅਜੇ ਵੀ ਤਾਜਾਦਮ ਹੈ। ਕੋਈ ਜੋ ਮੈਨੀਫੈਸਟੋ ਨੂੰ ਅੱਜ ਵੀ ਪੜ੍ਹੇਗਾ, ਉਸਦੀਆਂ ਅੱਖਾਂ ਸਾਹਮਣੇ ਤਕਨੀਕੀ ਖੋਜਾਂ ਦੇ ਕਿਨਾਰੇ ਤੇ ਘੁੰਮਣਘੇਰੀ ਵਿਚ ਪਏ ਅੱਜ ਦੇ ਸਮਾਜ ਦੀ ਤਸਵੀਰ ਸਾਕਾਰ ਹੋ ਜਾਵੇਗੀ। ਮੈਨੀਫੈਸਟੋ ਦੇ ਸਮਿਆਂ ਵਿਚ ਸਿਰਫ਼ ਸਟੀਮ ਇੰਜਣ (1812) ਦੀ ਖੋਜ ਨੇ ਹੀ ਜਗੀਰੂ ਤਰਜ਼ੇ ਜ਼ਿੰਦਗੀ ਦੀ ਤਾਲ ਅਤੇ ਨਿਯਮਿਤਤਾ ਸਾਹਮਣੇ ਹੀ ਸਭ ਤੋਂ ਮਹਾਨ ਚੁਣੌਤੀ ਰੱਖ ਦਿੱਤੀ ਸੀ।

## ਮਾਰਕਸਵਾਦ ਦੇ ਭਿੰਨ ਭਿੰਨ ਰੂਪ

'ਅਜੋਕੇ ਪ੍ਰਸੰਗਾਂ ਦੇ ਸੰਦਰਭ' ਵਿਚ ਜਿਨਾਂ ਨੇ ਇਹ ਦਾਅਵਾ ਕੀਤਾ ਹੈ ਕਿ ਮਾਰਕਸਵਾਦ ਦੀ "ਮੌਤ" ਹੋ ਚੁੱਕੀ ਹੈ, ਉਹਨਾਂ ਨੇ ਇਹ ਦਾਅਵਾ ਖਾਸ ਰਾਜਾਂ ਦੇ ਢਹਿ-ਢੇਰੀ ਹੋ ਜਾਣ ਜਾਂ ਫਿਰ ਪੂੰਜੀਵਾਦੀ ਪ੍ਰਥਾਵਾਂ ਵੱਲ ਮੋੜਾ ਕਟ ਲੈਣ ਤੋਂ ਘੜੀਆਂ ਸੀ - ਜਿਨ੍ਹਾਂ ਵਿਚ ਸਭ ਤੋਂ ਉਪਰ ਸੋਵੀਅਤ ਯੂਨੀਅਨ ਅਤੇ ਪੀਪਲਜ਼ ਰੀਪਬਲਿਕ ਆਫ਼ ਚੀਨ ਦਾ ਨਾਮ ਜਿਕਰਯੋਗ ਹੈ - ਜਿਨ੍ਹਾਂ ਨੇ ਅੰਸ਼ਿਕ ਰੂਪ ਨਾਲ ਹੀ ਮਾਰਕਸਵਾਦੀ ਸਿਧਾਂਤਾਂ ਨੂੰ ਲਾਗੂ ਕੀਤਾ ਸੀ। ਇਹਨਾਂ ਸਾਰੇ ਰਾਜਾਂ ਦਾ ਵਿਕਾਸ ਵਿਸ਼ੇਸ਼ ਹਾਲਾਤਾਂ ਅਧੀਨ ਹੋਇਆ ਸੀ ਜੋ ਕਿ ਨਿੱਜੀ ਅਤੇ ਕਾਰਪੋਰੇਟ ਪੂੰਜੀ ਨੂੰ ਪ੍ਰਤੀਬਿੰਬਤ ਕਰਦੇ ਸਨ।

ਦੂਜੇ ਪਾਸੇ, ਮਾਰਕਸਵਾਦ ਦੇ ਕਈ ਵਿਭਿੰਨ ਸੰਸਕਰਨ ਹਨ - ਰੂਸੀ, ਚੀਨੀ, ਵੀਅਤਨਾਮੀ, ਕਿਊਬਨ, ਉੱਤਰੀ ਕੋਰੀਆਈ ਆਦਿ, ਪ੍ਰੰਤੂ ਮਾਰਕਸਵਾਦ ਦੀ ਮਹਾਨ ਮਹਤੱਤਾ ਸਿਧਾਂਤ ਅਤੇ ਅਮਲ ਦੀ ਉਸ ਪਹੁੰਚ ਵਿਚ ਹੈ ਜਿਸਦਾ ਵਿਕਾਸ ਖੁਦ ਮਾਰਕਸ ਨੇ ਕੀਤਾ ਸੀ। ਸਾਨੂੰ ਇਸ ਤੱਥ ਦੀ ਪਹਿਚਾਣ ਵੀ ਕਰਨੀ ਪਵੇਗੀ ਕਿ ਵਿਭਿੰਨ ਦੇਸ਼ਾਂ ਦੇ ਮਾਰਕਸਵਾਦੀ ਨੇਤਾਵਾਂ ਦੁਆਰਾ ਮਾਰਕਸਵਾਦੀ ਵਿਚਾਰਾਂ ਦੇ ਅਸਲ ਸੰਗ੍ਰਹਿ ਵਿਚੋਂ ਚੁਣੀਂਦਾ ਤਰੀਕਿਆਂ ਨਾਲ ਹੀ ਵਰਤੋਂ ਕੀਤੀ ਗਈ ਸੀ। ਉਹ ਮਾਰਕਸ ਦੁਆਰਾ ਅਪਨਾਏ ਗਏ ਵਿਚਾਰਾਂ ਅਤੇ ਮਾਪਦੰਡਾਂ ਉਪਰ ਕਦੇ ਵੀ ਤਰਕਸੰਗਤ ਹੋ ਕੇ ਨਹੀਂ ਸਨ ਤੁਰੇ।

ਸੋਵੀਅਤ ਯੂਨੀਅਨ ਦੇ ਪ੍ਰਸੰਗ ਵਿਚ ਜਿਹੜੀ ਲੀਡਰਸ਼ਿਪ ਨੇ 1917 ਵਿਚ ਸੱਤਾ ਹਾਸਲ ਕੀਤੀ ਸੀ, ਉਹਨਾਂ ਨੂੰ ਬਹੁਤ ਜਲਦੀ ਹੀ ਖਾਨਾਜੰਗੀ ਦਾ ਸਾਹਮਣਾ ਕਰਨਾ ਪਿਆ, ਜਿਸ ਖਾਨਾਜੰਗੀ ਨੂੰ 14 ਮੁਲਕਾਂ ਦੇ ਪੂੰਜੀਵਾਦੀ ਰਾਜ ਮਦਦ ਕਰ ਰਹੇ ਸਨ। ਫਿਰ ਥੋੜੇ ਸਮੇਂ ਬਾਅਦ ਹੀ ਤੇਜੀ ਨਾਲ ਉਦਯੋਗੀਕਰਨ ਦੀ ਪ੍ਰਕਿਰਿਆ ਤੋਂ ਅਸਮਰੱਥ ਰਹਿਣ ਅਤੇ ਵਿਦੇਸ਼ ਹਮਲਿਆਂ ਤੋਂ ਰਾਖੀ ਲਈ ਇਕ ਸ਼ਕਤੀਸ਼ਾਲੀ ਸੈਨਿਕ ਸ਼ਕਤੀ ਦੀ ਸਥਾਪਨਾ ਕਰਨ ਲਈ ਸੋਵੀਅਤ ਰਾਜ ਨੇ ਸਭ ਤੋਂ ਪਿਛਾਂਹ ਖਿੱਚੂ ਤਰੀਕੇ ਅਪਨਾਅ ਕੇ ਆਪਣੀ ਸੱਤਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ। ਇਸਨੇ ਕਮਿਊਨਿਸਟ ਪਾਰਟੀ ਉਪਰ ਵੀ ਨਾਜਾਇਜ਼ ਨਿਯੰਤ੍ਰਣ ਦਾ ਪ੍ਰਯੋਗ ਕਾਇਮ ਰੱਖਿਆ ਜਿਸਦੇ ਕਿ ਆਮ ਤੌਰ 'ਤੇ ਵਿਪਰੀਤ ਅਤੇ ਕਈ ਵਾਰ ਤਬਾਹਕੁੰਨ ਨਤੀਜੇ ਨਿਕਲੇ।

ਕਿਰਤ ਸੰਬੰਧ ਉਸ ਪ੍ਰਕਾਰ ਤਬਦੀਲ ਨਹੀਂ ਕੀਤੇ ਗਏ ਸਨ, ਜਿਸ ਪ੍ਰਕਾਰ ਮਾਰਕਸ ਦੁਆਰਾ ਕਲਪਿਤ ਕੀਤੇ ਗਏ ਸਨ। ਦੇਸ਼ ਦੀ ਲੀਡਰਸ਼ਿਪ ਦੇ ਅੰਦਰੂਨ, ਜਿਸ ਪ੍ਰਕਾਰ ਦੀ ਵਿਚਾਰ ਚਰਚਾ ਇਨਕਲਾਬ ਦੇ ਮੁੱਢਲੇ ਸਾਲਾਂ ਵਿਚ ਆਮ ਸੀ ਉਸਦੀ ਜਗ੍ਹਾ ਤਾਨਾਸ਼ਾਹੀ ਅਤੇ ਆਤੰਕ ਦੇ ਮਾਹੌਲ ਨੇ ਮਲ ਲਈ ਸੀ। ਮਾਰਕਸ ਦੀਆਂ ਅਲਗਾਵਵਾਦ ਉਪਰ ਲਿਖੀਆਂ ਮੁੱਢਲੀਆਂ ਲਿਖਤਾਂ ਵਿਚ ਪੂੰਜੀਵਾਦੀ ਉਤਪਾਦਨ ਢਾਂਚੇ ਦਾ ਮਜਦੂਰਾਂ ਉਪਰ ਪੈਂਦੇ ਜਿਸ ਮਨੋਵਿਗਿਆਨਕ ਪ੍ਰਭਾਵਾਂ ਉਪਰ ਜ਼ੋਰ ਦਿੱਤਾ ਗਿਆ ਸੀ, ਉਹਨਾਂ ਉਪਰ ਪੂਰੀ ਤਰ੍ਹਾਂ ਅਮਲ ਨਹੀਂ ਸੀ ਕੀਤਾ ਗਿਆ। ਇਹ ਸਾਰੇ ਤੱਥ ਮਿਲ ਕੇ ਉਹਨਾਂ ਸੱਭ ਪਦਾਰਥਕ ਪ੍ਰਾਪਤੀਆਂ ਨੂੰ ਖਿੰਨ-ਭਿੰਨ ਕਰਨ ਲਈ ਜਿੰਮੇਵਾਰ ਸਨ ਜੋ ਵੀ ਲੋਕਾਂ ਹਾਸਲ ਕਰਨ ਲਈ ਇਨਕਲਾਬ ਪਹਿਲਾਂ ਕਾਮਯਾਬ ਹੋਇਆ ਸੀ। ਇਸ ਤਰੀਕੇ ਨਾਲ, ਵੱਡੀ ਗਿਣਤੀ ਵਿਚ ਜਨਤਾ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਅਧਿਕਾਰੀ ਵਰਗ ਦੁਆਰਾ ਉਹਨਾਂ ਨੂੰ ਉਸ ਪ੍ਰਕਾਰ ਦੀ ਸੇਵਾ ਪ੍ਰਦਾਨ ਨਹੀਂ ਕੀਤੀ ਜਾ ਰਹੀ ਸੀ ਜਿਹੀ ਕਿ ਸਮਾਜਵਾਦ ਦੇ ਨਾਮ 'ਤੇ ਹੋਣੀ ਚਾਹੀਦੀ ਸੀ।

ਬਿਲਕੁਲ ਇਸੇ ਤਰ੍ਹਾਂ ਹੀ, ਜਿਸ ਤਰ੍ਹਾਂ ਮਾਓ ਨੇ ਮਾਰਕਸਵਾਦ ਉਪਰ ਅਧਾਰਿਤ ਨਿਜ਼ਾਮ ਦੀ ਰਚਨਾ ਕੀਤੀ ਸੀ, ਉਸਦੇ ਗੱਦੀ ਨਸ਼ੀਨ ਡੇਂਗ ਨੇ ਮਾਰਕਸਵਾਦ ਦਾ ਤਿਆਗ ਕਰਦਿਆਂ ਆਪਣੇ ਦੂਰ ਤੱਕ ਪਹੁੰਚ ਕਰਦੇ ਮੰਡੀ ਦੀ ਆਰਥਿਕਤਾ ਸੁਧਾਰ ਲਾਗੂ ਕਰ ਦਿੱਤੇ। ਮਾਓ ਦਾ ਮਹਾਨ ਯੋਗਦਾਨ ਕਿਸਾਨੀ ਨੂੰ ਇਨਕਲਾਬੀ ਸ਼ਕਤੀ ਵਿਚ ਤਬਦੀਲ ਕਰਕੇ ਨਿਜ਼ਾਮ ਦੀ ਰਚਨਾ ਕਰਨਾ ਸੀ। ਉਸਨੇ ਉਹਨਾਂ ਪਾਰਟੀ ਨੇਤਾਵਾਂ ਤੋਂ ਖ਼ਤਰਾ ਭਾਂਪ ਲਿਆ ਸੀ ਜਿਨਾਂ ਨੂੰ ਉਹ "ਪੂੰਜੀਵਾਦੀ ਰੋਡਰ" ਕਹਿੰਦਾ ਸੀ, ਉਹਨਾਂ ਨੂੰ ਜੜ੍ਹੋਂ ਪੁਟਣ ਲਈ ਉਸਨੇ ਸਭਿਆਚਾਰਕ ਇਨਕਲਾਬ ਰਾਹੀਂ ਕੋਸ਼ਿਸ਼ ਕੀਤੀ। ਪ੍ਰੰਤੂ ਲੋਕਤੰਤਰੀ ਢਾਂਚੇ ਦੀ ਘਾਟ ਕਾਰਨ, ਇਹ ਪ੍ਰਕਿਰਿਆ ਨਿਯੰਤ੍ਰਣ ਤੋਂ ਬਹੁਤ ਜਿਆਦਾ ਬਾਹਰ ਹੋ ਗਈ ਅਤੇ ਫਿਰ ਡੇਂਗ ਦੇ ਵੱਡੇ ਪੱਧਰ 'ਤੇ ਪ੍ਰਚਲਿਤ ਨਾਅਰੇ "ਅਮੀਰ ਹੋਣਾ ਸ਼ਾਨਦਾਰ ਹੈ" ਤੋਂ ਪ੍ਰਭਾਵਿਤ ਵੱਡੀ ਸੰਪਤੀ ਦੇ ਮਾਲਕ ਵਰਗ ਅਤੇ ਸੰਸਾਰਿਕ ਪੂੰਜੀ ਦੇ ਨਿਰੰਤਰ ਦਬਾਓ ਸਦਕਾ ਪੂੰਜੀਵਾਦੀ ਨਿਜ਼ਾਮ ਦੀ ਚੀਨ ਵਿਚ ਜੜ੍ਹਾਂ ਮਜਬੂਤ ਹੋ ਗਈਆਂ; ਜਿਸਦੇ ਨਤੀਜੇ ਵਜੋਂ, ਅੱਜ ਆਰਥਿਕ ਅਸਮਾਨਤਾ ਚੀਨ ਵਿਚ ਤੇਜੀ ਨਾਲ ਵੱਧ ਰਹੀ ਹੈ।

ਅਸੀਂ ਇਹ ਗੱਲ ਨੋਟ ਕਰ ਚੁੱਕੇ ਹਾਂ ਕਿ ਜਿਥੇ ਸਮਾਜਵਾਦੀ ਇਨਕਲਾਬ ਵਾਪਰੇ ਸਨ ਉਥੇ ਪੂੰਜੀ ਭਾਵੇਂ ਉਹ ਮੰਡੀ ਰਾਹੀਂ ਜਾਂ ਰਾਜਸੀ ਦਖਲ ਨਾਲ ਆਈ ਹੋਵੇ, ਲਗਾਤਾਰ ਸਮਾਜਾਂ ਨੂੰ ਪ੍ਰਭਾਵਿਤ ਕਰਦੀ ਹੈ।

ਖ਼ਾਸ ਤੌਰ 'ਤੇ 1980ਵਿਆਂ ਤੋਂ ਬਾਅਦ ਉਤਪਾਦਨ ਕਾਰਜਾਂ ਦਾ ਅਨੁਪਾਤ ਸਾਮਰਾਜੀ ਕੇਂਦਰਾਂ ਵਿਚ ਬਸਤੀਕ੍ਰਿਤ ਦੇਸ਼ਾਂ ਦੇ ਮੁਕਾਬਲੇ ਹੇਠਾਂ ਡਿਗ ਰਿਹਾ ਹੈ (ਬਸਤੀਵਾਦੀ ਦੇਸ਼ - ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿਚ), ਜਿਥੇ ਮਜਦੂਰੀ ਦਰਾਂ ਨਿਮਨ ਹਨ ਅਤੇ ਵਾਤਾਵਰਣਕ ਨਿਯਮ ਘੱਟ ਸਖ਼ਤ ਹਨ। ਅਜਿਹੀਆਂ ਪ੍ਰਸਥਿਤੀਆਂ ਵਿਚ ਫਿਰ ਪੂੰਜੀਵਾਦ ਦੀ ਕਬਰ ਪੁੱਟਣ ਵਾਲੇ ਲੋਕ ਕੌਣ ਹੋਣਗੇ ?

ਅਸਲ ਵਿਚ ਅੰਸ਼ਾਂ ਦੇ ਵਿਚ ਪੂੰਜੀਵਾਦ ਆਪਣੀ ਕਬਰ ਆਪ ਹੀ ਪੁੱਟ ਰਿਹਾ ਹੈ, ਕਿਉਂਕਿ ਉਹ ਤੇਜੀ ਨਾਲ ਸੰਸਾਰ ਦੀ ਵੱਡੀ ਜਨਸੰਖਿਆ ਦੀਆਂ ਲੋੜਾਂ ਨੂੰ ਸੰਤੁਸ਼ਟ ਕਰਨ ਵਿਚ ਵਿਫਲ ਹੋ ਰਿਹਾ ਹੈ। ਬਿਲਕੁਲ ਇੱਕ ਜਵਾਬਦੇਹ ਲੀਡਰਸ਼ਿਪ ਦੇ ਨਾਲ ਇੱਕ ਵਿਆਪਕ ਜਨ ਅੰਦੋਲਨ ਦੀ ਰਚਨਾ ਕਰਨੀ ਚਾਹੀਦੀ ਹੈ ਕਿਉਂਕਿ ਅਜੇ ਵੀ ਵੱਡੀ ਗਿਣਤੀ ਵਿਚ ਜਨਸੰਖਿਆ ਕਾਮਗਾਰ ਵਰਗ ਹੈ ਇਸ ਲਈ ਸਮਾਜਵਾਦੀ ਬਦਲ ਦੇ ਸਿਰਜੇ ਜਾਣ ਦੀ ਆਸ ਅਜੇ ਵੀ ਮੌਜੂਦ ਹੈ।

**ਸੀਮਾਵਾਂ -**

ਮਾਰਕਸ ਦੀਆਂ ਵੀ ਕਈ ਸੀਮਾਵਾਂ ਹਨ ਅਤੇ ਵਿਭਿੰਨ ਅਜਿਹੇ ਖੇਤਰ ਹਨ ਜਿਨਾਂ ਵੱਲ ਉਹ ਰੁਚਿਤ ਨਹੀਂ ਸੀ। ਮਾਰਕਸ ਦਾ ਵਿਸ਼ਵਾਸ ਸੀ ਕਿ ਇਤਿਹਾਸ ਦੀ ਇੱਕ ਪ੍ਰਤੱਖ ਦਿਸ਼ਾ ਹੈ: ਜੋ ਕਿ ਵਰਗ ਰਹਿਤ ਯੂਟੋਪੀਆ ਵੱਲ ਵਿਕਾਸ ਸੀ, ਜੋਕਿ ਅਮੋੜ ਰਾਹ ਹੈ। ਇਥੇ ਮਾਰਕਸ ਦੀ ਵੱਡੀ ਭੁੱਲ ਸੀ, ਉਸਨੇ ਵਿਚਾਰ ਨੂੰ ਤਜਰਬੇ ਤੋਂ ਅਤੇ ਤਰਕ ਉਪਰ ਆਸ ਨੂੰ ਵਧੇਰੇ ਪਹਿਲ ਦਿੱਤੀ।

ਦੂਜੇ ਪਾਸੇ, ਆਪਣੀਆਂ ਮੁੱਢਲੀਆਂ ਲਿਖਤਾਂ ਵਿਚ ਉਸਨੇ ਵਿਅਕਤ ਕੀਤਾ ਸੀ ਕਿ ਪੂੰਜੀਵਾਦ ਦੀ ਕੁਦਰਤੀ ਹੋਣੀ ਅੰਤ ਵਿਚ ਆਪੇ ਖਤਮ ਹੋਣਾ ਸੀ। ਭਾਵੇਂ ਕਿ ਬਾਅਦ ਵਿਚ ਮਾਰਕਸ ਨੇ ਆਪਣੇ ਦਾਅਵੇਂ ਨੂੰ ਵਾਪਸ ਲੈ ਲਿਆ। ਜਿਸ ਸਮੇਂ ਤੱਕ ਕੈਪੀਟਲ ਪ੍ਰਕਾਸ਼ਿਤ ਹੋਈ ਉਦੋਂ ਤੱਕ ਉਸਨੇ ਕਮਿਊਨਿਜ਼ਮ ਨੂੰ ਪੂੰਜੀਵਾਦ ਦੇ ਬਦਲ ਦੀ ਬਜਾਇ ਉਸਦਾ ਪ੍ਰਤੀਯੋਗੀ ਸਵੀਕਾਰ ਕਰ ਲਿਆ ਸੀ।

ਤੀਜਾ, "ਸਰਬਸੱਤਾਵਾਦ" ਦੇ ਆਪਣੇ ਸੰਕਲਪ ਅਧੀਨ ਮਾਰਕਸ ਅਤੇ ਏਂਗਲਜ਼ ਆਪਣੇ ਵਿਸ਼ਲੇਸ਼ਣ ਬਾਰੇ ਵੱਡੀ, ਭੁੱਲ ਨੂੰ ਖੁਦ ਵੀ ਸਵੀਕਾਰ ਕਰ ਲੈਣਗੇ। ਅਸਲ ਵਿਚ ਮਾਰਕਸ ਅਤੇ ਏਂਗਲਜ਼ ਨੇ ਮੈਨੀਫੈਸਟੋ ਦੇ ਕਮਿਊਨਿਸਟ ਪਾਰਟੀਆਂ ਉਪਰ ਪ੍ਰਭਾਵ ਦੀ ਆਸ ਨਹੀਂ ਸੀ ਕੀਤੀ। ਉਹਨਾ ਇਸ ਤੱਥ ਵੱਲ ਧਿਆਨ ਹੀ ਨਹੀਂ ਦਿੱਤਾ ਕਿ ਕਿਸ ਪ੍ਰਕਾਰ ਪੂੰਜੀਵਾਦੀ ਰਾਜਾਂ ਦੇ ਦਬਦਬੇ ਦੇ ਚਲਦਿਆਂ ਮਜ਼ਦੂਰਾਂ ਦਾ ਰਾਜ ਵੀ ਹੌਲੀ ਹੌਲੀ ਸਰਬਸੱਤਾਵਾਦੀ ਹੋ ਜਾਵੇਗਾ।

ਇਸਦੇ ਚਲਦਿਆਂ ਉਹ ਹੋਰ ਕਾਮਰੇਡਾਂ ਨੂੰ ਅਪਸ਼ਬਦ ਬੋਲ ਸਕਦੇ ਹਨ। ਆਪਣਾ ਸੱਤਾ ਅਧਾਰ ਤਿਆਰ ਕਰਕੇ, ਪ੍ਰਭਾਵਸ਼ਾਲੀ ਸਥਿਤੀਆਂ ਹਾਸਲ ਕਰ ਸਕਦੇ ਹਨ, ਪੋਲਿਟਬਿਊਰੋ ਉਪਰ ਨਿਯੰਤ੍ਰਣ ਕਰਕੇ ਉਹਨਾਂ ਲੋਕਾਂ ਨੂੰ ਜੇਲ੍ਹਾਂ ਅੰਦਰ ਸੁੱਟ ਸਕਦੇ ਹਨ ਜੋ ਉਹਨਾਂ ਦਾ ਵਿਰੋਧ ਕਰਦੇ ਹਨ। ਇਹ ਜਾਣਿਆ ਪਹਿਚਾਣਿਆ ਤੱਥ ਹੈ ਕਿ ਸੋਵੀਅਤ ਯੂਨੀਅਨ ਵੱਲ ਅਤਿ ਵਿਰੋਧ ਨੇ ਇਕ ਅਜਿਹਾ ਡਰ ਪੈਦਾ ਕੀਤਾ ਜੋ ਕਿ ਜੋਸੇਫ਼ ਸਟਾਲਿਨ ਅਤੇ ਪੋਲ ਪੋਟ (ਇਕ ਕੰਬੋਡੀਅਨ

ਕਮਿਉਨਿਸਟ ਕ੍ਰਾਂਤੀਕਾਰੀ ਅਤੇ ਰਾਜਨੇਤਾ ਜੋ ਕਮਿਉਨਿਸਟ ਪਾਰਟੀ ਆਫ਼ ਕਮਪੂਚਿਆ ਦਾ 1963 ਤੱਕ ਜਨਰਲ ਸੈਕਟਰੀ ਰਿਹਾ) ਵਰਗੀਆਂ ਸ਼ਖਸ਼ੀਅਤਾਂ ਲਈ ਉਪਜਾਊ ਸਾਬਿਤ ਹੋਇਆ।

ਚੌਥਾ ਪੱਖ, ਮਾਰਕਸ ਅਤੇ ਏਂਗਲਜ਼ ਆਪਣੀਆਂ ਲਿਖਤਾਂ ਦਾ ਪੂੰਜੀਵਾਦ ਉਪਰ ਪੈਣ ਵਾਲੇ ਪ੍ਰਭਾਵ ਦਾ ਅੰਦਾਜ਼ਾ ਨਹੀਂ ਲਗਾ ਸਕੇ। ਕਮਿਉਨਿਸਟ ਮੈਨੀਫੈਸਟੋ ਨੇ ਸੋਵੀਅਤ ਯੁਨੀਅਨ ਨੂੰ ਤਰਾਸ਼ਣ ਵਿਚ ਸਹਾਇਤਾ ਕੀਤੀ ਨਾਲ ਹੀ ਇਸਦੇ ਪੂਰਬੀ ਯੂਰੋਪੀ, ਮੁਹਾਜਾਂ, ਕਾਸਟਰੋ ਦੇ ਕਿਊਬਾ, ਟੀਟੋ, ਯੂਗੋਸਵਾਲੀਆ ਅਤੇ ਹੋਰ ਅਨੇਕਾ ਪੱਛਮ ਦੀਆਂ ਸਮਾਜਿਕ ਲੋਕਤੰਤਰੀ ਸਰਕਾਰਾਂ ਨੂੰ ਵੀ ਸਰੂਪ ਦਿੱਤਾ। ਰੂਸੀ ਇਨਕਲਾਬ ਤੋਂ ਬਾਅਦ ਅਤੇ ਫਿਰ ਦੂਜੀ ਵਿਸ਼ਵ ਜੰਗ ਤੋਂ ਮਗਰੋਂ, ਕਮਿਊਨਿਜ਼ਮ ਦੇ ਡਰ ਨੇ ਪੂੰਜੀਵਾਦੀ ਰਾਜਾਂ ਨੂੰ ਵੱਖਰੇ ਵਿਕਲਪਾਂ ਦੀ ਤਲਾਸ਼ ਕਰਨ ਲਈ ਮਜਬੂਰ ਕਰ ਦਿੱਤਾ।

ਇਸਦੇ ਨਾਲ ਹੀ ਮਾਰਕਸ ਅਤੇ ਏਂਗਲਜ਼ ਦੀਆਂ ਕਈ ਭਵਿੱਖਬਾਣੀਆਂ, ਜਿਵੇਂ ਕਿ "ਬੁਰਜੂਆਜੀ ਜੋ ਪੈਦਾ ਕਰ ਰਹੀ ਹੈ, ਇਹ ਉਸਦੇ ਹੀ ਕਬਰ ਪੁੱਟਣ ਵਾਲੇ ਹਨ..., ਇਸ ਢਹਿ-ਢੇਰੀ ਹੋਣਾ ਅਤੇ ਪ੍ਰੋਲੇਤਾਰੀ ਦੀ ਜਿੱਤ ਅੱਟਲ ਸੱਚਾਈਆਂ ਹਨ।" ਅਜੇ ਵੀ ਸੱਚ ਸਾਬਿਤ ਨਹੀਂ ਹੋਈਆਂ ਹਨ। ਪਹਿਲਾਂ ਵਾਂਗ ਹੀ ਅੱਜ ਵੀ ਪੂੰਜੀਵਾਦ ਬੇਰੋਕ ਅਤੇ ਵਿਆਪਕ ਪੱਧਰ ਉਪਰ ਫੈਲਿਆ ਹੋਇਆ ਹੈ। ਇਸੇ ਤਰ੍ਹਾਂ ਹੀ ਮਾਰਕਸ ਦੀ ਇਹ ਇੱਛਾ, "ਚਿੰਤਕਾਂ ਨੇ ਅਜੇ ਤੱਕ ਸਿਰਫ਼ ਸੰਸਾਰ ਦਾ ਵਿਸ਼ਲੇਸ਼ਣ ਹੀ ਕੀਤਾ ਹੈ, ਜਦਕਿ ਲੋੜ ਇਸਨੂੰ ਬਦਲਣ ਦੀ ਹੈ," ਅਜੇ ਵੀ ਅਧੂਰੀ ਹੀ ਹੈ।

ਭਾਵੇਂ ਖੱਬੀ ਧਿਰ ਅੱਜ ਮੁੜ ਉਭਰ ਰਹੀ ਹੈ, ਪਰ ਫਿਰ ਵੀ ਇਸਨੂੰ ਬਦਲਦੇ ਸਮਿਆਂ ਅਨੁਸਾਰ ਪ੍ਰਸੰਗਿਕ ਹੋਣਾ ਪਵੇਗਾ।

ਇੱਥੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਕਾਰਲ ਮਾਰਕਸ ਨੂੰ ਪੜ੍ਹਨਯੋਗ ਇਹ ਤੱਥ ਨਹੀਂ ਬਣਾਉਂਦੇ ਕਿ ਉਸਨੇ ਆਸ਼ਾਵਾਦੀ ਭਵਿੱਖਵਾਣੀਆਂ ਕੀਤੀਆਂ ਹਨ, ਬਲਕਿ ਉਸਦੇ ਗੰਭੀਰ ਅਤੇ ਜੀਵੰਤ ਸਮਾਜੀ-ਆਰਥਿਕ ਵਿਸ਼ਲੇਸ਼ਣ ਹੀ ਹਨ ਜੋ ਕਿ ਵਰਗ ਸੰਬਧਾਂ ਅਤੇ ਸਮਾਜਿਕ ਟਕਰਾਵਾਂ ਨੂੰ ਇਤਿਹਾਸਕ ਵਿਕਾਸ ਦੀ ਪਦਾਰਥਕ ਵਿਆਖਿਆ ਦੇ ਰੂਪ ਵਿਚ ਵਾਚਦੇ ਹਨ ਅਤੇ ਸਮਾਜਿਕ ਬਦਲਾਵ ਦੇ ਦਵੰਦਾਤਮਕ ਦ੍ਰਿਸ਼ਟੀਕੋਣ ਨੂੰ ਅਪਨਾਉਂਦੇ ਹਨ।

## ਕੀ ਕਰਨਾ ਚਾਹੀਦਾ ਹੈ ?

ਆਪਣੇ 21ਵੀਂ ਸਦੀ ਦੇ ਪਾਠਕਾ ਲਈ ਮਾਰਕਸ ਅਤੇ ਏਂਗਲਜ਼ ਇਕ ਮੌਕਾ ਪ੍ਰਦਾਨ ਕਰਦੇ ਹਨ ਕਿ ਕੀ ਕੁਝ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਬਹੁਗਿਣਤੀ ਲੋਕ ਅਸੰਤੁਸ਼ਟਤਾ ਤੋਂ ਬਚ ਕੇ ਨਵੇਂ ਸਮਾਜਿਕ ਨਿਜ਼ਾਮ ਵਿਚ ਦਾਖਲ ਹੋ ਸਕਣ, ਜਿਸ ਨਿਜ਼ਾਮ ਵਿਚ "ਜਿਥੇ ਹਰ ਇਕ ਦਾ ਸੁਤੰਤਰ ਵਿਕਾਸ ਸਾਰਿਆਂ ਦੇ ਸੁਤੰਤਰ ਵਿਕਾਸ ਲਈ ਜਰੂਰੀ ਸ਼ਰਤ ਹੋਵੇਗੀ" ਉਹ ਸਾਡੇ ਲਈ ਚਾਹੁੰਦੇ ਹਨ ਕਿ -

1. ਉਤਪਾਦਨ ਦੇ ਸਾਧਨਾ ਉਪਰ ਨਿੱਜੀ ਮਾਲਕੀ ਦੇ ਪੁਰਾਣੇ ਵਿਚਾਰਾਂ ਨੂੰ ਤਾਰ-ਤਾਰ ਕਰ ਦਿੱਤਾ ਜਾਵੇ ਅਤੇ ਅਜਿਹਾ ਬਦਲਾਅ ਕੀਤਾ ਜਾਵੇ ਜਿਸ ਅਧੀਨ ਮਸ਼ੀਨਰੀ, ਭੂਮੀ ਅਤੇ ਸੰਸਾਧਨਾਂ ਉਪਰ ਸਮਾਜਿਕ ਮਾਲਕੀ ਕਾਇਮ ਕੀਤੀ ਜਾਵੇ। ਵੱਡੇ ਪੈਮਾਨੇ ਦੇ ਉਤਪਾਦਨਾਂ ਦੇ ਸਾਧਨਾਂ ਉਪਰ ਨਿਜੀ ਮਾਲਕੀ ਨੂੰ ਖ਼ਤਮ ਕਰਕੇ ਇਸਦੀ ਜਗ੍ਹਾ ਸਾਂਝੀ ਮਾਲਕੀ ਦੀ ਨਵੀਂ ਕਿਸਮ ਨੂੰ ਸਥਾਪਿਤ ਕੀਤਾ ਜਾਵੇ ਜੋ ਤਕਨੀਕਾਂ ਦੇ ਨਾਲ ਕਾਰਜ ਕਰਦਿਆਂ ਨੂੰ ਅਸਮਾਨਤਾਵਾਂ ਨੂੰ ਘੱਟ ਕਰੇ ਅਤੇ ਸਮੂਹਿਕ ਖੁਸ਼ੀਆਂ ਦੀ ਭਾਲ ਕਰੇ। ਅਜੇ ਤੱਕ ਇਤਿਹਾਸ ਨੇ ਇਸ ਭਵਿੱਖਬਾਣੀ ਨੂੰ ਸੱਚ ਨਹੀਂ ਕੀਤਾ ਹੈ।

2. ਜਿਨਾਂ ਚਿਰ ਪੂੰਜੀ ਦਾ ਸਮਾਜੀਕਰਨ ਨਹੀਂ ਹੁੰਦਾ ਤੱਦ ਤੱਕ ਵਿਕਾਸ ਦਾ ਗੈਰ-ਮਾਨਵੀਕਰਨ ਹੁੰਦਾ ਰਹੇਗਾ।

3. ਜੇਕਰ ਅਸੀਂ ਮਾਲਕਾਂ ਅਤੇ ਕਾਮਿਆਂ ਵਿਚ ਕਿਰਤ ਠੇਕੇਦਾਰੀ ਨੂੰ ਨਿਰੰਤਰ ਸਵਿਕਾਰ ਕਰਦੇ ਰਹੇ ਤਾਂ ਨਿਜੀ ਪੂੰਜੀ ਅਧਿਕਾਰ ਲਗਾਤਾਰ ਪੂੰਜੀ ਨੂੰ ਗੈਰਮਨੁੱਖੀ ਉਦੇਸ਼ਾਂ ਵੱਲ ਨਿਰਦੇਸ਼ਿਤ ਕਰਦੇ ਰਹਿਣਗੇ।

4. ਇਸੇ ਤਰ੍ਹਾਂ ਹੀ, ਜੇਕਰ ਅਸੀਂ ਇਨਕਲਾਬ ਦੇ ਅਲੰਕਾਰਾਂ ਤੋਂ ਡਰਦੇ ਰਹੇ, ਜਾਂ ਦੂਜਿਆ ਪ੍ਰਤੀ ਆਪਣੇ ਕਰਤਵਾਂ ਤੋਂ ਭੱਜਦੇ ਰਹੇ ਤਾਂ ਅਸੀਂ ਸਦਾ ਹੀ ਸਥਾਈ ਵਿਨਾਸ਼ ਦੇ ਅਧੀਨ ਰਹਾਂਗੇ।

ਬਿਲਕੁਲ ਇਸੇ ਪਲ 'ਤੇ ਹੀ ਸਾਨੂੰ ਇਹ ਵੀ ਚਿਤ ਵਿਚ ਰੱਖਣਾ ਚਾਹੀਦਾ ਹੈ, ਜਿਸ ਬਾਰੇ ਮਾਰਕਸ ਨੇ ਸਾਨੂੰ ਚੇਤਾਵਨੀ ਦਿੱਤੀ ਸੀ ਕਿ ਉਹ ਲੋਕ ਜਿਨਾਂ ਕੋਲ ਲਾਭਕਾਰੀ ਸਥਿਤੀਆਂ ਹੋਣਗੀਆਂ, ਉਹ ਉਸ ਨਿਜ਼ਾਮ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਨਗੇ ਜਿਸ ਤੋਂ ਉਹਨਾਂ ਨੂੰ ਲਾਭ ਪਹੁੰਚ ਰਿਹਾ ਹੋਵੇਗਾ। ਉਦਾਹਰਣ ਵਜੋਂ, ਕਬਜ਼ਾ ਕਰੋ (Occupy Movement) ਅੰਦੋਲਨ ਅਸਲ ਵਿਚ ਗਿਣਤੀ ਅਤੇ ਭੂਗੋਲਿਕ ਫੈਲਾਓ ਦੇ ਪ੍ਰਸੰਗਾਂ ਵਿਚ ਬਹੁਤ ਵਿਸ਼ਾਲ ਅੰਦੋਲਨ ਸੀ। ਅਨੁਮਾਨਿਤ ਤੌਰ 'ਤੇ ਲਗਭਗ 80 ਮੁਲਕਾਂ ਦੇ ਇਕ ਹਜਾਰ ਸ਼ਹਿਰਾਂ ਵਿਚ ਲੱਖਾਂ ਕਰੋੜਾਂ ਦੀ ਸ਼ਮੂਲੀਅਤ ਵਾਲਾ ਇਹ ਅੰਦੋਲਨ 2011 ਦੇ ਅੰਤਿਮ ਭਾਗ ਵਿਚ ਅਰੰਭ ਹੋ ਕੇ ਲਗਭਗ ਇਕ ਸਾਲ ਲਈ ਬੇਹਦ ਸ਼ਕਤੀਸ਼ਾਲੀ ਰਿਹਾ। ਪ੍ਰੰਤੂ ਮਹਾਂਧਨ ਕੁਬੇਰੀ ਕਾਰਪੋਰੇਸ਼ਨਾਂ, ਵਿਤੀ ਸੰਸਥਾਵਾਂ ਅਤੇ ਸਰਕਾਰੀ ਏਜੰਸੀਆਂ ਦੇ ਵਿਸ਼ਵੀ ਅੰਤਰਗਠਬੰਧਨ ਨੇ ਤਾਕਤਵਰ ਹੋ ਕੇ ਇਸ ਅੰਦੋਲਨ ਨੂੰ ਸ਼ੋਸ਼ਣਕਾਰੀ, ਲੋਕਤੰਤਰ ਵਿਰੋਧੀ ਅਤੇ ਗੈਰ ਨਿਆਂਪੂਰਨ ਹੋਣ ਦਾ ਲਕਬ ਦੇ ਦਿੱਤਾ।

ਅਸੀਂ ਪੂਰੀਂ ਤਰ੍ਹਾਂ ਨਾਲ ਦ੍ਰਿੜ ਹਾਂ ਕਿ ਸਮੂਹਿਕ ਲੋਕਤੰਤਰੀ ਰਾਜਨੀਤਿਕ ਕਾਰਵਾਈ ਹੀ ਸਾਡੀ ਮੁਕਤੀ ਅਤੇ ਖੁਸ਼ੀ ਦਾ ਇਕੋ ਇਕ ਸਾਧਨ ਅਤੇ ਮੌਕਾ ਹੈ। ਮਾਰਕਸ ਦੇ ਵਿਚਾਰ ਸਾਨੂੰ ਪ੍ਰੇਰਨਾ, ਬੁੱਧੀ ਅਤੇ ਊਰਜਾ ਵੱਲ ਮੋੜ ਸਕਦੇ ਹਨ ਪ੍ਰੰਤੂ ਅੰਤ ਵਿਚ ਜੋ ਵੀ ਹਾਸਲ ਕਰਨਾ ਹੈ ਉਹ ਸਾਡੇ ਉਪਰ ਹੀ ਨਿਰਭਰ ਕਰਦਾ ਹੈ।

## ਸਿੱਟਾ –

ਜੋ ਮਾਰਕਸ ਨੇ ਉਭਾਰਿਆ ਹੈ ਉਹ ਪੂੰਜੀਵਾਦ ਦਾ ਸਪੱਸ਼ਟ ਅਤੇ ਵਸਤੂਗਤ ਮੁਲਾਂਕਣ ਅਤੇ ਇਸ ਦੀਆਂ ਅਲਾਮਤਾਂ ਹਨ, ਜੋ ਉਸਨੇ ਤਾਰਕਿਕਤਾ ਦੇ ਪ੍ਰਿਜ਼ਮ ਰਾਹੀਂ ਵੇਖੀਆਂ। ਸੱਭ ਤੋਂ ਵਧੀਕ, ਮਾਰਕਸ ਅਤੇ ਏਂਗਲਜ਼ ਨੇ ਸੁਤੰਤਰਤਾ, ਅਨੰਦ, ਸਵੈਰਾਜ ਅਤੇ ਆਤਮ-ਪ੍ਰੇਰਿਤ ਵਿਕਾਸ ਦੇ ਵਿਚਾਰਾਂ ਨੂੰ ਸਭ ਤੋਂ ਉਪਰ ਮੁਲਾਂਕਿਤ ਕੀਤਾ ਹੈ। ਜੇਕਰ ਉਹ ਬੁਰਜੂਆਜੀ ਉਪਰ ਕ੍ਰੋਧਿਤ ਸਨ ਤਾਂ ਸਿਰਫ਼ ਇਸ ਲਈ ਕਿਉਂਕਿ ਬੁਰਜੂਆ ਬਹੁ ਸੰਖਿਆ ਲੋਕਾਂ ਨੂੰ ਖੁਸ਼ ਹੋਣ ਦੇ ਮੌਕਿਆਂ ਤੋਂ ਵੰਚਿਤ ਕਰ ਦੇਣਾ ਚਾਹੁੰਦੇ ਹਨ।

ਪੂੰਜੀਵਾਦ ਦੀ ਸਮੱਸਿਆ ਇਹ ਨਹੀਂ ਹੈ ਕਿ ਇਹ ਬੇਥਵੀ ਤਕਨੀਕ ਪੈਦਾ ਕਰਦਾ ਹੈ ਜਾਂ ਫਿਰ ਅਨਿਆਂਪੂਰਨ ਹੈ। "ਪੂੰਜੀਵਾਦ ਦੀ ਸਮੱਸਿਆ ਇਹ ਹੈ ਕਿ ਇਹ ਗੈਰਤਰਕਪੂਰਨ ਹੈ।" ਪੂੰਜੀਵਾਦ ਦੀ ਸਫਲਤਾ ਆਪਣੇ ਸਿਖਰ ਉਪਰ ਇਸਦੇ ਪੂੰਜੀ ਇੱਕਤਰ ਕਰਨ ਲਈ ਹੋਰ ਇਕਤਰ ਕਰੀ ਜਾਣ ਦੀ ਹੋੜ ਰਾਹੀਂ ਮਾਨਵੀ ਮਜਦੂਰਾਂ ਨੂੰ ਥੋੜੀ ਜਿਹੀ ਉਜਰਤ ਲਈ ਮਸ਼ੀਨਾਂ ਵਾਂਗ ਕੰਮ ਲਾਈ ਰੱਖਣ ਕਾਰਨ ਪਹੁੰਚ ਸਕੀ ਹੈ। ਪੂੰਜੀਵਾਦ ਮਸ਼ੀਨਾਂ ਦੀ ਤਰਕ-ਪੂਰਨ ਵਰਤੋਂ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹਿੰਦਾ ਹੈ ਅਤੇ ਸਮੁੱਚੀਆਂ ਪੀੜ੍ਹੀਆਂ ਨੂੰ ਥੁੜ, ਬੇਰੁਜ਼ਗਾਰੀ ਅਤੇ ਪੂਰਣ ਬੇਆਰਾਮੀ ਦੀ ਦਲਦਲ ਵਿਚ ਧੱਕ ਦਿੰਦਾ ਹੈ ਅਤੇ ਉਹ ਰੁਜਗਾਰ ਅਤੇ ਹੋਂਦ ਬਚਾਈ ਰੱਖਣ ਦੀ ਹੋੜ ਵਿਚ ਖਪਦੀਆਂ ਰਹਿੰਦੀਆਂ ਹਨ।

ਇਥੋਂ ਤੱਕ ਕਿ ਪੂੰਜੀਪਤੀ ਵੀ ਇਸ ਸਹਿਮ ਦਾ ਸ਼ਿਕਾਰ ਰਹਿੰਦੇ ਹਨ ਕਿ ਆਪਣੇ ਸਾਥੀ ਮਨੁੱਖਾਂ ਨੂੰ ਵਸਤੂ ਵਿਚ ਪਰਵਰਤਿਤ ਕਰਨ ਤੋਂ ਬਿਨਾਂ ਉਹ ਵੀ ਪੂੰਜੀਪਤੀ ਨਹੀਂ ਰਹਿ ਸਕਦੇ।

ਸੰਖੇਪ ਵਿਚ, ਮਾਰਕਸ ਇਹ ਸੁਝਾਉਂਦਾ ਹੈ ਕਿ ਅਸੀਂ ਪੂੰਜੀ ਦੇ ਨਤੀਜਿਆਂ ਅਤੇ ਇਸਦੇ ਸਮਾਜੀਕਰਨ ਦੀ ਤਿਆਰੀ ਦੀ ਪ੍ਰਕਿਰਿਆ ਰਾਹੀਂ ਇਸਨੂੰ ਇਸਦੀਆਂ ਸੀਮਾਵਾਂ ਤੱਕ ਧੱਕ ਦਿੰਦੇ ਹਾਂ। ਸਾਨੂੰ ਵਧੇਰੇ ਰੋਬੋਟਾਂ, ਬਿਹਤਰ ਸੂਰਜੀ ਪੈਨਲਾਂ, ਤੇਜ ਸੰਚਾਰ ਅਤੇ ਉਨਤ ਵਾਤਾਵਰਣਕ ਮਾਫ਼ਕ ਆਵਾਜਾਈ ਸਾਧਨਾਂ ਦੀ ਲੋੜ ਹੈ। ਪਰ ਏਨੀ ਹੀ ਲੋੜ ਕਮਜ਼ੋਰ ਦੀ ਰਾਖੀ, ਬਹੁਸੰਖਿਅਕ ਦੇ ਸ਼ਸ਼ਕਤੀਕਰਨ ਅਤੇ ਪੂੰਜੀਵਾਦ ਦੀ ਵਿਸੰਗਤੀਆਂ ਨੂੰ ਮੋੜਾ ਦੇਣ ਲਈ ਰਾਜਨੀਤਿਕ ਤੌਰ 'ਤੇ ਸੰਗਠਿਤ ਹੋਣ ਦੀ ਹੈ। ਪੂੰਜੀਵਾਦ ਦੇ ਮੁੱਢਲੇ ਅਤੇ ਵਰਤਮਾਨ ਸਰੂਪਾਂ ਅਧੀਨ ਜ਼ਿੰਦਗੀ ਦੀ ਹੋਂਦ ਵਿਚ ਕੁਝ ਵੀ ਨੈਤਿਕ ਨਹੀਂ ਸੀ। ਕਾਰਲ ਮਾਰਕਸ ਸਮਕਾਲੀਨ ਰਾਜਨੀਤੀ ਦੇ ਸੰਦਰਭਾਂ ਵਿੱਚ ਬੇਹਦ ਪ੍ਰਸੰਗਿਕ ਹੈ। ਉਸਨੂੰ ਬੀ.ਬੀ.ਸੀ. ਰੇਡੀਓ ਪੋਲ 2005 ਵਿਚ ਠੀਕ ਹੀ ਅਜੇ ਤੱਕ ਦੇ ਸਭ ਤੋਂ ਮਹਾਨ ਦਾਰਸ਼ਨਿਕ ਵਜੋਂ ਚੁਣਿਆ ਗਿਆ ਸੀ। ਉਹ ਅਜੇ ਵੀ ਗ਼ਲਤ ਸਾਬਿਤ ਨਹੀਂ ਹੋਇਆ। ਜਿਵੇਂ ਕਿ ਰੋਬਰਟ ਐਲ. ਹੀਲਬਰੋਨਰ ਲਿਖਦਾ ਹੈ, "ਅਸੀਂ ਮਾਰਕਸ ਵੱਲ ਮੁੜਦੇ ਹਾਂ, ਇਸ ਲਈ ਨਹੀਂ ਕਿ ਉਹ ਤਰੁਟੀਰਹਿਤ ਹੈ, ਬਲਕਿ ਇਸ ਲਈ ਕਿਉਂਕਿ ਉਹ ਜ਼ਰੂਰੀ ਹੈ।"

ਪਰਿਵਰਤਨ ਲਈ ਸੰਭਾਵਨਾ ਸਦਾ ਹੀ ਮੌਜੂਦ ਰਹਿੰਦੀ ਹੈ ਅਤੇ ਰਾਜਨੀਤੀ ਇਸ ਪਰਿਵਰਤਨ ਲਈ ਰਾਹ ਹੈ।"




Nidhi Kapoor
REALTOR®BA, ABR
COMMERCIAL & RESIDENTIAL REAL ESTATE
REALTY EXECUTIVES POLARIS
780 318 3434
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ
nidhi@nidhikapoor.ca www.nidhikapoor.ca

# 217 6608 28 AV MLS# E3399888


Bedroom : 1 + Den Condo Bathroom : 1
Special Feature: Adult 55+ Condo, on-site service of a guest room for out-of-town visitors, private bus foroutings, home care coordinator, hairdresser
Parking : 1 Titled Underground Parking
Sqft. 620 Sq.Ft
Condo Fees: $260.00

# 401 4316 139 AV NW MLS# E3405945


Bedroom : 2
Bathroom : 2
Special Feature: Top Floor Unit, Quck Access to LRT Station
Parking : 1 Titled Underground Parking
Sqft : 1002 Sq ft.
Condo Fees: $420.00

#1472 LAKEWOOD RD W MLS# E3409941

$168,900
Bedroom : 3
Bathroom : 1
Special Feature : newly renovated,walking distance to Grant MacEwan, Lakewood Transit Center,
Sqft. 1011 sq.ft
Condo Fees : $281.00

Services available in Hindi, Punjabi & Urdu Also.
Real Estate Service for your Success

2.5 Acre for Sale
51151 Range Road 235, (SW) Edmonton Close to Ellerslie Road
$ 399,900

# ਰੁਪਏ ਦੀ ਲਗਾਤਾਰ ਘੱਟ ਰਹੀ ਕੀਮਤ ਦੇ ਅਰਥ

ਰਘਬੀਰ ਸਿੰਘ

ਭਾਰਤ ਦੀ ਆਰਥਕਤਾ ਬਾਰੇ ਸਰਕਾਰੀ ਦਾਅਵੇ ਬੜੇ ਹੀ ਭੁਲੇਖਾ ਪਾਊ ਅਤੇ ਗੈਰ-ਹਕੀਕੀ ਹੁੰਦੇ ਹਨ। ਸਰਕਾਰ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.), ਜੋ 5-7% ਸਾਲਾਨਾ ਦੇ ਵਿਚਕਾਰ ਡੱਕੇ ਡੋਲੇ ਖਾਂਦਾ ਰਹਿੰਦਾ ਹੈ, 'ਤੇ ਆਧਾਰਤ ਭਾਰਤ ਨੂੰ ਸਭ ਤੋਂ ਵੱਧ ਤੇਜ਼ੀ ਨਾਲ ਅੱਗੇ ਵੱਧ ਰਿਹਾ ਦੇਸ਼ ਧੁਮਾਕੇ ਬੜੀਆਂ ਕੱਛਾਂ ਵਜਾਉਂਦੀ ਹੈ। ਬੜੇ ਧੂਮ ਧੜੱਕੇ ਨਾਲ ਆਪਣੀ ਆਰਥਕਤਾ ਨੂੰ ਬੜੇ ਹੀ ਮਜ਼ਬੂਤ ਆਰਥਕ ਆਧਾਰ (Economical Fundamentals) ਵਾਲੀ ਕਹਿ ਕੇ ਆਰਥਕਤਾ ਵਿਚ ਪੈਦਾ ਹੋ ਰਹੇ ਹਰ ਚਿੰਤਾਜਨਕ ਵਰਤਾਰੇ 'ਤੇ ਪਰਦਾ ਪਾਉਣ ਦਾ ਜਤਨ ਕਰਦੀ ਹੈ। ਉਹ ਇਨ੍ਹਾਂ ਦੇ ਸੰਭਾਵੀ ਤੇ ਸਮੇਂ ਸਮੇਂ 'ਤੇ ਉਭਰਦੇ ਖ਼ਤਰਿਆਂ ਦੇ ਅਸਲ ਕਾਰਨਾਂ ਨੂੰ ਗੰਭੀਰਤਾ ਨਾਲ ਘੋਖਣ ਅਤੇ ਉਨ੍ਹਾਂ ਦਾ ਹੱਲ ਕੱਢਣ ਦੀ ਥਾਂ ਇਸ ਦਾ ਸਾਰਾ ਦੋਸ਼ ਉਨ੍ਹਾਂ ਲੋਕਾਂ, ਜੋ ਸਰਮਾਏਦਾਰੀ ਦੇ ਪ੍ਰਬੰਧ ਦੀ ਲੁੱਟ ਦੇ ਬੁਰੀ ਤਰ੍ਹਾਂ ਸ਼ਿਕਾਰ ਹਨ ਪਰ ਜਿਨ੍ਹਾਂ ਨੂੰ ਉਨ੍ਹਾਂ ਦੇ ਸੰਘਰਸ਼ਾਂ ਕਰਕੇ ਕੁਝ ਆਰਥਕ ਰਿਆਇਤਾਂ ਦੇਣੀਆਂ ਪੈਂਦੀਆਂ ਹਨ, 'ਤੇ ਸੁੱਟਣ ਦਾ ਜਤਨ ਕਰਦੀ ਹੈ।

ਕੁਝ ਇਸੇ ਤਰ੍ਹਾਂ ਦਾ ਹੀ ਵਾਪਰ ਰਿਹਾ ਹੈ ਭਾਰਤ ਦੇ ਰੁਪਏ ਦੀ ਡਾਲਰ ਦੇ ਮੁਕਾਬਲੇ ਵਿਚ ਲਗਾਤਾਰ ਘੱਟ ਰਹੀ ਕੀਮਤ ਬਾਰੇ। ਰੁਪਏ ਦੀ ਕੀਮਤ ਇਸ ਸਾਲ ਇਤਿਹਾਸ ਵਿਚ ਸਭ ਤੋਂ ਨੀਵੀਂ ਪੱਧਰ 'ਤੇ 7.11 'ਤੇ ਪੁੱਜ ਕੇ ਕੁਝ ਸੁਧਰੀ ਹੈ ਅਤੇ 25 ਅਗਸਤ 2'18 ਨੂੰ ਇਹ 69.91 'ਤੇ ਪੁੱਜੀ ਹੈ। ਇਹ ਦਰ 2'13 ਦੇ 68.87 ਦੇ ਨੇੜੇ ਤੇੜੇ ਹੀ ਹੈ। ਉਸ ਸਮੇਂ ਕੱਚੇ ਤੇਲ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ ਨੇ ਭਾਰਤੀ ਆਰਥਕਤਾ ਦਾ ਬੁਰਾ ਹਾਲ ਕੀਤਾ ਹੋਇਆ ਸੀ। ਉਸ ਵੇਲੇ ਕੱਚੇ ਤੇਲ ਦੀਆਂ ਕੀਮਤਾਂ 14' ਡਾਲਰ ਪ੍ਰਤੀ ਬੈਰਲ ਸਨ। ਪਰ ਮੌਜੂਦਾ ਸਮੇਂ ਵਿਚ ਜਦੋਂ ਇਹ ਕੀਮਤਾਂ 7'-75 ਡਾਲਰ ਪ੍ਰਤੀ ਬੈਰਲ ਵਿਚਕਾਰ ਘੁੰਮ ਰਹੀਆਂ ਹਨ ਤਾਂ ਰੁਪਏ ਦੀ ਇੰਨੀ ਮੰਦੀ ਹਾਲਤ ਹੋਣਾ ਵਧੇਰੇ ਚਿੰਤਾਜਨਕ ਹੈ ਅਤੇ ਇਸ ਦੇ ਕਾਰਨਾਂ ਦੀ ਗੰਭੀਰਤਾ ਨਾਲ ਛਾਣਬੀਣ ਕੀਤੀ ਜਾਣੀ ਜ਼ਰੂਰੀ ਹੈ।

ਰੁਪਏ ਦੀ ਕੀਮਤ ਘਟਣ ਦੇ ਦੋ ਮੁਖ ਕਾਰਨ ਉਭਰਕੇ ਸਾਹਮਣੇ ਆਏ ਹਨ। ਪਹਿਲਾ ਹੈ ਕਿ ਵਿਦੇਸ਼ੀ ਨਿਵੇਸ਼ਕਾਂ ਨੇ ਆਪਣੇ ਵਲੋਂ ਨਿਵੇਸ਼ ਕੀਤੀਆਂ ਵੱਡੀਆਂ ਰਕਮਾਂ ਕੱਢਵਾ ਲਈਆਂ ਹਨ। ਉਨ੍ਹਾਂ ਇਹ ਰਕਮਾਂ ਸ਼ੇਅਰ ਮਾਰਕੀਟ ਵਿਚ ਅਤੇ ਸੂਦ ਕਮਾਉਣ ਵਾਲੇ ਧੰਦੇ ਵਿਚ ਲਾਈਆਂ ਹੋਈਆਂ ਸਨ। ਇਹ ਵਿੱਤੀ ਸਰਮਾਏ ਦਾ ਉਹ ਰੂਪ ਹੈ ਜੋ ਸਾਰੇ ਸੰਸਾਰ ਵਿਚ ਸਥਾਈ ਕਾਰੋਬਾਰ ਭਾਵ ਉਦਯੋਗ ਉਸਾਰੀ ਜਾਂ ਬੁਨਿਆਦੀ ਢਾਂਚੇ ਵਿਚ ਲਾਏ ਜਾਣ ਦੀ ਥਾਂ ਪੈਸੇ ਤੋਂ ਹੋਰ ਵਧੇਰੇ ਪੈਸਾ ਕਮਾਉਣ ਦਾ, ਭਾਵ ਸੂਦਖੋਰੀ ਦਾ ਅਤੇ ਸੱਟਾਬਜ਼ਾਰੀ ਦਾ ਕੰਮ ਕਰਦਾ ਹੈ। ਇਸ ਦੀ ਫਿਤਰਤ ਬੜੀ ਹੀ ਤਰਲ ਅਤੇ ਚੰਚਲ ਕਿਸਮ ਦੀ ਹੁੰਦੀ ਹੈ। ਵਿੱਤੀ ਸਰਮਾਏ ਦਾ ਇਹ ਜਾਨਵਰ ਸਿਰਫ ਹਰੀਆਂ ਚਰਾਗਾਹਾਂ ਵਿਚ ਹੀ ਉਡਾਰੀਆਂ ਭਰਦਾ ਹੈ। ਜਦੋਂ ਵੀ ਇਸ ਨੂੰ ਵਧੇਰੇ ਹਰਿਆਲੀ ਚਾਰਾਗਾਹ ਮਿਲ ਜਾਵੇ, ਇਹ ਉਡਾਰੀ ਮਾਰ ਕੇ ਦੂਜੇ ਥਾਂ ਡੇਰਾ ਲਾ ਲੈਂਦਾ ਹੈ। ਅਮਰੀਕਾ ਵਿਚ 2008 ਵਿਚ ਵਾਪਰੀ ਬੇਮਿਸਾਲ ਵਿੱਤੀ ਉਥਲ ਪੁਥਲ ਵਿਚੋਂ ਆਰਥਕਤਾ ਨੂੰ ਬਾਹਰ ਕੱਢਣ ਲਈ ਅਮਰੀਕਾ ਸਰਕਾਰ ਦੇ ਫੈਡਰਲ ਰਿਜ਼ਰਵ ਬੈਂਕ ਨੇ ਸੂਦ ਦੀਆਂ ਦਰਾਂ ਬਹੁਤ ਹੀ ਘੱਟ ਕਰ ਦਿੱਤੀਆਂ। ਬੈਂਕਾਂ ਵਿਚ ਜਮ੍ਹਾਂ ਰਕਮਾਂ ਦਾ ਸੂਦ ਮਿਲਣ ਦੀ ਥਾਂ ਜਮ੍ਹਾਂ ਕਰਾਉਣ ਵਾਲੇ ਖਾਤਾ ਧਾਰਕਾਂ ਨੂੰ ਆਪਣੇ ਪੈਸੇ ਨੂੰ ਸੰਭਾਲ ਕੇ ਰੱਖਣ ਲਈ ਖਰਚੇ ਦੇਣੇ ਪੈਂਦੇ ਸਨ। ਉਸ ਸਮੇਂ ਤੋਂ ਸਾਮਰਾਜੀ ਦੇਸ਼ਾਂ ਵਿਸ਼ੇਸ਼ ਕਰਕੇ ਅਮਰੀਕਾ ਦੇ ਧੰਨ ਕੁਬੇਰਾਂ ਨੇ ਆਪਣੀਆਂ ਤਿਜੋਰੀਆਂ ਦੇ ਮੂੰਹ ਭਾਰਤ ਅਤੇ ਹੋਰ ਵਿਕਾਸਸ਼ੀਲ ਦੇਸ਼ਾਂ ਵੱਲ ਖੋਲ੍ਹ ਦਿੱਤੇ ਸਨ। ਅਜਿਹੇ ਨਿਵੇਸ਼, ਵਿੱਤੀ ਸੰਸਥਾਗਤ ਨਿਵੇਸ਼ ਦੇ ਰੂਪ ਵਿਚ ਕੁਝ ਸ਼ਰਤਾਂ ਅਧੀਨ ਵਿਕਾਸਸ਼ੀਲ ਦੇਸ਼ਾਂ ਵਿਚ ਕੀਤੇ ਜਾਂਦੇ ਹਨ। ਇਹ ਮੁੱਖ ਸ਼ਰਤਾਂ ਹਨ ਕਿ ਕਰਜ਼ਦਾਰ ਦੇਸ਼ ਸਿੱਕੇ ਦੇ ਫੈਲਾਅ 'ਤੇ ਕੰਟਰੋਲ ਰੱਖਣਗੇ, ਆਪਣੇ ਚਾਲੂ ਖਾਤੇ ਦਾ ਘਾਟਾ ਨਿਯਮਤ ਰੱਖਣਗੇ ਅਤੇ ਨਿਵੇਸ਼ਕਾਂ ਨੂੰ ਆਪਣੀਆਂ ਰਕਮਾਂ ਜਦ ਉਹ ਚਾਹੁਣ ਬਿਨਾਂ ਕਿਸੇ ਪਾਬੰਦੀ ਦੇ ਵਾਪਸ ਕਢਾਉਣ ਦੀ ਖੁੱਲ੍ਹ ਹੋਵੇਗੀ। ਇਹੀ ਕਾਰਨ ਹੈ ਕਿ ਜਦੋਂ ਸਿੱਕੇ ਦੇ ਫੈਲਾਅ ਦੀ ਦਰ ਜੀ.ਡੀ.ਪੀ. ਦੇ 4% ਅਤੇ ਚਾਲੂ ਖਾਤੇ ਦਾ ਘਾਟਾ 1.5% ਤੋਂ ਵਧਦਾ ਹੈ ਤਾਂ ਰਿਜ਼ਰਵ ਬੈਂਕ ਚਿੰਤਾਤੁਰ ਹੋ ਜਾਂਦਾ ਹੈ ਅਤੇ ਕਰਜ਼ੇ ਦੀਆਂ ਦਰਾਂ ਵਧਾ ਦੇਂਦਾ ਹੈ। ਮਈ 2'18 ਵਿਚ ਜਦੋਂ ਸਿੱਕੇ ਦੇ ਫੈਲਾਅ ਦੀ ਦਰ 4.43% ਹੋ ਗਈ ਤਾਂ ਰਿਜ਼ਰਵ ਬੈਂਕ ਨੇ ਕਰਜ਼ਾ ਦਿੱਤੇ ਜਾਣ ਦੀ ਸੂਦ ਦਰ 25 ਬੇਸਿਕ ਪੁਆਇੰਟ ਵਧਾ ਦਿੱਤੀ।

ਪਿਛਲੇ ਕੁਝ ਸਮੇਂ ਤੋਂ ਅਮਰੀਕੀ ਅਰਥ ਵਿਵਸਥਾ ਵਿਚ ਕੁਝ ਸੁਧਾਰ ਆ ਰਿਹਾ ਹੈ। ਇਸ ਲਈ ਉਸ ਨੇ ਆਪਣੇ ਦੇਸ਼ ਵਿਚ ਬੈਂਕਾਂ ਵਿਚ ਜਮ੍ਹਾਂ ਪੂੰਜੀ 'ਤੇ ਦਿੱਤੇ ਜਾਣ ਵਾਲੇ ਵਿਆਜ਼ ਦੀਆਂ ਦਰਾਂ ਵਧਾ ਦਿੱਤੀਆਂ ਹਨ। ਹੁਣ ਵਿਦੇਸ਼ੀ ਨਿਵੇਸ਼ਕਾਂ ਨੂੰ ਜਾਪਦਾ ਹੈ ਕਿ ਭਾਰਤ ਨਾਲੋਂ ਉਨ੍ਹਾਂ ਨੂੰ ਅਮਰੀਕਾ ਜਾਂ ਹੋਰ ਸਾਮਰਾਜੀ ਦੇਸ਼ਾਂ ਵਿਚ ਇਹ ਰਕਮਾਂ ਰੱਖਣੀਆਂ ਵਧੇਰੇ ਸੁਰੱਖਿਅਤ ਤੇ



ਲਾਭਕਾਰੀ ਹਨ। ਇਸ ਲਈ ਉਨ੍ਹਾਂ ਨੇ ਵੱਡੀ ਪੱਧਰ 'ਤੇ ਆਪਣੀਆਂ ਰਕਮਾਂ ਭਾਰਤ ਵਿਚੋਂ ਵਾਪਸ ਲੈ ਲਈਆਂ ਹਨ। ਇਸ ਕਲੰਡਰ ਸਾਲ ਦੇ ਪਹਿਲੇ ਛੇ ਮਹੀਨਿਆਂ (ਜਨਵਰੀ ਤੋਂ ਜੂਨ 2'18) ਵਿਚ ਵਿਦੇਸ਼ੀ ਨਿਵੇਸ਼ਕਾਂ ਨੇ 48000 ਕਰੋੜ ਰੁਪਏ ਭਾਰਤ ਤੋਂ ਵਾਪਸ ਲਏ ਹਨ। ਇਹ ਰਕਮਾਂ ਸਾਨੂੰ ਡਾਲਰਾਂ ਵਿਚ ਵਾਪਸ ਕਰਨੀਆਂ ਹੁੰਦੀਆਂ ਹਨ। ਨਿਵੇਸ਼ ਦੀ ਇਸ ਵੱਡੀ ਵਾਪਸੀ ਨੇ ਡਾਲਰਾਂ ਦੀ ਵੱਡੀ ਲੋੜ ਪੈਦਾ ਕੀਤੀ ਜਿਸ ਲਈ ਵਧੇਰੇ ਰੁਪਏ ਦੇਣੇ ਪਏ ਅਤੇ ਰੁਪਏ ਦੀ ਕੀਮਤ 'ਤੇ ਬੁਰਾ ਪ੍ਰਭਾਵ ਪਿਆ।

ਰੁਪਏ ਦੀ ਕੀਮਤ ਵਿਚ ਆਈ ਗਿਰਾਵਟ ਦਾ ਦੂਜਾ ਵੱਡਾ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿਚ ਆ ਰਿਹਾ ਉਬਾਲ ਬਣਿਆ ਹੈ। ਤੇਲ ਕੀਮਤਾਂ ਵਿਚ ਇਹ ਵਾਧਾ ਕੁਝ ਸਮੇਂ ਤੋਂ ਹੀ ਆਰੰਭ ਹੋਇਆ ਹੈ ਅਤੇ 48-50 ਡਾਲਰ ਪ੍ਰਤੀ ਬੈਰਲ ਦੇ ਨੇੜੇ ਤੇੜੇ ਰਹਿਣ ਤੋਂ ਵਧ ਕੇ 7'-75 ਡਾਲਰ ਪ੍ਰਤੀ ਬੈਰਲ ਤੱਕ ਜਾ ਪੁੱਜਾ ਹੈ। ਇਸ ਨੇ ਸਾਡੀਆਂ ਦਰਾਮਦਾਂ ਦੀਆਂ ਕੀਮਤਾਂ ਬਹੁਤ ਵਧਾ ਦਿੱਤੀਆਂ ਹਨ। ਦਰਾਮਦਾਂ ਦੇ ਵਧੇ ਬਿੱਲ ਵਿਚ ਵੱਡਾ ਹਿੱਸਾ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਹਨ। ਕੌਮਾਂਤਰੀ ਹਾਲਾਤ ਲਗਾਤਾਰ ਤਣਾਅਪੂਰਨ ਬਣਦੇ ਜਾ ਰਹੇ ਹਨ। ਅਮਰੀਕਾ ਵਲੋਂ ਕੀਤੀਆਂ ਜਾ ਰਹੀਆਂ ਮਨਮਰਜ਼ੀਆਂ ਅਤੇ ਆਪ ਹੁਦਰਾਸ਼ਾਹੀਆਂ ਨਾਲ ਹਾਲਾਤ ਹੋਰ ਖਰਾਬ ਹੋ ਰਹੇ ਹਨ। ਇਕ ਪਾਸੇ ਉਹ ਇਰਾਨ ਨਾਲ ਹੋਏ ਕੌਮਾਂਤਰੀ ਸਮਝੌਤੇ ਵਿਚੋਂ ਬਾਹਰ ਨਿਕਲ ਗਿਆ ਹੈ ਅਤੇ ਦੂਜੇ ਪਾਸੇ ਭਾਰਤ ਵਰਗੇ ਦੇਸ਼ਾਂ 'ਤੇ ਦਬਾਅ ਪਾ ਰਿਹਾ ਹੈ ਕਿ ਉਹ ਇਰਾਨ ਤੋਂ ਤੇਲ ਨਾ ਖਰੀਦਣ। ਭਾਰਤ ਆਪਣੀਆਂ ਲੋੜਾਂ ਲਈ ਇਰਾਨ ਪਾਸੋਂ ਆਪਣੀ ਕੁੱਲ ਵਰਤੋਂ ਦਾ ਤੀਜਾ ਹਿੱਸਾ ਪ੍ਰਾਪਤ ਕਰਦਾ ਹੈ। ਇਸ ਨਾਲ ਕੱਚੇ ਤੇਲ ਦੀਆਂ ਕੀਮਤਾਂ ਵਿਚ ਹੋਰ ਵਾਧਾ ਹੋਣ ਦੀਆਂ ਬਹੁਤ ਸੰਭਾਵਨਾਵਾਂ ਹਨ। ਭਾਰਤ ਵਿਚ ਕੱਚੇ ਤੇਲ ਦੀਆਂ ਕੀਮਤਾਂ ਇਸ ਸਾਲ ਵਿਚ 100 ਡਾਲਰ ਪ੍ਰਤੀ ਬੈਰਲ ਤੱਕ ਪੁੱਜ ਸਕਦੀਆਂ ਹਨ। ਇਸ ਨਾਲ ਕੱਚੇ ਤੇਲ ਦੀ ਖਰੀਦ ਲਈ ਹੋਰ ਵਧੇਰੇ ਡਾਲਰਾਂ ਦੀ ਲੋੜ ਪਵੇਗੀ ਅਤੇ ਰੁਪਏ ਦੀ ਕੀਮਤ ਹੋਰ ਡਿੱਗ ਪਵੇਗੀ।

ਉਪਰੋਕਤ ਤੱਥ ਸਪਸ਼ਟ ਕਰਦੇ ਹਨ ਕਿ ਰੁਪਏ ਦੀ ਡਿਗਦੀ ਕੀਮਤ ਦਾ ਬੁਨਿਆਦੀ ਕਾਰਨ ਸਾਡੀ ਡਾਲਰਾਂ ਦੀ ਵਧਦੀ ਲੋੜ ਹੈ ਜੋ ਵਿਦੇਸ਼ੀ ਨਿਵੇਸ਼ਕਾਂ ਦੇ ਵੱਡੀ ਪੱਧਰ 'ਤੇ ਉਡਾਰੀ ਮਾਰ ਜਾਣ ਅਤੇ ਕੱਚੇ ਤੇਲ ਦੀਆਂ ਲਗਾਤਾਰ ਵੱਧ ਰਹੀਆਂ ਦਰਾਮਦੀ ਕੀਮਤਾਂ ਕਰਕੇ ਬਣੀ ਹੈ। ਪਰ ਸਾਡੇ ਕੁਝ ਨੀਤੀ ਘਾੜੇ ਅਤੇ ਨਵਉਦਾਰਵਾਦੀ ਨੀਤੀਆਂ ਦੇ ਅਲੰਬਰਦਾਰ ਆਰਥਕ ਮਾਹਰ ਭਾਰਤੀ ਆਰਥਕਤਾ ਦੀਆਂ ਬੁਨਿਆਦੀ ਕਮਜ਼ੋਰੀਆਂ 'ਤੇ ਪਰਦਾ ਪਾਉਣ ਲਈ ਸਮਾਜ ਦੇ ਕੁਝ ਵਰਗਾਂ ਵਲੋਂ ਸੰਘਰਸ਼ਾਂ ਦੇ ਦਬਾਅ ਹੇਠਾਂ ਪ੍ਰਾਪਤ ਕੀਤੀਆਂ ਨਾਮ ਮਾਤਰ ਰਿਆਇਤਾਂ ਨੂੰ ਇਸ ਦਾ ਜ਼ਿੰਮੇਵਾਰ ਦੱਸਦੇ ਹਨ। ਅਨੇਕਾਂ ਆਰਥਕ ਮਾਹਰਾਂ ਅਤੇ ਸਰਕਾਰੀ ਨੁਮਾਇੰਦਿਆਂ ਨੇ ਕੇਂਦਰ ਸਰਕਾਰ ਵਲੋਂ ਸਾਉਣੀ ਦੀਆਂ ਫਸਲਾਂ ਵਿਚ ਕੀਤੇ ਨਿਗੁਣੇ ਵਾਧੇ ਨੂੰ ਰੁਪਏ ਦੀ ਕੀਮਤ ਡਿੱਗਣ ਦਾ ਵੱਡਾ ਕਾਰਨ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਹ ਸਰਾਸਰ ਵਧੀਕੀ ਹੈ ਅਤੇ ਗੰਭੀਰ ਸੰਕਟ ਦਾ ਸ਼ਿਕਾਰ ਬਣੀ ਸੀਮਾਂਤ ਛੋਟੀ ਤੇ ਦਰਮਿਆਨੀ ਕਿਸਾਨੀ ਦੇ ਜਖ਼ਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਹੈ। ਕੁਝ ਇਸੇ ਤਰ੍ਹਾਂ ਦਾ ਹੀ ਵਤੀਰਾ ਨਿੱਤ ਵਰਤੋਂ ਦੀਆਂ ਖਪਤਕਾਰੀ ਵਸਤੂਆਂ ਦੀਆਂ ਕੀਮਤਾਂ ਵਧਣ ਬਾਰੇ ਧਾਰਨ ਕੀਤਾ ਜਾਂਦਾ ਹੈ। ਇਨ੍ਹਾਂ ਵਸਤਾਂ ਦੀਆਂ ਕੀਮਤਾਂ ਵਿਚ ਉਤਾਰ ਚੜ੍ਹਾਅ ਇਸ ਸਿਸਟਮ ਦੀ ਬੁਨਿਆਦੀ ਬਣਤਰ ਵਿਚ ਲੁਕਿਆ ਹੋਇਆ ਹੈ। ਇਹ ਪ੍ਰਬੰਧ ਦੇਸ਼ ਦੇ ਵੱਡੇ ਵਪਾਰੀਆਂ ਅਤੇ ਖੇਤੀ ਵਪਾਰ ਵਿਚ ਲੱਗੀਆਂ ਵੱਡੀਆਂ ਕੰਪਨੀਆਂ ਨੂੰ ਕਿਸਾਨਾਂ ਨੂੰ ਆਪਣੀਆਂ ਫਸਲਾਂ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਕਰਨ ਅਤੇ ਫਿਰ ਆਪਣੇ ਗੋਦਾਮਾਂ ਵਿਚ ਲਿਆਉਣ ਪਿਛੋਂ ਮਨਮਰਜ਼ੀ ਦੇ ਭਾਅ ਵੇਚਣ ਦੀ ਖੁੱਲ੍ਹ ਦੇ ਦਿੰਦਾ ਹੈ। ਕੌਮਾਂਤਰੀ ਮੰਡੀ ਵਿਚ ਕੀਮਤਾਂ ਵਿਚ ਸਮੇਂ ਸਮੇਂ ਸਿਰ ਆਉਣ ਵਾਲੇ ਉਛਾਲਾਂ ਦਾ ਭਾਰ ਤਾਂ ਆਮ ਲੋਕਾਂ 'ਤੇ ਪੂਰਾ ਪਾ ਦਿੱਤਾ ਜਾਂਦਾ ਹੈ। ਪਰ ਕੀਮਤਾਂ ਘੱਟ ਹੋਣ ਦਾ ਲਾਭ ਉਨ੍ਹਾਂ ਨੂੰ ਬਿਲਕੁਲ ਨਹੀਂ ਦਿੱਤਾ ਜਾਂਦਾ। ਇਸ ਦੀ ਉਘੜਵੀਂ ਮਿਸਾਲ ਕੱਚੇ ਤੇਲ ਦੀਆਂ ਕੀਮਤਾਂ ਵਿਚ ਮਿਲਦੀ ਹੈ। ਯੂ.ਪੀ.ਏ. ਸਰਕਾਰ ਸਮੇਂ ਹੋਏ ਲਗਾਤਾਰ ਵਾਧੇ ਦਾ ਭਾਰ ਆਮ ਲੋਕਾਂ 'ਤੇ ਪਾ ਦਿੱਤਾ ਗਿਆ। ਪਰ ਮੋਦੀ ਸਰਕਾਰ ਸਮੇਂ ਕੌਮਾਂਤਰੀ ਮੰਡੀ ਵਿਚ ਆਈ ਭਾਰੀ ਗਿਰਾਵਟ ਦਾ ਲਾਭ ਲੋਕਾਂ ਨੂੰ ਉੱਕਾ ਹੀ ਨਹੀਂ ਮਿਲਿਆ। ਪੈਟਰੋਲੀਅਮ ਵਸਤਾਂ ਨੂੰ ਸੀਲ ਦੁਧਾਰੂ ਗਊ ਸਮਝ ਕੇ ਕੇਂਦਰ ਸਰਕਾਰ ਨੇ ਇਨ੍ਹਾਂ ਤੋਂ ਲਗਭਗ ਡੇਢ ਲੱਖ ਕਰੋੜ ਰੁਪਏ ਪ੍ਰਤੀ ਸਾਲ ਕਮਾਏ ਅਤੇ ਸੂਬਾ ਸਰਕਾਰ ਨੇ ਵੈਟ ਰਾਹੀਂ ਆਪਣੇ ਖਾਲੀ ਖਜ਼ਾਨੇ ਭਰਨ ਦਾ ਯਤਨ ਕੀਤਾ ਹੈ। ਕੀਮਤਾਂ ਵਿਚ ਹੁਣ ਫੇਰ ਲਗਾਤਾਰ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਜੂਨ 2'18 ਦਾ ਥੋਕ ਕੀਮਤ ਸੂਚਕ ਅੰਕ 5.77% 'ਤੇ ਪੁੱਜ ਗਿਆ ਜਦੋਂ ਕਿ ਇਹ ਮਈ 2018 ਵਿਚ 4.43% ਅਤੇ ਜੂਨ 2017 ਵਿਚ ਸਿਰਫ 0.9% ਸੀ।

ਅਸਲ ਵਿਚ ਵਿਸ਼ਾਲ ਮਾਰਕੀਟ ਹੋਣ ਦੇ ਬਾਵਜੂਦ ਸਾਮਰਾਜੀ ਦੇਸ਼ਾਂ ਉਪਰ ਆਰਥਕ ਤੇ ਵਿੱਤੀ ਨਿਰਭਰਤਾ ਵਧਦੇ ਜਾਣ ਕਾਰਨ ਸਾਡੀ ਆਰਥਕਤਾ ਬਹੁਤ ਹੀ ਛਿਣਭੰਗਰੀ ਅਤੇ ਨਿਤਾਣੀ ਬਣਦੀ ਜਾ ਰਹੀ ਹੈ। ਇਹ ਹੁਣ ਥੋੜ੍ਹੇ ਬਹੁਤੇ ਦਬਾਅ ਝੱਲਣ ਦੇ ਵੀ ਯੋਗ ਨਹੀਂ ਹੈ। ਇਸ ਦੇ ਬੁਨਿਆਦੀ ਆਰਥਕ ਆਧਾਰ ਬਹੁਤ ਕਮਜ਼ੋਰ ਹਨ। ਇਸ ਦੀ ਅਸਲ ਆਰਥਕਤਾ ਦੇ ਬੁਨਿਆਦੀ ਖੇਤਰ, ਖੇਤੀਬਾੜੀ ਅਤੇ ਉਦਯੋਗਕ ਉਤਪਾਦਨ ਲਗਭਗ ਖੜੋਤ ਵਿਚ ਹਨ। ਇਹ ਦੋਵੇਂ ਖੇਤਰ ਕ੍ਰਮਵਾਰ ਮੁਢਲਾ ਅਤੇ ਸੈਕੰਡਰੀ ਅਖਵਾਉਂਦੇ ਹਨ। ਸੈਕੰਡਰੀ ਵਿਚ ਵਧੇਰੇ ਮਹੱਤਵਪੂਰਨ ਮੈਨੂਫੈਕਚਰਿੰਗ ਹੈ ਜਿਸ ਦੀ ਹਾਲਾਤ ਹੋਰ ਵਧੇਰੇ ਚਿੰਤਾਜਨਕ ਹੈ। ਭਾਰਤ ਦੀ ਆਰਥਕਤਾ ਵਿਚਲੇ ਸਰਵਿਸ ਸੈਕਟਰ ਨੂੰ ਹੀ ਵਧੇਰੇ ਮਹੱਤਤਾ ਦਿੱਤੀ ਜਾਂਦੀ ਹੈ। ਇਸ ਸੈਕਟਰ ਵਿਚ ਦਿਖ ਰਿਹਾ ਵਿਕਾਸ ਦੋਵੇਂ ਬੁਨਿਆਦੀ ਖੇਤਰਾਂ ਦੀ ਖੜੋਤ ਵਿਚ ਹੋਣ ਦੀ ਸੂਰਤ ਵਿਚ ਬਗਾਨੀਆਂ ਵਿਸਾਖੀਆਂ 'ਤੇ ਚੱਲਣ ਵਾਲੀ ਗੱਲ ਹੈ। ਸਾਡਾ ਵਿਦੇਸ਼ੀ ਮੁਦਰਾ ਦਾ ਭੰਡਾਰ ਵੀ ਆਪਣੀ ਕਮਾਈ ਦਾ ਨਾ ਹੋ ਕੇ ਵਿਦੇਸ਼ੀ ਕਰਜ਼ੇ 'ਤੇ ਆਧਾਰਤ ਹੁੰਦਾ ਹੈ।

ਮੌਜੂਦਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਕਿ ਸਰਕਾਰ ਦੇਸ਼ ਦੀ ਆਰਥਕਤਾ ਵਿਚਲੀਆਂ ਕਮਜ਼ੋਰੀਆਂ ਬਾਰੇ ਗੰਭੀਰ ਵਿਚਾਰ ਚਰਚਾ ਕਰਕੇ ਅਸਲੀ ਆਰਥਕਤਾ ਦੇ ਦੋਵਾਂ ਖੇਤਰਾਂ ਵਿਚ ਆਈ ਖੜੋਤ ਨੂੰ ਦੂਰ ਕਰੇ। ਇਹੀ ਦੋਵੇਂ ਖੇਤਰ ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕਰ ਸਕਦੇ ਹਨ। ਇਨ੍ਹਾਂ ਦੀ ਮਜ਼ਬੂਤੀ 'ਤੇ ਖੜ੍ਹਾ ਸਰਵਿਸ ਸੈਕਟਰ ਆਪਣੀਆਂ ਨੀਹਾਂ 'ਤੇ ਖੜ੍ਹਾ ਹੋਵੇਗਾ। ਪਰ ਬਦਕਿਸਮਤੀ ਦੀ ਗੱਲ ਹੈ ਕਿ 1991 ਤੋਂ ਲਾਗੂ ਹੋਈਆਂ ਨਵਉਦਾਰਵਾਦੀ ਨੀਤੀਆਂ ਦੀਆਂ ਝੰਡਾ-ਬਰਦਾਰ ਬਣੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਖੇਤੀ ਸੈਕਟਰ ਨੂੰ ਤਬਾਹੀ ਵਾਲੇ ਪਾਸੇ ਧੱਕ ਰਹੀਆਂ ਹਨ ਅਤੇ ਉਦਯੋਗਕ ਖੇਤਰ ਨੂੰ ਵਿਦੇਸ਼ੀ ਸਰਮਾਏ ਦੇ ਹਵਾਲੇ ਕਰਕੇ ਰੁਜ਼ਗਾਰ ਪੈਦਾ ਕਰਨ ਦੀ ਥਾਂ ਰੁਜ਼ਗਾਰ ਖਤਮ ਕਰਨ ਵਾਲਾ ਬਣਾ ਰਹੀਆਂ ਹਨ। ਇਨ੍ਹਾਂ ਨੀਤੀਆਂ ਨੂੰ ਹਰਾਉਣਾ ਦੇਸ਼ ਦੇ ਕਿਰਤੀ ਲੋਕਾਂ ਦੀ ਮੁੱਖ ਜ਼ਿੰਮੇਵਾਰੀ ਹੈ। ਇਹ ਗੱਲ ਤਸੱਲੀ ਵਾਲੀ ਹੈ ਕਿ ਕਿਰਤੀ ਲੋਕਾਂ ਨੇ ਇਹ ਚੁਣੌਤੀ ਪ੍ਰਵਾਨ ਕਰਦੇ ਹੋਏ ਜ਼ੋਰਦਾਰ ਸੰਘਰਸ਼ ਆਰੰਭ ਕੀਤੇ ਹੋਏ ਹਨ।

## ਗ਼ਦਰ ਲਹਿਰ ਦਾ ਆਲਮੀ ਪ੍ਰਸੰਗ :

# ਕੈਨੇਡਾ ਉਪਰ ਮੁੜ-ਝਾਤ



**ਰਾਜ ਪੰਨੂ**

*ਸਾਲ 2013 ਵਿਚ ਜਦੋਂ ਦੁਨੀਆ ਭਰ ਵਿਚ ਗ਼ਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿਚ ਕੰਮ ਕਰਦੀ ਪ੍ਰੋਗ੍ਰੈਸਿਵ ਪੀਪਲਜ਼ ਫ਼ਾਊਂਡੇਸ਼ਨ ਵਲੋਂ ਜਿਥੇ ਇਕੋ ਸਾਲ ਵਿਚ ਐਡਮਿੰਟਨ ਵਿਚ ਗ਼ਦਰ ਸ਼ਤਾਬਦੀ ਨਾਲ ਸੰਬੰਧਤ ਛੇ ਵੱਡੇ ਸਮਾਗਮ ਰਚਾਏ ਗਏ ਉਥੇ ਇਸੇ ਸਾਲ ਗ਼ਦਰ ਲਹਿਰ ਨੂੰ ਸਮਰਪਤ ਇਕ ਕਿਤਾਬ The Ghadar Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿਚ ਛਪੀ ਇਸ ਕਿਤਾਬ ਵਿਚ 18 ਵਿਦਵਾਨਾਂ ਦੇ ਗ਼ਦਰ ਲਹਿਰ ਬਾਰੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, "ਅੱਜ ਜਦੋਂ ਹਿੰਦੁਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸਕੀਰਣ ਢੰਗ ਨਾਲ ਪ੍ਰਭਾਸ਼ਿਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਇਕ ਵਿਆਪਕ ਸਾਜ਼ਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ 'ਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ ਗ਼ਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ ਗ਼ਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਅਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ ਫ਼ਰਜ਼ ਹੈ...*

*.... ਸਾਨੂੰ ਉਮੀਦ ਹੈ ਕਿ ਗ਼ਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾਂ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"*

*ਅਦਾਰਾ 'ਨਵੀਂ ਦੁਨੀਆ' 'ਗ਼ਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣਾ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।*

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਉੱਤਰੀ ਅਮਰੀਕਾ ਵਿਚ ਆਉਣ ਵਾਲੇ ਮੋਹਰੀ ਹਿੰਦੁਸਤਾਨੀ ਆਵਾਸੀ : ਆਮਦ ਅਤੇ ਸਵਾਗਤ

ਸਾਧਾਰਨ ਤਰੀਕੇ ਨਾਲ ਕਹਿਣਾ ਹੋਵੇ ਤਾਂ ਨਸਲਵਾਦ ਦੀ ਇਸ ਗੁਸਤਾਖ਼ ਹਮਾਇਤ ਅਤੇ ਕੈਨੇਡੀਅਨ ਵਤੀਰਿਆਂ ਤੇ ਕੈਨੇਡਾ ਦੀਆਂ ਆਵਾਸ ਨੀਤੀਆਂ ਵਿਚ ਇਸ ਦੇ ਸੰਸਥਾਗਤ ਇਜ਼ਹਾਰ ਨਾਲ ਉਨ੍ਹਾਂ ਨੂੰ ਘੋਰ ਸਦਮਾ ਪਹੁੰਚਿਆ ਸੀ। ਉਥੇ ਆ ਕੇ ਜੂਨ ਗੁਜ਼ਾਰਾ ਸੌਖਾ ਹੋਣ ਦੀਆਂ ਉਮੀਦਾਂ ਅਤੇ ਉਨ੍ਹਾਂ ਦੇ ਆਪਣੇ ਤੇ ਆਪਣੇ ਪਰਿਵਾਰਾਂ ਦੇ ਬਿਹਤਰ ਭਵਿੱਖ ਦੇ ਅਹਿਦ ਤਹਿਸ-ਨਹਿਸ ਹੋ ਗਏ, ਉਨ੍ਹਾਂ ਅੰਦਰ ਭਾਈਚਾਰਕ ਇਕਮੁੱਠਤਾ ਦੀ ਮਜ਼ਬੂਤ ਭਾਵਨਾ ਅਤੇ ਬਸਤੀਵਾਦ ਵਿਰੋਧੀ/ਸਾਮਰਾਜਵਾਦ ਵਿਰੋਧ ਦੀ ਸੁਭਾਵਕ ਖ਼ੂਬੀ/ਟਾਕਰੇ ਦਾ ਸਭਿਆਚਾਰ ਵਿਕਸਤ ਹੋ ਗਏ। ਮੋੜਵੇਂ ਤੌਰ 'ਤੇ, ਇਸ ਨੇ ਉਨ੍ਹਾਂ ਨੂੰ ਤੁਰੰਤ ਜਥੇਬੰਦ ਸਿਆਸੀ ਕਾਰਵਾਈ ਲਈ ਉਤਸ਼ਾਹਤ ਕਰ ਦਿੱਤਾ।

ਇੰਜ; ਉਹ ਸਫ਼ਰ ਸ਼ੁਰੂ ਹੋਇਆ ਜਿਸ ਦੇ ਸਿੱਟੇ ਵਜੋਂ ਛੇ ਸਾਲ ਦੇ ਅੰਦਰ ਉਹ ਜਥੇਬੰਦੀ ਬਣ ਜਾਵੇਗੀ ਜੋ ਹਿੰਦੁਸਤਾਨ ਗ਼ਦਰ ਪਾਰਟੀ ਵਜੋਂ ਜਾਣੀ ਜਾਵੇਗੀ। ਯਕੀਨ ਨਹੀਂ ਆਉਂਦਾ, ਉੱਤਰੀ ਅਮਰੀਕਾ ਦੇ ਸਮੁੰਦਰੀ ਕੰਢਿਆਂ ਉੱਪਰ ਪਹੁੰਚਣ ਵਾਲੇ ਇਹ ਹਿੰਦੁਸਤਾਨੀ ਆਵਾਸੀ, ਜੋ ਆਪਣੇ ਘਰ-ਬਾਰ ਤਿਆਗ ਕੇ ਆਪਣੀ ਤੇ ਆਪਣੇ ਪਰਿਵਾਰਾਂ ਦੀ ਆਰਥਕ ਸੁਰੱਖਿਆ ਤੇ ਖ਼ੁਸ਼ਹਾਲੀ ਦੇ ਸੁਪਨਿਆਂ ਪਿੱਛੇ ਹੋ ਤੁਰੇ, ਨੇ 1913 'ਚ ਯੁਗ-ਪਲਟਾਊ ਫ਼ੈਸਲਾ ਲਿਆ। ਯਾਨੀ ਉਹ ਜਿਸ ਨਸਲੀ ਤੇ ਸਿਆਸੀ ਦਾਬੇ ਦੇ ਪ੍ਰਬੰਧ ਵਿਚ ਜਕੜੇ ਹੋਏ ਮਹਿਸੂਸ ਕਰਦੇ ਸਨ, ਉਸ ਦਾ ਬੇਹਰਕਤ ਅਤੇ ਬੇਵੱਸ ਸ਼ਿਕਾਰ ਬਣੇ ਰਹਿਣ ਤੋਂ ਨਾਬਰੀ। ਉਹ ਇਸ ਸਿੱਟੇ 'ਤੇ ਪਹੁੰਚੇ ਕਿ ਹਿੰਦੁਸਤਾਨ ਦਾ ਬਰਤਾਨਵੀ ਬਸਤੀ ਵਾਲਾ ਦਰਜਾ ਜੋ ਉਸ ਦੀ ਸਿਆਸੀ ਤੇ ਆਰਥਕ ਦੁਰਦਸ਼ਾ ਲਈ ਜ਼ਿੰਮੇਵਾਰ ਹੈ, ਜਿਨ੍ਹਾਂ ਹਾਲਾਤ ਤੋਂ ਉਹ ਭੱਜ ਕੇ ਆ ਰਹੇ ਹਨ, ਹੀ ਉੱਤਰੀ ਅਮਰੀਕਾ ਵਿਚ ਉਨ੍ਹਾਂ ਦੀਆਂ ਮੁਸੀਬਤਾਂ ਦੀ ਜੜ੍ਹ ਹੈ। ਉਨ੍ਹਾਂ ਦਾ ਖ਼ਿਆਲ ਸੀ ਕਿ ਕੈਨੇਡਾ ਅਤੇ ਸਰਹੱਦੋਂ ਪਾਰ ਦੱਖਣ ਵਿਚ ਘੋਰ ਜ਼ਲਾਲਤ, ਦੁਰਕਾਰੇ ਜਾਣ ਅਤੇ ਦਾਬੇ ਦਾ ਸ਼ਿਕਾਰ ਹੋਣ ਦੇ ਉਨ੍ਹਾਂ ਦੇ ਨਿੱਜੀ ਅਨੁਭਵ ਦੀਆਂ ਵਿਆਪਕ ਸਰਬਾਂਗੀ ਜੜ੍ਹਾਂ ਬਰਤਾਨਵੀ ਰਾਜ ਅਤੇ ਬਸਤੀਵਾਦ ਵਿਚ ਹੀ ਸਨ। ਫਿਰ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਆਪਣੇ ਵਤਨ ਵਿਚ ਅਤੇ ਪਰਦੇਸਾਂ ਵਿਚ ਹਿੰਦੁਸਤਾਨੀਆਂ ਸਾਹਮਣੇ ਪਹਿਲਾ ਕੰਮ ਸੀ ਬਰਤਾਨਵੀ ਸਾਮਰਾਜੀ ਜਕੜ ਅਤੇ ਗ਼ਲਬੇ ਤੋਂ ਹਿੰਦੁਸਤਾਨ ਦੀ ਬੰਦ-ਖ਼ਲਾਸੀ ਕਰਾਉਣਾ। ਲਿਹਾਜ਼ਾ, ਇਸ ਦਾ ਪ੍ਰਮੁੱਖ ਨਿਸ਼ਾਨਾ ਸੀ ਹਿੰਦੁਸਤਾਨ ਵਿਚ ਬਸਤੀਵਾਦੀ ਨਿਜ਼ਾਮ ਦਾ ਤਖ਼ਤ ਉਲਟਾਉਣਾ ਅਤੇ ਇਸ ਦੀ ਥਾਂ ਇਕ ਜਮਹੂਰੀ ਅਤੇ ਬਰਾਬਰੀ ਵਾਲਾ ਗਣਰਾਜੀ ਸਿਆਸੀ ਪ੍ਰਬੰਧ ਸਥਾਪਤ ਕਰਨਾ। ਗ਼ਦਰ ਪਾਰਟੀ ਪਿੱਛੇ ਆਪਣੇ ਮੁਲਕ ਹਿੰਦੁਸਤਾਨ ਅੰਦਰਲੀ ਬਸਤੀਵਾਦ ਵਿਰੋਧੀ ਮੁੱਢਲੀ ਲਹਿਰ ਵਿਚ ਆਗੂ ਭੂਮਿਕਾ ਨਿਭਾਏਗੀ ਤੇ ਬਸਤੀਵਾਦੀ ਰਾਜ ਦਾ ਖ਼ਾਤਮਾ ਕਰਨ 'ਚ ਮਦਦ ਕਰੇਗੀ। ਇਹ ਨੋਟ ਕੀਤਾ ਜਾਵੇ ਕਿ ਗ਼ਦਰ ਪਾਰਟੀ ਦੀ ਸਥਾਪਨਾ 1914 ਦੇ ਕਾਮਾਗਾਟਾ ਮਾਰੂ ਕਾਂਡ ਅਤੇ ਪਹਿਲੀ ਆਲਮੀ ਜੰਗ ਛਿੜਨ ਤੋਂ ਪਹਿਲਾਂ ਹੋਈ ਸੀ।

ਹੁਣ ਅਸੀਂ ਉਸ ਇਤਿਹਾਸ ਪ੍ਰਸੰਗ ਨੂੰ ਨੀਝ ਨਾਲ ਘੋਖਾਂਗੇ ਜਿਸ ਵਿਚ ਇਹ ਕੌਮਾਂਤਰੀ ਸਿਆਸੀ ਜਥੇਬੰਦੀ ਵਿਕਸਤ ਹੋਈ ਅਤੇ ਇਸ ਜੋਖ਼ਮ ਵਾਲੇ, ਅਭਿਲਾਸ਼ੀ ਅਤੇ ਸੁਪਨਸਾਜ਼ ਸਿਆਸੀ ਮਾਅਰਕੇ ਦਾ ਕੰਮ ਹੱਥ ਲੈਣ ਦੀ ਬੁਲੰਦੀ 'ਤੇ ਪਹੁੰਚੀ, ਭਾਵ ਹਿੰਦੁਸਤਾਨ ਅੰਦਰ ਇਤਿਹਾਸ ਦੀ ਸਭ ਤੋਂ ਤਾਕਤਵਰ ਸਾਮਰਾਜੀ ਤਾਕਤ ਨਾਲ ਟੱਕਰ ਲੈਣ ਦਾ ਮਾਅਰਕਾ।

ਬਦਲ ਰਿਹਾ ਆਲਮੀ ਪ੍ਰਸੰਗ ਅਤੇ ਬਸਤੀਵਾਦ ਤੇ ਨਸਲਵਾਦ ਲਈ ਚੁਣੌਤੀਆਂ ਦਾ ਉਭਰਨਾ ਮੋਟੇ ਤੌਰ 'ਤੇ 19ਵੀਂ ਸਦੀ ਦੀ ਪਿਛਲੀ ਤਿਹਾਈ ਅਤੇ 20 ਵੀਂ ਸਦੀ ਦੇ ਪਹਿਲੇ ਬਾਰ੍ਹਾਂ ਸਾਲਾਂ ਦੌਰਾਨ ਚਾਰ ਵੱਡੇ ਘਟਨਾ-ਵਿਕਾਸਾਂ ਦਾ ਸਬੰਧ ਸਾਡੀ ਚਰਚਾ ਨਾਲ ਹੈ: ਆਲਮੀ ਸਰਮਾਏਦਾਰੀ ਦਾ ਮਹਾਂ-ਮੰਦਵਾੜਾ ਜੋ 1872 ਤੋਂ ਲੈ ਕੇ 1896 ਤਕ ਰਿਹਾ; ਜਪਾਨ ਦੀ ਮੀਜੀ ਮੁੜ ਬਹਾਲੀ ਦਾ ਦੌਰ ਜੋ ਓਦੋਂ ਦੇ ਖੇਰੂੰ-ਖੇਰੂੰ ਸਮਾਜ ਦੇ ਇਕ ਆਧੁਨਿਕ ਸਨਅਤੀ ਤੇ ਫ਼ੌਜੀ ਤਾਕਤ ਵਿਚ ਤੇਜ਼ੀ ਨਾਲ ਕਾਇਆ ਕਲਪ ਹੋਣ ਦੀ ਸੂਚਕ ਸੀ; ਸਰਵ-ਏਸ਼ਿਆਈ ਚੇਤਨਾ ਦਾ ਵਿਕਾਸ; ਅਤੇ ਹਿੰਦੁਸਤਾਨ ਵਿਚ ਕੌਮੀ ਚੇਤਨਾ ਅਤੇ ਸਾਮਰਾਜੀ ਗ਼ਲਬੇ ਤੇ ਬਸਤੀਵਾਦੀ ਲੁੱਟ-ਖਸੁੱਟ ਦੇ ਵਧੇਰੇ ਜਥੇਬੰਦ ਸਿਆਸੀ ਟਾਕਰੇ ਵਿਚ ਪ੍ਰਤੱਖ ਵਾਧਾ।

19ਵੀਂ ਸਦੀ ਦੇ ਪਹਿਲੇ ਸੱਤਰ ਕੁ ਸਾਲਾਂ ਦੌਰਾਨ ਸਨਅਤੀ ਸਰਮਾਏਦਾਰੀ ਨੇ ਯੂਰਪ ਅਤੇ ਅਮਰੀਕਾ ਅੰਦਰ ਜ਼ਬਰਦਸਤ ਤਰੱਕੀ ਕੀਤੀ, ਅਤੇ ਆਲਮੀ ਆਰਥਿਕਤਾ ਦਾ ਤੇਜ਼ੀ ਨਾਲ ਪਸਾਰਾ ਹੋਇਆ। ਪਰ 1873 ਤੋਂ ਸ਼ੁਰੂ ਹੋ ਕੇ 1896 ਤਕ, ਸਾਰੇ ਹੀ ਵਿਕਸਤ ਸਰਮਾਏਦਾਰਾ ਅਰਥਚਾਰੇ ਲੰਮੇ ਆਰਥਕ ਸੰਕਟ (ਮਹਾਂ ਮੰਦਵਾੜੇ), ਕੀਮਤਾਂ, ਉਜਰਤਾਂ, ਰੁਜ਼ਗਾਰ ਦਰ, ਵਿਆਜ ਦਰਾਂ, ਅਤੇ ਮੁਨਾਫ਼ਾ ਦਰਾਂ ਦੇ ਘਟਣ 'ਚੋਂ ਗੁਜ਼ਰੇ। ਜਿਵੇਂ ਐਰਿਕ ਹੌਬਸਬਾਮ ਨੋਟ ਕਰਦਾ ਹੈ, 1870ਵਿਆਂ ਦੇ ਨਾਟਕੀ ਪਤਨ ਤੋਂ ਪਿੱਛੋਂ ਜੋ ਹੋਇਆ ਅਤੇ ਜਿਸ ਦੇ ਸਿੱਟੇ ਸਭ ਤੋਂ ਅਹਿਮ ਹੋਣਗੇ ਉਹ ਸੀ ਵਸਤਾਂ ਦੀਆਂ ਕੀਮਤਾਂ ਅਤੇ ਇੰਜ; ਮੁਨਾਫ਼ਾਯੋਗਤਾ ਵਿਚ ਜ਼ਬਰਦਸਤ ਗਿਰਾਵਟ। ਸਾਡੇ ਲਈ ਜੋ ਖ਼ਾਸ ਦਿਲਚਸਪੀ ਵਾਲੀ ਗੱਲ ਹੈ ਉਹ ਇਹ ਹੈ ਕਿ "ਮੁਨਾਫ਼ਿਆਂ ਵਿਚ ਇਸ ਗਿਰਾਵਟ ਦੀ ਸਭ ਤੋਂ ਹੈਰਤਅੰਗੇਜ਼ ਸ਼ਿਕਾਰ ਖੇਤੀਬਾੜੀ ਹੋਈ ਸੀ, ਅਤੇ ਹਕੀਕਤ ਵਿਚ ਆਰਥਿਕਤਾ ਦਾ ਸਭ ਤੋਂ ਡੂੰਘੇ ਰੂਪ 'ਚ ਮੰਦਵਾੜੇ ਦਾ ਸ਼ਿਕਾਰ ਇਸਦੇ ਹਿੱਸੇ ਹੋਏ ਸਨ। ਜੋ ਐਸਾ ਖੇਤਰ ਸੀ ਜਿਸ ਦੀ ਬੇਚੈਨੀ ਦੇ ਸਮਾਜੀ ਤੇ ਸਿਆਸੀ ਨਤੀਜੇ ਸਭ ਤੋਂ ਤੁਰੰਤ ਅਤੇ ਦੂਰ ਗਾਮੀ ਸਨ। ਖੇਤੀਬਾੜੀ ਜਿਣਸਾਂ ਦੇ ਭਾਵਾਂ ਵਿਚ ਗਿਰਾਵਟ ਨਿਸ਼ਚੇ ਹੀ ਇਕ ਐਸਾ ਅਹਿਮ ਕਾਰਕ ਸੀ ਜੋ ਪੰਜਾਬ ਅੰਦਰ ਪੇਂਡੂ ਕਰਜ਼ਾਈਪਣ ਅਤੇ ਨਾਲ ਦੀ ਨਾਲ ਸਿਆਸੀ ਬੇਚੈਨੀ ਤੇ ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਵਿਚ ਤੇਜ਼ੀ ਨਾਲ ਵਾਧੇ ਲਈ ਜ਼ਿੰਮੇਵਾਰ ਸੀ - ਘਟਨਾ ਵਿਕਾਸ ਜੋ ਓਦੋਂ ਕੁਝ ਬਸਤੀਵਾਦੀ ਪ੍ਰਸ਼ਾਸਕਾਂ ਅੰਦਰ ਭਾਰੀ ਫ਼ਿਕਰਮੰਦੀ ਪੈਦਾ ਕਰਨ ਦਾ ਕਾਰਨ ਬਣੇ।

ਸੰਕਟ ਅਤੇ ਰੂਪਬਦਲੀ ਦੇ ਇਸ ਅਰਸੇ ਦੌਰਾਨ ਸਨਅਤੀ ਮੁਲਕਾਂ ਅੰਦਰ ਜਿਹੜੇ ਕੁਝ ਹੋਰ ਘਟਨਾ ਵਿਕਾਸ ਹੋਏ ਉਹ ਸਨ: ਪੈਦਾਵਾਰ ਦੀਆਂ ਨਵੀਆਂ ਸਨਅਤਾਂ ਤੇ ਤਕਨਾਲੋਜੀਆਂ ਵਿਚ ਵਾਧਾ; ਬੇਰੁਜ਼ਗਾਰੀ ਵਿਚ ਵਾਧਾ, ਉਜਰਤਾਂ ਦੇ ਘਟਣ ਦਾ ਦਬਾਓ ਅਤੇ ਮਗਰਲੇ ਨਾਲ ਵਿਰੋਧ-ਵਿਕਾਸੀ ਰਿਸ਼ਤੇ ਵਿਚ ਮਜ਼ਦੂਰਾਂ ਦੇ ਖਾੜਕੂਪਣ, ਮਜ਼ਦੂਰ ਲਹਿਰਾਂ



**ਗ਼ਦਰ ਪਾਰਟੀ (ਪੈਸਿਫਿਕ ਕੋਸਟ ਹਿੰਦੀ ਐਸੋਸੀਏਸ਼ਨ ਵਜੋਂ) ਦਾ ਆਗਾਜ਼ 4 ਜੂਨ 1913 ਨੂੰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ ਵਿਖੇ ਲਾਲਾ ਹਰਦਿਆਲ ਦੀ ਜਨਤਕ ਤਕਰੀਰ ਨਾਲ ਕੀਤਾ ਗਿਆ ਸੀ।**

ਅਤੇ ਕਿਰਤੀ ਯੂਨੀਅਨਾਂ ਵਿਚ ਤੇਜ਼ੀ ਨਾਲ ਵਾਧਾ। ਮਜ਼ਦੂਰਾਂ ਦੀਆਂ ਹੜਤਾਲਾਂ ਆਮ ਹੀ ਹੋਣ ਲੱਗੀਆਂ। ਮਿਸਾਲ ਵਜੋਂ, ਅਮਰੀਕਾ ਵਿਚ 1881 ਅਤੇ 1886 ਦਰਮਿਆਨ 3000 ਤੋਂ ਵੱਧ ਹੜਤਾਲਾਂ ਹੋਈਆਂ ਅਤੇ ਦਸ ਲੱਖ ਤੋਂ ਵੱਧ ਮਜ਼ਦੂਰਾਂ ਨੇ ਇਨ੍ਹਾਂ ਵਿਚ ਹਿੱਸਾ ਲਿਆ। "ਇਨ੍ਹਾਂ ਹੜਤਾਲਾਂ ਵਿਚ 1884-86 ਦੀ ਰੇਲਵੇ ਹੜਤਾਲ ਅਤੇ ਸ਼ਿਕਾਗੋ ਵਿਚ ਮਈ 1886 ਵਾਲੀ ਅੱਠ ਘੰਟੇ ਦੇ ਕੰਮ ਦਿਨ ਵਾਲੀ ਹੜਤਾਲ ਸ਼ਾਮਲ ਸਨ; ਉੱਥੇ 80,000 ਹੜਤਾਲੀ ਸਨ (ਜਿਨ੍ਹਾਂ ਨੇ ਇਸ ਵਿਚ ਹਿੱਸਾ ਲਿਆ), ਅਤੇ ਹੇਅ ਮਾਰਕੀਟ ਚੌਕ ਦੇ ਫ਼ਸਾਦ ਤੋਂ ਬਾਅਦ ਲਹਿਰ ਦੇ ਆਗੂਆਂ ਨੂੰ ਸਜ਼ਾ ਦਿੱਤੀ ਗਈ ਅਤੇ ਫਾਹੇ ਲਾ ਦਿੱਤੇ ਗਏ।" ਇਨ੍ਹਾਂ ਨਾਲ ਮਿਲਦੀਆਂ-ਜੁਲਦੀਆਂ ਮਜ਼ਦੂਰ ਕਾਰਵਾਈਆਂ ਬਰਤਾਨੀਆ ਅਤੇ ਹੋਰ ਯੂਰਪੀ ਮੁਲਕਾਂ ਵਿਚ ਹੋਈਆਂ (ਹੁਣ ਜੋ ਸਾਲਾਨਾ ਮਈ ਦਿਹਾੜਾ ਆਮ ਮਨਾਇਆ ਜਾਂਦਾ ਹੈ ਦਾ ਮੁੱਢ 1886 ਵਿਚ ਸ਼ਿਕਾਗੋ ਕਾਂਡ ਤੋਂ ਬੱਝਿਆ ਸੀ।)।

ਪਰ ਸਾਡੇ ਲਈ ਖ਼ਾਸ ਦਿਲਚਸਪੀ ਦਾ ਮਾਮਲਾ ਹੈ ਆਲਮੀ ਪੱਧਰ 'ਤੇ ਬਸਤੀਕਰਨ ਅਤੇ ਇਸ ਦੇ ਪਸਾਰੇ ਦੀ ਨਵੀਂ ਲਹਿਰ ਅਤੇ ਇਸ ਦੇ ਸਿੱਟੇ: ਬਸਤੀਆਂ ਬਣਾਏ ਜਾਣਾ ਅਤੇ ਨਿਰਭਰ ਆਰਥਿਕਤਾਵਾਂ ਦਾ ਸਰਮਾਏਦਾਰਾ ਆਲਮੀ ਅਰਥਚਾਰੇ ਨਾਲ ਕੱਸ ਕੇ ਜਕੜੇ ਜਾਣਾ, "ਘੱਟ ਵਿਕਾਸ ਦੇ ਵਿਕਾਸ" ਦਾ ਅਮਲ ਤਿੱਖਾ ਹੋਣਾ ਅਤੇ ਇਸ ਦਾ ਇਨ੍ਹਾਂ ਅਖਾਉਤੀ ਘੱਟ ਵਿਕਸਤ ਸਮਾਜਾਂ ਦੀ ਵਿਸ਼ਾਲ ਬਹੁਗਿਣਤੀ ਵਸੋਂ ਨੂੰ ਗ਼ਰੀਬੀ ਅਤੇ ਸਮਾਜੀ ਥੁੜ ਦੇ ਹਾਲਾਤ ਨੂੰ ਹੋਰ ਵੀ ਭੈੜੇ ਬਣਾਉਣ ਵਿਚ ਯੋਗਦਾਨ।

ਮਿਸਾਲ ਵਜੋਂ, ਹਿੰਦੁਸਤਾਨ ਵਿਚ ਵਿਆਪਕ ਤੌਰ 'ਤੇ ਫੈਲੀ ਸਮਾਜੀ ਬੇਚੈਨੀ, ਕਿਸਾਨਾਂ ਦੇ ਰੋਸ ਮੁਜ਼ਾਹਰੇ ਅਤੇ ਟਾਕਰਾ, ਅਤੇ ਮੱਧ ਵਰਗ ਦਾ ਭਰਮ ਟੁੱਟਣਾ ਤੇ ਸਿਆਸੀ ਨਾਰਾਜ਼ਗੀ ਵਿਚ ਤੇਜ਼ ਰਫ਼ਤਾਰ ਵਾਧਾ ਸਾਹਮਣੇ ਆਇਆ। ਫੈਲਦੀ ਜਾ ਰਹੀ ਸਮਾਜੀ ਬੇਚੈਨੀ ਅਤੇ ਸਿਆਸੀ ਰੋਸ ਪ੍ਰਗਟਾਵੇ ਨੂੰ ਬਸਤੀਵਾਦੀ ਰਾਜ ਦੇ ਵਹਿਸ਼ੀ ਜਬਰ ਦਾ ਸਾਹਮਣਾ ਕਰਨਾ ਪਿਆ। ਮਹਿਜ਼ ਖ਼ਾਸ ਨੀਤੀਆਂ ਦੇ ਖ਼ਿਲਾਫ਼ ਹੀ ਨਹੀਂ ਸਗੋਂ ਬਸਤੀਵਾਦੀ ਕੰਟਰੋਲ ਅਤੇ ਗ਼ੁਲਾਮੀ ਦੇ ਪ੍ਰਬੰਧ ਦੇ ਖ਼ਿਲਾਫ਼ ਇਕ ਜਥੇਬੰਦ ਖਾੜਕੂ ਵਿਰੋਧ ਲਈ ਹਾਲਾਤ ਬਣਨੇ ਸ਼ੁਰੂ ਹੋ ਗਏ। ਇਹ ਉਹ ਅਰਸਾ ਵੀ ਸੀ ਜਦੋਂ ਸਨਅਤੀ ਬਣ ਚੁੱਕੇ ਜਗਤ ਦੀਆਂ ਕੌਮੀ ਸਰਮਾਏਦਾਰੀਆਂ (ਸਰਮਾਏਦਾਰਾ ਆਲਮੀ ਆਰਥਿਕਤਾ ਦੀਆਂ ਇਕਾਈਆਂ ਅਤੇ ਐਕਟਰਾਂ) ਦਰਮਿਆਨ ਸ਼ਰੀਕੇਬਾਜ਼ੀ ਅਤੇ ਮੁਕਾਬਲੇਬਾਜ਼ੀ ਤੇਜ਼ ਹੋਈ ਜਿਸ ਦੇ ਸਿੱਟੇ ਵਜੋਂ "ਦੁਨੀਆ ਵੰਡੀ ਗਈ" ਅਤੇ ਮਹਾਂ ਜੰਗ ਛਿੜੀ। ਤਕਰੀਬਨ ਚੌਥਾ ਹਿੱਸਾ ਧਰਤੀ ਅੱਧੀ ਦਰਜਨ ਯੂਰਪੀ ਰਾਜਾਂ ਨੇ ਆਪਸ ਵਿਚ ਵੰਡ ਲਈ ਜਾਂ ਦੁਬਾਰਾ ਵੰਡ ਲਈ। ਇਹ ਜ਼ਿਆਦਾਤਰ ਹਥਿਆਰਬੰਦ ਤਾਕਤ ਦੇ ਇਸਤੇਮਾਲ ਅਤੇ ਫ਼ੌਜੀ ਕਬਜ਼ੇ ਜ਼ਰੀਏ ਹਾਸਲ ਕੀਤਾ ਗਿਆ। ਇਕੱਲੇ ਬਰਤਾਨੀਆ ਨੇ ਆਪਣੇ ਕਬਜ਼ੇ ਹੇਠਲਾ ਖੇਤਰ 40 ਲੱਖ ਵਰਗ ਮੀਲ ਹੋਰ ਵਧਾ ਲਿਆ। ਫਿਰ ਵੀ, ਇਹ ਅਹਿਮ ਹੈ ਕਿ ਜਰਮਨੀ ਅਤੇ ਅਮਰੀਕਾ ਇਸ ਸੰਕਟ ਵਿਚੋਂ ਵਧੇਰੇ ਤਕੜੇ ਹੋ ਕੇ ਉੱਭਰੇ ਅਤੇ ਜਪਾਨ ਸਾਮਰਾਜੀ ਲੀਗ ਵਿਚ ਸ਼ਾਮਲ ਹੋ ਗਿਆ।

20ਵੀਂ ਸਦੀ ਦੇ ਸ਼ੁਰੂ ਦੀ ਗੱਲ ਕਰਨੀ ਹੋਵੇ, ਤਾਂ ਬਰਤਾਨੀਆ ਅਜੇ ਵੀ ਸ਼੍ਰੋਮਣੀ ਸਾਮਰਾਜਵਾਦੀ ਤਾਕਤ ਸੀ ਅਤੇ ਧਰਤੀ ਦੇ ਚੌਥੇ ਹਿੱਸੇ ਵਿਚ ਫੈਲੀ ਵਿਆਪਕ ਸਲਤਨਤ ਅਤੇ ਦੁਨੀਆ ਦੀ ਚੌਥਾ ਹਿੱਸਾ ਤੋਂ ਵੱਧ ਵਸੋਂ ਉੱਪਰ ਇਸ ਦਾ ਰਾਜ ਸੀ। "ਬਰਤਾਨੀਆ ਦੀ ਤਾਕਤ, ਖ਼ੁਸ਼ਹਾਲੀ ਅਤੇ ਦੌਲਤ ਨੂੰ ਝੁਠਲਾਇਆ ਨਹੀਂ ਸੀ ਜਾ ਸਕਦਾ। ਦੁਨੀਆ ਦੀ ਰਾਜਧਾਨੀ ਲੰਦਨ ਸੀ, ਅਤੇ ਕੌਮਾਂਤਰੀ ਮੁਦਰਾ ਸਟਰਲਿੰਗ ਸੀ। ਪੰਜ ਮਹਾਂਦੀਪਾਂ ਉਪਰ ਬਰਤਾਨੀਆ ਦਾ ਗ਼ਲਬਾ ਸੀ ਅਤੇ ਬਰਤਾਨਵੀ ਸਰਮਾਏਦਾਰੀ ਨੂੰ ਇਸ ਗ਼ਲਬੇ ਤੋਂ ਚੋਖੀ ਕਮਾਈ ਹੁੰਦੀ ਸੀ। ਪਰ, ਸਾਮਰਾਜੀ ਅੰਬਰਾਂ ਵਿਚ ਤੂਫ਼ਾਨ ਦੇ ਬੱਦਲ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ। 1873-1896 ਦੇ ਮਹਾਂ ਮੰਦਵਾੜੇ ਦੇ ਅਰਸੇ ਦ÷ਰਾਨ ਬਰਤਾਨਵੀ ਧੌਂਸ ਦਾ ਅੰਤ, ਭਾਵ ਇਸ ਦਾ ਮੁਕਾਬਲਤਨ ਨਿਘਾਰ ਸ਼ੁਰੂ ਹੋ ਗਿਆ ਸੀ।

ਬਰਤਾਨਵੀ ਭੂਗੋਲਿਕ ਸਿਆਸੀ ਗ਼ਲਬੇ ਦੀ ਹਕੀਕਤ ਤੋਂ ਇਸ ਦੀ ਹਾਕਮ ਜਮਾਤ ਨੂੰ ਇਹ ਯਕੀਨ ਹੋ ਗਿਆ, ਜਿਸਦੇ ਦਾਅਵੇ ਉਹ ਉੱਚੀ-ਉੱਚੀ ਕਰਦੇ ਹਨ, ਕਿ ਇਸ ਨੂੰ "ਰਾਜ ਕਰਨ ਦਾ ਹੱਕ" ਹੈ ਜਾਂ ਇਹੀ ਉਸ ਦੀ ਹੋਣੀ ਹੈ, ਜਿਵੇਂ ਵਿਕਟਰ ਕੀਰਨਨ ਆਪਣੀ ਕਿਤਾਬ ਕਿ The Duel ਵਿਚ ਇਸ ਦਾ ਨਿਚੋੜ ਕੱਢਦਾ ਹੈ। ਸਾਮਰਾਜੀ ਜੇਤੂਵਾਦ ਅਤੇ ਨਸਲੀ ਰੰਗ 'ਚ ਰੰਗੇ ਸੰਸਾਰ ਨਜ਼ਰੀਏ ਦਾ ਬੁਲੰਦ ਰਾਗ, ਜਿਸ ਦੀ ਵਿਲੀਅਮ ਲੈਂਜਰ ਨੇ ਆਪਣੀ ਕਿਤਾਬ ਵਿਚ ਬਿਲਕੁਲ ਸਹੀ ਮੁੜ ਰਚਨਾ ਕੀਤੀ, ਮਹਿਜ਼ ਬਰਤਾਨੀਆ ਅਤੇ ਕੈਨੇਡਾ ਸਮੇਤ ਗੋਰੇ ਅਬਾਦਕਾਰਾਂ ਵਾਲੀਆਂ ਬਰਤਾਨਵੀ ਬਸਤੀਆਂ ਤਕ ਹੀ ਮਹਿਦੂਦ ਨਹੀਂ ਸੀ ਸਗੋਂ ਪੂਰੇ ਯੂਰਪ ਦਾ ਵਿਆਪਕ ਤੌਰ 'ਤੇ ਇਹੀ ਨਜ਼ਰੀਆ ਸੀ। ਆਖ਼ਰਕਾਰ, ਸਰਮਾਏਦਾਰੀ ਦੇ ਵਾਧੇ ਅਤੇ ਬਾਹਰ ਵੱਲ ਪਸਾਰੇ ਦੌਰਾਨ ਧਰਤੀ ਦਾ ਸਾਮਰਾਜੀ ਬਸਤੀਕਰਨ ਯੂਰਪ ਦੀ ਵਾਹਦ ਅਜਾਰੇਦਾਰੀ ਬਣਿਆ ਰਿਹਾ।

# ਕੇਹਰ ਸ਼ਰੀਫ਼



ਕੇਹਰ ਸ਼ਰੀਫ਼ ਪੰਜਾਬੀ ਦੇ ਬਹੁ-ਵਿਧਾਵੀ ਲੇਖਕ ਹਨ। ਕਵਿਤਾ ਦੇ ਨਾਲ ਨਾਲ ਉਹ ਕਹਾਣੀ ਅਤੇ ਸਾਹਿਤਕ ਨਿਬੰਧ ਤਾਂ ਲਿਖਦੇ ਹੀ ਹਨ; ਉਹ ਸਮਾਜਕ ਤੇ ਰਾਜਨੀਤਿਕ ਟਿੱਪਣੀਕਾਰ ਦੇ ਤੌਰ ’ਤੇ ਵੀ ਜਾਣੇ ਜਾਂਦੇ ਹਨ। ਦੁਨੀਆਂ ਭਰ ਦੀਆਂ ਪੰਜਾਬੀ ਅਖ਼ਬਾਰਾਂ ਵਿਚ ਲਗਾਤਾਰਾ ਛਪਣ ਵਾਲੇ ਕੇਹਰ ਸ਼ਰੀਫ਼ ਬਹੁਤ ਸਾਰੇ ਪੰਜਾਬੀ ਰੇਡੀਓ ਅਤੇ ਟੈਲੀਵਿਜ਼ਨ ਉਪਰ ਵੀ ਆਪਣੀ ਬੇਬਾਕ ਰਾਏ ਰੱਖਣ ਲਈ ਜਾਣੇ ਜਾਂਦੇ ਹਨ। ਉਨ੍ਹਾਂ ਇਕ ਬੇਹਤਰੀਨ ਅਨੁਵਾਦਕ ਵਜੋਂ ਵੀ ਆਪਣੀ ਨਿਵੇਕਲੀ ਪਛਾਣ ਬਣਾਈ ਹੋਈ ਹੈ। ਅੱਜ ਕਲ ਉਹ ਜਰਮਨੀ ਵਿਚ ਰਹਿ ਰਹੇ ਹਨ। ਅਦਾਰਾ ‘ਨਵੀਂ ਦੁਨੀਆ’ ਉਨ੍ਹਾਂ ਦੀਆਂ 9 ਖ਼ੂਬਸੂਰਤ ਕਵਿਤਾਵਾਂ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ।

## ਕੇਹਰ ਸ਼ਰੀਫ਼ ਦੀਆਂ 9 ਕਵਿਤਾਵਾਂ

### ਬੰਦ ਦਰਵਾਜ਼ਿਆਂ ਵਾਲੇ ਘਰਾਂ ਵਿਚ

ਬੰਦ ਦਰਵਾਜ਼ਿਆਂ ਵਾਲੇ ਘਰਾਂ ਵਿਚ ਬੋਲਦੇ ਲੋਕੀ ।
ਪ੍ਰਛਾਵੇਂ ਆਪਣੇ ਵਿਚੋਂ ਹੀ ਧੁੱਪ ਨੂੰ ਟੋਲ਼ਦੇ ਲੋਕੀ ।

ਕਦੇ ਉੱਚੀ, ਕਦੇ ਨੀਵੀਂ ਕਿ ਸੁਰ ਹੁੰਦੀ ਹੈ ਲੋਕਾਂ ਦੀ
ਸਿਰੋਂ ਜਦ ਪਾਣੀ ਟੱਪ ਜਾਵੇ ਤਾਂ ਫਿਰ ਹਨ ਖੌਲ਼ਦੇ ਲੋਕੀ ।

ਜ਼ਮਾਨਾ ਬਦਲ ਜਾਂਦੈ, ਬਦਲ ਜਾਂਦੀ ਹੈ ਤਾਸੀਰ ਆਪੇ
ਦਿਲਾਂ ਵਿਚ ਪੈ ’ਗੀਆਂ ਘੁੰਡੀਆਂ ਕਿਉਂ ਨਹੀਂ ਖੋਲ੍ਹਦੇ ਲੋਕੀ ?

ਬਿਠਾ ਕੇ ਕੋਲ਼ ਗੈਰਾਂ ਨੂੰ ਤੇ ਸਿਜਦੇ ਕਰਨ ਬਹਿ ਜਾਂਦੇ
ਕਿਉਂ ਆਪਣੇ ਭਰਾਵਾਂ ਨਾਲ ਨਹੀਂ ਦਿਲ ਫੋਲਦੇ ਲੋਕੀ ?

ਤਕਦੀਰਾਂ ਦੇ ਸੰਗਲਾਂ ਵਿਚ ਖੁਦ ਹੀ ਕੈਦ ਹੋ ਜਾਂਦੇ
ਕਿਸਮਤ ਹੱਥੀਂ ਘੜ੍ਹ ਸਕਦੇ ਹਾਂ ਕਿਉਂ ਨਹੀਂ ਗੌਲ਼ਦੇ ਲੋਕੀ ?

ਦਰਖ਼ਤਾਂ ਨੂੰ ਨਿਕਲ ਆਵਣ ਨਵੇਂ ਪੱਤੇ ਤਾਂ ਰੰਗ ਬਦਲੇ
ਖ਼ਿਜ਼ਾਂ ਦੇ ਬੀਤ ਜਾਵਣ ’ਤੇ ਵੀ ਕਿਉਂ ਨਹੀਂ ਮੌਲ਼ਦੇ ਲੋਕੀ ?

ਸਿਰ ਵੀ ਕਾਇਮ ਕਹਿੰਦੇ ਨੇ ’ਤੇ ਜੀਭਾਂ ਵੀ ਸਲਾਮਤ ਨੇ
ਜ਼ੁਲਮ ਹੁੰਦਾ ਹੈ ਹਰ ਪਾਸੇ ਕਿਉਂ ਨਹੀਂ ਬੋਲਦੇ ਲੋਕੀ ?

### ਉਹ ਤਾਂ ਬਸ ਉਸਦੀ ਕਜ਼ਾ ਕਰਦਾ ਰਿਹਾ

ਉਹ ਤਾਂ ਬਸ ਉਸਦੀ ਕਜ਼ਾ ਕਰਦਾ ਰਿਹਾ
ਫੇਰ ਵੀ ਉਸਦੀ ਸਜ਼ਾ ਜਰਦਾ ਰਿਹਾ

ਪੀਲ਼ਿਆਂ ਪੱਤਿਆਂ ਦੀ ਥੋੜ੍ਹੀ ਉਮਰ ਸੀ
ਬਿਨ ਪਲੱਤਣ ਦੇ ਵੀ ਫਿਰ ਸਰਦਾ ਰਿਹਾ

ਨਾ ਉਡੀ ਸੀ ਧੂੜ ਨਾ ਕੂੰਜਾਂ ਕਿਤੇ
ਮੇਘਲ਼ਾ ਬਿਨ ਬੱਦਲ਼ੋਂ ਵਰ੍ਹਦਾ ਰਿਹਾ

ਹਰ ਸੁਬਹ ਕੀਤਾ ਓਹਨੇ ਮੈਨੂੰ ਕਤਲ
ਮੈਂ ਰਿਹਾ ਜੀਊਂਦਾ ਉਹ ਪਰ, ਮਰਦਾ ਰਿਹਾ

ਮੌਤ ਨੂੰ ਮਾਸੀ ਸਦਾ ਕਹਿੰਦਾ ਸੀ ਜੁ
ਉਮਰ ਭਰ ਉਹ ਮੌਤ ਤੋਂ ਡਰਦਾ ਰਿਹਾ

ਤੋੜ ਕੇ ਹੱਥੀਂ ਕਲੀਰੇ ਭੈਣ ਦੇ
ਜੋਰਾਵਰੀ ਦਾ ਝੂਠਾ ਦਮ ਭਰਦਾ ਰਿਹਾ

ਅਮਲ ਨੇ ਕਰਨੈ ਨਿਬੇੜਾ ਸਿਦਕ ਦਾ
ਝੂਠ ’ਤੇ ਕਦ ਤੱਕ ਭਲਾਂ ਪਰਦਾ ਰਿਹਾ?

ਸ਼ੌਕ ਸੀ ਹੱਡ ਸੇਕਣੇ ਦਾ ਅੱਗ ਬਿਨਾ
ਕੜਕਦੀ ਪਰ ਧੁੱਪ ਵਿਚ ਠਰਦਾ ਰਿਹਾ

ਬੀਜ ਕੇ ਜਿਸਮਾਂ ’ਤੇ ਕੰਡੇ ਜ਼ਹਿਰ ਦੇ
ਦੱਸ ਭ?? ਕੀ ਮੂਰਖਾ ਕਰਦਾ ਰਿਹਾ?

ਨ੍ਹੇਰਿਆਂ ਨੂੰ ਪਾੜ ਜੁਗਨੂੰ ਤੁਰ ਗਿਐ
ਚਾਨਣਾਂ ਇਕ ਲੀਕ ਬਣ ਤਰਦਾ ਰਿਹਾ

### ਗ਼ਜ਼ਲ ਵਿੰਗੀ ਹੋ ਈ ਜਾਂਦੀ ਐ

ਗਜ਼ਾਂ ਨਾਲ ਮਿਣਦਿਆਂ ਵੀ ਗ਼ਜ਼ਲ ਵਿੰਗੀ ਹੋ ਈ ਜਾਂਦੀ ਐ।
ਸੋਹਲੇ ਜੋ ਲਿਖਦੈਂ ਹਾਕਮ ਦੇ ਤਾਂ ਹੀ ਤਾਂ ਤੇਰੀ ਚਾਂਦੀ ਐ।

ਸਿਰੇ ਦਾ ਢੀਠ ਹੋਣਾ ਚਾਹੀਦਾ ਬੰਦੇ ਨੂੰ ਕੁੱਝ ਨਹੀਂ ਹੁੰਦਾ,
ਬੋਲਦੈ ਜਦੋਂ ਪਰ ਪਰ੍ਹਿਆ ਵਿਚ ਫਿਰ ਜੀਭ ਗੋਤੇ ਖਾਂਦੀ ਐ।

ਇਹ ਜੋ ਜਾਲ਼ ਮਾਇਆ ਦਾ ਚੁਫੇਰੇ ਪਸਰਿਆ ਦਿਸਦੈ,
ਇਸ ਦੇ ਲੋਭ ਲਾਲਚ ਵਿਚ ਜ਼ਿੰਦਗੀ ਡੁੱਬਦੀ ਜਾਂਦੀ ਐ।

ਕਿਸੇ ਦੇ ਮਗਰ ਜਾਣੇ ਦੀ ਮ੍ਰਿਗ-ਤ੍ਰਿਸ਼ਨਾ ਨਹੀਂ ਮੁੱਕਦੀ,
ਪਹਿਲਾਂ ਸੋਚ ਲੈਣਾ ਚਾਹੀਦੈ ਇਹ ਪਿੱਤਲ ਹੈ ਜਾਂ ਚਾਂਦੀ ਐ।

ਹਕੂਮਤ ਦੀ ਨੀਤ ਤੇ ਨੀਤੀ ਦੋਹਾਂ ਨੇ ਘਾਣ ਕਰ ਦਿੱਤੈ,
ਬੇਸ਼ਰਮੀ ਫੇਰ ਵੀ ਦੇਖੋ ਕਿ ਗੁਣ ਆਪਣੇ ਹੀ ਗਾਂਦੀ ਐ।

ਬੰਦਾ ਗੁੰਮ-ਸੁੰਮ ਹੋਇਆ ਨਾ ਹੱਸਦਾ ਹੈ ਨਾ ਰੋਂਦਾ ਹੈ,
ਗੁਆਂਢੀ ਸਮਝਦਾ ਏਹੋ ਕਿ ਵਸਦਾ ਸੁੱਖੀਂ-ਸਾਂਦੀ ਐ।

ਮੌਤ ਮਾਰੇ ਕਦੇ ਉਸਨੂੰ ਨਾ ਜੀਹਦੇ ’ਚ ਜੁੱਸਾ ਤੇ ਦਮ ਹੋਵੇ,
ਮਰਨ ਤੋਂ ਮਗਰੋਂ ਵੀ ਦੁਨੀਆਂ ਉਸਦੀ ਬਾਤ ਪਾਂਦੀ ਹੈ।

### ਸੱਜਣ ਜੀ!-

ਤੁਰਿਆ ਰਹੁ ਤੂੰ ਬਣਕੇ ਇਨਸਾਨ ਸੱਜਣ ਜੀ।
ਆਊਗਾ ਕੋਈ ਭਲ਼ਕੇ ਮਹਿਮਾਨ ਸੱਜਣ ਜੀ।

ਬੰਦਾ ਤਾਂ ਬੰਦੇ ਦਾ ਦਾਰੂ ਅਜ਼ਲਾਂ ਤੋਂ ਹੈ,
ਲੋਕੀ ਪੂਜਣ ਫਿਰ ਕਾਹਤੋਂ ਭਗਵਾਨ ਸੱਜਣ ਜੀ।

ਮਾਣ ਕਿਸੇ ਬੇਗਾਨੇ ਦਾ ਦੱਸ ਕਾਹਦਾ ਹੁੰਦਾ,
ਭਾਈ ਹੀ ਭਾਈਆਂ ਦੀ ਹੁੰਦੇ ਜਾਨ ਸੱਜਣ ਜੀ।

ਬੰਦਾ ਤਾਂ ਬੰਦੇ ’ਚੋਂ ਲੱਭਿਆ ਲੱਭਦਾ ਨਹੀਂ,
ਜੇ ਲੱਭਦਾ ਹੈ ਤਾਂ ਲੱਭਦਾ ਹੈ ਸ਼ੈਤਾਨ ਸੱਜਣ ਜੀ।

ਰੌਣਕ ਬਾਬਲ ਵਿਹੜੇ ਦੀ ਸਹੁਰੇ ਘਰ ਜਾਂਦੀ ਹੈ,
ਬਾਬਲ ਵਿਹੜਾ ਲਗਦਾ ਹੈ ਸੁੰਨਸਾਨ ਸੱਜਣ ਜੀ।

ਹੱਕ ਹਲਾਲ ਦਾ ਹੋਕਾ ਕਿਧਰੇ ਗੁੰਮ ਗਿਆ,
ਮਾੜੇ ਕੰਮੀ ਬਣ ਜਾਂਦੇ ਧਨਵਾਨ ਸੱਜਣ ਜੀ।

ਧੁੱਪਾਂ-ਛਾਵਾਂ ਰੁੱਸੀਆਂ ਵਿਹੜੇ ਰੁੱਸ ਜਾਣੇ,
ਰੋਸੇ ਕਰਕੇ ਮਨ ਹੋਇਆ ਬੇਜਾਨ ਸੱਜਣ ਜੀ।

ਮਿਹਨਤੀ ਲਾਲੋ ਚੁੱਕੀ ਫਿਰਦਾ ਸੁੱਕੇ ਟੁੱਕਰ,
ਮਲਕ ਭਾਗੋ ਦੇ ਖ਼ੂਨੀ ਨੇ ਪਕਵਾਨ ਸੱਜਣ ਜੀ।

ਦੱਸ ਸ਼ਰਾਫਤ ਕੰਮ ਕਿਹੜੇ ਹੁਣ ਏਥੇ ਹੈ,
ਲੰਡੀ-ਬੁੱਚੀ ਹੀ ਕਰ ਜਾਂਦੀ ਅਪਮਾਨ ਸੱਜਣ ਜੀ।

### ਇਕਰਾਰ-ਇਹ ਸਾਡਾ ਇਕਰਾਰ

ਇਹ ਸਾਡਾ ਇਕਰਾਰ, ਜ਼ਮਾਨਾ ਬਦਲਾਂਗੇ।
ਪੱਕਾ ਲਿਆ ਹੈ ਧਾਰ, ਜ਼ਮਾਨਾ ਬਦਲਾਂਗੇ।

ਜਿੰਦ ਜਾਂਦੀ ਤਾਂ ਜਾਵੇ ਸਿਦਕ ਨਾ ਹਾਰਾਂਗੇ,
ਜੇਰਾ ਸਾਡਾ ਯਾਰ, ਜ਼ਮਾਨਾ ਬਦਲਾਂਗੇ।

ਜਿੱਤੀਏ ਭਾਵੇਂ ਨਾ ਜਿੱਤੀਏ, ਕੋਈ ਫਿਕਰ ਨਹੀਂ,
ਮੰਨਣੀ ਨਹੀਉਂ ਹਾਰ, ਜ਼ਮਾਨਾ ਬਦਲਾਂਗੇ।

ਬਿਨ ਲੜਿਆਂ ਮਰ ਜਾਣਾ ਇਹ ਵੀ ਠੀਕ ਨਹੀਂ,
ਕਰਕੇ ਹੱਥ ਦੋ-ਚਾਰ, ਜ਼ਮਾਨਾ ਬਦਲਾਂਗੇ।

ਜਿੱਤ ਜਾਂਦੇ ਨੇ ਚੋਰ ਤੇ ਲੋਕੀ ਹਰ ਜਾਂਦੇ,
ਕਿਉਂ ਹੋਵੇ ਹਰ ਵਾਰ, ਜ਼ਮਾਨਾ ਬਦਲਾਂਗੇ।

ਕੋਈ ਕੁੱਝ ਵੀ ਸੋਚੇ ਅਸੀਂ ਤਾਂ ਹੋਵਾਂਗੇ,
ਸਮਿਆਂ ’ਤੇ ਅਸਵਾਰ ਜ਼ਮਾਨਾ ਬਦਲਾਂਗੇ।

ਰੰਗ ਨਸਲ ਦੇ ਸਾਰੇ ਪਾੜੇ ਮੁੱਕ ਜਾਣੇ,
ਬਦਲੂ ਜਗਤ ਨੁਹਾਰ, ਜ਼ਮਾਨਾ ਬਦਲਾਂਗੇ।

ਚਾਨਣ ਦੇ ਸੰਗ ਯਾਰੀ ਉੱਡਣਾ ਸਿੱਖ ਲਿਆ,
’ਨੇਰੇ ਕਰਨ ਖੁਆਰ, ਜ਼ਮਾਨਾ ਬਦਲਾਂਗੇ।

ਕਾਫਲਿਆਂ ਬਿਨ ਬੇੜੀ ਬੰਨੇ ਨਹੀਂ ਲੱਗਣੀ,
ਬੰਨ੍ਹਣੀ ਪਊ ਕਤਾਰ, ਜ਼ਮਾਨਾ ਬਦਲਾਂਗੇ।

### ਨਰਾਜ਼ ਤੇਰੇ ਨਾਲ

ਅਸੀਂ ਹੋਣਾ ਕੀ ਬੇਗਾਨਿਆਂ ਨਰਾਜ਼ ਤੇਰੇ ਨਾਲ।
ਸਾਡੀ ਜ਼ਿੰਦਗੀ ਦਾ ਵੱਜਦਾ ਹੈ ਸਾਜ਼ ਤੇਰੇ ਨਾਲ।

ਉਹੋ ਪਲ ਚੇਤੇ ਆਉਂਦੇ ਫੇਰ ਝੂਰੀਏ ਉਨ੍ਹਾਂ ਨੂੰ,
ਬਹਿ ਕੇ ਜਦੋਂ ਕੀਤੇ ਸਾਂਝੇ ਸਭ ਰਾਜ਼ ਤੇਰੇ ਨਾਲ।

ਤੇਰੀ ਤੋਰ ਦੀ ਰਵਾਨੀ ਦਾ ਸੀ ਬਹੁਤ ਉੱਚਾ ਸ਼ੋਰ,
ਪਰ ਅਸੀਂ ਤਾਂ ਤੁਰੇ ਸਾਂ ਬੇ-ਆਵਾਜ਼ ਤੇਰੇ ਨਾਲ।

ਰੰਗ ਦੋਸਤੀ ਦਾ ਸਕਿਆ ਪਛਾਣ ਨਾ ਕਦੇ,
ਸਾਡਾ ਇਹੋ ਰਹਿਣਾ ਸਦਾ ਇਤਰਾਜ਼ ਤੇਰੇ ਨਾਲ।

ਬੋਲ ਮਨ ਦੇ ਸੀ ਗੂੰਗੇ, ਡੂੰਘੇ ਪਾਣੀਆਂ ਦੇ ਵਾਂਗ,
ਪਰ ਫੇਰ ਵੀ ਨਾ ਹੋਏ ਬੇ-ਲਿਹਾਜ਼ ਤੇਰੇ ਨਾਲ।

ਮੋਹ ਦੀ ਤੰਦ ਨਹੀਉਂ ਟੁੱਟੀ ਜੀਵੇ ਹਓਕਿਆਂ ਦੇ ਵੱਸ,
ਤੂਹੀਉਂ ਮੱਕਾ ਸਾਡਾ, ਸਾਡੀ ਤਾਂ ਨਮਾਜ਼ ਤੇਰੇ ਨਾਲ।

### ਮੋਹ ਦਿਲੋਂ ਕਰਦਾ ਰਿਹਾ

ਮੈਂ ਤਾਂ ਉਸ ਨਾਲ ਮੋਹ ਦਿਲੋਂ ਕਰਦਾ ਰਿਹਾ।
ਫੇਰ ਵੀ ਉਸਦੀ ਸਜ਼ਾ ਜਰਦਾ ਰਿਹਾ।

ਪੀਲ਼ਿਆਂ ਪੱਤਿਆਂ ਦੀ ਥੋੜ੍ਹੀ ਉਮਰ ਸੀ,
ਬਿਨ ਪਲੱਤਣ ਦੇ ਵੀ ਫਿਰ ਸਰਦਾ ਰਿਹਾ।

ਨਾ ਉਡੀ ਸੀ ਧੂੜ ਨਾ ਕੂੰਜਾਂ ਕਿਤੇ,
ਮੇਘਲ਼ਾ ਬਿਨ ਬੱਦਲ਼ੋਂ ਵਰ੍ਹਦਾ ਰਿਹਾ।

ਹਰ ਸੁਬਹ ਕੀਤਾ ਓਨ੍ਹੇ ਮੈਨੂੰ ਕਤਲ,
ਮੈਂ ਰਿਹਾ ਜੀਊਂਦਾ ਉਹ ਪਰ, ਮਰਦਾ ਰਿਹਾ।

ਮੌਤ ਨੂੰ ਮਾਸੀ ਸਦਾ ਕਹਿੰਦਾ ਸੀ ਜੁ,
ਉਮਰ ਭਰ ਉਹ ਮੌਤ ਤੋਂ ਡਰਦਾ ਰਿਹਾ।

ਤੋੜ ਕੇ ਹੱਥੀਂ ਕਲੀਰੇ ਭੈਣ ਦੇ,
ਜੋਰਾਵਰੀ ਦਾ ਝੂਠਾ ਦਮ ਭਰਦਾ ਰਿਹਾ।

ਅਮਲ ਨੇ ਕਰਨੈ ਨਿਬੇੜਾ ਸਿਦਕ ਦਾ,
ਝੂਠ ’ਤੇ ਕਦ ਤੱਕ ਭਲਾਂ ਪਰਦਾ ਰਿਹਾ?

ਸ਼ੌਕ ਸੀ ਹੱਡ ਸੇਕਣੇ ਦਾ ਅੱਗ ਬਿਨਾ,
ਕੜਕਦੀ ਪਰ ਧੁੱਪ ਵਿਚ ਠਰਦਾ ਰਿਹਾ।

ਬੀਜ ਕੇ ਜਿਸਮਾਂ ’ਤੇ ਕੰਡੇ ਜ਼ਹਿਰ ਦੇ,
ਦੱਸ ਭਲਾਂ ਕੀ ਮੂਰਖਾ ਕਰਦਾ ਰਿਹਾ?

ਨ੍ਹੇਰਿਆਂ ਨੂੰ ਪਾੜ ਜੁਗਨੂੰ ਤੁਰ ਗਿਐ,
ਚਾਨਣਾਂ ਇਕ ਲੀਕ ਬਣ ਤਰਦਾ ਰਿਹਾ।

### ਕੌਣ ਲਾਂਬੂ ਲਾ ਰਿਹਾ

ਪੌਣ ਪਾਣੀ ਧਰਤ ਨੂੰ ਹੈ ਕੌਣ ਲਾਂਬੂ ਲਾ ਰਿਹਾ।
ਕਿਉਂ ਅਸਾਡੇ ਵਿਹੜਿਆ ਵਿਚ ਫੇਰ ਮਾਤਮ ਛਾ ਰਿਹਾ।

ਪਾਣੀਆਂ ਵਿਚ ਜ਼ਹਿਰ ਘੁਲ਼ਿਆ ਹਵਾ ਵਿਚ ਦੁਰਗੰਧ ਹੈ,
ਕੌਣ ਸਾਡੇ ਸੁਪਨਿਆਂ ਦਾ ਮਹਿਲ ਬਣਦਾ ਢਾਹ ਰਿਹਾ।

ਇਹ ਮੁਨਾਫੇਖੋਰ ਜੁ ਬ੍ਰਹਿਮੰਡ ਕਾਲ਼ਾ ਕਰ ਰਹੇ,
ਏਨ੍ਹਾਂ ਨੂੰ ਸੰਸਾਰ ਸਾਡਾ ਕਿਉਂ ਨਹੀਂ ਸੋਹਣਾ ਭਾਅ ਰਿਹਾ।

ਇਨਸਾਨ ਤੇ ਇਨਸਾਨੀਅਤ ਦੋਵੇਂ ਹੀ ਜ਼ਿੰਦਾ ਰਹਿਣਗੇ,
ਏਸ ਸੁੱਚੇ ਦੁੱਧ ਵਿਚ ਦੁਸ਼ਮਣ ਕੋਈ ਕਾਂਜੀ ਪਾ ਰਿਹਾ।

ਕੋਸ਼ਿਸ਼ ਕਰਨ ਵਾਲੇ ਸਦਾ ਹੁੰਦੇ ਸਮੇਂ ਦੇ ਹਾਣ ਦੇ,
ਕੌਣ ਹੈ ਦੱਸੀਂ ਉਹ ਜੋ ਬੇਦਾਵਾ ਲਿਖ ਸਮੇਂ ਨੂੰ ਜਾ ਰਿਹਾ।

ਇਹ ਲੁੱਟ ਵਾਲਾ ਪ੍ਰਬੰਧ ਹੈ ਲੋਟੂ ਹੀ ਸਾਰੇ ਚੌਧਰੀ,
ਕਿਰਤੀ ਨੂੰ ਪਿੱਛੇ ਸੁੱਟ ਕੇ ਵਿਹਲੜ ਹੀ ਸਭ ਕੁੱਝ ਖਾ ਰਿਹਾ।

### ਪੰਜਾਬ ਹੁਣ

ਫਾਹਾ ਕਿਰਸਾਨ ਲੈ ਗਿਆ।
ਮਰ ਗਿਆ ਮਜ਼ਦੂਰ ਵਿਚਾਰਾ।

ਦੱਸਣ ਨਾ ਢੌਂਗੀ ਲੀਡਰ,
ਮੁੱਕਣਾ ਕਦੋਂ ਇਹ ਵਰਤਾਰਾ।

ਪੱਗਾਂ ਰੁਲ਼ੀਆਂ, ਚੁੰਨੀਆਂ ਪਾਟੀਆਂ,
ਦੇਖੇ ਕੁੱਲ ਆਲਮ ਸਾਰਾ।

ਹਵਾ ਵਿਚ ਘੁਲ਼ੀਆਂ ਜ਼ਹਿਰਾਂ,
ਪਾਣੀ ਵੀ ਹੋਇਆ ਖ਼ਾਰਾ।

ਗੁਰੂਆਂ ਦੀ ਧਰਤੀ ਉੱਤੇ,
ਕੂੜ ਦਾ ਹੋਇਆ ਪਸਾਰਾ।

ਨਸਲਾਂ ਵਿਚ ਪਾੜਾ ਪੈ ਗਿਆ,
ਕਲ੍ਹ ਦਾ ਕੌਣ ਬਣੂ ਸਹਾਰਾ।

ਲੋਕੀਂ ਪਏ ਰੌਲ਼ਾ ਪਾਉਂਦੇ,
ਪੰਜਾਬ ਤਾਂ ਹੋਇਆ ਬੇਸਹਾਰਾ।

ਭਗਤ ਸਿੰਘ, ਸਰਾਭੇ ਦੇ ਵਾਰਸੋ ,
ਉੱਠੋ! ਤੁਸੀਂ ਮਾਰੋ ਲਲਕਾਰਾ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

Secure Your Future

JeevanBima Inc

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol
(C.A.I.B)

*For All Insurance Needs Book Appointment Today.*

**Calgary**
Bus: (403) 717 - 0666
Cell: (403) 830 - 7007

**Edmonton**
Bus: (780) 465 - 6900
Cell: (780) 906 - 4497

Listen Live 24/7
Live Music
Talk Shows
In Punjabi, Hindi and English
ਪੰਜਾਬੀ, ਹਿੰਦੀ ਗੀਤ-ਸੰਗੀਤ ਅਤੇ ਟਾਕ ਸ਼ੋਅ ਸੁਣੋ ਫੋਨ ਉਪਰ 'ਰੇਡੀਉ ਏਸ਼ੀਆ' ਐਪ ਡਾਊਨਲੋਡ ਕਰੋ
94.9 SCMO
RADIO ASIA
Now Hiring
Radio Host and Marketing Specialist
Email Your Resume
Download the Radio Asia app on iOS and Android
contact: info@radioasia.ca 780-936-0073

WESTFORK
kitchen Cabinet
Specializing in Cabinets & Counter Tops
Kitchen & Vanities,
Custom Cabinets,
Staining & Spraying Doors
ਕੈਬਨਿਟ ਅਤੇ ਕਾਊਂਟਰ ਟੌਪ ਬਣਾਉਣ ਦੇ ਮਾਹਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਕਿਚਨ ਕੈਬਨਿਟ

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.

Gurmail Matharu : 780-990-9349
Ranjit Matharu : 780-907-9889
9248 34A Ave NW Edmonton, AB T6E 5P4
Tel : 780-490-4983
Fax : 780-490-4982
westforkkc@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Removal
Move to New & Bigger Location for Better Service

DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

SPRING SALE!
PRE HUNG DOOR BLOWOUT - HELD OVER Until Sept 30!
MASONITE
$220 FIELD or REEF GLASS
$60 6 PANEL
$270 METAL 6 PANEL METAL
$370 FIBREGLASS 6 PANEL FIBREGLASS
$1000 BLOWOUT METAL ENTRY DOOR
ALEXANDRIA Moulding
$.40/LF
$.25/LF
$.47/LF
$.37/LF
We Sell Commercial Doors and Hardware
Taymor. HAMPTON
Passage, Privacy Lever - C32
$11 Dummy | $15 Passage | $16 Privacy
WEISER. HALIFAX
Only Polish Chrome - C26
$16 Dummy | $28 Passage | $30 Privacy
SELECTRA 4 PIECE BATH SETS $76 C26 / C15
ANNO 3 PIECE BATH SETS $35 C26 / C15
*Cash and carry only. Sales prices not available on customer or in store credit accounts, other restrictions may apply. Prices valid while supply lasts. See in store for details.
Largest Showroom in Alberta
HURRY while stocks lasts!
FANCY DOORS AND MOULDINGS
780.432.7700 | fancydoors.com | 4421 Roper Road

## ਵੈਨਕੂਵਰ ਦੀ ਟੈਕਸੀ ਸਨਅਤ

# ਨਵਾਂ ਸਾਲ




ਹਰਪ੍ਰੀਤ ਸੇਖਾ
778-231-1189

ਛੇਤੀ-ਛੇਤੀ ’ਚ ਮੈਂ ਗੈਸ ਸਟੇਸ਼ਨ ਤੋਂ ਵਿਹਲਾ ਹੋ ਕੇ ਪੰਜ-ਸੱਤ ਮਿੰਟ ’ਚ ਟੈਕਸੀ ਅਪਾਰਟਮੈਂਟ ਦੇ ਸਾਹਮਣੇ ਜਾ ਰੋਕੀ। ਵੀਹਾਂ ਕੁ ਸਾਲਾਂ ਦੇ ਗੇੜ ’ਚ ਲਗਦੀ ਇਕ ਕੁੜੀ ਵੱਡੇ ਅਟੈਚੀ ਕੋਲ ਖੜ੍ਹੀ ਸੀ। ਅਟੈਚੀ ਵੇਖ ਕੇ ਮੈਂ ਚਿੱਤ ’ਚ ਹੀ ਕਿਹਾ, ‘ਬਣਗੀ ਗੱਲ ਦੂਜੀ ਗੱਲ ਦਿਮਾਗ ’ਚ ਆਈ ਕਿ ਕਾਹਲੀ ’ਚ ਹੋਵੇਗੀ ਜਿਹੜੀ ਬਾਹਰ ਹੀ ਆ ਖੜ੍ਹੀ ਜਾਂ ਮੈਥੋਂ ਹੀ ਗੈਸ ਸਟੇਸ਼ਨ ’ਤੇ ਜ਼ਿਆਦਾ ਦੇਰ ਲੱਗ ਗਈ। ਟੈਕਸੀ ਵੱਲ ਆਉਂਦੀ ਕੁੜੀ ਨੇ ਆਪਣੀਆਂ ਉਂਗਲਾਂ ਨਚਾ ਕੇ ‘ਹਾਏ’ ਕਿਹਾ। ਮੈਂ ਝੱਟ ਦੇ ਕੇ ਟੈਕਸੀ ’ਚੋਂ ਬਾਹਰ ਨਿਕਲ ਕੇ ਟਰੰਕ ਖੋਲ੍ਹਿਆ ਅਤੇ ਅਟੈਚੀ ਉਸ ਵਿਚ ਰੱਖ ਕੇ ਪਿਛਲਾ ਦਰਵਾਜ਼ਾ ਖੋਲ੍ਹਣ ਲਈ ਅਹੁਲਿਆ ਹੀ ਸੀ ਕਿ ਉਹ ਬੋਲੀ, “ਕੀ ਮੈਂ ਮੂਹਰਲੀ ਸੀਟ ’ਤੇ ਬੈਠ ਸਕਦੀ ਹਾਂ ?”

“ਜਿੱਥੇ ਤੇਰਾ ਜੀਅ ਕਰਦਾ ਹੈ,” ਮੈਂ ਮੁਸਕਰਾ ਕੇ ਕਿਹਾ ਅਤੇ ਟੈਕਸੀ ਵਿਚ ਬੈਠ ਗਿਆ। ਮੇਰੇ ਬਰਾਬਰ ਵਾਲੀ ਸੀਟ ’ਤੇ ਬੈਠ ਕੇ ਕੁੜੀ ਨੇ ਦੋਹੇਂ ਹੱਥ ਜੋੜ ਕੇ ਕਿਹਾ, “ਸਟ-ਸਰੀ-ਅਕਾਲ।”

‘ਸਦਕੇ’ ਮੈਂ ਚਿੱਤ ’ਚ ਹੀ ਕਿਹਾ ਅਤੇ ਮੈਂ ਉਸ ਦੀ ਸਤਿ ਸ੍ਰੀ ਆਕਾਲ ਦਾ ਜਵਾਬ ਦੇ ਕੇ ਪੁੱਛਿਆ, “ਕੀ ਹਾਲ ਹੈ ?”

“ਮੈਂ ਪੰਜਾਬੀ ਦੇ ਕੇਵਲ ਇਹੋ ਲਫ਼ਜ਼ ਹੀ ਜਾਣਦੀ ਹਾਂ,” ਉਸ ਨੇ ਮੁਸਕਰਾ ਕੇ ਅੰਗਰੇਜ਼ੀ ਵਿਚ ਕਿਹਾ ਅਤੇ ਫਿਰ ਬੋਲੀ, “ਏਅਰਪੋਰਟ,ਪਲੀਜ਼।”

ਮੈਂ ਟੈਕਸੀ ਤੋਰ ਕੇ ਪੁੱਛਿਆ, “ਕਿੱਥੋਂ ਸਿੱਖਿਆ ਇਹ ਲਫ਼ਜ਼ ?”

“ਮੈਂ ਇੰਡੀਆ ਗਈ ਸੀ। ਉੱਥੇ ਕੁਝ ਲਫ਼ਜ ਸਿੱਖੇ ਸਨ।” ਫਿਰ ਉਹ ਚਹਿਕ ਕੇ ਬੋਲੀ,” ਮੈਨੂੰ ਇੰਡੀਆ ਬਹੁਤ ਚੰਗਾ ਲਗਦਾ ਹੈ।”

“ਅੱਛਾ ? ਕੀ ਚੰਗਾ ਲੱਗਾ ਇੰਡੀਆ ਦਾ ?” ਮੈਂ ਖੁਸ਼ ਹੋ ਕੇ ਪੁੱਛਿਆ।

“ਲੋਕ, ਭੋਜਨ ਤੇ ਪੁਰਾਣੀਆਂ ਇਮਾਰਤਾਂ।”

“ਕਿੱਥੇ-ਕਿੱਥੇ ਗਈ ?”

“ਜੈਪੁਰ, ਫਟੈਹਿਪੁਰ, ਟਾਜ ਮਹਲ-----,” ਉਹ ਸੋਚਣ ਲਈ ਥੋੜ੍ਹਾ ਕੁ ਚੁੱਪ ਹੋਈ। ਮੇਰੇ ਮੂੰਹੋਂ ਝੱਟ ਨਿਕਲਿਆ, “ਗੋਲਡਨ ਟੈਂਪਲ ?”

‘ਹਾਂ-ਹਾਂ, ਬਹੁਤ ਸੋਹਣਾ ਹੈ। ਪਰ ਸਭ ਤੋਂ ਵੱਧ ਮੈਨੂੰ ਇੰਡੀਆ ਦੇ ਲੋਕ ਚੰਗੇ ਲੱਗਦੇ ਆ। ਬਹੁਤ ਮਿਲਣਸਾਰ ਐ,” ਆਖ ਕੇ ਉਹ ਟਿਕਟਿਕੀ ਲਗਾ ਕੇ ਮੇਰੇ ਵੱਲ ਵੇਖਣ ਲੱਗੀ। ਮੈਂ ਤਿਰਛੀ ਨਜ਼ਰ ਨਾਲ ਉਸ ਵੱਲ ਵੇਖਿਆ। ‘ਜਿਉਂਦੀ ਰਹਿ ਕੁੜੀਏ,’ ਮੈਂ ਚਿੱਤ ’ਚ ਹੀ ਕਿਹਾ ਅਤੇ ਉਸ ਵੱਲ ਝਾਕਿਆ। ਉਹ ਮੁਸਕਰਾਈ। ਮੇਰਾ ਅੰਦਰ ਖਿੜ ਗਿਆ। ਉਸ ਨੇ ਚਹਿਕ ਕੇ ਕਿਹਾ, “ ਵੇਖ, ਕਿੰਨਾ ਸੋਹਣਾ ਦਿਨ ਹੈ।”

“ਹਾਂ, ਐਤਕੀਂ ਬਹੁਤ ਮੀਂਹ ਪਏ ਆ। ਬਹੁਤ ਦਿਨਾਂ ਬਾਅਦ ਧੁੱਪ ਨਿਕਲੀ ਹੈ। ਪਰ ਜਦੋਂ ਚੰਗਾ ਮੌਸਮ ਆਇਐ ਤੂੰ ਏਅਰਪੋਰਟ ਵੱਲ ਜਾ ਰਹੀ ਹੈਂ, ਸ਼ਹਿਰ ਤੋਂ ਦੂਰ ਜਾਣ ਲਈ।”

“ਹਾਂ, ਮੈਂ ਜਾਣਦੀ ਹਾਂ। ਮੈਂ ਟਰਾਂਟੋ ਚੱਲੀ ਹਾਂ। ਉੱਥੇ ਮੀਂਹ ਪੈ ਰਿਹਾ ਹੈ। ਏਸ ਧੁੱਪ ਨੂੰ ਰੋਕ ਕੇ ਰੱਖੀਂ। ਮੈਂ ਦੋ ਕੁ ਦਿਨਾਂ ’ਚ ਮੁੜ ਆਉਣੈ,” ਆਖ ਕੇ ਉਹ ਹੱਸੀ।

“ਮੈਂ ਪੂਰੀ ਕੋਸ਼ਿਸ਼ ਕਰਾਂਗਾ। ਬਹੁਤ ਛੋਟਾ ਟ੍ਰਿੱਪ ਹੈ ਤੇਰਾ ?”

“ਹਾਂ, ਮੈਂ ਲੌਂਗ ਵੀਕਐਂਡ ਕਰ ਕੇ ਚੱਲੀ ਹਾਂ ਆਪਣੇ ਪਰਿਵਾਰ ਕੋਲ। ਈਸਟਰ ਮਨਾਉਣ।—ਤੇ ਤੂੰ ਕਿਵੇਂ ਈਸਟਰ ਮਨਾ ਰਿਹਾ ਹੈਂ ?”

“ਕੰਮ ਕਰਕੇ,” ਆਖ ਕੇ ਮੈਂ ਹੱਸਿਆ।

“ਆਹ! ਤੁਸੀਂ ਲੋਕ ਬਹੁਤ ਮੇਹਨਤੀ ਓਂ। ਪਰ ਤੁਹਾਨੂੰ ਆਪਣੇ ਪਰਿਵਾਰਾਂ ਨਾਲ ਵੀ ਸਮਾਂ ਬਿਤਾਉਣਾ ਚਾਹੀਦੈ।”

“ਮੈਂ ਤਾਂ ਐਵੇਂ ਮਜ਼ਾਕ ਕਰਦਾ ਸੀ। ਕੱਲ੍ਹ ਨੂੰ ਮੈਂ ਛੁੱਟੀ ਕਰਨੀ ਹੈ ਤੇ ਅੱਜ ਵੀ ਸਵੇਰੇ-ਸਵੇਰੇ ਹੀ ਕੰਮ ਕਰਨਾ ਹੈ। ਫਿਰ ਸਾਡੀ ਵਿਸਾਖੀ ਪ੍ਰੇਡ ਹੈ। ਉੱਥੇ ਜਾਣਾ ਹੈ,” ਮੈਂ ਛੁੱਟੀ ਕਰਨ ਬਾਰੇ ਗੱਪ ਮਾਰ ਦਿੱਤੀ।

‘ਅੱਛਾ, ਤਾਂ ਅੱਜ ਵਿਸਾਖੀ ਪ੍ਰੇਡ ਹੈ ? ਦੁਰਭਾਗ ਵੱਸ ਮੈਂ ਸਮੋਸੇ ਤੇ ਮੁਫ਼ਤ ਦਾ ਹੋਰ ਭੋਜਨ ਨਹੀਂ ਖਾ ਸਕਾਂਗੀ।” ਮੈਨੂੰ ਲੱਗਾ ਜਿਵੇਂ ਉਸ ਦੇ ਚੇਹਰੇ ’ਤੇ ਵਿਸਾਖੀ ਪ੍ਰੇਡ ਵਿਚ ਸ਼ਾਮਲ ਨਾ ਹੋ ਸਕਣ ਦਾ ਪਛਤਾਵਾ ਹੋਵੇ। ਉਹ ਫਿਰ ਬੋਲੀ, “ਤੁਸੀਂ ਬਹੁਤ ਦਿਆਲੂ ਲੋਕ ਹੋ। ਮੈਂ ਪੜ੍ਹਾਈ ਤੋਂ ਥੋੜ੍ਹਾ ਧਿਆਨ ਪਾਸੇ ਕਰਨਾ ਚਾਹੁੰਦੀ ਸੀ ਇਸ ਕਰ ਕੇ ਜਾ ਰਹੀ ਹਾਂ। ਜੇ ਮੈਨੂੰ ਵਿਸਾਖੀ ਪ੍ਰੇਡ ਦਾ ਪਤਾ ਹੁੰਦਾ ਤਾਂ ਸ਼ਾਇਦ ਮੈਂ ਨਾ ਹੀ ਜਾਂਦੀ।”

ਮੈਂ ਟੈਕਸੀ ਬਰਾਡਵੇ ਤੋਂ ਗਰੈਨਵਿਲ ’ਤੇ ਪਾ ਲਈ। ਟ੍ਰੈਫ਼ਿਕ ਨਾ-ਮਾਤਰ ਹੀ ਸੀ।

“ਅੱਛਾ ਤਾਂ ਇੱਥੇ ਵੈਨਕੂਵਰ ਤੂੰ ਪੜ੍ਹਾਈ ਕਰਨ ਹੀ ਆਈ ਹੋਈ ਹੈਂ ? ਕਾਹਦੀ ਪੜ੍ਹਾਈ ਕਰਦੀ ਹੈਂ ?”

“ਮੈਂ ਯੂ ਬੀ ਸੀ ’ਚ ਮੈਡੀਸਨ ਪੜ੍ਹਦੀ ਹਾਂ।”

“ਡਾਕਟਰ ਬਣੇਂਗੀ ?”

“ਕੋਸ਼ਿਸ਼ ਕਰ ਰਹੀ ਹਾਂ।”

‘’ਤੇਰੇ ਮਾਪਿਆਂ ਨੂੰ ਤਾਂ ਤੇਰੇ ’ਤੇ ਬਹੁਤ ਮਾਣ ਹੋਵੇਗਾ ?”

ਉਹ ਮੁਸਕਰਾਈ। ਮੈਂ ਸੋਚਿਆ ਕਿ ਕਿੰਨੀ ਲਾਇਕ ਕੁੜੀ ਹੈ। ਕਿਤੇ ਮੇਰੇ ਬੱਚੇ ਵੀ ਇਸ ਤਰ੍ਹਾਂ ਦੇ ਸਿਆਣੇ ਤੇ ਹੁਸ਼ਿਆਰ ਨਿਕਲਣ।

‘’ਤੇਰੇ ਮਾਂ-ਬਾਪ ਕੀ ਕਰਦੇ ਹਨ ?” ਉਸ ਨੇ ਸਪਾਟ ਚੇਹਰੇ ਨਾਲ ਮੇਰੇ ਵੱਲ ਵੇਖਿਆ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਮੈਨੂੰ ਇਹ ਨਿੱਜੀ ਸਵਾਲ ਨਹੀਂ ਸੀ ਪੁੱਛਣਾ ਚਾਹੀਦਾ। ਮੈਂ ਹਾਲੇ ਅਨੈਤਿਕ ਪ੍ਰਸ਼ਨ ਲਈ ਮੁਆਫੀ ਮੰਗਣ ਬਾਰੇ ਸੋਚ ਹੀ ਰਿਹਾ ਸੀ ਕਿ ਉਹ ਬੋਲੀ, “ਮੇਰੇ ਪਿਤਾ ਦਾ ਆਪਣਾ ਕਾਰੋਬਾਰ ਹੈ।” ਆਖ ਕੇ ਉਹ ਬਾਹਰ ਵੱਲ ਵੇਖਣ ਲੱਗੀ। ਮੇਰਾ ਜੀਅ ਕੀਤਾ ਕਿ ਪੁੱਛਾਂ ਕਿ ਤੇਰੀ ਮਾਂ ਕੀ ਕਰਦੀ ਹੈ ? ਪਰ ਮੈਂ ਪੁੱਛਿਆ ਨਹੀਂ। ਸੋਚਿਆ ਕਿ ਤਲਾਕਸ਼ੁਦਾ ਮਾਪਿਆਂ ਦੀ ਸੰਤਾਨ ਹੋਵੇਗੀ ਨਹੀਂ ਤਾਂ ਮਾਂ ਬਾਰੇ ਵੀ ਦੱਸਦੀ। ਮੈਂ ਪੁੱਛਿਆ, ‘’ਤੇਰੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੰਦੇ ਹੋਣਗੇ ਜਦ ਤੂੰ ਛੋਟੀ ਸੀ ?”

ਮੈਂ ਉਸ ਦੀ ਪ੍ਰਸ਼ਨਸੂਚਕ ਤੱਕਣੀ ਵੱਲ ਵੇਖ ਕੇ ਸੋਚਿਆ ਕਿ ਉਸ ਨੂੰ ਮੇਰੇ ਸਵਾਲ ਦੀ ਸਮਝ ਨਹੀਂ ਸੀ ਲੱਗੀ। ਮੈਂ ਆਪਣੇ ਪ੍ਰਸ਼ਨ ਨੂੰ ਵਿਸਥਾਰ ਦਿੰਦਿਆਂ ਕਿਹਾ, “ਮੇਰਾ ਮਤਲਬ ਜਦੋਂ ਤੂੰ ਤੀਜੇ-ਚੌਥੇ ਗ੍ਰੇਡ ਵਿਚ ਸੀ, ਤਾਂ ਤੇਰੇ ਮਾਪੇ ਤੈਨੂੰ ਹੋਮ ਵਰਕ ਕਰਾਉਂਦੇ ਹੋਣਗੇ ? ਜਾਂ ਸਕੂਲ ਤੋਂ ਬਿਨਾਂ ਤੈਨੂੰ ਉਨ੍ਹਾਂ ਨੇ ਕਿਹੜੀਆਂ ਗਤੀਵਿਧੀਆਂ ’ਚ ਪਾਇਆ ਹੋਇਆ ਸੀ ?”

“ਪਰ ਤੂੰ ਕਿਓਂ ਇਹ ਪੁੱਛ ਰਿਹਾ ਹੈਂ ?”

“ਕਿਓਂ ਕਿ ਮੇਰੀ ਬੇਟੀ ਤੀਜੇ ਗ੍ਰੇਡ ਵਿਚ ਹੈ ਤੇ ਬੇਟਾ ਪਹਿਲੇ ’ਚ। ਮੈਂ ਚਾਹੁੰਨੈ ਬਈ ਉਹ ਵੀ ਤੇਰੇ ਵਾਂਗ ਬਹੁਤ ਪੜ੍ਹਨ।”

‘ਅੱਛਾ’ ਆਖ ਕੇ ਉਹ ਬਾਹਰ ਵੱਲ ਵੇਖਣ ਲੱਗੀ।

ਟੈਕਸੀ ਆਰਥਰਲੇਂਗ ਬ੍ਰਿੱਜ ਪਾਰ ਕਰ ਚੁੱਕੀ ਸੀ। ਮੈਥੋਂ ਉਸ ਦੀ ਚੁੱਪ ਬਰਦਾਸ਼ਤ ਨਹੀਂ ਸੀ ਹੋ ਰਹੀ। ਮੈਂ ਚਾਹੁੰਦਾ ਸੀ ਕਿ ਟੈਕਸੀ ਦੇ ਟਰਮੀਨਲ ’ਤੇ ਪਹੁੰਚਣ ਤੋਂ ਪਹਿਲਾਂ-ਪਹਿਲਾਂ ਉਹ ਮੈਨੂੰ ਗਿੱਦੜਸਿੰਗੀ ਦੇ ਦੇਵੇ। ਉਹ ਬੋਲੀ, “ਉਨ੍ਹਾਂ ਨੂੰ ਸਮਾਜਕ ਗਤੀਵਿਧਆਿਂ ਵਿਚ ਰੁਝਾਈ ਰੱਖਿਆ ਕਰ। ਖੇਡਾਂ ਵਿਚ ਪਾਇਆ ਕਰ ਤੇ ਸਭ ਤੋਂ ਜ਼ਿਆਦਾ ਮਹੱਤਵਪੂਰਨ ਗੱਲ ਕਿ ਉਨ੍ਹਾਂ ਨਾਲ ਸਮਾਂ ਬਿਤਾਇਆ ਕਰ। ਚਿੰਤਾ ਨਾ ਕਰ ਉਹ ਵਧੀਆ ਪੜ੍ਹਨਗੇ।” ਇਹ ਆਖ ਕੇ ਉਹ ਫਿਰ ਬਾਹਰ ਵੱਲ ਵੇਖਣ ਲੱਗੀ।

ਟੈਕਸੀ ਘਰੇਲੂ ਉਡਾਣ ਵਾਲੇ ਟਰਮੀਨਲ ’ਤੇ ਪਹੁੰਚ ਗਈ ਸੀ। ਮੀਟਰ ਉੱਪਰ ਬਾਈ ਡਾਲਰ ਤੇ ਪੈਂਹਠ ਸੈਂਟ ਚੱਲ ਚੁੱਕੇ ਸਨ। ਉਸ ਨੇ ਆਪਣਾ ਪਰਸ ਖੋਲ੍ਹਿਆ। ਦੋ-ਤਿੰਨ ਜੇਬਾਂ ਵਿਚ ਕਾਹਲੀ-ਕਾਹਲੀ ਹੱਥ ਮਾਰਿਆ, ਫਿਰ ਬੋਲੀ, ‘ਓ ਮਾਈ ਗਾਡ, ਓ ਮਾਈ ਗਾਡ, ਮੈਂ ਤਾਂ ਆਪਣਾ ਕਰੈਡਿਟ ਕਾਰਡ ਦੂਜੇ ਪਰਸ ਵਿਚ ਭੁੱਲ ਆਈ। ਹੁਣ ਕੀ ਕਰਾਂਗੀ ?” ਉਹ ਹਾਲੇ ਵੀ ਪਰਸ ਫਰੋਲ ਰਹੀ ਸੀ। ਉਹ ਉਸੇ ਤਰ੍ਹਾਂ ਪਰਸ ਵਿਚ ਉਂਗਲਾਂ ਫੇਰਦੀ ਬੋਲੀ, “ਮੈਂ ਤੈਨੂੰ ਆਪਣਾ ਫੋਨ ਨੰਬਰ ਦੇ ਦਿੰਦੀ ਹਾਂ। ਸੋਮਵਾਰ ਨੂੰ ਮੈਂ ਮੁੜ ਆਉਣਾ ਹੈ। ਤੈਨੂੰ ਪਤਾ ਤਾਂ ਹੈ ਕਿ ਮੈਂ ਕਿੱਥੇ ਰਹਿੰਦੀ ਹਾਂ। ਉਸ ਦਿਨ ਮੈਥੋਂ ਪੈਸੇ ਲੈ ਜਾਵੀਂ। ਤੂੰ ਇਸ ਤਰ੍ਹਾਂ ਕਰ ਸਕਦੈਂ, ਪਲੀਜ਼ ?” ਉਸ ਦੀ ਆਵਾਜ਼ ਵਿਚ ਤਰਲਾ ਸੀ।

(ਚਲਦਾ)





# 'ਭਾਵੁਕਤਾ ਤੋਂ ਪਾਰ ਜਾਣਾ ਜ਼ਰੂਰੀ'

# ਡਾ. ਤੇਜਵੰਤ ਗਿੱਲ

ਮੁਲਾਕਾਤੀ : ਪ੍ਰੋ. ਰਾਕੇਸ਼ ਰਮਨ

ਪੀਉ ਦਾਦੇ ਨਾ ਖੋਲਿ ਡਿਠਾ ਖਜਾਨਾ
ਤਾ ਮੇਰੇ ਮਨਿ ਭਇਆ ਨਿਧਾਨਾ।।
ਗੁਰੂ ਅਰਜਨ (ਗਉੜੀ, 31)

ਪ੍ਰੋ. ਰਾਕੇਸ਼ ਰਮਨ- ਸੰਤ ਸਿੰਘ ਸੇਖੋਂ ਨਾਲ ਤੁਹਾਡੀ ਸਭ ਤੋਂ ਵੱਧ ਨੇੜਤਾ ਸੀ। ਸਾਹਿਤਕ ਸੰਦਰਭ ਵਿਚ ਇਸ ਨੂੰ ਕਿਸ ਪ੍ਰਕਾਰ ਲਿਆ ਗਿਆ?

ਡਾ. ਤੇਜਵੰਤ ਗਿੱਲ : ਇਸ ਨੇੜਤਾ ਦਾ ਉਦਭਵ ਤਾਂ ਜਿਵੇਂ ਸਭ ਨੂੰ ਪਤਾ ਹੀ ਹੈ, ਸਾਡੇ ਵਿਚਕਾਰ ਖ਼ੂਨ ਦਾ ਰਿਸ਼ਤਾ ਸੀ। ਇਸ ਦਾ ਆਰੰਭ ਪਰ ਉਸ ਪ੍ਰਭਾਵ ਨਾਲ ਹੋਇਆ, ਜਿਸ ਅਧੀਨ ਮੈਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖਣ ਲੱਗ ਪਿਆ। ਇਹ ਲਗਭਗ ਪੰਜ ਦਹਾਕੇ ਪਹਿਲਾਂ ਦੀ ਗੱਲ ਹੈ। ਅੰਗਰੇਜ਼ੀ ਵਿਚ ਐਮ.ਏ. ਕਰ ਕੇ ਮੈਂ ਕਾਲਜ ਵਿਚ ਪੜ੍ਹਾਉਣ ਲੱਗ ਪਿਆ ਸਾਂ। ਬਹੁਤ ਜਲਦ ਉਤਲੀਆਂ ਜਮਾਤਾਂ ਨੂੰ ਪੜ੍ਹਾਉਣ ਦਾ ਅਵਸਰ ਵੀ ਮਿਲ ਗਿਆ।

ਸਵਾਲ : ਪੜ੍ਹਾਉਣ ਦੇ ਨਾਲ ਪੜ੍ਹਨਾ ਵੀ ਤਾਂ ਆ ਜੁੜਿਆ ਹੋਵੇਗਾ। ਕਿਸ ਤਰ੍ਹਾਂ ਦੇ ਲੇਖਕਾਂ ਨੂੰ ਪੜ੍ਹਣ ਦਾ ਸ਼ੌਕ ਜਾਗਿਆ?

ਜਵਾਬ : ਅੰਗਰੇਜ਼ੀ ਦੇ ਦੋ ਸਭ ਤੋਂ ਮਹਾਨ ਕਵੀਆਂ, ਡਬਲਿਊ ਵੀ ਯੇਟਸ ਅਤੇ ਟੀ ਐਸ ਇਲੀਅਟ ਦੇ ਕਾਵਿ ਨਾਟਾਂ ਉਪਰ ਮੈਂ ਕਾਰਜ ਆਰੰਭ ਕਰ ਦਿੱਤਾ ਸੀ। ਇਨ੍ਹਾਂ ਤੋਂ ਵੱਖਰੀ ਤਰ੍ਹਾਂ ਵਧੇਰੇ ਚਰਚਾ ਦੇ ਭਾਗੀ ਬਣ ਕੇ ਜਿਹੜੇ ਦੋ ਯੂਰਪੀ ਕਵੀਆਂ ਨੇ ਕਾਵਿ ਨਾਟ ਲਿਖੇ, ਮੇਰਾ ਭਾਵ ਗਾਰਸੀਆ ਲੋਰਕਾ ਅਤੇ ਬਰਤੋਲਤ ਬਰੈਖਤ ਤੋਂ ਹੈ, ਉਨ੍ਹਾਂ ਵਿਚ ਮੈਨੂੰ ਹੋਰ ਵੀ ਦਿਲਚਸਪੀ ਹੋ ਗਈ। ਇਨ੍ਹਾਂ ਹੀ ਸਾਲਾਂ ਵਿਚ ਅਨਤੋਨੀਓ ਗਾਮਸੀ, ਵਾਲਟਰ ਬੈਂਜਾਮਿਨ ਅਤੇ ਮੈਕਸ ਰਾਫੇਲ ਆਦਿ ਨਵ-ਮਾਰਕਸਵਾਦੀ ਚਿੰਤਕਾਂ, ਸਾਹਿਤ ਅਤੇ ਕਲਾ ਦੇ ਪਰਖਕਾਰਾਂ ਦੀਆਂ ਕਿਰਤਾਂ ਦੇ ਅੰਗਰੇਜ਼ੀ ਅਨੁਵਾਦ ਆਉਣ ਲੱਗ ਪਏ। ਮੈਂ ਇਨ੍ਹਾਂ ਦੀਆਂ ਕਿਰਤਾਂ ਵਿਚ ਪੂਰੀ ਤਰ੍ਹਾਂ ਖੁਭ ਗਿਆ। ਇਸ ਕਾਰਨ ਸੇਖੋਂ ਦੇ ਪ੍ਰਭਾਵ ਨੂੰ ਮੈਂ ਉਨ੍ਹਾਂ ਦੇ ਸੰਦਰਭ ਵਿਚ ਵਾਚਣਾ ਆਰੰਭ ਕਰ ਦਿੱਤਾ। ਪੰਜਾਬੀ ਵਿਚ ਸੇਖੋਂ ਦਾ ਚਿੰਤਨ ਕਿਵੇਂ ਨਵੀਨ ਸੀ, ਕਿਹੜੇ ਪੱਖਾਂ ਤੋਂ ਇਹ ਚਿੰਤਕ ਉਸ ਨਾਲੋਂ ਭਿੰਨ ਸਨ, ਸੇਖੋਂ ਦੇ ਪ੍ਰਭਾਵ ਨੂੰ ਵਧੇਰੇ ਰਚਨਾ ਅਤੇ ਰਚਨਾਤਮਿਕ ਬਣਾਉਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ। ਇਹ ਸਾਰੇ ਮਸਲੇ ਮੇਰੇ ਦਿਮਾਗ ਵਿਚ ਘੁੰਮਣ ਲੱਗ ਪਏ।

ਸਵਾਲ : ਪੰਜਾਬੀ ਦੇ ਸਾਹਿਤਕ ਮੰਡਲ ਵਿਚ ਇਸ ਪ੍ਰਭਾਵ ਨੂੰ ਕਿਵੇਂ ਲਿਆ ਗਿਆ?

ਜਵਾਬ : ਮੇਲੇ ਖਿਆਲ ਵਿਚ ਤਾਂ ਇਸ ਨੂੰ ਸੁਹੰਡਣਾ ਹੀ ਸਮਝਿਆ ਗਿਆ। ਜਿਹੜਾ ਕੋਈ ਹਾਸਾ ਮਖੌਲ ਬਣਿਆ, ਉਸ ਨੂੰ ਉਚਿਤ ਪ੍ਰਗਟਾ ਮਿਲਿਆ। ਵਿਅੰਗ ਕਸਣ ਵਿਚ ਪ੍ਰਬੀਨ ਪੰਜਾਬੀ ਦੇ ਦੋ ਮੰਨੇ ਪ੍ਰਮੰਨੇ ਲੇਖਕਾਂ ਨੇ ਇਸ ਦਾ ਜੋ ਖੁਲਾਸਾ ਕੀਤਾ, ਉਹ ਸਦਭਾਵਨਾ ਤੋਂ ਕਿਵੇਂ ਵੀ ਕੋਰਾ ਨਹੀਂ ਕਿਹਾ ਜਾ ਸਕਦਾ।

ਸਵਾਲ : ਭੂਸ਼ਨ ਧਿਆਨਪੁਰੀ ਦੇ ਗੀਤ ਦਾ ਤਾਂ ਮੈਨੂੰ ਪਤਾ। ਹੋਰ ਕਿਹੜਾ ਲੇਖਕ ਸੀ ਜਿਸ ਨੇ ਇਸ ਪ੍ਰਭਾਵ ਦਾ ਖੁਲਾਸਾ ਕੀਤਾ?

ਜਵਾਬ : ਉਹ ਬਲਵੰਤ ਗਾਰਗੀ ਸੀ ਜਿਸ ਨੇ 'ਪੰਜਾਬੀ ਸਾਹਿਤ ਦੇ ਅਫ਼ਸਰ' ਸਿਰਲੇਖ ਹੇਠ ਤਬਸਰਾ ਕੀਤਾ ਸੀ। ਇਸ ਦਾ ਆਰੰਭ ਤਾਂ ਉਸ ਨੇ ਡਾ. ਐਮ. ਐਸ. ਰੰਧਾਵਾ ਨਾਲ ਕੀਤਾ, ਉਨ੍ਹਾਂ ਨੂੰ ਪੰਜਾਬੀ ਸਾਹਿਤ ਦਾ ਕਮਿਸ਼ਨਰ ਆਖਿਆ। ਕਈ ਹੋਰਾਂ ਦਾ ਜ਼ਿਕਰ ਲਿਆ ਕੇ, ਜਿਨ੍ਹਾਂ ਵਿਚੋਂ ਮੈਨੂੰ ਮਹਿੰਦਰ ਸਿੰਘ ਜੋਸ਼ੀ ਅਤੇ ਜਸਬੀਰ ਸਿੰਘ ਆਹਲੂਵਾਲੀਆ ਦੇ ਨਾਂ ਚੇਤੇ ਹਨ, ਉਸ ਨੇ ਮੈਨੂੰ ਪੰਜਾਬੀ ਸਾਹਿਤ ਦਾ ਭਾਣਜਾ ਕਿਹਾ। ਪਿਆਰੀ ਜਿਹੀ ਇਹ ਚੋਟ ਲਾਉਣ ਖਾਤਰ ਉਸ ਨੂੰ ਸਿਰਲੇਖ ਦੇ ਖੇਤਰ ਤੋਂ ਬਾਹਰ ਤਾਂ ਜਾਣਾ ਪਿਆ ਪਰ ਕਿਸੇ ਨੂੰ ਇਸ ਵਿਚ ਕੋਈ ਦੋਸ਼ ਨਜ਼ਰ ਨਾ ਆਇਆ। ਮੈਨੂੰ ਤਾਂ ਇਸ ਵਿਚ ਆਪਣੀ ਮਹਿਮਾ ਹੀ ਨਜ਼ਰ ਆਈ। ਬਾਅਦ ਵਿਚ ਮੈਂ ਇਸ ਨੂੰ ਸਦਭਾਵੀ ਵੰਗਾਰ ਵਜੋਂ ਲੈਣਾ ਉਚਿੱਤ ਸਮਝਿਆ। ਮੈਨੂੰ ਅਨੁਭਵ ਹੋਣ ਲੱਗਾ ਕਿ ਬਲਵੰਤ ਗਾਰਗੀ ਨੇ ਨਾ ਚਾਹੁੰਦੇ ਹੋਏ ਵੀ ਮੇਰੇ 'ਤੇ ਅਹਿਸਾਨ ਕਰ ਦਿੱਤਾ ਸੀ। ਸੇਖੋਂ ਨਾਲ ਮੇਰੇ ਖ਼ੂਨ ਦੇ ਰਿਸ਼ਤੇ ਦੀ ਜੋ ਨਿਕਟਵਰਤੀ ਪਰਤ ਸੀ, ਉਸ ਦੇ ਦੂਰਵਰਤੀ ਪਾਸਾਰ ਤੋਂ ਮੈਨੂੰ ਜਾਣੂ ਕਰਵਾ ਦਿੱਤਾ ਸੀ। ਇਸ ਦਾ ਅਧਿਕਾਰੀ ਬਣਨ ਲਈ ਮੈਨੂੰ ਕਰੜੀ ਮਿਹਨਤ ਕਰਨ ਦੀ ਲੋੜ ਸੀ।

ਸਵਾਲ : ਭੂਸ਼ਨ ਧਿਆਨਪੁਰੀ ਨੇ ਜੋ ਗੀਤ ਲਿਖਿਆ, ਉਸ ਬਾਰੇ ਤੁਹਾਡਾ ਕੀ ਖਿਆਲ ਹੈ?

ਜਵਾਬ : ਪੂਰਾ ਗੀਤ ਤਾਂ ਲੰਬਾ ਸੀ ਪਰ ਆਰੰਭ ਦੀਆਂ ਇਹ ਚਾਰ ਸਤਰ੍ਹਾਂ ਮੈਨੂੰ ਹੁਣ ਵੀ ਯਾਦ ਹਨ :

ਸੰਤ ਸਿੰਘ ਆਖੇ ਤੇਜਵੰਤ ਨੂੰ
ਮੇਰੇ ਵਾਲਾ ਹਾਲ ਹੋਣਾ ਤੇਰਾ ਅੰਤ ਨੂੰ।
ਚੰਗਾ ਸਾਂਭਿਆ ਜਾਂ ਮੰਦਾ ਸਾਂਭਿਆ ਮੇਰੇ ਵਾਲਾ
ਕਿੱਤਾ ਪੁੱਤ ਤੂੰ ਖ਼ੂਬ ਸਾਂਭਿਆ।

ਵਿਅੰਗ ਦਾ ਤਾਂ ਇਸ ਵਿਚ ਵੀ ਅਭਾਵ ਨਹੀਂ। ਪਰ ਇਸ ਤੋਂ ਜੋ ਸਦਭਾਵਨਾ ਦੀ ਹੂਕ ਉੱਠਦੀ ਹੈ, ਉਹ ਬੜੀ ਰੌਚਿਤ ਹੈ।

ਸਵਾਲ : ਕੀ ਇਹ ਆਪਣੀ ਤਰ੍ਹਾਂ ਦਾ ਲੋਕ ਗੀਤ ਨਹੀਂ?

ਜਵਾਬ : ਸ਼ਾਇਦ, ਪੰਜਾਬੀ ਸਾਹਿਤ ਦੇ ਪਾਠਕਾਂ ਦੇ ਪਸੰਦ ਆਉਣ ਦਾ ਕਾਰਨ ਇਸ ਦਾ ਲੋਕਗੀਤ ਵਾਲਾ ਲਹਿਜ਼ਾ ਹੀ ਸੀ। ਬਾਅਦ ਵਿਚ ਜਦੋਂ ਡਾ. ਜੀਤ ਸਿੰਘ ਸੀਤਲ ਨੇ ਇਸ ਨੂੰ ਆਪਣੇ ਗ੍ਰੰਥ, ਪੰਜਾਬੀ ਸਾਹਿਤ ਦਾ ਇਤਿਹਾਸ ਵਿਚ ਸ਼ਾਮਲ ਕਰ ਲਿਆ ਤਾਂ ਪਰਖਕਾਰਾਂ ਦੀ ਦਿਲਚਸਪੀ ਦਾ ਵੀ ਇਹ ਮੁੱਦਾ ਬਣ ਗਿਆ। ਇਹ ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਹੁਣ ਦੇ ਟਾਕਰੇ ਵਿਚ ਉਦੋਂ ਸਾਹਿਤਕ ਮਾਹੌਲ ਕਿੰਨਾ ਖੁਸ਼ਗਵਾਰ ਸੀ।

ਸਵਾਲ : ਇਸ ਚਰਚਾ ਵਿਚ ਕਿੰਨਾ ਕੁ ਸੱਚ ਹੈ ਕਿ ਸੇਖੋਂ ਹੋਰਾਂ ਬਾਰੇ ਲਿਖਣ ਵੇਲੇ ਤੁਹਾਡੇ ਤੇ ਸਮੀਖਿਆਕਾਰ ਨਾਲੋਂ ਭਾਣਜਾ ਹੋਣਾ ਜ਼ਰੂਰੀ ਬਣ ਜਾਂਦਾ ਹੈ?

ਜਵਾਬ : ਭਾਣਜਾ ਤਾਂ ਮੈਂ ਹਾਂ ਹੀ, ਖ਼ੂਨ ਦਾ ਰਿਸ਼ਤਾ ਤਾਂ ਸੇਖੋਂ ਨਾਲ ਮੇਰਾ ਹੈ ਹੀ ਜਿਸ ਨੂੰ ਰਚਵਾਂ ਅਤੇ ਰਚਨਾਤਮਿਕ ਬਣਾਉਣ ਦੀ ਮੁੱਢ ਤੋਂ ਹੀ ਮੇਰੀ ਅਭਿਲਾਸ਼ਾ ਰਹੀ ਹੈ। ਇਸ ਵਿਚ ਦੋਸ਼ ਉਨ੍ਹਾਂ ਨੂੰ ਹੀ ਨਜ਼ਰ ਆਉਂਦਾ ਹੈ, ਜਿਹੜੇ ਇਹ ਮੰਨ ਕੇ ਚੱਲਦੇ ਹਨ ਕਿ ਸੇਖੋਂ ਬਾਰੇ ਮੈਂ ਜੋ ਕੁੱਝ ਵੀ ਲਿਖਦਾਂ ਜਾਂ ਲਿਖਣ ਦੀ ਯੋਜਨਾ ਬਣਾਉਣਾ, ਉਸ ਵਿਚ ਮੇਰੇ ਭਾਣਜਾ ਹੋਣ ਨੇ ਭਾਰੂ ਹੋਣਾ ਹੀ ਹੈ। ਸੇਖੋਂ ਦਾ ਕਹਾਣੀਕਾਰ, ਨਾਟਕਕਾਰ, ਗੱਦ ਲੇਖਕ, ਨਾਵਲਕਾਰ, ਸਮੀਖਿਅਕ, ਅਨੁਵਾਦਕ ਅਤੇ ਕਈ ਕੁੱਝ ਹੋਰ ਹੋਣਾ ਵਿਸਤ੍ਰਿਤ ਅਧਿਐਨ ਦੀ ਮੰਗ ਕਰਦਾ ਹੈ। ਮੇਰੇ ਇਸ ਤਰ੍ਹਾਂ ਕਹਿਣ ਨੂੰ ਵੀ ਇਹ ਨਿਰਪੱਖ ਹੋਣ ਦਾ ਦਾਅਵਾ ਕਰਨ ਵਾਲੇ, ਦੋਸ਼ ਤੋਂ ਮੁਕਤ ਨਹੀਂ ਸਮਝਦੇ। ਪੰਜ ਚਾਰ ਚਲੰਤ ਜਿਹੀਆਂ ਗੱਲਾਂ ਹੱਕ ਵਿਚ ਕਰ ਕੇ, ਉਤਨੀਆਂ ਹੀ ਵਿਰੋਧ ਵਿਚ ਕਰ ਦੇਣ ਨੂੰ ਇਹ ਕਥਿਤ ਬੁੱਧੀਜੀਵੀ, ਨਿਰਪੱਖ ਹੋਣਾ ਮੰਨਦੇ ਹਨ। ਮੇਰੇ ਲਈ ਇਸ ਤਰ੍ਹਾਂ ਦੀ ਨਿਰਪੱਖਤਾ ਦਾ ਖਾਸ ਮਹੱਤਵ ਨਹੀਂ?

ਸਵਾਲ : ਤੁਹਾਡੇ ਲਈ ਖਾਸ ਮਹੱਤਵ ਕਿਸ ਗੱਲ ਦਾ ਹੈ?

ਜਵਾਬ : ਕਿਸੇ ਲੇਖਕ ਦੀ ਪ੍ਰਤਿਭਾ ਨੂੰ ਉਜਾਗਰ ਕਰਨਾ ਮੇਰੇ ਲਈ ਖਾਸ ਮਹੱਤਵ ਰੱਖਦਾ ਹੈ। ਜੇ ਇਸ ਵਿਚ ਜਾਤੀ ਸਬੰਧ ਸਹਾਈ ਹੁੰਦਾ ਹੈ ਤਾਂ ਇਸ ਨੂੰ ਸਵੀਕਾਰ ਕਰਨਾ ਯੋਗ ਹੈ। ਜੇ ਸੇਖੋਂ ਵਰਗੇ ਸਰਬੰਗੀ ਪ੍ਰਤਿਭਾ ਵਾਲੇ ਲੇਖਕ ਲਈ ਵਿਸਥਾਰ ਵਿਚ ਲਿਖਣਾ ਜ਼ਰੂਰੀ ਹੈ ਤਾਂ ਇਸ ਨੂੰ ਚੁਣੌਤੀ ਵਜੋਂ ਕਬੂਲ ਕਰਨਾ ਚਾਹੀਦਾ ਹੈ। ਮਨ ਵਿਚ ਇਹ ਧਾਰ ਕੇ ਕਿ ਅਜਿਹਾ ਕਰਨਾ ਨਿਰਪੱਖਤਾ ਦੇ ਕਥਿਤ ਦਾਅਵੇਦਾਰਾਂ ਦੀਆਂ ਅੱਖਾਂ ਵਿਚ ਰੜਕੇਗਾ, ਇਸ ਚੁਣੌਤੀ ਤੋਂ ਪਾਸਾ ਵੱਟ ਲੈਣਾ, ਉਸ ਨਾਲ ਅਨਿਆ ਕਰਨ ਦੇ ਤੁਲ ਹੋਵੇਗਾ।

ਸਵਾਲ : ਤੁਹਾਡੀ ਕਿਸ ਤਰ੍ਹਾਂ ਦੀ ਪ੍ਰਤਿਗਿਆ ਨੂੰ ਸੇਖੋਂ ਹੋਰੀ ਆਪ ਕਿਸ ਤਰ੍ਹਾਂ ਲੈਂਦੇ ਸਨ?

ਜਵਾਬ : ਉਤਸਾਹਿਤ ਦੇ ਨਾਲ ਸੁਚੇਤ ਕਰਨ ਵੱਲ ਵੀ ਉਨ੍ਹਾਂ ਦਾ ਧਿਆਨ ਜਾਂਦਾ ਸੀ। ਇਸ ਬਾਰੇ ਮੈਨੂੰ ਇਕ ਘਟਨਾ ਯਾਦ ਆਉਂਦੀ ਹੈ। ਇਕ ਸਮਾਗਮ ਵਿਚ ਮੈਂ 'ਲੇਖਕ ਤੇ ਰਾਜਸੱਤਾ' ਨਾਂ ਦਾ ਪਰਚਾ ਪੇਸ਼ ਕੀਤਾ ਸੀ। ਕੁੱਝ ਵਿਸ਼ੇ ਦਾ ਨਿਵੇਕਲਾ ਹੋਣ ਕਾਰਨ ਅਤੇ ਬਾਕੀ ਗੁਰੂ ਨਾਨਕ ਦੇਵ ਤੋਂ ਚੱਲ ਕੇ ਨਵੀਨ ਲੇਖਕਾਂ ਨੂੰ ਵਿਚਾਰਣ ਕਾਰਨ, ਇਸ ਪਰਚੇ ਦੀ ਬਹੁਤ ਸਲਾਹੁਣਾ ਹੋਈ। ਪ੍ਰਧਾਨਗੀ ਮੰਡਲ ਵਿਚ ਸੇਖੋਂ ਹੋਰਾਂ ਦੇ ਨਾਲ ਜਸਬੀਰ ਸਿੰਘ ਆਹਲੂਵਾਲੀਆ ਬੈਠਾ ਸੀ। ਵਿਰੋਧੀ ਨਜ਼ਰੀਆ ਰੱਖਚਣ ਦੇ ਬਾਵਜੂਦ ਉਸ ਨੇ ਵੀ ਪਰਚੇ ਦੀ ਸਲਾਹੁਣਾ ਕੀਤੀ।

ਉਨ੍ਹਾਂ ਦਿਨਾਂ ਵਿਚ ਰਵਿੰਦਰ ਰਵੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਸਮੀਖਿਆ ਦਾ ਸੰਗ੍ਰਹਿ ਤਿਆਰ ਕਰਨਾ ਸੀ। ਸੇਖੋਂ ਹੋਰਾਂ ਕੋਲ ਉਸ ਨੇ ਇਸ ਪਰਚੇ ਨੂੰ ਉਸ ਸੰਗ੍ਰਹਿ ਵਿਚ ਸ਼ਾਮਲ ਕਰਨ ਦੀ ਤੀਬਰ ਇੱਛਾ ਪ੍ਰਗਟ ਕੀਤੀ। ਮੈਨੂੰ ਦੱਸੇ ਬਿਨਾਂ ਸੇਖੋਂ ਹੋਰਾਂ ਲੋੜੀਂਦੀ ਸੁਧਾਈ ਕਰ ਕੇ ਪਰਚਾ ਉਸ ਦੇ ਹਵਾਲੇ ਕਰ ਦਿੱਤਾ। ਸੰਗ੍ਰਹਿ ਦੇ ਛਪਣ ਉਪਰੰਤ ਜਦ ਮੈਂ ਪੇਪਰ 'ਤੇ ਝਾਤ ਮਾਰੀ ਤਾਂ ਮੈਨੂੰ ਲੱਗਿਆ ਕਿ ਸੇਖੋਂ ਹੋਰਾਂ ਖੁਦ ਨਾਲ ਸਬੰਧਤ ਪੰਨੇ ਦੀ ਖਾਸ ਸੁਧਾਈ ਕੀਤੀ ਸੀ। ਪ੍ਰਸੰਸਾ ਵਿਚ ਜੋ ਉਸ ਨੂੰ ਬੇਲੋੜਾ ਜਾਪਿਆ, ਉਸ



ਮਾਮਾ-ਭਾਣਜਾ : ਸੰਤ ਸਿੰਘ ਸੇਖੋਂ ਤੇ ਤੇਜਵੰਤ ਗਿੱਲ

ਨੂੰ ਛਾਂਗ ਦਿੱਤਾ ਸੀ। ਰਸਮੀ ਨਿਰਪੱਖਤਾ ਦੇ ਟਾਕਰੇ ਵਿਚ ਸਹੀ ਮੁਲੰਕਣ ਦਾ ਮੈਨੂੰ ਅਹਿਸਾਸ ਕਰਵਾ

ਦਿੱਤਾ ਸੀ।

ਸਵਾਲ : ਸੇਖੋਂ ਹੋਰਾਂ ਦੇ ਜੀਵਨ ਅਤੇ ਲਿਖਤਾਂ ਬਾਰੇ ਲਿਖਣ ਸਮੇਂ ਭਾਵੁਕਤਾ ਤੋਂ ਲਾਂਭੇ ਰਹਿਣ ਨੂੰ ਤੁਸੀਂ ਕਿਵੇਂ ਯਕੀਨੀ ਬਣਾਉਂਦੇ ਹੋ ?

ਜਵਾਬ : ਗੱਲ ਭਾਵੁਕਤਾ ਤੋਂ ਲਾਂਭੇ ਰਹਿਣ ਦੀ ਨਹੀਂ ਸਗੋਂ ਇਸ ਤੋਂ ਪਾਰ ਜਾਣ ਦੀ ਹੈ। ਸੇਖੋਂ ਹੋਰਾਂ ਬਾਰੇ ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਨੇ ਜੋ ਅੰਗਰੇਜ਼ੀ ਅਤੇ ਪੰਜਾਬੀ ਵਿਚ ਮੇਰੀ ਕਿਤਾਬ ਛਾਪੀ ਹੈ, ਉਸ ਨੂੰ ਇਥੇ ਪ੍ਰਮਾਣ ਵਜੋਂ ਲਿਆ ਜਾ ਸਕਦਾ ਹੈ। ਇਸ ਦੇ ਬਾਰ੍ਹਾਂ ਅਧਿਆਇ ਹਨ। ਉਸ ਦੇ ਜੀਵਨ ਅਨੁਭਵ, ਚਿੰਤਨ, ਸਾਹਿਤ ਸਿਧਾਂਤ, ਰਚਨਾ ਅਤੇ ਅਨੁਭਵ ਦਾ ਕੋਈ ਪੱਖ ਅਣਗੌਲਿਆ ਨਹੀਂ ਰਹਿਣ ਦਿੱਤਾ। ਮੇਰੇ ਤੋਂ ਪਹਿਲਾਂ ਇਸ ਨੂੰ ਵਿਉਂਤਣ ਅਤੇ ਲਿਖਣ ਦਾ ਕੰਮ ਪ੍ਰਮੁੱਖ ਇਤਿਹਾਸਕਾਰ ਡਾ. ਜੇ. ਗਰੇਵਾਲ ਨੂੰ ਸੌਂਪਿਆ ਗਿਆ ਸੀ। ਅੰਤ ਦੇ ਰੁਝੇਵਿਆਂ ਕਾਰਨ, ਉਨ੍ਹਾਂ ਇਸ ਨੂੰ ਲਿਖਣ ਤੋਂ ਲਾਚਾਰੀ ਪ੍ਰਗਟ ਕਰ ਦਿੱਤੀ ਸੀ। ਅਮਰੀਕਾ ਤੋਂ ਛਪਦੇ ਛਿਮਾਹੀ ਵਿਚ ਹੁਣ ਉਨ੍ਹਾਂ ਦਾ ਇਸ ਕਿਤਾਬ ਬਾਰੇ ਰੀਵੀਊ ਛਪਿਆ ਹੈ। ਉਸ ਵਿਚ ਇਸ ਕਿਤਾਬ ਬਾਰੇ ਜੋ ਉਨ੍ਹਾਂ ਤਸੱਲੀ ਦਾ ਇਜ਼ਹਾਰ ਕੀਤਾ ਹੈ, ਉਹ ਮੇਰੇ ਲਈ ਗੌਰਵ ਦਾ ਕਾਰਨ ਹੈ।

ਸਵਾਲ : ਸੇਖੋਂ ਦੀ ਲਾਸਾਨੀ ਪ੍ਰਤਿਭਾ ਅਤੇ ਇਸ ਦੇ ਪ੍ਰਚੰਡ ਪ੍ਰਗਟਾ ਪਿੱਛੇ ਤੁਹਾਡੇ ਅਨੁਸਾਰ ਕਿਹੜੇ ਕਾਰਨ ਕਾਰਗਰ ਰਹੇ ਹੋਣਗੇ ?

ਜਵਾਬ : ਪੰਜਾਬ ਦੇ ਸਭਿਆਚਾਰ ਦੀ ਪਛਾਣ, ਇਤਿਹਾਸਕ ਕਾਰਨਾਂ ਦੀ ਸੋਝੀ, ਨਵੀਨ ਸੂਝ ਅਨੁਸਾਰ ਇਸ ਦਾ ਪਰਤੱਖਣ, ਇਸ ਰਾਹੀਂ ਖ਼ੁਦ ਦੀ ਆਤਮ-ਪਛਾਣ ਅਤੇ ਦੋਵਾਂ ਦੇ ਮੂਲਾਂ ਤੋਂ ਪ੍ਰਵਾਨ ਚੜ੍ਹਦੇ ਮੁੱਲਾਂ ਦਾ ਪ੍ਰਚੰਡ ਪ੍ਰਗਟਾ ਮੈਨੂੰ ਉਸ ਦੀ ਲਾਸਾਨੀ ਪ੍ਰਤਿਭਾ ਤੱਤ ਜਾਪਦੇ ਹਨ। ਆਪਣੀ ਪੁਸਤਕ ਪੰਜਾਬੀ ਬੋਲੀ ਦਾ ਇਤਿਹਾਸ ਵਿਚ ਪੰਜਾਬੀ ਸਭਿਆਚਾਰ ਦੇ ਮੁੱਢ ਤੋਂ ਹੀ ਬਹੁਤ-ਪਰਤੀ ਸਮੱਸਿਆ ਕਾਂਡ ਦੀ ਜੋ ਉਸ ਨੇ ਸੋਝੀ ਕਰਵਾਈ, ਉਸ ਤੋਂ ਮੇਰੀ ਇਹ ਧਾਰਨਾ ਪਰਤੱਖ ਹੋ ਜਾਂਦੀ ਹੈ।

ਸਵਾਲ : ਉਨ੍ਹਾਂ ਅਨੁਸਾਰ ਇਸ ਬਹੁ-ਪਰਤੀ ਸਮੱਸਿਆਕਾਰ ਦਾ ਧਾਰ ਹੀ ਹੈ ?

ਜਵਾਬ : ਉਸ ਅਨੁਸਾਰ ਪ੍ਰਕਿਰਤੀ, ਬਨਸਪਤੀ ਅਤੇ ਭੂਗੋਲ ਨੇ ਅਟਕ ਸਮੇਤ ਛੇਵਾਂ ਦਰਿਆਵਾਂ ਦੇ ਇਸ ਖੇਤਰ ਨੂੰ ਪਾਰ ਦੇ ਇਲਾਕਿਆਂ ਨੂੰ ਨਾਲ ਰਲਾ ਕੇ ਖਾਲਸ ਪੰਜਾਬ ਹੋ ਨਿਬੜਣ ਦੀ ਮੁਹਾਲਤ ਦਿੱਤੀ ਸੀ। ਨਾ ਦਰਾਵੜਾਂ ਅਤੇ ਨਾ ਜਾਤ-ਪਾਤ ਵਿਚ ਵਟੇ ਆਰੀਆ ਲੋਕਾਂ ਨੂੰ ਇਸ ਦੀ ਮਾਨਵੀ ਪਛਾਣ ਕਰਵਾਉਣ ਦਾ ਹੱਕ ਹਾਸਲ ਸੀ। ਇਹ ਹੱਕ ਹਾਸਲ ਸੀ ਇਸ ਦੀ ਭੋਇ ਤੇ ਵਿਚਰਦੀ ਕਿਰਸਾਨੀ ਨੂੰ ਸਮੇਤ ਕਿਰਤੀ ਲੋਕਾਈ ਦੇ ਜਿਸ ਦੀ ਹੋਣੀ ਇਸੇ ਨਾਲ ਅਭੇਦ ਸੀ। ਇਤਿਹਾਸਕ ਉੱਥਲ ਪੁੱਥਲ ਨੇ ਇਸ ਨੂੰ ਆਰੰਭ ਤੋਂ ਹੀ ਔਝੜੇ ਰਾਹੀਂ ਪਾਈ ਰੱਖਿਆ ਹੈ। ਅਟਕ ਨੂੰ ਇਸ ਦੇ ਭਾਵ ਅਰਥ ਤੋਂ ਵੰਚਿਤ ਕਰ ਕੇ, ਪਾਰ ਦੇ ਇਲਾਕਿਆਂ ਦੇ ਰਹਿਮ 'ਤੇ ਛੱਡ ਦਿੱਤਾ ਹੈ। ਸਤਲੁਜ ਤੋਂ ਪੂਰਬ ਵੱਲ ਦੇ ਇਲਾਕੇ ਨੂੰ ਗੰਗਾ ਵੱਲ ਦੇਖੀ ਜਾਣ ਲਾ ਦਿੱਤਾ ਹੈ। ਇਨ੍ਹਾਂ ਕਾਰਨਾਂ ਕਰ ਕੇ ਖਾਲਸ ਪੰਜਾਬ ਦੀ ਭੂਗੋਲਿਕ ਹੋਂਦ ਹੀ ਨਹੀਂ ਸਗੋਂ ਇਸ ਦਾ ਸਭਿਆਚਾਰ ਬਹੁ-ਪਰਤੀ ਸਮੱਸਿਆਕਾਰ ਦਾ ਭਾਗੀ ਬਣ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜਪਾਟ ਦੌਰਾਨ ਹੀ ਇਸ ਤੋਂ ਮੁਕਾਬਲਤਨ ਕਿਸੇ ਰਾਹਤ ਦਾ ਅਹਿਸਾਸ ਹੋਇਆ ਪ੍ਰੰਤੂ ਉਹ ਆਰਜ਼ੀ ਪ੍ਰਕਾਰ ਦਾ ਸੀ।

ਸਵਾਲ : ਜਾਤ ਪਾਤ ਅਤੇ ਨਸਲੀ ਵਿਤਕਰੇ ਤੋਂ ਪਾਰ ਜਾਣ ਦੇ ਸਮਰੱਥ ਪਰ ਔਝੜੇ ਰਾਹੀਂ ਪਏ ਰਹਿਣ ਵਾਲੀ ਖਾਲਸ ਪੰਜਾਬ ਦੀ ਮੂਲ ਪਛਾਣ ਦਾ ਸੇਖੋਂ ਦੀ ਆਤਮ-ਪਛਾਣ ਨਾਲ ਕੀ ਨਾਤਾ ਜੁੜਦਾ ਹੈ ?

ਜਵਾਬ : ਇਸ ਪ੍ਰਸੰਗ ਵਿਚ ਕਹਾਵਤ ਦਾ ਰੂਪ ਧਾਰ ਗਏ ਉਸ ਦੇ ਇਕ ਵਾਕ ਨੂੰ ਵਿਚਾਰਿਆ ਜਾ ਸਕਦਾ ਹੈ। ਉਸ ਦਾ ਦਾਅਵਾ ਸੀ ਕਿ ਨਾ ਉਹ ਕਿਸੇ ਨੂੰ ਆਪਣੇ ਨਾਲੋਂ ਉੱਚਾ ਮੰਨਦਾ ਸੀ ਅਤੇ ਨਾ ਕਿਸੇ ਨੂੰ ਆਪਣੇ ਨਾਲੋਂ ਘੱਟ ਜਾਣਦਾ ਸੀ। ਗੁਰੂ ਸਾਹਿਬਾਨ ਬਾਰੇ ਜੋ ਉਸ ਦਾ ਵਿਚਾਰ ਸੀ, ਉਸ ਦਾ ਅਨੁਮਾਨ ਇਸ ਵਾਕ ਦੇ ਪਹਿਲੇ ਅੱਧ ਤੋਂ ਲੱਗ ਜਾਂਦਾ ਹੈ। ਉਸ ਦੀ ਨਜ਼ਰ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਅਤੇ ਗੁਰੂ ਗੋਬਿੰਦ ਸਿੰਘ ਪਾਰਬ੍ਰਹਮ ਦੀ ਖਾਸ ਕਿਰਪਾ ਦੇ ਪਾਤਰ ਪ੍ਰਾ-ਭੌਤਿਕ ਨੁਹਾਰ ਦੇ ਧਾਰਨੀ ਕੋਈ ਦੈਵੀ ਪੁਰਸ਼ ਨਹੀਂ ਸਨ। ਮਹਾਨ ਪ੍ਰਤਿਭਾ ਦੇ ਸੁਆਮੀ, ਪ੍ਰਚੰਡ ਬੁੱਧ-ਵਿਵੇਕ ਅਤੇ ਪ੍ਰਬੀਨ ਭਾਵ-ਭਾਵਨਾ ਨੂੰ ਪ੍ਰਣਾਏ, ਲੋਕ ਪੀੜ ਪ੍ਰਤੀ ਸੰਵੇਦਨਸ਼ੀਲ, ਨਿਰਭਉ ਅਤੇ ਨਿਰਭੈ, ਉਹ ਸੰਸਾਰੀ ਪੁਰਸ਼ ਸਨ। ਉਨ੍ਹਾਂ ਅੱਗੇ ਸਿਰ ਨਿਵਾਣ ਦੀ ਥਾਂ, ਉਨ੍ਹਾਂ ਦੇ ਕੁੱਲ ਰਹੱਸ ਨੂੰ ਜਾਣ ਲੈਣ ਦੀ ਉਤਸੁਕਤਾ ਸੇਖੋਂ ਨੂੰ ਕਿਤੇ ਮੁੱਲਵਾਨ ਪ੍ਰਤੀਤ ਹੁੰਦੀ ਸੀ। ਗੁਰੂ ਨਾਨਕ ਦੇਵ ਬਾਰੇ ਉਸ ਦਾ ਇਹ ਕਥਨ, 'ਮੈਂ ਤਾਂ ਉਨ੍ਹਾਂ ਨੂੰ ਆਪਣਾ ਬਜ਼ੁਰਗ ਸਮਝਦਾ ਹਾਂ' ਉਸ ਦੇ ਦਾਅਵੇ ਨੂੰ ਹੋਰ ਵੀ ਪਰਤੱਖ ਕਰ ਦਿੰਦਾ ਹੈ।



ਸਵਾਲ : ਦੂਜੇ ਭਾਗ ਦਾ ਇਸ ਪ੍ਰਸੰਗ ਵਿਚ ਕੀ ਮਹੱਤਵ ਬਣਦਾ ਹੈ ?

ਜਵਾਬ : ਵਾਦ ਦੇ ਜਿਸ ਭਾਗ ਦਾ ਮੈਂ ਉਪਰ ਜ਼ਿਕਰ ਕੀਤਾ ਹੈ, ਉਸ ਦਾ ਸਬੰਧ ਸੇਖੋਂ ਦੇ ਚਿੰਤਨ ਨਾਲ ਹੈ। ਉਸ ਦੇ ਸਮੀਖਿਆ-ਸਿਧਾਂਤ ਅਤੇ ਇਸ ਦੇ ਵਿਹਾਰ ਨਾਲ ਹੈ। ਰੂਹਾਨੀ ਤੋਂ ਰੂਹਾਨੀ ਰਚਨਾ ਦਾ ਸੰਸਾਰਕ ਮੁੱਲ ਉਜਾਗਰ ਕਰਨਾ ਇਸ ਦਾ ਮੰਤਵ ਹੈ। ਦੂਜੇ ਭਾਗ ਦਾ ਮਹੱਤਵ ਉਸ ਦੀ ਸਾਹਿਤ-ਰਚਨਾ, ਇਸ ਦੇ ਰਚਨਾ-ਸਿਧਾਂਤ ਨਾਲ ਹੈ। ਆਪਣੀ ਕਹਾਣੀ ਕਲਾ ਦੇ ਪ੍ਰਸੰਗ ਵਿਚ ਤਾਂ ਉਸ ਦਾ ਕਹਿਣਾ ਸੀ ਕਿ ਇਸ ਦਾ ਵਾਸਤਾ ਸਾਧਾਰਨ ਬੰਦੇ ਦੀ ਸਾਧਾਰਨਤਾ ਨਾਲ ਹੈ। ਇੱਥੇ ਸਾਧਾਰਨ ਤੋਂ ਭਾਵ ਔਸਤਨ ਨਹੀਂ ਬਲਕਿ ਸੰਸਾਰੀ ਹੈ। ਦੁੱਖ ਸੁੱਖ ਸਮੇਤ, ਸਵੈਮਾਨ ਨਾਲ ਜਿਉਣਾ, ਆਤੁਰ ਹੋਣ ਸਮੇਂ ਵੀ ਇਸ ਦੀ ਆਸ ਨੂੰ ਲੋਪ ਨਾ ਹੋਣ ਦੇਣਾ, ਇਸ ਦਾ ਪਾਸਾਰ ਹੈ।

ਸਵਾਲ : ਦੋਨਾਂ ਦੇ ਸੰਜੋਗ ਵਸ ਕਿਸ ਪ੍ਰਕਾਰ ਦੀ ਆਤਮ-ਪਛਾਣ ਹੈ ਜੋ ਸੇਖੋਂ ਨੂੰ ਸੁਖਾਵੀਂ ਪ੍ਰਤੀਤ ਹੁੰਦੀ ਹੈ ?

ਜਵਾਬ : ਅਜਿਹੇ ਬੰਦੇ ਦੀ ਜੋ ਵਿਸ਼ੇਸ਼ ਗੁਣਾਂ ਦਾ ਸੁਆਮੀ ਹੈ ਪਰ ਉਨ੍ਹਾਂ ਦੇ ਆਧਾਰ 'ਤੇ ਆਪਣੇ ਲਈ ਅਜਿਹੇ ਸੁੱਖਾਂ ਜਾਂ ਹਿੱਤਾਂ ਦੀ ਮੰਗ ਨਹੀਂ ਕਰਦਾ ਜੋ ਜਨਤਾ ਲਈ ਮਨ੍ਹਾਂ ਹਨ। ਜਨਤਾ ਨਾਲ ਉਹ ਮੇਲ ਮਿਲਾਪ ਦਾ ਚਾਹਵਾਨ ਹੈ ਨਾ ਕਿ ਉਸ ਤੇ ਅਧਿਕਾਰ ਜਮਾਣ ਦਾ ਤਾਂ ਜੋ ਸਥਾਨ ਬਣਨ ਦੀ ਜੋ ਸਥਾਪਤ ਸੱਤਾ ਕਾਮਨਾ ਕਰਦੀ ਹੈ, ਸਾਸ਼ਣ, ਸੋਸ਼ਣ ਅਤੇ ਸਜ਼ਾ ਤੱਕ ਨੂੰ ਇਸ ਦਾ ਸਾਧਨ ਸਮਝਦੀ ਹੈ, ਉਸ ਦਾ ਭਾਗ ਬਣਨ ਤੋਂ ਬਚਿਆ ਜਾ ਸਕੇ।

ਸਵਾਲ : ਧਾਰਮਕ ਸਾਂਝ ਦੀ ਥਾਂ, ਭਾਈਚਾਰਕ ਨਾਤਾ ਹੈ ਜੋ ਸੇਖੋਂ ਨੂੰ ਗੁਰੂ ਸਾਹਿਬਾਨ ਨਾਲ ਪੁਗਾਉਣਾ ਚੰਗਾ ਲੱਗਦਾ ਹੈ। ਪਰ ਜਿੱਥੇ ਭਾਈਚਾਰਾ ਵਿਗਸਦਾ ਹੋਵੇ, ਉਥੇ ਸ਼ਰੀਕੇ ਦਾ ਆ ਜਾਣਾ ਵੀ ਸੁਭਾਵਕ ਹੈ। ਸਥਾਪਤ ਮੱਤਾਂ ਦੀ ਸੱਤਾ ਨੂੰ ਨਕਾਰ ਕੇ ਗੁਰੂ ਨਾਨਕ ਦੇਵ ਨੇ ਗੁਰਮਤਿ ਤੋਂ ਸੇਧ ਲੈਣ ਵਾਲੇ ਭਾਈਚਾਰੇ ਦਾ ਪੱਖ ਪੂਰਿਆ ਸੀ। ਪਰ ਇਸਲਾਮ ਦੇ ਦਖ਼ਲ ਨਾਲ ਜੋ ਸ਼ਰੀਕੇ ਦਾ ਪ੍ਰਵੇਸ਼ ਹੋਇਆ, ਉਸ ਵਿਚ ਸੇਖੋਂ ਨੂੰ ਕੌਣ ਲੱਗਦਾ ਜੋ ਵਾਸਤਵ ਵਿਚ ਭਾਈਚਾਰਕ ਸਾਂਝ ਦਾ ਅਭਿਲਾਸ਼ੀ ਸੀ ?

ਜਵਾਬ : ਸੇਖ ਫਰੀਦ ਨੂੰ ਸੇਖੋਂ ਨੇ ਅਜਿਹੀ ਨਿਆਰੀ ਹਸਤੀ ਹੀ ਤਾਂ ਮੰਨਿਆ ਹੈ। ਉਸ ਦਾ ਸਭਿਆਚਾਰਕ ਪਿਛੋਕੜ, ਅਰਬੀ-ਈਰਾਨੀ ਸੀ। ਜਨਮ ਉਸ ਦਾ ਅਜਿਹੇ ਮੌਲਵੀ ਦੇ ਘਰ ਹੋਇਆ ਜੋ ਮੁਸਲਮਾਨੀ ਧਾਵਾਕਾਰਾਂ ਦਾ ਪੱਖ ਪੂਰਦਾ ਸੀ। ਬੀਵੀ ਵੀ ਉਸ ਦੀ ਸ਼ਾਹੀ ਘਰਾਣੇ ਵਿਚੋਂ ਸੀ ਜਿਸ ਨੇ ਧਾਵੇ ਨੂੰ ਰਾਜ ਵਿਚ ਬਦਲ ਦਿੱਤਾ ਸੀ। ਜੇ ਸ਼ੇਖ ਫ਼ਰੀਦ ਨੇ ਮੁਸਲਮਾਨੀ ਧਾਵਿਆਂ ਨੂੰ ਜਾਇਜ਼ ਠਹਿਰਾਉਣਾ ਹੁੰਦਾ ਤਾਂ ਇਸ ਖਾਤਰ ਇਨ੍ਹਾਂ ਕਾਰਨਾਂ ਦਾ ਸਹਾਰਾ ਲੈਣਾ ਕਾਫੀ ਹੋ ਸਕਦਾ ਸੀ। ਇਨ੍ਹਾਂ ਵਿਚ ਵਾਧਾ ਵੀ ਕੀਤਾ ਜਾ ਸਕਦਾ ਸੀ। ਇਸੇ ਬੀਵੀ ਦੇ ਪੇਟ ਤੋਂ ਜਨਮਿਆ ਸ਼ੇਖ ਫਰੀਦ ਦਾ ਬੇਟਾ ਕਿਸੇ ਦੇਸੀ ਰਾਜੇ ਤੇ ਕੀਤੇ ਧਾਵੇ ਦੌਰਾਨ ਆਪਣੀ ਜਾਨ ਖੋ ਬੈਠਾ ਸੀ। ਧਾਵੇ ਨੂੰ ਰਾਜ ਵਜੋਂ ਸਥਾਪਤ ਕਰਨ ਵਾਲੇ ਸੱਤਾਧਾਰੀ ਵਰਗ ਦੀ ਨਜ਼ਰ ਵਿਚ ਤਾਂ ਉਹ ਸ਼ਹੀਦ ਤੋਂ ਘੱਟ ਨਹੀਂ ਸੀ।

ਸਵਾਲ : ਕੀ ਸ਼ੇਖ ਫ਼ਰੀਦ ਦੀ ਇਨ੍ਹਾਂ ਤੱਥਾਂ ਨਾਲ ਕੋਈ ਹਮਦਰਦੀ ਬਣੀ ?

ਜਵਾਬ : ਬਿਲਕੁਲ ਨਹੀਂ। ਇਹੋ ਗੱਲ ਹੈ ਜੋ ਸੇਖੋਂ ਦੀ ਨਜ਼ਰ ਵਿਚ ਉਸ ਨੂੰ ਬੁਲੰਦੀ 'ਤੇ ਪਹੁੰਚਾ ਦਿੰਦੀ ਹੈ। ਸ਼ੇਖ ਫਰੀਦ ਦੀ ਹਮਦਰਦੀ ਤਾਂ ਪੰਜਾਬ ਦੇ ਉਸ ਖੇਤਰ ਦੀ ਜਨਤਾ ਤੋਂ ਆਰੰਭ ਹੋ ਕੇ ਕੁੱਲ ਮਾਨਵਤਾ ਨਾਲ ਬਣੀ ਜਿਸ ਨੂੰ ਉਸ ਨੇ ਬੰਦਗੀ ਅਤੇ ਹਲੀਮੀ ਦਾ ਉਪਦੇਸ਼ ਦੇਣਾ ਹੀ ਆਪਣਾ ਕਰਤੱਵ ਬਣਾ ਲਿਆ। ਕਈ ਪੱਖਾਂ ਤੋਂ ਇਸ ਦੀ ਤੁਲਨਾ ਵੀਹਵੀਂ ਸਦੀ ਵਿਚ ਮਹਾਤਮਾ ਗਾਂਧੀ ਵਲੋਂ ਵਿੱਢੇ ਅਹਿੰਸਾ ਦੇ ਉਪਦੇਸ਼ ਨਾਲ ਬਣਦੀ ਹੈ। ਸੇਖੋਂ ਨੇ ਕਿਤੇ ਇਸ ਵੱਲ ਸੰਕੇਤ ਵੀ ਕੀਤਾ ਹੈ ਭਾਵੇਂ ਇਸ ਦੇ ਵਿਸਥਾਰ ਵਿਚ ਜਾਣ ਤੋਂ ਉਸ ਨੇ ਗੁਰੇਜ਼ ਕੀਤਾ ਹੈ।

ਸਵਾਲ : ਜਿੱਥੋਂ ਤੱਕ ਮੈਨੂੰ ਪਤਾ ਹੈ ਸੇਖੋਂ ਨੇ ਇਸ ਉਪਦੇਸ਼ ਵਿਚ ਗੁਨਾਹ ਦੇ ਅੰਸ਼ ਨੂੰ ਬਹੁਤ ਉਭਾਰਿਆ ਹੈ। ਕੀ ਇਸ ਨਾਲ ਇਸਦਾ ਨਰੋਆ ਪੱਖ ਨਿਰਬਲ ਨਹੀਂ ਪੈ ਜਾਂਦਾ ?

ਜਵਾਬ ਸੱਚਮੁੱਚ ਹੀ ਇਸ ਉਪਦੇਸ਼ ਵਿਚ ਗੁਨਾਹ ਦੇ ਅੰਸ਼ ਨੂੰ ਬਹੁਤ ਉਭਾਰਿਆ ਗਿਆ ਹੈ। ਪਰ ਇਸ ਨਾਲ ਸ਼ੇਖ ਫ਼ਰੀਦ ਦੀ ਵਡਿੱਤਣ ਵਿਚ ਵਾਧਾ ਹੀ ਹੁੰਦਾ ਹੈ। ਮੂਲ ਰੂਪ ਵਿਚ ਤਾਂ ਇਹ ਗੁਨਾਹ ਸੱਤਾਧਾਰੀ ਵਰਗ ਦਾ ਸੀ। ਇਸ ਨੂੰ ਆਪਣਾ ਬਣਾ ਕੇ ਪੇਸ਼ ਕਰਨ ਨਾਲ ਸ਼ੇਖ ਫ਼ਰੀਦ ਦੀ ਹਲੀਮੀ ਹੋਰ ਵੀ ਮੁੱਲਵਾਨ ਦਿਸਣ ਲੱਗ ਪੈਂਦੀ ਹੈ। ਇਸ ਤੋਂ ਉਸ ਦੀ ਸਮਰੱਥਾ ਵੀ ਗ੍ਰਹਿਣ ਹੋਣ ਲੱਗ ਪੈਂਦੀ ਹੈ। ਇਸਲਾਮੀ ਗ੍ਰੰਥਾਂ ਵਿਚ ਉਚਿੱਤ ਠਹਿਰਾਈ ਸੱਤਾ ਖੁਰਣ ਲੱਗ ਪੈਂਦੀਹੈ। ਸੁਚੇਤ ਜਾਂ ਅਚੇਤ ਰੂਪ ਵਿਚ ਇਹ ਖੋਰਾ ਲਾਉਣਾ ਵੀ ਸੇਖੋਂ ਦੀ ਨਜ਼ਰ ਵਿਚ ਸ਼ੇਖ ਫ਼ਰੀਦ ਦੇ ਉਪਦੇਸ਼ ਦਾ ਸਲਾਹੁਣਯੋਗ ਪੱਖ ਸੀ। ਜੇ ਸ਼ੇਖ ਫ਼ਰੀਦ ਇਹ ਖੋਰਾ ਨਾ ਲਾਉਂਦਾ ਤਾਂ ਇਨ੍ਹਾਂ ਧਾਵਿਆਂ ਵਸ ਪੰਜਾਬ ਦਾ ਜੋ ਦੁਰਭਾਗ ਬਣਿਆ, ਉਸ ਵਿਚ ਕੋਈ ਛਿਦਰ ਨਜ਼ਰ ਨਹੀਂ ਸੀ ਆਉਣੀ। ਇਸ ਛਿਦਰ ਕਾਰਨ ਹੀ ਹੈ ਕਿ ਭਵਿੱਖ ਵਿਚ ਜੇ ਕਦੇ ਸੁਭਾਵ ਦਾ ਪੰਜਾਬ ਲਈ ਭਾਵ ਬਣਿਆ, ਖ਼ਾਲਸ ਪੰਜਾਬ ਦਾ ਸੁਪਨਾ ਸਾਕਾਰ ਹੋਣ ਲੱਗਾ ਤਾਂ ਇਸ ਵਿਚ ਉਸ ਲੋਅ ਦਾ ਵੀ ਮੁੱਲ ਹੋਵੇਗਾ ਜਿਸ ਨੂੰ ਹਨੇਰ ਕਾਲ ਵਿਚ ਪੰਜਾਬੀ ਬੋਲੀ ਦਾ ਤੇਲ ਪਾ ਕੇ ਸ਼ੇਖ ਫ਼ਰੀਦ ਨੇ ਜਗਾਣ ਦੀ ਪਹਿਲ ਕੀਤੀ। ਸ਼ੇਖ ਫ਼ਰੀਦ ਦੇ ਸਲੋਕਾਂ ਵਿਚ ਅਜਿਹੇ ਭਵਿੱਖਹਥੀ ਅਰਥਾਂ ਦੀ ਨਿਸ਼ਾਨਦੇਹੀ ਕਰਨਾ ਵੀ ਸੇਖੋਂ ਦੇ ਹਿੱਸੇ ਹੀ ਆਇਆ।

ਸਵਾਲ : ਬਾਅਦ ਵਿਚ ਹੋਏ ਸੂਫੀ, ਸ਼ਾਹ ਹੁਸੈਨ, ਖ਼ਾਸ ਕਰ ਕੇ ਬੁੱਲੇ ਸ਼ਾਹ, ਇਸਲਾਮੀ ਗ੍ਰੰਥਾਂ ਵਿਚ ਜਾਇਜ਼ ਤੋਂ ਵੀ ਅਗਾਂਹ ਜ਼ਰੂਰੀ ਮੰਨੀ ਗਈ ਸ਼ਰੀਅਤ ਦਾ ਖੁੱਲਮ ਖੁੱਲਾ ਮਜ਼ਾਕ ਉਡਾਉਂਦੇ ਸਨ। ਸੇਖੋਂ ਦੀ ਨਜ਼ਰ ਵਿਚ ਉਨ੍ਹਾਂ ਵੱਲੋਂ ਪਾਈ ਛਿਦਰ ਕਿਵੇਂ ਲਿਆ ਗਿਆ ਹੈ ?

ਜਵਾਬ : ਸ਼ਰੀਅਤ ਨੂੰ ਅੰਦਰੋਂ ਖੋਰਨ ਦਾ ਕਰਤੱਵ ਜੋ ਸ਼ੇਖ ਫ਼ਰੀਦ ਨੇ ਨਿਭਾਇਆ, ਇਹ ਬਾਹਰੋਂ ਕੀਤਾ ਖੁੱਲਮ ਖੁੱਲ੍ਹਾ ਮਜ਼ਾਕ ਉਸ ਦੇ ਸਾਮਾਨ ਨਹੀਂ ਮੰਨਿਆ ਜਾ ਸਕਦਾ। ਸੇਖੋਂ ਦਾ ਇਹ ਜਾਇਜ਼ਾ ਬਾਅਦ ਦੇ ਸੂਫੀਆਂ ਨਾਲ ਪੂਰਾ ਨਿਆਂ ਨਹੀਂ ਕਰਦਾ। ਦੋ ਕਾਰਨ ਹਨ, ਇਕ ਵਿਹਾਰਕ ਅਤੇ ਦੂਜਾ ਇਤਿਹਾਸਕ, ਜਿਹੜੇ ਸੇਖੋਂ ਨੂੰ ਪੂਰਾ ਨਿਆਂ ਕਰਨ ਤੋਂ ਹੋੜੀ ਰੱਖਦੇ ਹਨ। ਉਸ ਅਨੁਸਾਰ, ਇਨ੍ਹਾਂ ਸੂਫ਼ੀਆਂ ਦਾ ਵਿਹਾਰ, ਭਾਈਚਾਰੇ ਦਾ ਭਲਾ ਚਾਹੁਣ ਦੇ ਬਾਵਜੂਦ, ਇਸ ਤੋਂ ਅਲਹਿਦਿਗੀ ਦੀ ਤਮੰਨਾ ਰੱਖਣ ਵਾਲੇ ਬੰਦਿਆਂ ਦਾ ਹੀ ਹੋ ਸਕਦਾ ਸੀ। ਭਾਈਚਾਰੇ ਲਈ ਤਾਂ ਇਹ ਅਨਾਚਾਰ ਦੀ ਅਲਾਮਤ ਰੱਖਦਾ ਸੀ।

ਸਵਾਲ : ਇਸ ਦਾ ਇਤਿਹਾਸਕ ਕਾਰਨ ਕੀ ਸੀ ? ਜੇ ਇਹ ਸੱਚ ਹੈ ਕਿ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਸੂਫੀ ਮੁਰਸ਼ਦ ਸਿੱਖ ਸੰਘਰਸ਼ ਨਾਲ ਹਮਦਰਦੀ ਜਤਲਾਂਦੇ ਆਏ ਸਨ ਤਾਂ ਬਾਅਦ ਵਿਚ ਕੀ ਬਦਲ ਗਿਆ ਕਿ ਸੇਖੋਂ ਦੀ ਨਜ਼ਰ ਵਿਚ ਉਹ ਪਹਿਲੀ ਵਡਿੱਤਣ ਦੇ ਭਾਗੀ ਨਾ ਰਹੇ ?

ਜਵਾਬ : ਬੜੇ ਹੀ ਨਿਰਣਾਇਕ ਮੋੜ 'ਤੇ ਜਦੋਂ ਬੰਦਾ ਬਹਾਦਰ ਦੀ ਅਗਵਾਈ ਹੇਠ ਸਿੱਖ ਸੰਘਰਸ਼ ਮੁਗ਼ਲ ਸੱਤਾ ਨੂੰ ਢਹਿ ਢੇਰੀ ਕਰ ਰਿਹਾ ਸੀ, ਤਾਂ ਬੁੱਲੇ ਸ਼ਾਹ ਦਾ ਮੁਰਸ਼ਦ ਇਸ ਨੂੰ ਸਥਾਈ ਤੌਰ 'ਤੇ ਸਥਾਪਤ ਰੱਖਣ ਦੇ ਫ਼ਿਕਰ ਵਿਚ ਸਾਸ਼ਨ, ਸੋਸ਼ਣ ਅਤੇ ਸਜ਼ਾ ਦੇ ਦਾਅਵੇਦਾਰਾਂ ਨਾਲ ਜਾ ਖੜ੍ਹਾ ਹੋਇਆ ਸੀ। ਸੇਖੋਂ ਨੂੰ ਇਹ ਕਾਰਵਾਈ ਅਸਹਿ ਪ੍ਰਤੀਤ ਹੁੰਦੀ ਹੈ, ਵਧੇਰੇ ਇਸ ਕਾਰਨ ਕਿ ਬੰਦਾ ਬਹਾਦਰ ਦੇ ਭੇਸ ਵਿਚ ਗੁਰੂ ਗੋਬਿੰਦ ਸਿੰਘ ਨੇ ਹੀ ਤਾਂ ਇਹ ਸੰਘਰਸ਼ ਵਿੱਢਿਆ ਹੋਇਆ ਸੀ। ਨਿਆਂ ਲਈ ਆਵਾਜ਼ ਬੁਲੰਦ ਕਰਨ ਵਾਲੇ ਮੁਰਸ਼ਦ ਦਾ ਅਨਿਆਂ ਦੀ ਧਿਰ ਬਣ ਜਾਣਾ ਸੇਖੋਂ ਨੂੰ

ਅਸਹਿ ਜਾਪਿਆ ਹੈ। ਉਸ ਦੇ ਨਾਟਕ ਬੰਦਾ ਬਹਾਦਰ ਵਿਚ ਇਸ ਦਾ ਬੜਾ ਦਰਦ-ਭਿੰਨਾ ਪ੍ਰਗਟਾ ਹੈ।

ਸਵਾਲ : ਇਕ ਹੋਰ ਨਾਟਕ 'ਵਾਰਿਸ' ਵਿਚ ਤਾਂ ਸੇਖੋਂ ਦੀ ਦ੍ਰਿਸ਼ਟੀ ਵਿਚ ਲਚਕ ਆ ਜਾਂਦੀ ਹੈ। ਕੀ ਇਸ ਨਾਲ ਪਹਿਲੇ ਜਾਇਜ਼ੇ ਵਿਚ ਸੋਧ ਨਹੀਂ ਆ ਜਾਂਦੀ?

ਜਵਾਬ : ਸੋਧ ਹੁੰਦੀ ਹੈ ਜਦਕਿ ਵਾਰਿਸ ਸ਼ਾਹ ਆਪਣਾ ਜਥਾ ਬਣਾ ਕੇ ਪਿੰਡ ਵਾਸੀਆਂ ਨੂੰ ਸੱਤਾਧਾਰੀ ਵਰਗ ਵੱਲੋਂ ਢਾਹੇ ਜਾਂਦੇ ਜਬਰ ਵਿਰੁੱਧ ਉਨ੍ਹਾਂ ਨੂੰ ਸੁਚੇਤ ਕਰਦਾ ਹੈ। ਜਿਉਂ ਜਿਉਂ ਹਾਲਾਤ ਵਿਗੜਦੇ ਜਾਂਦੇ ਹਨ, ਉਸ ਦਾ ਸਾਹਸ ਘਟਦਾ ਜਾਂਦਾ ਹੈ। ਜਦੋਂ ਭਾਗਭਰੀ ਨਾਲ ਉਸ ਦਾ ਇਸ਼ਕ ਅਸਫ਼ਲ ਰਹਿ ਜਾਂਦਾ ਹੈ, ਜੋ ਕਿ ਉਸ ਪ੍ਰਸਥਿਤੀ ਵਿਚ ਰਹਿਣਾ ਹੀ ਸੀ, ਵਾਰਿਸ ਨਿਰਾਸ਼ਾ, ਉਦਾਸੀ ਅਤੇ ਸੋਗ ਦੀ ਵੈਣਿਕ ਆਵਾਜ਼ ਬਣ ਜਾਂਦਾ ਹੈ। ਉਹ ਅਤੀਤ ਦੀ ਆਵਾਜ਼ ਹੀ ਦਿਵਾਉਂਦਾ ਹੈ, ਭਵਿੱਖ ਦਾ ਵਾਰਿਸ ਨਹੀਂ ਬਣਦਾ।

ਸਵਾਲ : ਸੇਖੋਂ ਅਨੁਸਾਰ, ਸ਼ੇਖ ਫ਼ਰੀਦ ਮਗਰੋਂ ਸੀ ਕੋਈ ਪੰਜਾਬੀ ਮੁਸਲਮਾਨ ਜਿਸ ਦੇ ਵਿਚਾਰ ਭਾਵ ਪੰਜਾਬ ਦਾ ਭਲਾ ਚਾਹੁੰਦੇ ਸਨ?

ਜਾਵਾਬ : ਹੈ ਸੀ, ਉਸ ਅਨੁਸਾਰ ਸ਼ਾਹ ਮੁਹੰਮਦ ਜਿਸ ਦੇ ਜੰਗਨਾਮਾ : 'ਸਿੰਘਾਂ ਅਤੇ ਫ਼ਰੰਗੀਆਂ' ਨੂੰ ਜਿੰਨਾ ਗਾਉਂਦੇ ਹਾਂ, ਉਤਨਾ ਹੀ ਵੱਧ ਪੰਜਾਬ ਦਾ ਫ਼ਿਕਰ ਕਰਦੇ ਹਾਂ। ਵੈਸੇ ਤਾਂ ਉਹ ਮੋਮਨ ਮੁਸਲਮਾਨ ਸੀ ਪਰ ਪੰਜਾਬੀ ਸਭਿਆਚਾਰ ਦਾ ਜੋ ਤਸੱਵਰ ਉਸ ਨੇ ਪਾਲ ਰੱਖਿਆ ਸੀ, ਉਹ ਇਕ ਦਮ ਸਲਾਹੁਣਯੋਗ ਸੀ। ਮੁਸਲਮਾਨ ਅਤੇ ਹਿੰਦੂ, ਪ੍ਰਮੁੱਖ ਸੰਪਰਦਾਵਾਂ ਦੇ ਪੰਜਾਬ ਵਾਸੀ, ਸਿੱਖਾਂ ਦੀ ਰਾਜਸੀ ਸਰਦਾਰੀ ਅਧੀਨ, ਉਸ ਨੂੰ ਪੂਰਨ ਸਹਿਹੋਂਦ ਵਿਚ ਜੀਵਨ ਬਸਰ ਕਰਦੇ ਨਜ਼ਰ ਆਉਂਦੇ ਸਨ। ਇਸ ਵਿਚ ਉਸ ਨੂੰ ਕੋਈ ਅਚੰਭੇ ਵਾਲੀ ਗੱਲ ਨਜ਼ਰ ਨਹੀਂ ਸੀ ਆਉਂਦੀ। ਜਿਵੇਂ 'ਪ੍ਰਸਿੱਧ ਪੰਜਾਬੀ ਕਵੀ' ਵਿਚ ਸੇਖੋਂ ਨੇ ਦਰਸਾਇਆ ਹੈ, ਸਿੱਖ ਸਰਦਾਰ ਅਰਬ-ਈਰਾਨ ਤੋਂ ਲਈਆਂ ਪ੍ਰੇਮ ਅਤੇ ਸੂਰਬੀਰਤਾ ਦੀਆਂ ਕਥਾਵਾਂ ਤੇ ਰਚੇ ਕਿਸਿਆਂ ਦਾ ਬਹੁਤ ਅਨੰਦ ਮਾਣਦੇ ਸਨ। ਭਾਰਤੀ ਸਰੋਤਾਂ ਤੋਂ ਆਈਆਂ ਕਥਾਵਾਂ ਤੇ ਰਚੇ ਕਿੱਸੇ ਵੀ ਬਰਾਬਰ ਦਾ ਆਨੰਦ ਦਿੰਦੇ ਸਨ। ਰਾਜਸੀ ਸਰਦਾਰੀ ਦਾ ਸਾਂਝੇ ਸਭਿਆਚਾਰ ਵਿਚ ਪਾਸਾਰ ਹੋ ਰਿਹਾ ਸੀ ਜੋ ਸ਼ਾਹ ਮੁਹੰਮਦ ਨੂੰ ਬੜੀ ਤਸੱਲੀ ਦਿੰਦਾ ਸੀ।

ਸਵਾਲ : ਵੀਹਵੀਂ ਸਦੀ ਦੀ ਵੀ ਕੋਈ ਉਦਾਹਰਣ ਹੈ ਅਜਿਹੇ ਸਹਿਹੋਂਦ ਦੇ ਤਸੱਵਰ ਦੀ ਜੋ ਸੇਖੋਂ ਨੂੰ ਮਨ-ਭਾਉਂਦੀ ਲੱਗ ਸਕਦੀ ਹੈ?

ਜਵਾਬ : ਉਸ ਦੀ ਆਤਮ-ਕਥਾ, ਜੀਵਨ ਦਾ ਪੰਧ ਵਿਚ ਇਸ ਤਰ੍ਹਾਂ ਦੀ ਉਦਾਹਰਣ ਵੀ ਆਉਂਦੀ ਹੈ। ਤੀਹਵਿਆਂ ਵਿਚ ਉਸ ਦੀ ਨੇੜਤਾ ਤਿੰਨ ਅਜਿਹੇ ਮੁਸਲਮਾਨ ਲੇਖਕਾਂ ਨਾਲ ਬਣੀ ਜਿਨ੍ਹਾਂ ਲਈ ਅਜਿਹੀ ਸਹਿਹੋਂਦ ਨੂੰ ਵਰੋਸਣਾ ਕੁਦਰਤੀ ਸੀ। ਇਸ ਨਾਲ ਹੀ ਪੰਜਾਬ ਵਿਚ ਸਮਾਜਵਾਦ ਦੇ ਆਉਣ ਦਾ ਇਕਰਾਰ ਬੱਝ ਸਕਦਾ ਸੀ। ਇਹ ਸਨ ਡਾ. ਮੁਹੰਮਦ ਤਾਸੀਰ ਜਿਸ ਨੇ ਛੇ ਘਰ ਦੀ ਭੂਮਿਕਾ ਲਿਖੀ, ਫੈਜ਼ ਅਹਿਮਦ ਫੈਜ਼ ਜੋ ਗਾਲਿਬ ਮਗਰੋਂ ਉਰਦੂ ਦਾ ਸਭ ਤੋਂ ਮਹਾਨ ਸ਼ਾਇਰ ਸਿੱਧ ਹੋਇਆ ਅਤੇ ਰਸ਼ੀਦ ਜਹਾਂ, ਅੰਗਾਰੇ ਨਾਮੀ ਕਹਾਣੀ ਸੰਗ੍ਰਹਿ ਦੀ ਲੇਖਿਕਾ ਜਿਸ ਦੀ ਪ੍ਰਤਿਭਾ ਦਾ ਹੀ ਨਹੀਂ ਸਗੋਂ ਸੁੰਦਰਤਾ ਦਾ ਵੀ ਆਪਣਾ ਤਲਿੱਸਮ ਸੀ। ਫੈਜ਼ ਅਹਿਮਦ ਫੈਜ਼ ਦਾ ਵਿਚਾਰ ਸੀ ਕਿ ਵੀਹਵੀਂ ਸਦੀ ਦੇ ਅੰਤ ਤੱਕ ਉਰਦੂ ਜ਼ਬਾਨ ਨੂੰ ਪੰਜਾਬੀ ਬੋਲੀ ਦੀ ਵਿਸ਼ੇਸ਼ ਸ਼ੈਲੀ ਹੀ ਸਮਝਿਆ ਜਾਣ ਲੱਗ ਪਵੇਗਾ। ਫੈਜ਼ ਨੇ ਇਸ ਵਿਚਾਰ ਦੀ ਕਿਤੇ ਕੋਈ ਵਿਆਖਿਆ ਤਾਂ ਨਹੀਂ ਕੀਤੀ ਪਰ ਉਸ ਦੇ ਮੂੰਹ ਤੋਂ ਇਹ ਕਥਨ ਸੁਣਨਾ ਸੇਖੋਂ ਨੂੰ ਬੜਾ ਮੁਬਾਰਕ ਲੱਗਦਾ ਸੀ।

ਸਵਾਲ : ਜਿਸ ਖ਼ਾਲਸ ਪੰਜਾਬ ਦਾ ਆਰੰਭ ਵਿਚ ਜ਼ਿਕਰ ਆਇਆ, ਉਸ ਨਾਲ ਸੇਖੋਂ ਅਨੁਸਾਰ ਸਮੁੱਚੇ ਭਾਰਤ ਦਾ ਰਿਸ਼ਤਾ ਕਿਸ ਪ੍ਰਕਾਰ ਦਾ ਬਣਦਾ ਸੀ?

ਜਵਾਬ : ਪੰਜਾਬ ਦੇ ਸਮੁੱਚੇ ਭਾਰਤ ਨਾਲ ਜੁੜੇ ਹੋਏ ਤੱਥ ਨੂੰ ਤਾਂ ਸੇਖੋਂ ਸੱਚ ਕਰਕੇ ਜਾਣਦਾ ਸੀ। ਪਰ ਇਸ ਨੂੰ ਅਭੇਦਤਾ ਮੰਨਣਾ ਉਸ ਨੂੰ ਸਵੀਕਾਰ ਨਹੀਂ ਸੀ। ਹਜ਼ਾਰਾਂ ਸਾਲ ਜੋ ਪਰਾਇਆਪਣ ਭਾਰਤ ਵਿਚ ਪ੍ਰਵੇਸ਼ ਕਰਦਾ ਰਿਹਾ, ਉਸਦਾ ਰਾਹ ਤਾਂ ਪੰਜਾਬ ਹੀ ਬਣਿਆ ਆਇਆ ਸੀ। ਜਿੱਥੇ ਪੰਜਾਬ ਇਸ ਪਰਾਇਆਪਣ ਲਈ ਰਣ ਖੇਤਰ ਸਮਾਨ ਸੀ, ਉੱਥੇ ਭਾਰਤ ਅਜਿਹਾ ਧਰਾਤਲ ਹੋ ਨਿਬੜਦਾ ਸੀ ਜਿੱਥੇ ਇਸ ਲਈ ਕੁਦਰਤੀ ਮਹਿਸੂਸ ਕਰਨਾ ਸੁਭਾਵਿਕ ਬਣ ਜਾਂਦਾ ਸੀ। ਇਸ ਪ੍ਰਕਾਰ ਅਧਿਆਤਮ, ਮਿਥਿਹਾਸ, ਫ਼ਲਸਫ਼ੇ ਅਤੇ ਕਲਾ ਲਈ ਜੋ ਉਪਜਾਊ ਧਰਾਤਲ ਭਾਰਤ ਪ੍ਰਦਾਨ ਕਰਦਾ ਸੀ, ਉਹ ਪੰਜਾਬ ਤੋਂ ਪ੍ਰਾਪਤ ਨਹੀਂ ਸੀ ਹੋ ਸਕਦਾ। ਪੰਜਾਬ ਦੇ ਧਰਾਤਲ 'ਤੇ ਵਧੇਰੇ ਵਿਕਾਸ ਤਾਂ ਲੋਕਧਾਰਾ ਦਾ ਹੀ ਹੋ ਸਕਦਾ ਸੀ। ਉਸ ਵਿਚ ਇਨ੍ਹਾਂ ਸਾਰਿਆਂ ਦੇ ਤੱਤ ਸਾਹ ਤਾਂ ਲੈਂਦੇ ਸਨ ਪਰ ਭਰਪੂਰ ਵਿਕਾਸ ਨੂੰ ਨਹੀਂ ਪਹੁੰਚਦੇ ਸਨ। ਸੁਭਾਵਕ ਹੀ ਪੰਜਾਬ ਦਾ ਭਾਰਤੀ ਮਿਥਿਹਾਸ, ਅਧਿਅਤਮ, ਫ਼ਲਸਫ਼ੇ ਅਤੇ ਕਲਾ ਵਲ ਰੁਝਾਨ ਬਣਦਾ ਸੀ, ਉਨ੍ਹਾਂ ਨਾਲ ਮੁਗਧ ਹੋ ਜਾਣ ਤੋਂ ਸੰਕੋਚ ਬਣਾਈ ਰੱਖਣਾ ਵੀ ਪੰਜਾਬ ਲਈ ਉਪਰਾ ਨਹੀਂ ਸੀ।

ਸਵਾਲ : ਜਿਸ ਰੁਝਾਨ ਤਹਿਤ ਪੰਜਾਬ ਨੇ ਭਾਰਤੀ ਪ੍ਰਭਾਵ ਕਬੂਲ ਕੀਤਾ, ਉਸ ਬਾਰੇ ਸੇਖੋਂ ਦਾ ਕੀ ਵਿਚਾਰ ਹੈ?

ਜਵਾਬ : ਜਿੱਥੋਂ ਤੱਕ ਭਾਰਤੀ ਅਧਿਆਤਮ ਅਤੇ ਫ਼ਲਸਫ਼ੇ ਦਾ ਸਬੰਧ ਹੈ, ਸੇਖੋਂ ਅਨੁਸਾਰ ਇਸਦਾ ਸਭ ਤੋਂ ਸੂਝਵਾਨ ਅਤੇ ਨਾਲ ਹੀ ਸਕੋਚਵਾਨ ਪ੍ਰਭਾਵ ਤਾਂ ਗੁਰਬਾਣੀ ਨੇ ਕਬੂਲ ਕੀਤਾ ਹੈ। ਪਾਰਬ੍ਰਹਮ ਦਾ ਪਰਮ ਤੱਤ, ਸ੍ਰਿਸ਼ਟੀ ਦੀ ਉਤਪਤੀ, ਇਸਦਾ ਕਰਮ ਸੁਭਾਵ, ਮਨੁੱਖੀ ਆਤਮਾ ਅਤੇ ਪ੍ਰਮਾਤਮਾ ਆਦਿ ਸਬੰਧੀ ਬਹੁਤ ਕੁੱਝ ਹੈ ਜੋ ਉਪਨਿਸ਼ਦਾਂ ਤੋਂ ਗੁਰਬਾਣੀ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਰਾਹੀਂ ਗੁਰਬਾਣੀ ਵਿਚ ਜੋ ਗਹਿਰਾਈ ਆਉਂਦੀ ਹੈ, ਉਸਦੀ ਵੀ ਸੇਖੋਂ ਹਾਮੀ ਭਰਦਾ ਹੈ। ਇਹ ਦਰਸਾਣ ਤੋਂ ਵੀ ਉਹ ਸੰਕੋਚ ਨਹੀਂ ਕਰਦਾ ਕਿ ਭਾਰਤੀ ਅਧਿਆਤਮ ਸਰਬ-ਵਿਆਪਕਤਾ ਨੂੰ ਅੰਤਿਮ ਸੱਚ ਦਰਸਾਉਂਦਾ ਹੈ ਜਦਕਿ ਗੁਰਬਾਣੀ ਦੀ ਦਿਲਚਸਪੀ ਅਨੰਤਤਾ ਵਲ ਮੁੜ ਜਾਂਦੀ ਹੈ। ਇਹ ਗਹਿਰ ਗੰਭੀਰ ਨੁਕਤਾ ਹੈ ਜਿਸ ਨੂੰ ਸੇਖੋਂ ਨੇ ਉਭਾਰਿਆ ਤਾਂ ਜ਼ਰੂਰ ਹੈ ਪ੍ਰੰਤੂ ਵਿਸਥਾਰਿਆ ਨਹੀਂ।

ਸਵਾਲ : ਇਸ ਗੱਲ ਦਾ ਸੰਕੇਤ ਤੁਹਾਡੀ ਕਿਤਾਬ ਵਿਚ ਵੀ ਹੈ ਕਿ ਭਾਰਤੀ ਫ਼ਲਸਫ਼ੇ ਅਤੇ ਅਧਿਆਤਮ ਦੇ ਤੁਲ ਸੇਖੋਂ ਨੇ ਭਾਰਤੀ ਮਿਥਿਹਾਸ ਨਾਲ ਵਧੇਰੇ ਵਾਸਤਾ ਦਰਸਾਇਆ ਹੈ। ਇਸਦਾ ਕਾਰਨ ਕੀ ਹੋ ਸਕਦਾ ਹੈ?

ਜਵਾਬ : ਭਾਵੇਂ ਇਹ ਅਧਿਆਤਮ ਹੋਵੇ ਜਾਂ ਫ਼ਲਸਫ਼ਾ, ਇਸਦੀਆਂ ਮੂਲ ਇਕਾਈਆਂ ਦਾ ਉਦਭਵ ਤਾਂ ਜੀਵਨ ਵਿਚੋਂ ਹੀ ਹੁੰਦਾ ਹੈ। ਪਰ ਚਿੰਤਨ ਦੌਰਾਨ ਇਨ੍ਹਾਂ ਨੂੰ ਇਤਨੀਆਂ ਸੂਖਮ ਬਣਾ ਦਿੱਤਾ ਜਾਂਦਾ ਹੈ ਕਿ ਉਹ ਅਮੂਰਤ ਬਣ ਕੇ ਰਹਿ ਜਾਂਦੀਆਂ ਹਨ। ਅਨੁਭਵੀ ਗਹਿਰਾਈ ਕਲਪਿਤ ਪੇਚੀਦਗੀ ਵਿਚ ਤਬਦੀਲ ਹੋ ਜਾਂਦੀ ਹੈ। ਪੰਜਾਬ ਦਾ ਜੰਮਪਲ ਹੋਣ ਕਰਕੇ ਸੇਖੋਂ ਲਈ ਇਸ ਤਰ੍ਹਾਂ ਦੀ ਕਲਪਿਤ ਪੇਚੀਦਗੀ ਵਿਚ ਲੋਪ ਹੋਣਾ ਸੁਭਾਵਕ ਨਹੀਂ ਸੀ। ਇਹ ਵੱਖਰੀ ਗੱਲ ਹੈ ਕਿ ਅਨੁਭਵੀ ਗਹਿਰਾਈ ਨਾਲ ਉਸਦਾ ਸਗਵਾ ਲਗਾਵ ਹੈ।

ਸਵਾਲ : ਕੀ ਇਹ ਅਜੀਬ ਨਹੀਂ ਲੱਗਦਾ ਕਿ ਇਤਿਹਾਸ ਦਾ ਜੋ ਜੀਵਨ ਵਿਚ ਕਰਤੱਵ ਹੈ, ਉਸ ਨਾਲ ਸੇਖੋਂ ਦੀ ਕੁੱਲ ਸਹਿਮਤੀ ਹੈ। ਦੂਜੇ ਪਾਸੇ ਮਿਥਿਹਾਸ ਵਿਚ ਵੀ ਉਸਨੂੰ ਤੀਖਣ ਦਿਲਚਸਪੀ ਹੈ ਜਦਕਿ ਆਦਿਕਾਲੀ ਕਾਮਨਾਵਾਂ ਨੂੰ ਅਟੱਲ ਸਿੱਧ ਕਰਨ ਤੋਂ ਇਹ ਕਦੇ ਮੋੜ ਨਹੀਂ ਕੱਟਦਾ।

ਜਵਾਬ : ਅਜੀਬ ਅਤੇ ਇਸ ਤੋਂ ਵੀ ਅਗਾਂਹ ਉਲਟ ਤਾਂ ਸੇਖੋਂ ਦੀ ਮਿਥਿਹਾਸ ਵਿਚ ਦਿਲਚਸਪੀ ਤਾਂ ਲੱਗੇ ਜੇ ਇਹ ਸ਼ਰਧਾਪੂਰਵ ਵਿਸ਼ਵਾਸ ਦਾ ਕਾਰਨ ਬਣਦੀ ਹੋਵੇ। ਉਸਨੂੰ ਇਸ ਨਾਲ ਲਗਾਵ ਇਸ ਕਾਰਨ ਹੈ ਕਿ ਆਦਿ ਕਾਲੀ ਕਾਮਨਾਵਾਂ ਇਸ ਵਿਚ ਅਜਿਹੀ ਲੜੀ ਵਿਚ ਪਰੁੱਤੀਆਂ ਮਿਲਦੀਆਂ ਹਨ ਜਿਨਾਂ ਤੋਂ ਹੋਣੀ ਅਤੇ ਭਾਵੀ ਵਰਗੇ ਮਸਲੇ ਉਭਰਦੇ ਹਨ। ਵਿਰੋਧਾਂ, ਵਿੱਥਾਂ ਅਤੇ ਤ੍ਰੇੜਾਂ ਦਾ ਉਹ ਅਜਿਹਾ ਸਿਲਸਿਲਾ ਪੇਸ਼ ਕਰਦਾ ਹੈ ਕਿ ਕਿਸੇ ਵੀ ਇਤਿਹਾਸਕ ਦੌਰ ਵਿਚ ਉਸਦੇ ਪਾਤਰਾਂ ਨੂੰ ਨਵੇਂ ਅਰਥ ਦਿੱਤੇ ਜਾ ਸਕਦੇ ਹਨ। ਸੇਖੋਂ ਤਾਂ ਹੈ ਹੀ ਇਸ ਮੱਤ ਦਾ ਧਾਰਨੀ ਕਿ ਇਸਦੇ ਪਾਤਰਾਂ ਅਤੇ ਉਨ੍ਹਾਂ ਨਾਲ ਵਾਪਰਦੀਆਂ ਘਟਨਾਵਾਂ ਨੂੰ ਨਵੇਂ ਅਰਥ ਦੇਣੇ ਬਹੁਤ ਜ਼ਰੂਰੀ ਹਨ। ਅਜਿਹਾ ਕਰਨ ਨੂੰ ਉਸਨੇ ਨਿਰਵੇਚਨ ਦਾ ਨਾਂ ਦਿੱਤਾ ਹੈ ਜਿਸ ਨਾਲ ਪਹਿਲਾਂ ਤੋਂ ਚਲਿਆ ਆਇਆ ਵਿਵੇਚਨ ਨਕਾਰਿਆ ਹੀ ਨਹੀਂ ਜਾਂਦਾ ਸਗੋਂ ਨਵਾਂ ਵਿਵੇਚਨ ਗ੍ਰਹਿਣ ਵੀ ਹੋ ਜਾਂਦਾ ਹੈ। ਉਸਦਾ ਦਾਅਵਾ ਹੈ ਕਿ ਮਿਥਿਹਾਸ ਨੂੰ ਧਰਮ ਜਾਨਣ ਨਾਲ ਇਸਦੇ ਪ੍ਰਚੱਲਿਤ ਵਿਵੇਚਨ ਤੋਂ ਪਾਰ ਨਹੀਂ ਜਾਇਆ ਜਾ ਸਕਦਾ। ਧਰਮ ਦੀ ਥਾਂ ਇਸਨੂੰ ਇਤਿਹਾਸ ਵਾਂਗ ਲੈਣ ਦੀ ਲੋੜ ਹੈ। ਸੇਖੋਂ ਤਾਂ ਦਰਅਸਲ ਧਰਮ ਦੇ ਨਿਰਵੇਚਨ ਦਾ ਵੀ ਹਾਮੀ ਹੈ। ਇਸ ਪੱਖ ਤੋਂ ਉਸਦਾ ਲੇਖ 'ਜਪੁਜੀ ਦਾ ਬੌਧਿਕ ਰਹੱਸ' ਗੁਰਬਾਣੀ ਦੇ ਨਿਰਵੇਚਨ ਦਾ ਪੱਖ ਪੂਰਨ ਕਰ ਕੇ ਬੜਾ ਮਹੱਤਵ ਵਾਲਾ ਪ੍ਰਤੀਤ ਹੁੰਦਾ ਹੈ।

(ਬਾਕੀ ਅਗਲੇ ਅੰਕ 'ਚ)

# ਮੁਲਾਜ਼ਮ ਸੰਘਰਸ਼ ਤੇ ਸਰਕਾਰ ਦੀ ਬੇਰੁਖ਼ੀ

ਡਾ. ਹਜ਼ਾਰਾ ਸਿੰਘ ਚੀਮਾ
98142-81938

ਸਮਾਜ ਦੇ ਹੋਰਨਾਂ ਵਰਗਾਂ ਵਾਂਗ ਪੰਜਾਬ ਦੇ ਮੁਲਾਜ਼ਮ ਵੀ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ਾਂ ਦੇ ਰਾਹ ਪਏ ਹੋਏ ਹਨ। ਤਕਰੀਬਨ ਹਰ ਵਰਗ ਆਪਣੀ ਵਿਭਾਗੀ ਜਥੇਬੰਦੀ ਰਾਹੀਂ ਮੰਗ ਪੱਤਰ ਦੇਣ, ਵਫ਼ਦ ਮਿਲਣ, ਰੋਸ, ਧਰਨੇ ਦੇਣ, ਵੱਡੇ ਮੁਜ਼ਾਹਰੇ ਲਾਮਬੰਦ ਕਰਨ, ਉੱਚ ਅਧਿਕਾਰੀਆਂ ਤੇ ਸਬੰਧਤ ਮੰਤਰੀਆਂ ਨੂੰ ਘੇਰਨ ਆਦਿ ਵਰਗੇ ਰੋਸ ਕਰਦੇ ਅਸੀਂ ਅਕਸਰ ਅਖ਼ਬਾਰਾਂ ਵਿਚ ਪੜ੍ਹਦੇ ਹਾਂ।

ਅਧਿਆਪਕਾਂ ਦੇ ਨਾਲ ਨਾਲ ਮਾਮੂਲੀ ਮਾਣ-ਭੱਤੇ ਉੱਪਰ ਕੰਮ ਕਰ ਰਹੀਆਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੇ ਵੱਖ-ਵੱਖ ਧਰਨਿਆਂ ਤੇ ਪ੍ਰਦਰਸ਼ਨਾਂ ਰਾਹੀਂ ਕੈਪਟਨ ਸਰਕਾਰ ਦੇ ਨੱਕ ਵਿਚ ਦਮ ਕੀਤਾ ਹੈ, ਉੱਥੇ ਸਿਹਤ ਵਿਭਾਗ ਵਿਚ ਨਿਗੂਣਾ ਮਿਹਨਤਾਨਾ ਲੈ ਰਹੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਅਤੇ ਮਿਡ-ਡੇਅ-ਮੀਲ ਵਰਕਰਾਂ ਨੇ ਆਪਣੀ ਸਮਰੱਥਾ ਅਨੁਸਾਰ ਸੰਘਰਸ਼ ਲਗਾਤਾਰ ਜਾਰੀ ਰੱਖਿਆ ਹੈ। ਜੇ ਇਕ ਪਾਸੇ ਵੱਖ- ਵੱਖ ਵਿਭਾਗਾਂ ਵਿਚ ਕੰਮ ਕਰ ਰਹੇ ਮਨਿਸਟਰੀਅਲ ਕਾਮੇ ਸਥਾਨਕ, ਜ਼ਿਲ੍ਹਾ ਪੱਧਰ ਅਤੇ ਪੰਜਾਬ ਪੱਧਰ ਦੇ ਰੋਸ ਪ੍ਰਦਰਸ਼ਨ ਕਰ ਰਹੇ ਹਨ ਤਾਂ ਦੂਜੇ ਪਾਸੇ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਅਧੀਨ ਕੰਮ ਕਰ ਰਹੇ ਮੁਲਾਜ਼ਮ ਵੀ ਆਪੋ-ਆਪਣੇ ਤਰੀਕਿਆਂ ਨਾਲ ਸਰਕਾਰ ਪ੍ਰਤੀ ਆਪਣਾ ਰੋਸ ਜਤਾ ਰਹੇ ਹਨ।

ਆਖਰ ਇਹ ਸਭ ਕੁਝ ਕਿਉਂ ਹੋ ਰਿਹਾ ਹੈ? ਕੈਪਟਨ ਦੀ ਸਰਕਾਰ ਬਣੀ ਨੂੰ ਅਜੇ ਮੁਸ਼ਕਲ ਨਾਲ ਵੀਹ ਮਹੀਨੇ ਹੀ ਹੋਏ ਹਨ। ਐਨੀ ਛੇਤੀ ਮੁਲਾਜ਼ਮਾਂ ਦਾ ਸਰਕਾਰ ਤੋਂ ਮੋਹ ਕਿਉਂ ਭੰਗ ਹੋ ਗਿਆ ਹੈ। ਇਸ ਸਮੇਂ ਮੁਲਾਜ਼ਮਾਂ ਦਾ ਸਭ ਤੋਂ ਪੀੜਤ ਅਤੇ ਸ਼ੋਸ਼ਤ ਵਰਗ ਉਹ ਮੁਲਾਜ਼ਮ ਹਨ, ਜਿਹੜੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਨਾਵਾਂ ਥੱਲੇ ਚੱਲ ਰਹੀਆਂ ਸਕੀਮਾਂ ਅਧੀਨ ਬਹੁਤ ਹੀ ਨਿਗੂਣੇ ਮਿਹਨਤਾਨੇ ਉੱਪਰ ਰੈਗੂਲਰ ਸਰਕਾਰੀ ਮੁਲਾਜ਼ਮਾਂ ਦੇ ਬਰਾਬਰ ਵਿੱਦਿਅਕ ਯੋਗਤਾਵਾਂ ਰੱਖਣ ਦੇ ਬਾਵਜੂਦ ਪੰਜਾਬ ਸਰਕਾਰ ਦੇ ਕੰਟਰੋਲ ਅਧੀਨ ਕੰਮ ਕਰ ਰਹੇ ਹਨ। ਇਨ੍ਹਾਂ ਉੱਪਰ ਸੁਪਰੀਮ ਕੋਰਟ ਦਾ 'ਬਰਾਬਰ ਕੰਮ ਲਈ ਬਰਾਬਰ ਤਨਖਾਹ' ਦਾ ਨਿਯਮ ਵੀ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਵਿਚ ਸਭ ਤੋਂ ਵੱਡੀ ਗਿਣਤੀ ਸਿੱਖਿਆ ਵਿਭਾਗ ਵਿਚਲੇ ਅਧਿਆਪਕਾਂ ਦੀ ਹੈ, ਜੋ ਕੇਂਦਰ ਸਰਕਾਰ ਦੀਆਂ ਰਮਸਾ, ਸਰਵ ਸਿੱਖਿਆ ਅਭਿਆਨ, ਸਿੱਖਿਆ ਗਾਰੰਟੀ ਸਕੀਮ ਆਦਿ ਅਧੀਨ ਕੰਮ ਕਰ ਰਹੇ ਹਨ। ਇਹ ਸਬੰਧਤ ਅਸਾਮੀਆਂ ਲਈ ਨਿਸ਼ਚਿਤ ਮੁੱਢਲੀ ਵਿੱਦਿਅਕ ਯੋਗਤਾ ਪੂਰੀ ਕਰਦੇ ਹਨ।

ਇਨ੍ਹਾਂ ਸ਼ੋਸ਼ਤ ਹੋ ਰਹੇ ਮੁਲਾਜ਼ਮਾਂ ਦਾ ਦੂਜਾ ਵਰਗ ਉਹ ਹੈ, ਜੋ ਸਿਰਫ਼ ਮੁੱਢਲੀ ਤਨਖਾਹ ਅਤੇ ਕਈ ਉਸ ਤੋਂ ਵੀ ਘੱਟ ਤਨਖਾਹ 'ਤੇ ਬਿਨਾਂ ਕਿਸੇ ਭੱਤੇ ਦੇ ਲੰਬੇ ਸਮੇਂ ਤੋਂ ਠੇਕੇ ਉੱਪਰ ਕੰਮ ਕਰ ਰਹੇ ਹਨ। ਇਨ੍ਹਾਂ ਨੂੰ ਰੈਗੂਲਰ ਮੁਲਾਜ਼ਮਾਂ ਦੇ ਮੁਕਾਬਲੇ ਮਿਹਨਤਾਨਾ ਤਾਂ ਘੱਟ ਮਿਲਦਾ ਹੀ ਹੈ, ਇਸ ਤੋਂ ਇਲਾਵਾ ਇਨ੍ਹਾਂ ਦੀਆਂ ਸੇਵਾ ਹਾਲਤਾਂ ਵੀ ਬਹੁਤ ਮਾੜੀਆਂ ਹਨ।

ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਵਿਚ ਜ਼ਿਕਰਯੋਗ ਹਿੱਸਾ ਉਨ੍ਹਾਂ ਮੁਲਾਜ਼ਮਾਂ ਦਾ ਵੀ ਹੈ, ਜਿਹੜੇ ਕਹਿਣ ਨੂੰ ਤਾਂ ਪੱਕੇ ਭਾਵ ਰੈਗੂਲਰ ਹਨ, ਪਰ ਤਨਖਾਹ ਦੇ ਨਾਂ ਉਪਰ ਸਿਰਫ਼ ਸਬੰਧਤ ਅਸਾਮੀ ਨੂੰ ਮਿਲਣਯੋਗ ਮੁੱਢਲਾ ਪੇਅ-ਬੈਂਡ ਹੀ ਦਿੱਤਾ ਜਾ ਰਿਹਾ ਹੈ। ਉਸ ਪੇਅ-ਬੈਂਡ ਵਿਚ ਮੁੱਢਲੀ ਗਰੇਡ-ਪੇਅ ਜਿਸ 'ਤੇ ਹੋਰ ਭੱਤੇ ਵੀ ਮਿਲਣੇ ਹੁੰਦੇ ਹਨ, ਉਹ ਨਹੀਂ ਜੋੜੇ ਜਾਂਦੇ। ਪਿਛਲੀ ਬਾਦਲ ਸਰਕਾਰ ਸਮੇਂ ਬਣਾਏ ਨਿਯਮਾਂ ਅਨੁਸਾਰ ਇਸ ਨੂੰ ਦੋ ਸਾਲ ਦਾ ਪਰਖਕਾਲ ਸਮਾਂ ਕਿਹਾ ਗਿਆ ਹੈ। ਕੈਪਟਨ ਸਰਕਾਰ ਨੇ ਇਸ ਨੂੰ ਵਧਾ ਕੇ ਤਿੰਨ ਸਾਲ ਕਰ ਦਿੱਤਾ ਹੈ। ਰੈਗੂਲਰ ਹੋਣ ਦੇ ਚਾਅ ਵਿਚ ਇਸ ਜਾਲ ਵਿਚ ਉਹ ਨੌਜਵਾਨ ਮੁੰਡੇ-ਕੁੜੀਆਂ ਅਤੇ ਬਾਲ-ਬੱਚੇਦਾਰ ਵੀ ਫਸੇ ਹਨ, ਜਿਹੜੇ ਪਹਿਲਾਂ ਨਿੱਜੀ ਅਦਾਰਿਆਂ ਵਿਚ ਹੁਣ ਨਾਲੋਂ ਤਿੰਨ ਗੁਣਾ ਤਨਖਾਹ ਲੈ ਰਹੇ ਸਨ।

ਮੁਲਾਜ਼ਮਾਂ ਦਾ ਅਗਲਾ ਵਰਗ ਉਨ੍ਹਾਂ ਦਾ ਹੈ, ਜਿਨ੍ਹਾਂ ਨੂੰ ਪੰਜਾਬ ਸਰਕਾਰ ਆਪਣੇ ਮੁਲਾਜ਼ਮ ਨਹੀਂ ਮੰਨਦੀ। ਇਨ੍ਹਾਂ ਨੂੰ ਮਾਣ-ਭੱਤੇ ਦੇ ਨਾਂ 'ਤੇ ਮਾਮੂਲੀ ਮਿਹਨਤਾਨਾ ਦਿੱਤਾ ਜਾਂਦਾ ਹੈ। ਇਨ੍ਹਾਂ ਵਿਚ ਆਂਗਨਵਾੜੀ ਵਰਕਰਾਂ, ਹੈਲਪਰਾਂ ਤੇ ਆਸ਼ਾ ਵਰਕਰਾਂ ਆਉਂਦੀਆਂ ਹਨ। ਮਿਡ-ਡੇਅ-ਮੀਲ ਵਰਕਰਾਂ ਦੀ ਗਿਣਤੀ ਵੀ 45000 ਤੋਂ ਉੱਪਰ ਹੈ।

ਜਨਵਰੀ 2004 ਜਾਂ ਬਾਅਦ ਵਿਚ ਭਰਤੀ ਹੋਏ ਉਹ ਮੁਲਾਜ਼ਮ ਵੀ ਹਜ਼ਾਰਾਂ ਦੀ ਗਿਣਤੀ ਵਿਚ ਹਨ, ਜਿਨ੍ਹਾਂ ਨੂੰ ਸੇਵਾਮੁਕਤ ਹੋਣ ਉਪਰੰਤ ਨਾ ਗ੍ਰੈਚੁਟੀ, ਨਾ ਲੀਵ ਐਨਕੈਸ਼ਮੈਂਟ ਅਤੇ ਨਾ ਹੀ ਸਰਕਾਰੀ ਖ਼ਜ਼ਾਨੇ ਵਿਚੋਂ ਉਨ੍ਹਾਂ ਨੂੰ ਪੈਨਸ਼ਨ ਅਤੇ ਫੈਮਿਲੀ ਪੈਨਸ਼ਨ ਮਿਲਣੀ ਹੈ। ਇਨ੍ਹਾਂ ਮੁਲਾਜ਼ਮਾਂ ਨੇ ਵੀ ਆਪਣੇ ਆਪ ਨੂੰ ਇਕ ਜਥੇਬੰਦੀ ਵਿਚ ਪਰੋ ਕੇ ਪੁਰਾਣੀ ਪੈਨਸ਼ਨ ਬਹਾਲ ਕਰਾਉਣ ਹਿੱਤ ਸੰਘਰਸ਼ ਵਿੱਢਿਆ ਹੋਇਆ ਹੈ।

**ਮੁੱਖ ਮੰਤਰੀ ਤਾਂ ਆਪਣੇ ਆਪ ਨੂੰ ਲੋਕਾਂ ਵਲੋਂ ਚੁਣਿਆ ਹੋਇਆ ਨੁਮਾਇੰਦਾ ਨਾ ਸਮਝ ਕੇ ਸੱਚੀ-ਮੁੱਚੀ ਮਹਾਰਾਜਾ ਸਮਝ ਬੈਠਾ ਹੈ। ਉਸ ਨੇ ਸੰਘਰਸ਼ ਕਰ ਰਹੀਆਂ ਮੁਲਾਜ਼ਮ ਜਥੇਬੰਦੀਆਂ ਨਾਲ ਪਿਛਲੇ ਅਠਾਰਾਂ ਮਹੀਨਿਆਂ ਵਿਚ ਇਕ ਵਾਰ ਵੀ ਮੀਟਿੰਗ ਕਰਨੀ ਮੁਨਾਸਿਬ ਨਹੀਂ ਸਮਝੀ।**

ਕੁੱਲ ਮਿਲਾ ਕੇ ਸੰਘਰਸ਼ ਕਰ ਰਹੇ ਮੁਲਾਜ਼ਮਾਂ ਦੀ ਮੰਗ ਹੈ ਕਿ ਹਰ ਕੱਚੇ, ਐਡਹਾਕ 'ਤੇ ਕੰਮ ਕਰ ਰਹੇ ਅਤੇ ਦਿਹਾੜੀਦਾਰ ਵਰਕਚਾਰਜ ਕਾਮਿਆਂ ਨੂੰ ਬਿਨਾਂ ਸ਼ਰਤ ਪੱਕੇ ਕੀਤਾ ਜਾਵੇ, ਪਰ ਸਰਕਾਰ ਨੇ ਤਾਂ ਹਾਲੇ ਤਕ ਬਾਦਲ ਸਰਕਾਰ ਵਲੋਂ ਚੋਣਾਂ ਤੋਂ ਐਨ ਪਹਿਲਾਂ ਮੁਲਾਜ਼ਮ ਸੰਘਰਸ਼ਾਂ ਦੇ ਦਬਾਅ ਸਦਕਾ 27000 ਦੇ ਕਰੀਬ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਫ਼ੈਸਲਾ ਵੀ ਲਾਗੂ ਨਹੀਂ ਕੀਤਾ। ਸੰਘਰਸ਼ਸ਼ੀਲ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਵਿਚ ਇਕ ਵੀ ਮੰਗ ਅਜਿਹੀ ਨਹੀਂ ਜਿਸ ਦਾ ਵਾਅਦਾ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਮੈਨੀਫੈਸਟੋ ਵਿਚ ਨਾ ਕੀਤਾ ਹੋਵੇ, ਪਰ ਫਿਰ ਵੀ ਸਰਕਾਰ ਵਲੋਂ ਮੁਲਾਜ਼ਮਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਪ੍ਰਤੀ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ।

ਮੁੱਖ ਮੰਤਰੀ ਤਾਂ ਆਪਣੇ ਆਪ ਨੂੰ ਲੋਕਾਂ ਵਲੋਂ ਚੁਣਿਆ ਹੋਇਆ ਨੁਮਾਇੰਦਾ ਨਾ ਸਮਝ ਕੇ ਸੱਚੀ-ਮੁੱਚੀ ਮਹਾਰਾਜਾ ਸਮਝ ਬੈਠਾ ਹੈ। ਉਸ ਨੇ ਸੰਘਰਸ਼ ਕਰ ਰਹੀਆਂ ਮੁਲਾਜ਼ਮ ਜਥੇਬੰਦੀਆਂ ਨਾਲ ਪਿਛਲੇ ਅਠਾਰਾਂ ਮਹੀਨਿਆਂ ਵਿਚ ਇਕ ਵਾਰ ਵੀ ਮੀਟਿੰਗ ਕਰਨੀ ਮੁਨਾਸਿਬ ਨਹੀਂ ਸਮਝੀ। ਸੰਘਰਸ਼ਸ਼ੀਲ ਮੁਲਾਜ਼ਮਾਂ ਦੇ ਆਗੂਆਂ ਨੂੰ ਡਰਾਉਣ ਲਈ ਸਿੱਖਿਆ ਮੰਤਰੀ ਨੇ ਆਪਣੇ ਜ਼ਿਲ੍ਹੇ ਦੇ ਸਾਂਝਾ ਅਧਿਆਪਕ ਮੋਰਚਾ ਦੇ ਸਾਥੀ ਮੰਗਲ ਸਿੰਘ ਟਾਂਡਾ ਸਮੇਤ 5 ਆਗੂਆਂ ਨੂੰ ਮੁਅੱਤਲ ਕਰਕੇ ਅਤੇ ਮਨਿਸਟੀਰੀਅਲ ਕਾਮਿਆਂ ਨੂੰ ਜ਼ਿਲ੍ਹਿਓਂ ਬਾਹਰ ਤਬਦੀਲ ਕਰਕੇ ਬਲਦੀ ਉੱਪਰ ਤੇਲ ਪਾਇਆ ਹੈ।

ਸਰਕਾਰ ਅਜਿਹੇ ਹੱਥਕੰਡੇ ਵਰਤਣ ਦੀ ਬਜਾਏ ਜਥੇਬੰਦੀਆਂ ਨਾਲ ਆਹਮਣੇ-ਸਾਹਮਣੇ ਗੱਲਬਾਤ ਕਰਕੇ ਉਨ੍ਹਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਦਾ ਜਲਦ ਨਿਪਟਾਰਾ ਕਰੇ। ਨਹੀਂ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ ਕਿਉਂਕਿ ਜਿਸ ਵੀ ਸਰਕਾਰ ਨੇ ਮੁਲਾਜ਼ਮਾਂ ਨਾਲ ਪੰਗਾ ਲਿਆ ਹੈ, ਉਹ ਅਗਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਨਹੀਂ ਚੜ੍ਹ ਸਕੇ।

*Celebrating Birth Anniversaries of Karl Marx (200th)*
*& Saheed Bhagat Singh (111th)*

# PROGRESSIVE PEOPLES FOUNDATION OF EDMONTON

***Organizes a Panel Discussion***
***On the subject***




## Karl Marx in the context of 21st Century

**Venue:**
**Punjabi Cultural Association Hall**
**#101, 9158-23rd avenue, Edmonton, AB**



**DATE & TIME:**
**Sunday, 7th October, at 1:30 pm**

**BOOK RELEASE:**
A latest publication of Progressive Peoples Foundation of Edmonton
***PEHLA SAMAJWADI INKLAAB SAU VREH BAAD***
**[Panjabi version of the PPFE publication "Hundred Years after the First Socialist Revolution"—2017]**

**AUTHORS:**
**Albert Rhys Williams, Rosa Luxemberg, Prof. Irfan Habib, Julien Paolantoni, Tamás Krausz, Prof. Paul Le Blanc, Elisabetta Rossi, Prof. Randhir Singh, Prof. Amar Farooqui, Prof. Bryan D. Palmer, Prof. Joan Sangster, Prof. Michael Kort , Brinda Karat, Dr. P. R. Kalia, Harbhajan Cheema & Lakhbir Khunkhun**
**Edited by: Dr. P. R. Kalia Advisory: Prof. Raj Pannu & Rabinder Sra**
**Paperback: 320 pages; Price: $10:00**

## Dr. Raj Pannu, Prof. Emiratus, U of A, Edmonton will preside over the event

## For more information contact:

Dr. P. R. Kalia: 780-655-0201; Dalbir Sangione: 780-995-5475; Jasvir Deol: 780-906-4497; Kashmir Badesha: 780-462-3071; Gurcharn Brar: 780-265-3752; Surinder Deol: 780-239-9038; Joginder Randhawa: 780-914-6251; Bakhsh Sangha: 780-461-7528; Kirtmeet Singh Kohar: 780-200-5328; Navtej Bains: 780-200-2672; Mahinder Singh Seelon: 780-200-4676; Rabinder Sra: 780-431-1692; Harchand Grewal: 780-952-9550

***[Entree is free]***




Much has changed in 100 years, since October 1917. Tracing Socialist Revolution's unique and inspiring story, this volume features eyewitness accounts from memoirs of the contemporaries, and some analysis by the authorities on the subject.
The book comprises of 15 articles, authored by some well known writers, journalists and academics, from Canada, USA, India and European countries. Authors have explored, as much as possible, all extant empirical sources and illuminated the articles with their exacting theoretical insights. Reading the book, readers will experience the revolution as it happened.
The anniversary of the revolution has afforded an opportunity for us not only to reflect upon the event but also to examine the lessons at various points. Certainly, the events of that October 1917 are not going to be replicated in today's world. But the experiences of the world's first socialist country are of huge and continuing relevance. To plan for the future, we need a dispassionate discussion of that historic event.

# ਗੁਜਰਾਤ : 'ਪੇਸ਼ਾਬ ਜਾਣ ਤੋਂ ਰੋਕਦੇ ਨੇ ਇਸ ਲਈ ਪਾਣੀ ਨਹੀਂ ਪੀਂਦੀ'

## ਕੰਮਕਾਜੀ ਮਜ਼ਦੂਰ ਔਰਤਾਂ ਦੀਆਂ ਜੀਵਨ ਹਾਲਤਾਂ

–ਪਾਰਥ ਪੰਡਿਆ,
ਬੀਬੀਸੀ ਗੁਜਰਾਤ

ਕੇਰਲ ਵਿਚ ਹਾਲ ਹੀ ਵਿਚ ਔਰਤਾਂ ਦੇ ਇਕ ਸੰਗਠਨ ਨੇ ਰਾਜ ਦੇ ਮਜ਼ਦੂਰਾਂ ਲਈ 'ਬੈਠਣ ਦਾ ਅਧਿਕਾਰ' ਹਾਸਲ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ। ਕੇਰਲ ਵਿਚ ਕੱਪੜੇ, ਗਹਿਣੇ ਅਤੇ ਹੋਰ ਕਾਰੋਬਾਰੀ ਰੀਟੇਲ ਸਟੋਰਾਂ ਜਾਂ ਦੁਕਾਨਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਦਾ ਦੋਸ਼ ਸੀ ਕਿ ਮਾਲਕ ਉਨ੍ਹਾਂ ਨੂੰ ਹੋਰ ਸਾਥੀ ਮੁਲਾਜ਼ਮਾਂ ਨਾਲ ਗੱਲ ਕਰਨ ਜਾਂ ਕਾਫ਼ੀ ਦੇਰ ਤਕ ਖੜ੍ਹੇ ਰਹਿਣ ਤੋਂ ਬਾਅਦ ਦੀਵਾਰ ਵਗੈਰਾ ਦਾ ਸਹਾਰਾ ਲੈਣ ਤਕ ਤੋਂ ਵੀ ਰੋਕ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਹ ਅਜਿਹਾ ਨਹੀਂ ਕਰਦੀਆਂ ਤਾਂ ਅਕਸਰ ਉਨ੍ਹਾਂ ਦੀ ਤਨਖ਼ਾਹ ਕੱਟ ਲਈ ਜਾਂਦੀ ਹੈ। ਇਹ ਨਿਯਮ ਇੰਨੇ ਜ਼ਿਆਦਾ ਸਖ਼ਤ ਹਨ ਕਿ ਕਾਰੋਬਾਰੀ ਰੀਟੇਲ ਸਟੋਰਾਂ ਵਿਚ ਕੰਮ ਕਰ ਰਹੀਆਂ ਔਰਤਾਂ ਨੂੰ ਬੈਠਣ ਦੇ ਅਧਿਕਾਰ ਲਈ ਸੰਘਰਸ਼ ਕਰਨਾ ਪਿਆ ਅਤੇ ਉਨ੍ਹਾਂ ਦੀ ਜਿੱਤ ਵੀ ਹੋਈ। ਚਾਰ ਜੁਲਾਈ ਨੂੰ ਕੇਰਲ ਸਰਕਾਰ ਨੇ ਕਿਹਾ ਕਿ ਉਹ ਸੰਬੰਧਤ ਕਿਰਤ ਕਾਨੂੰਨਾਂ ਵਿਚ ਸੋਧ ਕਰੇਗੀ ਤਾਂ ਕਿ ਕਾਮਿਆਂ ਨੂੰ ਬੈਠਣ ਦਾ ਅਧਿਕਾਰ ਮਿਲ ਸਕੇ।

ਉਦਯੋਗਿਕ ਪੱਖੋਂ ਸਭ ਤੋਂ ਵਿਕਸਤ ਰਾਜਾਂ ਵਿਚੋਂ ਇਕ ਗੁਜਰਾਤ ਵਿਚ ਵੀ ਔਰਤ ਮਜ਼ਦੂਰਾਂ ਲਈ ਹਾਲਾਤ ਕੁਝ ਬਿਹਤਰ ਨਜ਼ਰ ਨਹੀਂ ਆਉਂਦੇ।



### ਪਖਾਨਿਆਂ ਦੇ ਦਰਵਜ਼ਿਆਂ 'ਤੇ ਤਾਲਾ :

ਦੱਖਣੀ ਗੁਜਰਾਤ ਵਸਤਰ ਕਾਮਗਾਰ ਸੰਘ ਦੇ ਜਨਰਲ ਸਕੱਤਰ ਰਾਮ ਮੁਕਤ ਮੌਰਿਆ ਨੇ ਦੱਸਿਆ ਕਿ ਕੱਪੜਾ ਉਦਯੋਗਾਂ ਵਿਚ ਪਖਾਨੇ ਤਾਂ ਹਨ ਪਰ ਉਨ੍ਹਾਂ ਨੂੰ ਜਿੰਦਰਾ ਲੱਗਾ ਰਹਿੰਦਾ ਹੈ। ਹਰ ਚਾਰ-ਪੰਜ ਘੰਟਿਆਂ ਵਿਚ ਸੁਪਰਵਾਈਜ਼ਰ ਪਖਾਨੇ ਦੇ ਦਰਵਾਜ਼ੇ ਦਾ ਜਿੰਦਰਾ ਕੁਝ ਮਿੰਟਾਂ ਲਈ ਖੋਲ੍ਹਦਾ ਹੈ ਅਤੇ ਮੁੜ ਬੰਦ ਕਰ ਦਿੰਦਾ ਹੈ। ਰਾਮ ਮੁਕਤ ਖ਼ੁਦ ਵੀ ਸੂਰਤ ਦੇ ਕੱਪੜਾ ਉਦਯੋਗ ਵਿਚ ਮੁਲਾਜ਼ਮ ਹੈ।

ਗੁਜਰਾਤ ਛੋਟੇ ਅਤੇ ਵੱਡੇ ਪੈਮਾਨੇ ਦੇ ਉਦਯੋਗਾਂ ਦਾ ਕੇਂਦਰ ਹੈ। ਬੀਬੀਸੀ ਨੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਉਦਯੋਗਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਕਿਹੜੇ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਰਾਮ ਮੁਕਤ ਮੌਰਿਆ ਦਾਅਵਾ ਕਰਦੇ ਹਨ ਕਿ ਕਢਾਈ ਦੇ ਜ਼ਿਆਦਾਤਰ ਉਦਯੋਗਾਂ ਵਿਚ ਮਜ਼ਦੂਰਾਂ ਲਈ ਪਖਾਨੇ ਹੀ ਨਹੀਂ ਹਨ। ਔਰਤ ਮਜ਼ਦੂਰਾਂ ਨੂੰ ਝਾੜੀਆਂ, ਖੰਡਰਾਂ ਜਾਂ ਫਿਰ ਖੁੱਲ੍ਹੇ ਵਿਚ ਪਖਾਨੇ ਲਈ ਜਾਣਾ ਪੈਂਦਾ ਹੈ।

ਸੂਰਤ ਵਿਚ ਕੱਪੜਾ ਉਦਯੋਗ ਵਿਚ ਕੰਮ ਕਰ ਰਹੀ ਇਕ ਔਰਤ ਨੇ ਬੀਬੀਸੀ ਨੂੰ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਕੰਮ ਵਾਲੀ ਥਾਂ 'ਤੇ ਪਖਾਨੇ ਤਾਂ ਹਨ ਪਰ ਉਨ੍ਹਾਂ ਨੂੰ ਜਿੰਦਰਾ ਲੱਗਾ ਰਹਿੰਦਾ ਹੈ। ਉਨ੍ਹਾਂ ਨੂੰ ਦਿਨ ਵਿਚ ਦੋ ਵਾਰ ਖੋਲ੍ਹਿਆ ਜਾਂਦਾ ਹੈ। ਉਹ ਸਾਨੂੰ ਪੇਸ਼ਾਬ ਜਾਣ ਤੋਂ ਰੋਕਦੇ ਹਨ। ਇਹੀ ਕਾਰਨ ਹੈ ਕਿ ਅਸੀਂ ਪਾਣੀ ਨਹੀਂ ਪੀਂਦੀਆਂ ਅਤੇ ਪੇਸ਼ਾਬ ਆਏ ਤਾਂ ਵੀ ਉਸ ਨੂੰ ਰੋਕਣਾ ਪੈਂਦਾ ਹੈ।

ਇਹ ਔਰਤ ਮੁਲਾਜ਼ਮ ਦੱਸਦੀ ਹੈ ਕਿ ਮਾਹਵਾਰੀ ਆਉਣ 'ਤੇ ਕੁਝ ਔਰਤਾਂ ਤਾਂ ਕੰਮ 'ਤੇ ਹੀ ਨਹੀਂ ਆਉਂਦੀਆਂ। ਪਰ ਜਦੋਂ ਅਸੀਂ ਛੁੱਟੀ ਲੈਂਦੀਆਂ ਹਾਂ ਤਾਂ ਉਹ ਸਾਡੀ ਤਨਖ਼ਾਹ ਕੱਟਦੇ ਹਨ ਅਤੇ ਕਈ ਵਾਰ ਤਾਂ ਨੌਕਰੀ ਤੋਂ ਵੀ ਕੱਢ ਦਿੰਦੇ ਹਨ।

ਸਾਡਾ ਬੌਸ ਸੋਚਦਾ ਹੈ ਕਿ ਅਸੀਂ ਬਹਾਨੇ ਬਣਾਉਂਦੇ ਹਾਂ ਅਤੇ ਬਾਥਰੂਮ ਵਿਚ ਸਮਾਂ ਬਰਬਾਦ ਕਰਦੇ ਹਾਂ। ਉਹ ਕਹਿੰਦਾ ਹੈ ਕਿ ਜੇਕਰ ਅਸੀਂ ਇਸ ਤਰ੍ਹਾਂ ਸਮਾਂ ਬਰਬਾਦ ਕਰਾਂਗੇ ਤਾਂ ਕੰਮ ਕਦੋਂ ਪੂਰਾ ਹੋਵੇਗਾ।

### ਬੈਠਣ ਤਕ ਦੀ ਇਜਾਜ਼ਤ ਨਹੀਂ :

ਪ੍ਰੋਫੈਸਰ ਇੰਦਰਾ ਹਿਰਵੇ ਸੈਂਟਰ ਫਾਰ ਡਿਵੈੱਲਪਮੈਂਟ ਆਲਟਰਨੇਟਿਵਸ ਵਿਚ ਕੰਮ ਕਰਦੀ ਹੈ। ਉਹ ਇਸ ਗੱਲ ਨਾਲ ਸਹਿਮਤ ਹਨ ਕਿ ਗੁਜਰਾਤ ਵਿਚ ਕੰਮ ਕਰ ਰਹੀਆਂ ਔਰਤਾਂ ਬੁਰੀ ਹਾਲਤ ਵਿਚ ਹਨ।

ਉਹ ਦੱਸਦੀ ਹੈ, ਕੱਪੜਾ ਉਦਯੋਗ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਖੜ੍ਹੇ ਰਹਿ ਕੇ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਬੈਠਣ ਦੀ ਇਜਾਜ਼ਤ ਨਹੀਂ ਹੈ। ਕਿਰਤ ਕਾਨੂੰਨ ਨੂੰ ਲਾਗੂ ਕਰਨ ਵਿਚ ਗੁਜਰਾਤ ਬਹੁਤ ਪਿੱਛੇ ਹੈ।

ਪ੍ਰੋਫੈਸਰ ਹਿਰਵੇ ਦੱਸਦੀ ਹੈ ਕਿ ਦੁਕਾਨਾਂ, ਸ਼ੋਅਰੂਮਾਂ ਅਤੇ ਫ਼ੈਕਟਰੀਆਂ ਵਿਚ ਪਖਾਨੇ ਅਜਿਹੀ ਹਾਲਤ ਵਿਚ ਹਨ ਕਿ ਉਨ੍ਹਾਂ ਵਿਚ ਬੁਨਿਆਦੀ ਸਹੂਲਤਾਂ ਤਕ ਨਹੀਂ ਹਨ। ਕਈ ਥਾਂਵਾਂ 'ਤੇ ਤਾਂ ਮਰਦਾਂ ਅਤੇ ਔਰਤਾਂ ਲਈ ਇਕ ਹੀ ਪਖਾਨਾ ਹੈ। ਕਈ ਵਾਰ ਔਰਤਾਂ ਕੋਲ ਖੁੱਲ੍ਹੇ ਵਿਚ ਪਖਾਨਾ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੁੰਦਾ।

### ਔਰਤਾਂ ਨਾਲ ਭੇਦਭਾਵ :

ਲਕਸ਼ਮੀ ਵਡੋਦਰਾ ਦੇ ਇਕ ਕਾਰਖਾਨੇ ਵਿਚ 10 ਘੰਟਿਆਂ ਦੀ ਸ਼ਿਫ਼ਟ ਵਿਚ ਕੰਮ ਕਰਦੀ ਹੈ। ਉਹ ਦੱਸਦੀ ਹੈ ਕਿ ਪੁਰਸ਼ਾਂ ਅਤੇ ਔਰਤਾਂ ਨਾਲ ਵੱਖ-ਵੱਖ ਵਰਤਾਉ ਕੀਤਾ ਜਾਂਦਾ ਹੈ। ਸਾਨੂੰ ਸਿਰਫ਼ 150 ਰੁਪਏ ਦਿੱਤੇ ਜਾਂਦੇ ਹਨ ਜਦਕਿ ਸਾਡੇ ਨਾਲ ਕੰਮ ਕਰਨ ਵਾਲੇ ਮਰਦਾਂ ਨੂੰ ਉਸੇ ਕੰਮ ਬਦਲੇ 300 ਰੁਪਏ ਦਿੱਤੇ ਜਾਂਦੇ ਹਨ। ਔਰਤਾਂ ਲਈ ਵੱਖ ਪਖਾਨੇ ਵੀ ਨਹੀਂ ਹਨ। ਸਾਨੂੰ ਮਰਦਾਂ ਵਾਲਾ ਪਖਾਨਾ ਹੀ ਇਸਤੇਮਾਲ ਕਰਨਾ ਪੈਂਦਾ ਹੈ।

ਔਰਤ ਮੁਲਾਜ਼ਮ ਦੱਸਦੀ ਹੈ ਕਿ ਮਾਹਵਾਰੀ ਆਉਣ 'ਤੇ ਕੁਝ ਔਰਤਾਂ ਤਾਂ ਕੰਮ 'ਤੇ ਹੀ ਨਹੀਂ ਆਉਂਦੀਆਂ। ਪਰ ਜਦੋਂ ਅਸੀਂ ਛੁੱਟੀ ਲੈਂਦੀਆਂ ਹਾਂ ਤਾਂ ਉਹ ਸਾਡੀ ਤਨਖ਼ਾਹ ਕੱਟਦੇ ਹਨ ਅਤੇ ਕਈ ਵਾਰ ਤਾਂ ਨੌਕਰੀ ਤੋਂ ਵੀ ਕੱਢ ਦਿੰਦੇ ਹਨ।

ਸਾਡਾ ਬੌਸ ਸੋਚਦਾ ਹੈ ਕਿ ਅਸੀਂ ਬਹਾਨੇ ਬਣਾਉਂਦੇ ਹਾਂ ਅਤੇ ਬਾਥਰੂਮ ਵਿਚ ਸਮਾਂ ਬਰਬਾਦ ਕਰਦੇ ਹਾਂ। ਉਹ ਕਹਿੰਦਾ ਹੈ ਕਿ ਜੇਕਰ ਅਸੀਂ ਇਸ ਤਰ੍ਹਾਂ ਸਮਾਂ ਬਰਬਾਦ ਕਰਾਂਗੇ ਤਾਂ ਕੰਮ ਕਦੋਂ ਪੂਰਾ ਹੋਵੇਗਾ।

ਪ੍ਰੋਫੈਸਰ ਇੰਦਰਾ ਹਿਰਵੇ ਸੈਂਟਰ ਫਾਰ ਡਿਵੈੱਲਪਮੈਂਟ ਆਲਟਰਨੇਟਿਵਸ ਵਿਚ ਕੰਮ ਕਰਦੀ ਹੈ। ਉਹ ਇਸ ਗੱਲ ਨਾਲ ਸਹਿਮਤ ਹਨ ਕਿ ਗੁਜਰਾਤ ਵਿਚ ਕੰਮ ਕਰ ਰਹੀਆਂ ਔਰਤਾਂ ਬੁਰੀ ਹਾਲਤ ਵਿਚ ਹਨ।

ਉਹ ਦੱਸਦੀ ਹੈ, ਕੱਪੜਾ ਉਦਯੋਗ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਖੜ੍ਹੇ ਰਹਿ ਕੇ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਬੈਠਣ ਦੀ ਇਜਾਜ਼ਤ ਨਹੀਂ ਹੈ। ਕਿਰਤ ਕਾਨੂੰਨ ਨੂੰ ਲਾਗੂ ਕਰਨ ਵਿਚ ਗੁਜਰਾਤ ਬਹੁਤ ਪਿੱਛੇ ਹੈ।

ਉਹ ਦੱਸਦੀ ਹੈ ਕਿ ਸਾਨੂੰ ਜਣੇਪਾ ਛੁੱਟੀ ਵੀ ਨਹੀਂ ਮਿਲਦੀ। ਸਾਨੂੰ ਐਤਵਾਰ ਦੀ ਛੁੱਟੀ ਮਿਲਦੀ ਹੈ ਪਰ ਉਸ ਲਈ ਵੀ ਉਹ ਸਾਡੀ ਤਨਖ਼ਾਹ ਕੱਟ ਲੈਂਦੇ ਹਨ। ਫੈਕਟਰੀ ਮਾਲਕਾਂ ਨਾਲ ਇਸ ਸਬੰਧੀ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਇਸ 'ਤੇ ਕੋਈ ਵੀ ਪ੍ਰਤੀਕਿਰਿਆ ਦੇਣ ਤੋਂ ਇਨਕਾਰ ਕਰ ਦਿੱਤਾ।

ਜਗਦੀਸ਼ ਪਟੇਲ ਪੀਪਲਜ਼ ਟ੍ਰੇਨਿੰਗ ਐਂਡ ਰਿਸਰਚ ਸੈਂਟਰ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਸਟੱਡੀ ਆਫ਼ ਲੇਬਰ ਕੰਡੀਸ਼ਨਜ਼ ਇਨ ਸੂਰਤ ਟੈਕਸਟਾਈਲ ਇੰਡਸਟਰੀ (ਸੂਰਤ ਦੇ ਕੱਪੜਾ ਉਦਯੋਗ ਵਿਚ ਮਜ਼ਦੂਰਾਂ ਦੀ ਹਾਲਤ ਦਾ ਅਧਿਐਨ) ਨਾਮ ਹੇਠ ਇਕ ਰਿਪੋਰਟ ਪ੍ਰਕਾਸ਼ਤ ਕੀਤੀ ਹੈ।

### ਇਸ ਰਿਪੋਰਟ ਮੁਤਾਬਕ :

* 34 ਫ਼ੀਸਦੀ ਔਰਤਾਂ ਨੂੰ ਪੇਸ਼ਾਬ ਜਾਣ ਅਤੇ ਪਖਾਨੇ ਦੀ ਸਹੂਲਤ ਨਹੀਂ ਮਿਲਦੀ।
* ਸਿਰਫ਼ 2.5 ਔਰਤਾਂ ਨੂੰ ਰੈਸਟਰੂਮ ਦੀ ਸਹੂਲਤ ਮਿਲੀ ਹੋਈ ਹੈ।
* 80 ਫ਼ੀਸਦੀ ਔਰਤਾਂ ਨੂੰ ਪਛਾਣ ਪੱਤਰ ਨਹੀਂ ਦਿੱਤਾ ਜਾਂਦਾ
* ਔਰਤਾਂ ਨੂੰ 8 ਘੰਟਿਆਂ ਤੋਂ ਜ਼ਿਆਦਾ ਸਮੇਂ ਤਕ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਇਹ ਰਿਪੋਰਟ ਦੱਸਦੀ ਹੈ ਕਿ ਮਜ਼ਦੂਰ, ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਹਨ, ਬਿਨਾਂ ਕਿਸੇ ਬ੍ਰੇਕ ਦੇ 12 ਘੰਟਿਆਂ ਤਕ ਕੰਮ ਕਰਦੀਆਂ ਹਨ।

ਕਈ ਮਾਮਲਿਆਂ ਵਿਚ ਜੇਕਰ ਸ਼ਿਫਟ ਬਦਲਣ ਵਾਲਾ ਸਹਿਕਰਮੀ ਨਹੀਂ ਆਉਂਦਾ ਤਾਂ ਪਿਛਲੀ ਸ਼ਿਫਟ ਵਾਲੇ ਕਾਮੇ ਨੂੰ ਹੀ 12 ਘੰਟਿਆਂ ਤੋਂ ਜ਼ਿਆਦਾ ਕੰਮ ਕਰਨਾ ਪੈਂਦਾ ਹੈ।

### ਨਹੀਂ ਮਿਲਦੀ ਜਣੇਪਾ ਛੁੱਟੀ :

ਰਿਪੋਰਟ ਕਹਿੰਦੀ ਹੈ ਕਿ 17 ਫ਼ੀਸਦੀ ਔਰਤਾਂ ਨੂੰ ਹੀ ਜਣੇਪਾ ਛੁੱਟੀ ਮਿਲੀ ਪਰ ਉਸ ਦੇ ਬਦਲੇ ਵਿਚ ਪੈਸੇ ਨਹੀਂ ਮਿਲੇ।

ਸੂਰਤ ਵਿਚ ਇਕ ਹੋਰ ਔਰਤ ਵਰਕਰ ਨੇ ਬੀਬੀਸੀ ਨੂੰ ਦੱਸਿਆ ਕਿ ਜੇਕਰ ਔਰਤਾਂ ਮੈਟਰਨਿਟੀ ਲੀਵ ਲੈਂਦੀਆਂ ਹਨ ਤਾਂ ਉਨ੍ਹਾਂ ਨੂੰ ਆਪਣਾ ਬਦਲ ਦੇ ਕੇ ਜਾਣਾ ਹੁੰਦਾ ਹੈ ਅਤੇ ਇਸ ਦੌਰਾਨ ਉਨ੍ਹਾਂ ਨੂੰ ਛੁੱਟੀਆਂ ਦੇ ਪੈਸੇ ਨਹੀਂ ਮਿਲਦੇ।

ਹਿੰਦੁਸਤਾਨ ਮਜ਼ਦੂਰ ਸੰਘ ਦੇ ਮਹਾਸਚਿਵ ਪੀ. ਕੇ. ਵਲਾਂਜ ਮੰਨਦੇ ਹਨ ਕਿ ਔਰਤ ਕਾਮਿਆਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਹ ਕਹਿੰਦੇ ਹੈ ਕਿ ਕਈ ਥਾਂਵਾਂ 'ਤੇ ਔਰਤ ਮਜ਼ਦੂਰਾਂ ਦਾ ਪੰਜੀਕਰਣ ਨਹੀਂ ਹੁੰਦਾ ਅਤੇ ਉਨ੍ਹਾਂ ਨੂੰ ਜਣੇਪਾ ਛੁੱਟੀ ਵੀ ਨਹੀਂ ਮਿਲਦੀ। ਕੁਝ ਉਦਯੋਗਾਂ ਵਿਚ ਔਰਤਾਂ ਨੂੰ ਗਰਭਵਤੀ ਹੁੰਦੇ ਹੀ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ।

ਦੀਪਾਲੀ ਘੇਲਾਨੀ ਅਧਿਆਪਕ ਹੈ ਅਤੇ ਔਰਤਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲਾ ਇਕ ਗ਼ੈਰ – ਸਰਕਾਰੀ ਸੰਗਠਨ ਵੀ ਚਲਾਉਂਦੀ ਹੈ।

ਉਹ ਦੱਸਦੀ ਹੈ ਕਿ ਜਦੋਂ ਅਸੀ ਕੰਪਨੀਆਂ ਜਾਂ ਫ਼ੈਕਟਰੀਆਂ ਵਾਲਿਆਂ ਤੋਂ ਪੁੱਛਦੇ ਹਾਂ ਕਿ ਔਰਤਾਂ ਲਈ ਪਖ਼ਾਨੇ ਜਾਂ ਰੈਸਟ ਰੂਮ ਕਿਉਂ ਨਹੀਂ ਹਨ ਤਾਂ ਉਹ ਕਹਿੰਦੇ ਹਨ ਕਿ ਕਦੇ ਕਿਸੇ ਔਰਤ ਮੁਲਾਜ਼ਮ ਨੇ ਉਨ੍ਹਾਂ ਨੂੰ ਇਸ ਬਾਰੇ ਸ਼ਿਕਾਇਤ ਨਹੀਂ ਕੀਤੀ।

ਘੇਲਾਨੀ ਕਹਿੰਦੀ ਹੈ, "ਜੇਕਰ ਔਰਤਾਂ ਨੂੰ ਇਹ ਸ਼ਿਕਾਇਤ ਕਰਨੀ ਪਵੇ ਕਿ ਉਨ੍ਹਾਂ ਨੂੰ ਕੰਮ ਸਥਾਨ 'ਤੇ ਪਖਾਨੇ ਜਾਂ ਰੈਸਟ ਰੂਮ ਨਹੀਂ ਹੈ ਤਾਂ ਇਹ ਬਹੁਤ ਖ਼ਰਾਬ ਹਾਲਤ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਸਾਡਾ ਸਮਾਜਕ ਢਾਂਚਾ ਕਿੰਨਾ ਖ਼ੁਦਗਰਜ਼ੀ ਭਰਿਆ ਹੈ।

# ਅਵਾਮ ਦੀਆਂ ਬੁਨਿਆਦੀ ਲੋੜਾਂ ਅਤੇ ਸਰਕਾਰਾਂ ਦੀ ਪਹੁੰਚ

## ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਇਆ ਜਾਵੇ




ਡਾ. ਗਿਆਨ ਸਿੰਘ
001-424-362-8759
ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ, ਪੰਜਾਬੀ ਯੂਨੀ: ਪਟਿਆਲਾ


ਸੰਸਾਰ ਦੇ ਖੁੱਲ੍ਹੀ ਮੰਡੀ ਵਾਲੇ ਅਰਥਚਾਰੇ ਅੱਜਕੱਲ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਕੁਝ ਸਮੇਂ ਤੋਂ ਇਨ੍ਹਾਂ ਅਰਥਚਾਰਿਆਂ ਅੰਦਰ ਦਰਮਿਆਨੇ ਵਰਗ ਵਿਚ ਕਮੀ ਆਈ ਹੈ ਅਤੇ ਇਸ ਦੀ ਹਾਲਤ ਪਤਲੀ ਹੋ ਰਹੀ ਹੈ, ਸਰਕਾਰਾਂ ਵਿਚ ਵਿਸ਼ਵਾਸ ਘਟ ਰਿਹਾ ਹੈ ਅਤੇ ਤਕਨਾਲੋਜੀ ਨਾਲ ਸਬੰਧਤ ਤਬਦੀਲੀ ਤੇਜ਼ੀ ਨਾਲ ਆ ਰਹੀ ਹੈ। ਇਨ੍ਹਾਂ ਅਰਥਚਾਰਿਆਂ ਦੀ ਵਾਧਾ ਦਰ ਸੁਸਤੀ ਨਾਲ ਚੱਲ ਰਹੀ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਇਸ ਵਿਚ ਕੋਈ ਖ਼ਾਸ ਸੁਧਾਰ ਹੁੰਦਾ ਵੀ ਨਜ਼ਰ ਨਹੀਂ ਆ ਰਿਹਾ। ਇਹ ਅਰਥਚਾਰੇ ਆਮ ਲੋਕਾਂ ਦੀਆਂ ਮੁਢਲੀਆਂ ਲੋੜਾਂ - ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ, ਸਾਫ਼ ਵਾਤਾਵਰਨ ਅਤੇ ਸਮਾਜਕ ਸੁਰੱਖਿਆ ਪੂਰੀਆਂ ਕਰਨ ਵਿਚ ਅਸਫ਼ਲ ਹੋ ਰਹੇ ਹਨ। ਇਸ ਸਮੱਸਿਆ ਨਾਲ ਨਜਿੱਠਣ ਲਈ 2018 ਵਿਚ ਛਪੀਆਂ ਦੋ ਪੁਸਤਕਾਂ ਚਰਚਾ ਵਿਚ ਹਨ। ਪਹਿਲੀ ਪੁਸਤਕ 'ਗਿਵ ਪੀਪਲ ਮਨੀ' ਐਨੀ ਲੋਰੀ ਅਤੇ ਦੂਜੀ 'ਐਜ ਆਫ਼ ਕਿਓਸ' ਦੰਬੀਸਾ ਮੋਇਓ ਦੀ ਹੈ।




ਲੋਰੀ ਆਪਣੀ ਪੁਸਤਕ ਵਿਚ ਇਸ ਸਮੱਸਿਆ ਦਾ ਵਿਸਥਾਰ ਵਿਚ ਵਿਸ਼ਲੇਸ਼ਣ ਕਰਦੀ ਹੈ ਅਤੇ ਵੱਧ ਰਹੀ ਬੇਰੁਜ਼ਗਾਰੀ ਲਈ ਮਸ਼ੀਨੀਕਰਨ ਅਤੇ ਸਵੈ-ਚਾਲਤ ਰੋਬੋਟਾਂ ਨੂੰ ਜ਼ਿੰਮੇਵਾਰ ਮੰਨਦੀ ਹੈ। ਮਨੁੱਖ ਨੇ ਜ਼ਿੰਦਗੀ ਨੂੰ ਸੌਖਾ ਬਣਾਉਣ ਲਈ ਮਸ਼ੀਨਰੀ ਬਣਾਈ, ਪਰ ਮਸ਼ੀਨਰੀ ਨੇ ਮਨੁੱਖੀ ਕਿਰਤ ਦੀ ਲੋੜ ਘਟਾਈ ਹੈ। ਮਸ਼ੀਨਰੀ ਅਤੇ ਰੋਬੋਟਾਂ ਕਾਰਨ ਪੈਦਾ ਹੋਣ ਵਾਲੀ ਬੇਰੁਜ਼ਗਾਰੀ ਨੂੰ ਤਕਨਾਲੋਜੀਕਲ ਬੇਰੁਜ਼ਗਾਰੀ ਕਿਹਾ ਜਾਂਦਾ ਹੈ। ਲੈਨਿਨ ਨੇ ਵੀ ਆਪਣੀ ਪੁਸਤਕ 'ਡਿਵੈਲਪਮੈਂਟ ਆਫ਼ ਕੈਪੀਟਲਿਜ਼ਮ ਇਨ ਰਸ਼ੀਆ' (ਰੂਸ ਵਿਚ ਪੂੰਜੀਵਾਦ ਦਾ ਵਿਕਾਸ) ਦੇ ਤੀਜੇ ਭਾਗ ਵਿਚ ਮਸ਼ੀਨਰੀ ਦੇ ਵਿਕਾਸ ਵਿਚੋਂ ਉਪਜੇ ਅਜਿਹੇ ਦੁਖਾਂਤ ਦਾ ਜ਼ਿਕਰ ਕੀਤਾ ਹੈ। ਲੋਰੀ ਅਨੁਸਾਰ, ਤਕਨਾਲੋਜੀਕਲ ਵਿਕਾਸ ਨੇ ਕਿਸੇ ਸਮੇਂ ਜਿੰਨਾ ਰੁਜ਼ਗਾਰ ਪੈਦਾ ਕੀਤਾ ਸੀ, ਹੁਣ ਉਸ ਨਾਲੋਂ ਕਿਤੇ ਵੱਧ ਬੇਰੁਜ਼ਗਾਰੀ ਵਧਾਈ ਹੈ। ਵੱਡੇ ਪੱਧਰ ਉੱਪਰ ਬੇਰੁਜ਼ਗਾਰੀ ਪਹਿਲਾਂ ਵਿਕਸਤ ਮੁਲਕਾਂ ਨੂੰ ਪ੍ਰਭਾਵਤ ਕਰੇਗੀ, ਪਰ ਇਹ ਵਿਕਾਸ ਕਰ ਰਹੇ ਮੁਲਕਾਂ ਨੂੰ ਬਹੁਤ ਜ਼ਿਆਦਾ ਮਾੜੇ ਹਾਲਾਤ ਵੱਲ ਧੱਕੇਗੀ। ਧਨ ਅਤੇ ਆਮਦਨ ਕੁਝ ਕੁ ਧਨਾਢਾਂ ਦੇ ਹੱਥਾਂ ਵਿਚ ਕੇਂਦਰਿਤ ਹੁੰਦੀ ਜਾਵੇਗੀ ਅਤੇ ਆਰਥਕ ਅਸਮਾਨਤਾ ਵਧੇਗੀ। ਅਮਰੀਕਾ ਜਾਂ ਹੋਰ ਖੁੱਲ੍ਹੀ ਮੰਡੀ ਅਰਥਚਾਰਿਆਂ ਦੀਆਂ ਕਲਿਆਣਕਾਰੀ ਨੀਤੀਆਂ ਇਸ ਤਰ੍ਹਾਂ ਦੀਆਂ ਨਹੀਂ ਹਨ ਕਿ ਵੱਧ ਰਹੀ ਬੇਰੁਜ਼ਗਾਰੀ ਅਤੇ ਆਰਥਕ ਅਸਮਾਨਤਾਵਾਂ ਉੱਪਰ ਕਾਬੂ ਪਾ ਸਕਣ। ਇਸ ਸਮੱਸਿਆ ਦੇ ਹੱਲ ਲਈ ਲੋਰੀ ਦਾ ਸੁਝਾਅ ਹੈ ਕਿ ਖੁੱਲ੍ਹੀ ਮੰਡੀ ਅਰਥਚਾਰਿਆਂ ਵਿਚ 'ਸਭਨਾਂ ਲਈ ਮੁਢਲੀ ਆਮਦਨ' ਯਕੀਨੀ ਬਣਾਈ ਜਾਵੇ। ਉਹ ਅਮਰੀਕਾ ਲਈ 1000 ਡਾਲਰ ਪ੍ਰਤੀ ਜੀਅ ਮਹੀਨਾ ਆਮਦਨ ਦਾ ਸੁਝਾਅ ਦਿੰਦੀ ਹੈ।

ਦੰਬੀਸਾ ਆਪਣੀ ਪੁਸਤਕ ਵਿਚ ਆਰਥਕ ਸਮੱਸਿਆਵਾਂ ਲਈ ਖੁੱਲ੍ਹੀ ਮੰਡੀ ਅਰਥਚਾਰਿਆਂ ਦੀ ਵਿਕਾਸ ਦਰ ਮੱਠੀ ਪੈਣ ਨੂੰ ਜ਼ਿੰਮੇਵਾਰ ਮੰਨਦੀ ਹੈ। ਉਸ ਮੁਤਾਬਕ, ਆਰਥਕ ਵਿਕਾਸ ਦੀ ਦਰ ਵਧਾ ਕੇ, ਇਸ ਦੀ ਲਗਾਤਾਰਤਾ ਕਾਇਮ ਰੱਖ ਕੇ ਅਤੇ ਬਾਅਦ ਵਿਚ 'ਰਿਸਾਅ ਦੀ ਨੀਤੀ' ਦੁਆਰਾ ਇਸ ਦਾ ਫ਼ਾਇਦਾ ਆਮ ਲੋਕਾਂ ਨੂੰ ਦੇ ਕੇ ਆਰਥਕ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਅਜਿਹਾ ਕਰਨ ਲਈ ਉਹ ਸਿਆਸੀ ਸੁਧਾਰਾਂ ਅਤੇ ਨੀਤੀਆਂ ਬਣਾਉਣ ਤੇ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਉੱਪਰ ਜ਼ੋਰ ਦਿੰਦੀ ਹੈ।

1991 ਤੋਂ ਨਵੀਆਂ ਆਰਥਕ ਨੀਤੀਆਂ ਕਾਰਨ ਭਾਰਤੀ ਅਰਥਚਾਰੇ ਦੇ ਸਾਰੇ ਖੇਤਰਾਂ ਵਿਚ ਵਧਦੇ ਹੋਏ ਮਸ਼ੀਨੀਕਰਨ ਅਤੇ ਸਵੈ-ਚਾਲਿਤ ਰੋਬੋਟਾਂ ਕਾਰਨ ਸਿਰਫ਼ ਬੇਰੁਜ਼ਗਾਰੀ ਵਿਚ ਹੀ ਵਾਧਾ ਨਹੀਂ ਹੋ ਰਿਹਾ, ਸਗੋਂ ਜੋ ਕਿਰਤੀ ਰੁਜ਼ਗਾਰ ਵਿਚ ਰਹਿ ਗਏ ਹਨ, ਉਨ੍ਹਾਂ ਲਈ ਵੀ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਭਾਰਤੀ ਹੁਕਮਰਾਨ ਮੁਲਕ ਦੇ ਮਹਾਨ ਹੋਣ ਬਾਰੇ ਦਾਅਵੇ ਤਾਂ ਬਹੁਤ ਕਰਦੇ ਹਨ, ਪਰ ਅਸਲੀਅਤ ਇਸ ਤੋਂ ਉਲਟ ਹੈ। ਕੌਮਾਂਤਰੀ ਪੱਧਰ ਉੱਪਰ ਤਿਆਰ ਮਹੱਤਵਪੂਰਨ ਇੰਡੈਕਸ ਇਹ ਤੱਥ ਸਾਹਮਣੇ ਲਿਆਉਂਦੇ ਹਨ। 2017 ਲਈ 128 ਮੁਲਕਾਂ ਲਈ ਤਿਆਰ 'ਸੋਸ਼ਲ ਪ੍ਰੋਗਰੈੱਸ ਇੰਡੈਕਸ' ਅਨੁਸਾਰ, ਭਾਰਤ ਦਾ ਸਥਾਨ ਸਾਰੇ ਬਰਿਕਸ ਮੁਲਕਾਂ ਵਿਚ ਪਿੱਛੇ ਹੈ। ਇਸ ਅੰਦਰ ਬਰਾਜ਼ੀਲ ਦਾ ਸਥਾਨ 43ਵਾਂ, ਦੱਖਣੀ ਅਫਰੀਕਾ ਦਾ 66ਵਾਂ, ਰੂਸ ਦਾ 67ਵਾਂ, ਚੀਨ ਦਾ 83ਵਾਂ ਅਤੇ ਭਾਰਤ ਦਾ ਸਭ ਤੋਂ ਨੀਵਾਂ 93ਵਾਂ ਹੈ। 2017 ਲਈ 188 ਮੁਲਕਾਂ ਲਈ ਤਿਆਰ 'ਹਿਊਮਨ ਡਿਵੈਲਪਮੈਂਟ ਇੰਡੈਕਸ' ਵਿਚ ਵੀ ਭਾਰਤ ਬਰਿਕਸ ਮੁਲਕਾਂ ਵਿਚੋਂ ਫਾਡੀ ਰਿਹਾ। ਇਸ ਵਿਚ ਰੂਸ ਦਾ 48ਵਾਂ, ਬਰਾਜ਼ੀਲ ਦਾ 79ਵਾਂ, ਚੀਨ ਦਾ 90ਵਾਂ, ਦੱਖਣੀ ਅਫ਼ਰੀਕਾ ਦਾ 119ਵਾਂ ਅਤੇ ਭਾਰਤ ਦਾ 131ਵਾਂ ਸਥਾਨ ਹੈ। 2018 ਵਿਚ 191 ਮੁਲਕਾਂ ਲਈ ਤਿਆਰ 'ਪ੍ਰਤੀ ਜੀਅ ਆਮਦਨ ਇੰਡਕੈਸ' ਵਿਚ ਬਰਿਕਸ ਮੁਲਕਾਂ ਵਿਚੋਂ ਭਾਰਤ ਦਾ ਸਥਾਨ ਨਿਰਾਸ਼ ਕਰਨ ਵਾਲਾ ਹੈ। ਇਸ ਵਿਚ ਪ੍ਰਤੀ ਜੀਅ ਪ੍ਰਤੀ ਸਾਲ ਆਮਦਨ ਦੇ ਹਿਸਾਬ ਨਾਲ ਰੂਸ ਦਾ 11947 ਅਮਰੀਕਨ ਡਾਲਰਾਂ ਨਾਲ 65ਵਾਂ, ਬਰਾਜ਼ੀਲ ਦਾ 10224 ਡਾਲਰਾਂ ਨਾਲ 71ਵਾਂ, ਚੀਨ ਦਾ 10088 ਡਾਲਰਾਂ ਨਾਲ 72ਵਾਂ, ਦੱਖਣੀ ਅਫਰੀਕਾ ਦਾ 6459 ਡਾਲਰਾਂ ਨਾਲ 91ਵਾਂ ਅਤੇ ਭਾਰਤ ਦਾ ਸਿਰਫ਼ 2135 ਅਮਰੀਕਨ ਡਾਲਰਾਂ ਨਾਲ 142ਵਾਂ ਸਥਾਨ ਰਿਹਾ ਹੈ। ਇਵੇਂ ਹੀ 2018 ਲਈ 156 ਮੁਲਕਾਂ ਲਈ ਤਿਆਰ 'ਹੈਪੀਨੈੱਸ ਇੰਡਕੈਸ' ਵਿਚ ਭਾਰਤ ਦੀ ਕਾਰਗੁਜ਼ਾਰੀ ਬਰਿਕਸ ਮੁਲਕਾਂ ਵਿਚੋਂ ਫਾਡੀ ਰਹੀ ਹੈ। ਇਸ ਵਿਚ ਬਰਾਜ਼ੀਲ ਦਾ 28ਵਾਂ, ਰੂਸ ਦਾ 59ਵਾਂ, ਚੀਨ ਦਾ 86ਵਾਂ, ਦੱਖਣੀ ਅਫਰੀਕਾ ਦਾ 105ਵਾਂ ਅਤੇ ਭਾਰਤ ਦਾ ਸਭ ਤੋਂ ਥੱਲੇ 133ਵਾਂ ਸਥਾਨ ਰਿਹਾ ਹੈ। ਨਮੋਸ਼ੀ ਵਾਲੀ ਗੱਲ ਇਹ ਵੀ ਹੈ ਕਿ ਸਾਡੇ ਗੁਆਂਢੀ, ਪਾਕਿਸਤਾਨ ਦਾ ਸਥਾਨ 75ਵਾਂ ਹੈ।

ਜਨਵਰੀ 2018 ਨੂੰ ਸੰਸਾਰ ਆਰਥਕ ਮੰਚ (ਡਬਲਿਊਈਐੱਫ) ਦੀ ਸ਼ੁਰੂਆਤ ਮੌਕੇ ਖੁਲਾਸਾ ਕੀਤਾ ਗਿਆ ਕਿ ਸਭ ਲਈ ਆਰਥਕ ਵਿਕਾਸ ਦੇ ਆਧਾਰ 'ਤੇ ਉੱਭਰ ਰਹੇ ਅਰਥਚਾਰਿਆਂ ਵਿਚੋਂ ਭਾਰਤ ਫਾਡੀ ਰਿਹਾ ਹੈ। ਸੰਸਾਰ ਦੇ 79 ਅਰਥਚਾਰਿਆਂ ਦੀ ਦਰਜਾਬੰਦੀ ਵਿਚ ਭਾਰਤ ਦਾ ਸਥਾਨ 62ਵਾਂ ਹੈ; ਪਾਕਿਸਤਾਨ 47ਵੇਂ, ਸ੍ਰੀਲਕਾ 40ਵੇਂ, ਬਰਾਜ਼ੀਲ 39ਵੇਂ, ਬੰਗਲਾਦੇਸ਼ 34ਵੇਂ, ਚੀਨ 26ਵੇਂ ਅਤੇ ਰੂਸ 19ਵੇਂ ਸਥਾਨ ਉੱਪਰ ਹਨ। ਪਿਛਲੇ ਸਾਲ ਭਾਰਤ ਦਾ ਦਰਜਾ 60ਵਾਂ ਅਤੇ ਪਾਕਿਸਤਾਨ ਦਾ 52ਵਾਂ ਸੀ। 'ਔਕਸਫੈਮ ਇੰਡੀਆ' ਦੀ ਸੀਈਓ ਨਿਸ਼ਾ ਅਗਰਵਾਲ ਅਨੁਸਾਰ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਵਿਚ ਵਾਧੇ ਦੀ ਗੂੰਜ ਭਾਰਤੀ ਅਰਥਚਾਰੇ ਦੇ ਹਰਿਆ-ਭਰਿਆ ਹੋਣ ਦੀ ਨਿਸ਼ਾਨੀ ਨਹੀਂ ਸਗੋਂ ਆਰਥਕ ਪ੍ਰਬੰਧ ਦੀ ਨਾਕਾਮੀ ਹੈ। ਜਿਹੜੇ ਲੋਕ ਸਖ਼ਤ ਮਿਹਨਤ ਕਰਦੇ ਹਨ, ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ, ਟੱਬਰ ਦੇ ਜੀਆਂ ਲਈ ਦਵਾਈ ਖ਼ਰੀਦਣ ਅਤੇ ਸਿਰਫ਼ ਦੋ ਡੰਗਾਂ ਦੀ ਰੋਟੀ ਦਾ ਇੰਤਜ਼ਾਮ ਕਰਨ ਲਈ ਸੰਘਰਸ਼ ਕਰ ਰਹੇ ਹਨ।

ਸੰਸਾਰ ਬੈਂਕ, ਸੰਸਾਰ ਵਪਾਰ ਸੰਸਥਾ, ਸੰਸਾਰ ਮੁਦਰਾ ਕੋਸ਼, ਬਹੁਕੌਮੀ ਕਾਰਪੋਰੇਸ਼ਨਾਂ ਅਤੇ ਹੋਰ ਬਹੁਤ ਸਾਰੀਆਂ ਕਾਰਪੋਰੇਟ ਪੱਖੀ ਸੰਸਥਾਵਾਂ ਤੇ ਇਨ੍ਹਾਂ ਦੇ ਝਾਡੂਬਰਦਾਰ ਅਰਥ ਵਿਗਿਆਨੀ ਖੁੱਲ੍ਹੇ ਵਪਾਰ ਦੀ ਵਕਾਲਤ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ। ਇਨ੍ਹਾਂ ਸੰਸਥਾਵਾਂ ਅਤੇ ਇਨ੍ਹਾਂ ਦੇ ਸੇਵਕ ਅਰਥ ਵਿਗਿਆਨੀਆਂ ਵਲੋਂ ਉਨ੍ਹਾਂ ਮੁਲਕਾਂ ਦੀਆਂ ਪ੍ਰਾਪਤੀਆਂ ਤੇ ਸੰਭਾਵਨਾਵਾਂ ਦੀ ਅਸਲੀਅਤ ਨੂੰ ਲੁਕਾਉਂਦੇ ਹੋਏ ਵਧਾਅ-ਚੜ੍ਹਾਅ ਕੇ ਪ੍ਰਚਾਰਿਆ ਜਾਂਦਾ ਹੈ ਜਿੱਥੇ ਉਨ੍ਹਾਂ ਨੂੰ ਖੁੱਲ੍ਹੀ ਮੰਡੀ ਦਿਖਾਈ ਦਿੰਦੀ ਹੋਵੇ। ਭਾਰਤ ਵਿਚ ਆਰਥਕ ਵਿਕਾਸ ਦੇ ਮਾਡਲ ਵਿਚੋਂ ਅਨੇਕਾਂ ਸਮੱਸਿਆਵਾਂ ਉਪਜੀਆਂ ਹਨ। ਇਨ੍ਹਾਂ ਵਿਚੋਂ ਇਕ ਅਹਿਮ ਸਮੱਸਿਆ ਗ਼ਰੀਬੀ ਦੀ ਹੈ। ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਫ਼ੀਸਦ ਘਟਾਉਣ ਲਈ ਤਿਕੜਮਾਂ ਕੀਤੀਆਂ ਜਾਂਦੀਆਂ ਹਨ। ਯੋਜਨਾ ਕਮਿਸ਼ਨ ਜਿਸ ਦਾ ਨਾਂ ਹੁਣ ਨੀਤੀ ਆਯੋਗ ਹੈ, ਨੇ ਇਸ ਸਬੰਧੀ ਜਿਹੜਾ ਮੰਤਰ ਵਰਤਿਆ ਸੀ, ਉਸ ਅਨੁਸਾਰ ਸ਼ਹਿਰੀ ਇਲਾਕਿਆਂ ਵਿਚ 32 ਰੁਪਏ ਅਤੇ ਪੇਂਡੂ ਇਲਾਕਿਆਂ ਵਿਚ 26 ਰੁਪਏ ਪ੍ਰਤੀ ਜੀਅ ਪ੍ਰਤੀ ਦਿਨ ਖ਼ਰਚਣ ਵਾਲਿਆਂ ਨੂੰ ਗ਼ਰੀਬ ਨਹੀਂ ਮੰਨਿਆ ਗਿਆ। ਤੱਥ ਇਹ ਹਨ ਕਿ 26-32 ਰੁਪਏ ਵਿਚ ਤਾਂ ਇਕ ਡੰਗ ਦਾ ਖਾਣਾ ਵੀ ਨਹੀਂ ਮਿਲਦਾ। ਉਘੇ ਵਿਦਵਾਨ (ਮਰਹੂਮ) ਅਰਜਨ ਸੇਨਗੁਪਤਾ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਅਰਥ ਵਿਗਿਆਨੀ ਉਤਸਾ ਪਟਨਾਇਕ ਦੇ ਅਧਿਐਨ ਮੁਤਾਬਕ, ਮੁਲਕ ਦੇ ਤਿੰਨ-ਚੌਥਾਈ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

ਆਰਥਕ ਵਿਕਾਸ ਮਾਡਲ ਨੇ ਮੁਲਕ ਦੀ ਚਾਦਰ (ਆਮ ਲੋਕ) ਦੀ ਗੋਟਾ-ਕਿਨਾਰੀ (ਅਤਿ ਦੇ ਅਮੀਰ ਲੋਕ) ਨੂੰ ਕੁਝ ਸਮੇਂ ਲਈ ਖ਼ੂਬ ਚਮਕਾਇਆ, ਪਰ ਮਾਡਲ ਵਿਚੋਂ ਉਪਜੇ ਅਸਾਵੇਂਪਣ ਨੇ ਚਾਦਰ ਵਿਚ ਵੱਡੇ ਮਘੋਰੇ ਕਰ ਦਿੱਤੇ ਹਨ। ਵੱਖ ਵੱਖ ਖੋਜ ਕਾਰਜ ਦੱਸਦੇ ਹਨ ਕਿ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗ਼ਰੀਬੀ ਵਿਚ ਹੀ ਦਿਨਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਤੇ ਘੋਰ ਗ਼ਰੀਬੀ ਛੱਡ ਕੇ ਤੁਰ ਜਾਂਦੇ ਹਨ; ਜਾਂ ਜਦੋਂ ਉਨ੍ਹਾਂ ਦੀਆਂ ਸਾਰੀਆਂ ਆਸਾਂ ਮੁੱਕ ਜਾਂਦੀਆਂ ਹਨ, ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਜਾਂਦੇ ਹਨ। ਮੁਲਕ ਦੀ ਕੁੱਲ ਸ਼ਕਤੀ ਦਾ 93 ਫ਼ੀਸਦ ਹਿੱਸਾ ਗ਼ੈਰ-ਰਸਮੀ ਖੇਤਰ ਵਿਚ ਕੰਮ ਕਰਨ ਲਈ ਮਜਬੂਰ ਹੈ।

ਭਾਰਤ ਦੇ 'ਸਾਰੇ ਲੋਕਾਂ ਲਈ ਕੋਈ ਬੁਨਿਆਦੀ ਆਮਦਨ' ਨੂੰ ਯਕੀਨੀ ਬਣਾਉਣ ਦੀ ਬਜਾਇ ਇੱਥੋਂ ਦੇ ਸਾਰੇ ਕਿਰਤੀਆਂ ਦੀਆਂ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤ, ਸਾਫ਼ ਵਾਤਾਵਰਣ ਅਤੇ ਸਮਾਜਕ ਸੁਰੱਖਿਆ ਬਾਰੇ ਬੁਨਿਆਦੀ ਲੋੜਾਂ ਨੂੰ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਅਜਿਹਾ ਕਰਨ ਲਈ ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਆਰਥਕ ਵਿਕਾਸ ਦੀ ਮਾਡਲ ਥਾਂ ਲੋਕ ਪੱਖੀ ਆਰਥਕ ਵਿਕਾਸ ਮਾਡਲ ਅਪਣਾਉਣਾ ਪਵੇਗਾ। ਇਸ ਦੇ ਨਾਲ ਨਾਲ ਸਿਆਸੀ ਪੱਧਰ 'ਤੇ ਲੋਕਾਂ ਦੇ ਮਸਲੇ ਹੱਲ ਕਰਨ ਲਈ ਦਬਾਅ ਵਧਾਉਣਾ ਪਵੇਗਾ। ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਵਲੋਂ ਜਾਰੀ ਕੀਤੇ ਜਾਂਦੇ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਇਆ ਜਾਣਾ ਪਵੇਗਾ।


ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਈਲ: 001-424-362-8759

## ਇਨਕਲਾਬੀ ਲਹਿਰ ਦੇ ਥੰਮ੍ਹ




ਇਸ ਪੁਸਤਕ ਵਿਚ ਉਨ੍ਹਾਂ ਮਹਾਨ ਲੋਕ ਨਾਇਕਾਂ ਅਤੇ ਲੋਕ ਸੰਘਰਸ਼ਾਂ ਉੱਤੇ ਚਾਨਣਾ ਪਾਇਆ ਗਿਆ ਹੈ, ਜਿਨ੍ਹਾਂ ਨੇ ਦੱਬੇ-ਕੁਚਲੇ ਲੋਕਾਂ ਦੇ ਜੀਵਨ ਵਿਚ ਖੁਸ਼ੀਆਂ ਦੇ ਰੰਗ ਭਰਨ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਪਰ ਉਨ੍ਹਾਂ ਦੇ ਨਾਂਅ ਸਮੇਂ ਦੀ ਧੂੜ ਵਿਚ ਗੁਆਚ ਜਾਣ ਦਾ ਖ਼ਦਸ਼ਾ ਸੀ। ਇਹ ਨਾਂਅ ਹਨ ਕਾਮਰੇਡ ਤਾਰਾ ਸਿੰਘ ਬੰਗਲਾ ਰਾਏ, ਕਾਮਰੇਡ ਚਮਨ ਲਾਲ ਸ਼ਰਮਾ, ਡਾ. ਮੋਹਨ ਸਿੰਘ ਰਾਜੇਵਾਲ, ਕਾਮਰੇਡ ਸੁਰਜੀਤ ਸਿੰਘ ਝਬਾਲ, ਕਾਮਰੇਡ ਮੋਤਾ ਸਿੰਘ ਝਬਾਲ, ਕਾਮਰੇਡ ਤੇਜਾ ਸਿੰਘ ਬਾਬਾ ਬਕਾਲਾ, ਕਾਮਰੇਡ ਬਹਾਦਰ ਸਿੰਘ, ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ, ਕਾਮਰੇਡ ਬਚਿੰਤ ਸਿੰਘ ਢੋਟੀਆਂ, ਕਾਮਰੇਡ ਸੁਰਜੀਤ ਸਿੰਘ ਸਰਪੰਚ, ਜੁਝਾਰੂ ਬੀਬੀ ਅਮਰੋ ਹੀਰਾਪੁਰਾ, ਕਾਮਰੇਡ ਰਾਜਰਾਣੀ ਅਤੇ ਕਾਮਰੇਡ ਕੁੰਦਨ ਲਾਲ ਸੋਹਲ। ਇਨ੍ਹਾਂ ਲੋਕ ਨਾਇਕਾਂ ਬਾਰੇ ਜਾਣਕਾਰੀ ਦੇਣ ਲਈ ਲੇਖਕ ਨੂੰ ਹਰ ਇਕ ਹਸਤੀ ਨਾਲ ਮੁਲਾਕਾਤ ਕਰਨੀ ਪਈ ਤੇ ਸੱਚੀਆਂ ਜੀਵਨ ਗਾਥਾਵਾਂ ਨੂੰ ਪੁਸਤਕ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਆਜ਼ਾਦੀ ਸੰਗਰਾਮੀਆਂ ਨੇ 1947 ਦੀ ਵੰਡ ਅੱਖੀਂ ਵੇਖੀ ਸੀ, ਫ਼ਿਰਕੂ ਫਸਾਦ ਪਿੰਡੇ 'ਤੇ ਹੰਢਾਏ ਤੇ ਵਸਦੇ-ਰਸਦੇ ਘਰ ਉਜਾੜੇ ਦਾ ਸ਼ਿਕਾਰ ਹੁੰਦੇ ਵੇਖੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਨੇ ਲੋਕ ਮੋਰਚਿਆਂ ਵਿਚ ਜਾਨਾਂ ਵਾਰੀਆਂ, ਜੇਲ੍ਹਾਂ ਕੱਟੀਆਂ, ਅਫ਼ਸਰਸ਼ਾਹੀ ਨਾਲ ਟੱਕਰ ਲਈ ਸੀ। ਇਨ੍ਹਾਂ ਦੀ ਹੱਡਬੀਤੀ ਸੁਣ ਕੇ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਇਨ੍ਹਾਂ ਵਿਚੋਂ ਬਹੁਤੇ ਬਜ਼ੁਰਗ ਕਮਿਊਨਿਸਟ ਤਾਂ ਪਿੰਡਾਂ ਵਿਚ ਅਗਾਂਹਵਧੂ ਸਾਹਿਤ ਤੇ ਵਿਚਾਰਾਂ ਦਾ ਪ੍ਰਚਾਰ ਕਰਕੇ ਲੋਕ ਲਹਿਰ ਨੂੰ ਇਕਮੁੱਠ ਕਰਕੇ ਜੋਸ਼ ਨੂੰ ਹੁਲਾਰਾ ਦਿੰਦੇ ਸਨ। ਇਨ੍ਹਾਂ ਵਿਚ ਤਿੰਨ ਬੀਬੀਆਂ ਦਾ ਵੀ ਵਰਨਣ/ਮੁਲਾਕਾਤ ਹੈ, ਜਿਨ੍ਹਾਂ ਨੇ ਲਹਿਰ ਨੂੰ ਮਜ਼ਬੂਤ ਕਰਨ ਹਿਤ ਭਰਪੂਰ ਯੋਗਦਾਨ ਪਾਇਆ ਤੇ ਜਾਨਾਂ ਤੱਕ ਵਾਰ ਦਿੱਤੀਆਂ ਸਨ। ਲੇਖਕ ਨੇ ਇਸ ਮੁਲਾਕਾਤ ਦੌਰਾਨ ਉਨ੍ਹਾਂ ਸੰਗਰਾਮੀ ਘੁਲਾਟੀਆਂ ਦੇ ਪਿਛੋਕੜ, ਜੀਵਨ, ਸੰਘਰਸ਼ ਤੇ ਆਉਣ ਵਾਲੀ ਪੀੜ੍ਹੀ 'ਤੇ ਪਏ ਪ੍ਰਭਾਵਾਂ ਨੂੰ ਵੀ ਬਾਖੂਬੀ ਚਿਤਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੂੰ ਦੇਸ਼ ਭਗਤੀ ਦੀ ਚੇਟਕ ਕਿਵੇਂ ਲੱਗੀ ਤੇ ਪ੍ਰੋਤਸਾਹਨ ਕਿਵੇਂ ਮਿਲਿਆ, ਜਿਸ ਖਾਤਰ ਉਨ੍ਹਾਂ ਨੇ ਜਾਨਾਂ ਕੁਰਬਾਨ ਕਰ ਦਿੱਤੀਆਂ ਆਦਿ ਬਾਰੇ ਵੇਰਵਾ ਵਿਸਥਾਰ ਨਾਲ ਦਿੱਤਾ ਹੈ। ਲੇਖਕ ਦਾ ਇਹ ਉੱਦਮ ਬਹੁਤ ਹੀ ਸ਼ਲਾਘਾਯੋਗ ਹੈ।

– ਡਾ. ਜਗਦੀਸ਼ ਕੌਰ ਵਾਡੀਆ
ਮੋ: 98555-84298

## ਸੰਤਾਪ ਭੋਗਦੇ ਪੰਜਾਬੀਆਂ ਲਈ ਫ਼ਿਕਰਮੰਦੀ

ਜ਼ਿੰਦਗੀ ਦੇ ਸੁਹੱਪਣ ਤੇ ਇਸ ਸੁਹੱਪਣ ਤੋਂ ਵਾਂਝੇ ਵਿਅਕਤੀਆਂ ਦੇ ਦੁੱਖ-ਦਰਦ ਅਤੇ ਭਖਵੇਂ ਸਮਕਾਲੀ ਸਮਾਜਕ ਸਰੋਕਾਰਾਂ ਨੂੰ ਸ਼ਿੱਦਤ ਨਾਲ ਬਿਆਨਦੀਆਂ ਪੁਸਤਕਾਂ ਲੇਖਕ ਗੁਰਪ੍ਰੀਤ ਸਿੰਘ ਤੂਰ ਦੀ ਵਿਲੱਖਣ ਦੇਣ ਹਨ। ਤੂਰ ਪੁਲਿਸ ਅਫ਼ਸਰ ਹਨ ਅਤੇ ਉਨ੍ਹਾਂ ਦਾ ਦਿਲ ਮਨੁੱਖਤਾ ਲਈ ਅਗਾਧ ਹਮਦਰਦੀ ਨਾਲ ਲਬਰੇਜ਼ ਹੈ। ਇਸੇ ਕਾਰਨ ਉਨ੍ਹਾਂ ਦੀਆਂ ਹੁਣ ਤਕ ਛਪੀਆਂ ਚਾਰ ਪੁਸਤਕਾਂ ਦੇ ਕਈ ਸੰਸਕਰਨ ਛਪ ਚੁੱਕੇ ਹਨ। ਪਿੱਛੇ ਜਿਹੇ ਛਪੀ ਪੰਜਵੀਂ ਪੁਸਤਕ 'ਅੱਲੜ੍ਹ ਉਮਰਾਂ ਤਲਖ਼ ਸੁਨੇਹੇ' ਪੰਜਾਬੀ ਸਮਾਜ ਦੇ ਉਸ ਅਣਗੌਲੇ, ਸੇਧਹੀਣ ਅਤੇ ਸਾਧਨਹੀਣ ਨੌਜਵਾਨ ਵਰਗ ਬਾਰੇ ਹੈ ਜਿਸ ਨੂੰ ਅਜੋਕੇ ਵਰਤਾਰਿਆਂ ਵਿਚੋਂ ਕੋਈ ਰਾਹ-ਦਸੇਰਾ ਨਹੀਂ ਮਿਲ ਰਿਹਾ। ਪੰਜਾਬ ਦੀ ਨੌਜਵਾਨੀ ਨੂੰ ਅੱਜ ਦੇ ਬੇਖ਼ਬਰ ਮਾਪਿਆਂ, ਹਾਕਮਾਂ, ਸਰਮਾਏਦਾਰੀ, ਤਕਨਾਲੋਜੀ ਦੀ ਚੜ੍ਹਤ ਅਤੇ ਸਮੇਂ ਦੀ ਸਿਆਸਤ ਨੇ ਰੋਲਿਆ ਅਤੇ ਰੁਆਇਆ ਹੈ। ਹਤਾਸ਼ ਨੌਜਵਾਨ ਮਨਾਂ ਦਾ ਨਿਘਰਦੀ ਜਾਂਦੀ ਅਵਸਥਾ ਵਿਚੋਂ ਨਿਸਤਾਰਾ ਅਸੰਭਵ ਜਾਪਦਾ ਹੈ। ਇਸ ਨਿਘਾਰ ਦੇ ਨਤੀਜੇ ਵਜੋਂ ਪੰਜਾਬ ਦੇ ਭਵਿੱਖ ਦਾ ਸੂਰਜ ਅਸਤ ਹੋ ਜਾਵੇਗਾ ਤੇ ਮੁੜ ਕਦੇ ਉਦੈ ਨਹੀਂ ਹੋਵੇਗਾ। ਇਸ ਸਚਾਈ ਦੀ ਤਹਿ ਤਕ ਪਹੁੰਚਣ ਲਈ ਡੂੰਘੀ, ਤਿੱਖੀ ਅਤੇ ਤਸ਼ਖ਼ੀਸੀ ਸੰਵੇਦਨਾ ਤੂਰ ਜਿਹੇ ਸੋਚਵਾਨ ਵਿਅਤੀਆਂ ਦੇ ਹਿੱਸੇ ਹੀ ਆ ਸਕਦੀ ਹੈ। ਨੌਜਵਾਨੀ ਦੇ ਨਸ਼ੇੜੀ ਹੋ ਜਾਣ ਅਤੇ ਜੁਰਮ ਦੇ ਰਾਹ ਪੈ ਜਾਣ ਦੀ ਟੋਹ ਅਤੇ ਕਨਸੋਅ ਪੁਲਿਸ ਅਫ਼ਸਰਾਂ ਨੂੰ ਨਿੱਤ ਹੀ ਮਿਲਦੀ ਹੋਵੇਗੀ, ਪਰ ਸਮਾਜਕ ਨਿਆਂ ਲਈ ਇਨ੍ਹਾਂ ਨੂੰ ਵਰਤਣ ਦੀ ਸੂਝ ਅਤੇ ਸਮਰੱਥਾ ਹਾਰੀ ਸਾਰੀ ਦੇ ਵੱਸ ਦੀ ਨਹੀਂ। ਤੂਰ ਦੀ ਲੇਖਣੀ ਨੇ ਦਿਲ-ਟੁੰਬਵੇਂ ਅੰਦਾਜ਼ ਵਿਚ ਮੰਦਭਾਗੀਆਂ ਅਤੇ ਕਰੁਣਾਮਈ ਘਟਨਾਵਾਂ ਬਿਆਨ ਕੀਤੀਆਂ ਹਨ। ਸਮੈਕ ਦੇ ਨਸ਼ੇ ਦਾ ਜ਼ਿਕਰ ਕਰਦਾ ਇਕ ਵਾਕ ਇੰਜ ਹੈ: "ਨੌਜਵਾਨ ਪੀੜ੍ਹੀ ਮੱਚਦੀਆਂ ਲਾਟਾਂ ਦੇ ਧੂੰਏਂ 'ਚ ਧੁਆਂਖੀ ਜਾ ਰਹੀ ਹੈ।" ਹਰ ਘਟਨਾ ਬਾਰੇ ਪੜ੍ਹ ਕੇ ਪਾਠਕ ਦਾ ਦਿਲ ਬੇਚੈਨ ਹੋ ਉਠਦਾ ਹੈ ਤੇ ਸੋਚਣ ਲੱਗਦਾ ਹੈ ਕਿ ਇਸ ਸੂਰਤ-ਏ-ਹਾਲਾਤ ਲਈ ਜ਼ਿੰਮੇਵਾਰ ਧਿਰਾਂ ਨੂੰ ਫੜ ਕੇ ਝੰਜੋੜਿਆ ਕਿਉਂ ਨਾ ਜਾਵੇ?

ਪੁਸਤਕ ਦੇ ਭਾਗ- ਪਹਿਲਾ ਵਿਚ 14 ਲੇਖ ਹਨ। ਕਈ ਘਟਨਾਵਾਂ ਨੂੰ ਦਰਸਾਉਂਦੇ ਹੋਏ ਵੱਖ ਵੱਖ ਲੇਖ ਪੰਜਾਬ ਦੀ ਵਿਸਾਰੀ ਤੇ ਹਾਰੀ ਹੋਈ ਜਵਾਨੀ ਦੀ ਦਰਦਨਾਕ ਤਸਵੀਰ ਉਘਾੜਦੇ ਹਨ। ਬਹੁਤੇ ਲੇਖਾਂ ਦਾ ਵਿਸ਼ਾ ਕਿਰਤ ਸਭਿਆਚਾਰ ਨਾਲੋਂ ਟੁੱਟਿਆ ਤੇ ਨਸ਼ਿਆਂ 'ਚ ਡੁੱਬਿਆ ਪੰਜਾਬ ਹੈ। ਭਾਗ- ਪਹਿਲਾ ਦਾ ਪਹਿਲਾ ਲੇਖ 'ਬੇੜਾ ਬੰਧ ਨਾ ਸਕਿਓ ਬੰਧਨ ਕੀ ਵੇਲਾ' ਚੋਣਾਂ ਦੌਰਾਨ ਸ਼ਰਾਬ ਵੰਡਣ ਤੇ ਵਰਤਾਉਣ ਦੇ ਮਾਰੂ ਪ੍ਰਭਾਵਾਂ ਦੁਆਰਾ ਲੋਕਤੰਤਰ ਵਿਚ ਨਸ਼ਿਆਂ ਲਈ ਰਾਹ ਬਣਾਉਂਦੀਆਂ ਪੰਚਾਇਤੀ ਚੋਣਾਂ ਬਾਰੇ ਹੈ। ਅਗਲਾ ਲੇਖ 'ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ' ਬਿਆਨਦਾ ਹੈ ਕਿ ਵਿੱਦਿਆ ਦੇ ਮਿਆਰ ਵਿਚ ਆਈ ਗਿਰਾਵਟ ਬੇਰੁਜ਼ਗਾਰ ਜਵਾਨੀ ਨੂੰ ਨਸ਼ਿਆਂ ਵੱਲ ਹੋਰ ਵਧੇਰੇ ਧੱਕਦੀ ਹੈ। ਲੇਖ ਦੀਆਂ ਅੰਤਮ ਸਤਰਾਂ ਹਨ: "ਸਿਸਟਮ ਤੇ ਸਮਾਜ ਅੱਗੇ ਅਰਜੋਈ ਹੈ ਕਿ ਕਸੁੰਭ ਰੰਗ ਨੂੰ ਪਾਸੇ ਕਰਕੇ ਨੌਜਵਾਨਾਂ ਦੇ ਰਾਹਾਂ ਨੂੰ ਮਜੀਠ ਰੰਗ ਨਾਲ ਰੁਸ਼ਨਾਉਣ ਦਾ ਯਤਨ ਕਰੀਏ।" ਕਾਲੇ ਧਨ ਤੇ ਭ੍ਰਿਸ਼ਟਾਚਾਰ ਨੇ ਕਿਰਤ ਦੀ ਮਹੱਤਤਾ ਖ਼ਤਮ ਕਰ ਦਿੱਤੀ ਹੈ। ਵਿੱਦਿਅਕ ਸਮਾਜ ਵਿਚ ਵਧ ਰਿਹਾ ਹਰ ਤਰ੍ਹਾਂ ਦਾ ਵਿਗਾੜ ਨਸ਼ਿਆਂ ਤੇ ਖ਼ੁਦਕੁਸ਼ੀਆਂ ਲਈ ਰਾਹ ਖੋਲ੍ਹਦਾ ਹੈ। ਲੇਖਕ ਕੁਦਰਤ ਅਤੇ ਕਿਰਤ ਦੋਹਾਂਵਾਂ ਦੀ ਮਹੱਤਤਾ ਨੂੰ ਸ਼ਿੱਦਤ ਨਾਲ ਬਿਆਨਦਾ ਹੈ: "ਕੁਦਰਤ ਦੇ ਏਨੇ ਸੁਹੱਪਣ ਦੇ ਬਾਵਜੂਦ ਖੇਤਾਂ 'ਚ ਕੰਮ ਕਰਨ ਵਾਲੇ ਕਾਮੇ ਤੇ ਕਿਸਾਨ ਵਾਹੋ-ਦਾਹੀ ਖ਼ੁਦਕੁਸ਼ੀਆਂ ਕਿਉਂ ਕਰ ਰਹੇ ਹਨ?" ਇਸੇ ਲੇਖ 'ਕਿਰਤ ਦਾ ਝੜਦਾ ਬੂਰ' ਵਿਚ ਲੇਖਕ ਦੀ ਟਿੱਪਣੀ ਹੈ, "ਕਮਾਈ ਦੇ ਅਸਿੱਧੇ ਢੰਗਾਂ ਨੇ ਕਿਰਤ ਦੀ ਸਤਰੰਗੀ ਪੀਂਘ ਨੂੰ ਕਾਲੇ ਰੰਗ ਨਾਲ ਢਕ ਲਿਆ ਹੈ।"

ਸਭ ਤੋਂ ਵੱਧ ਦਿਲਚੀਰਵਾਂ ਲੇਖ ਨਸ਼ਿਆਂ ਦਾ ਸੰਤਾਪ ਹੰਢਾਉਂਦੀਆਂ ਔਰਤਾਂ ਬਾਰੇ ਹੈ। ਇਹ ਔਰਤਾਂ ਮਾਵਾਂ, ਸੱਸਾਂ, ਪਤਨੀਆਂ, ਭੈਣਾਂ ਤੇ ਦਾਦੀਆਂ ਹਨ। ਕਈ ਪਰਿਵਾਰਾਂ ਦੀਆਂ ਤਿੰਨੇ ਪੁਸ਼ਤਾਂ ਨਸ਼ਿਆਂ ਦੀ ਭੇਟ ਚੜ੍ਹ ਚੁੱਕੀਆਂ ਹਨ। ਔਰਤ ਦੀ ਮੰਦਭਾਗੀ ਹੋਣੀ 'ਚ ਨਸ਼ਿਆਂ ਦੇ ਵਰਤਾਰੇ ਨੇ ਦੁੱਖ ਦਾ ਇਕ ਹੋਰ ਪਾਸਾਰ ਜੋੜ ਦਿੱਤਾ ਹੈ। ਲੇਖ 'ਨਸ਼ਿਆਂ ਦੇ ਮਾਰੂ ਪ੍ਰਭਾਵ' ਵਿਚ ਮਿਸਾਲਾਂ ਦੇ ਕੇ ਨਸ਼ਿਆਂ ਦੇ ਪੀੜ੍ਹੀਆਂ ਤਕ ਹੋਣ ਵਾਲੇ ਘਾਤਕ ਅਸਰ ਦਾ ਮਾਰਮਿਕ ਬਿਆਨ ਕੀਤਾ ਹੈ। ਹੈਰੋਇਨ ਤੇ ਸਮੈਕ ਦਾ ਨਸ਼ਾ ਨੌਜਵਾਨਾਂ, ਪਰਿਵਾਰਕ ਰਿਸ਼ਤਿਆਂ ਤੇ ਸਮੁੱਚੇ ਸਮਾਜ ਲਈ ਸਭ ਤੋਂ ਵੱਧ ਘਾਤਕ ਨਸ਼ਾ ਹੈ। ਲੇਖ ਦੇ ਅੰਤ ਵਿਚ ਲੇਖਕ ਨੇ ਭੈਣ ਵੱਲੋਂ ਲਿਖੀਆਂ ਸਤਰਾਂ ਵਿਚਲੀ ਅਰਜੋਈ ਪਾਠਕਾਂ ਦੀ ਨਜ਼ਰ ਕੀਤੀ ਹੈ ਜੋ ਇਸ ਪ੍ਰਕਾਰ ਹੈ: ਉਠੋ ਨੀ ਸਮੇਂ ਦੀਓ ਸਰਕਾਰੋ/ ਰਲ ਕੇ ਕੋਈ ਹੰਭਲਾ ਮਾਰੋ/ ਨਸ਼ੇ ਛੁਡਾ ਦੋ ਵੀਰ ਬਚਾ ਦੋ/ ਤਪਦੇ ਸੀਨੇ ਠੰਢ ਵਰਤਾ ਕੇ/ ਸਾਡੀ ਝੋਲੀ ਖ਼ੁਸ਼ੀਆਂ ਪਾ ਦੋ।

ਆਪਣੇ ਲੇਖਾਂ ਵਿਚ ਤੂਰ ਬਹੁਤ ਵਾਰ ਅਲੰਕਾਰਕ ਤੇ ਰੂਪਕਾਤਮਕ ਭਾਸ਼ਾ ਵਿਚ ਜ਼ਮੀਨੀ ਤੇ ਹਕੀਕੀ ਸਚਾਈਆਂ ਦਾ ਵਾਸਤਾ ਪਾ ਕੇ ਸਮੇਂ ਦੀ ਸਰਕਾਰ ਅਤੇ ਸਮਾਜ ਨੂੰ ਮੁਖ਼ਾਤਬ ਹੁੰਦਾ ਹੈ। ਲੇਖ 'ਸਮਾਂ ਹੱਥ ਨੀ ਆਇਆ ਰਾਜੇ ਰਾਣੀਆਂ ਦੇ' ਵਿਚ ਉਹ ਖੇਤਾਂ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਯੂਥ ਫੈਸਟੀਵਲਾਂ ਤਕ ਪਾਠਕਾਂ ਨੂੰ ਨਾਲ ਲੈ ਤੁਰਦਾ ਹੈ। ਇਸ ਸਫ਼ਰ ਵਿਚ ਸੰਗੀਤ, ਕਲਾ, ਸਾਹਿਤ ਅਤੇ ਲੋਕ ਗਾਥਾਵਾਂ ਤਕ ਦੇ ਸਾਰੇ ਵੇਰਵੇ ਪੰਜਾਬ ਦੀ ਨੌਜਵਾਨੀ ਦੀ ਸ਼ਾਨਦਾਰ ਰਵਾਇਤਾਂ ਤੋਂ ਟੁੱਟ ਜਾਣ ਦੀ ਤਸਵੀਰ ਦਰਦ-ਭਿੰਨੀਆਂ ਛੋਹਾਂ ਨਾਲ ਉਲੀਕਦੇ ਹਨ। ਕੁਦਰਤ ਦੇ ਸੁਹੱਪਣ ਅਤੇ ਕਿਰਤ ਦੇ ਗੌਰਵ ਨਾਲੋਂ ਟੁੱਟ ਚੁੱਕੇ ਨੌਜਵਾਨ ਕਿਤਾਬਾਂ ਨਾਲੋਂ ਵੀ ਟੁੱਟ ਰਹੇ ਹਨ।

ਖੇਡਾਂ ਦੇ ਬਿਆਨ ਦੇ ਹਵਾਲੇ ਨਾਲ ਲੇਖਕ ਆਖਦਾ ਹੈ: "ਮੈਂ ਚਾਹੁੰਦਾ ਹਾਂ ਆਪਾਂ ਵਿੱਦਿਅਕ, ਰਾਜਨੀਤਕ, ਪ੍ਰਸ਼ਾਸਨਿਕ ਤੇ ਸਮਾਜਕ ਖੇਤਰ ਵਿਚ ਅਜਿਹੇ ਤਜਰਬੇਕਾਰ ਮਿਡ ਫੀਲਡਰ ਖਿਡਾਰੀਆਂ ਦੀ ਭਾਲ ਕਰੀਏ ਜਿਨ੍ਹਾਂ ਦੇ ਲੰਬੇ ਪਾਸ 'ਤੇ ਨੌਜਵਾਨ ਆਪਣੀ ਜ਼ਿੰਦਗੀ ਦਾ ਖ਼ੂਬਸੂਰਤ ਗੋਲ ਕਰ ਸਕਣ। ਇਸ ਸਮੇਂ ਨਸ਼ੇ ਸਾਡੇ ਵਿਰੁੱਧ ਗੋਲ ਕਰ ਰਹੇ ਹਨ।"

ਕਿਰਤ ਦੇ ਗੌਰਵ ਦੀ ਗੱਲ ਵਾਰ ਵਾਰ ਪਾਠਕਾਂ ਦੇ ਖਾਨੇ ਪਾਉਂਦਾ ਲੇਖਕ ਪੰਜਾਬੀ ਜੀਵਨ ਦੇ ਤਮਾਮ ਵਿਗੋਚਿਆਂ ਦੇ ਵਹਿਣ ਵਿਚ ਵਹਿੰਦਾ ਹੈ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਪੁਸਤਕ ਦੇ ਭਾਗ-ਪਹਿਲਾ ਦੇ ਬਹੁਗਿਣਤੀ ਲੇਖ ਨਸ਼ੇ ਕਰਨ ਵਾਲੇ ਰਿਸ਼ਤੇਦਾਰਾਂ ਦੁਆਰਾ ਦਿੱਤੇ ਦੁੱਖਾਂ ਦੀਆਂ ਝੰਬੀਆਂ ਔਰਤਾਂ ਦੀ ਹੋਣੀ ਦਾ ਦਿਲਚੀਰਵਾਂ ਦ੍ਰਿਸ਼ ਪੇਸ਼ ਕਰਦੇ ਹਨ। ਔਰਤ ਦੀ ਮਜ਼ਬੂਤ ਮਾਨਸਿਕਤਾ ਅਤੇ ਮਨੁੱਖੀ ਸਮਾਜ ਉੱਤੇ ਉਸ ਦੀ ਮਿਹਰ ਨੂੰ ਵਡਿਆਉਂਦੇ ਬਿਆਨ ਲੇਖਕ ਦੀ ਕਲਮ ਦਾ ਹਾਸਲ ਬਣ ਜਾਂਦੇ ਹਨ। 'ਵੇਖ ਧੀਆਂ ਦੇ ਲੇਖ' ਵੀ ਅਜਿਹਾ ਲੇਖ ਹੈ ਜਿਸ ਵਿਚਲੇ ਮੰਚ ਉੱਤੇ ਪ੍ਰਵੇਸ਼ ਕਰਨ ਵਾਲੀਆਂ ਮਹਿਲਾ ਕਿਰਦਾਰ ਨਸ਼ੇੜੀਆਂ ਤੇ ਅਵੈੜੀਆਂ ਦੇ ਜ਼ੁਲਮ ਦਾ ਸ਼ਿਕਾਰ ਹੋ ਕੇ ਵੀ ਹਾਲਾਤ ਹੱਥੋਂ ਨਾ ਹਾਰਨ ਦੇ ਯਤਨ ਕਰ ਰਹੀਆਂ ਹਨ।

ਆਧੁਨਿਕ ਤਕਨਾਲੋਜੀ ਵਿਚੋਂ ਕੈਮਰੇ ਦੀ ਅਹਿਮੀਅਤ ਨੂੰ ਦਰਸਾਉਂਦਾ ਲੇਖ 'ਲਘੂ ਫ਼ਿਲਮਾਂ ਤੇ ਸਮਾਜਕ ਸਰੋਕਾਰ' ਹੈ। ਇਹ ਲੇਖ ਪੰਜਾਬ ਦੀ ਦੁਰਦਸ਼ਾ ਬਾਰੇ ਲਘੂ ਫ਼ਿਲਮਾਂ ਬਣਾਉਣ ਲਈ ਪ੍ਰੇਰਦਾ ਹੈ। ਭਾਗ-ਪਹਿਲਾ ਦਾ ਅੰਤਿਮ ਲੇਖ ਕਿਰਤ ਦੇ ਵਰੋਸਾਏ ਪੰਜਾਬ ਦੀ ਥਾਂ ਉਦਯੋਗਿਕ ਯੁੱਗ ਵਿਚ ਸਭ ਚੰਗਾ ਗੁਆ ਬੈਠੇ ਪੰਜਾਬ ਲਈ ਮੁੜ ਚੰਗੇ ਹੋ ਜਾਣ ਦੀ ਸੁੱਖਣਾ ਸੁਖਦਾ ਲੇਖ ਹੈ। ਭਾਗ-ਦੂਜਾ ਵਿਚਲੇ ਨਿੱਕੇ ਸਿਰਲੇਖਾਂ ਵਾਲੇ ਲਘੂ ਲੇਖ ਸਮੇਂ-ਸਮੇਂ ਲੇਖਕ ਦੀ ਸੋਚ ਨੂੰ ਕੁਝ ਪ੍ਰੇਰਨਾਦਾਈ ਕਹਿਣ ਲਈ ਉਕਸਾਉਂਦੇ ਵਾਕਿਆਂ ਅਤੇ ਵੇਰਵਿਆਂ ਵਿਚੋਂ ਉਸਰੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਖੋਹਦਾ ਲੇਖ 'ਸੇਧ, ਸਾਦਗੀ ਤੇ ਸਲੀਕਾ' ਹੈ। ਮਨੁੱਖ ਦੇ ਕਿਰਦਾਰ ਨੂੰ ਸੰਵਾਰਨ, ਸੋਧਣ ਤੇ ਸ਼ਿੰਗਾਰਨ ਵਾਲੀਆਂ ਛੋਟੀਆਂ, ਪਰ ਬਹੁਤ ਅਹਿਮ ਗੱਲਾਂ ਇਨ੍ਹਾਂ ਲਘੂ ਨਿਬੰਧਾਂ ਦਾ ਸ਼ਿੰਗਾਰ ਹਨ। ਇਸ ਭਾਗ ਦਾ ਅੰਤਿਮ ਲੇਖ 'ਲੋਕਧਾਰਾ' ਕਵਿਤਾ ਰਚਣ ਵਾਂਗ ਲਿਖਿਆ ਹੋਇਆ ਹੈ।

ਪੁਸਤਕ ਦਾ ਅੰਤਿਮ ਤੇ ਭਾਗ-ਤੀਜਾ ਵਿਚਲਾ ਇੱਕੋ ਲੇਖ 'ਅੱਲੜ੍ਹ ਉਮਰਾਂ ਤਲਖ਼ ਸੁਨੇਹੇ' ਪੁਲਿਸ ਵਿਭਾਗ ਵਿਚ ਭਰਤੀ ਸਮੇਂ ਦਾ ਵਿਸਥਾਰਤ ਦ੍ਰਿਸ਼ ਸਿਰਜਦਾ ਹੈ। ਲੇਖਕ ਨੇ ਲਿਖਿਆ ਹੈ, "ਪੰਜ ਸਾਲ ਬਾਅਦ ਮਿਲਿਆ ਮੌਕਾ, ਹਰ ਸਾਲ ਮਿਲ ਜਾਵੇ ਤਾਂ ਪੰਜਾਬੀ ਮੁੰਡੇ ਫਿਜ਼ੀਕਲ ਟੈਸਟ ਪਾਸ ਕਰਨ ਲਈ ਬਿਹਤਰ ਕਾਰਗੁਜ਼ਾਰੀ ਕਰ ਸਕਦੇ ਹਨ।" ਅਜਿਹੀਆਂ ਬਹੁਤ ਸਹਿਜ ਸਲਾਹਾਂ ਦੇ ਨਾਲ ਹੀ ਤੂਰ ਵਰਗੇ ਸੰਵੇਦਨਸ਼ੀਲ ਤੇ ਦਾਨਿਸ਼ਮੰਦ ਅਧਿਕਾਰੀ, ਅਵੇਸਲੀ ਹੋਈ ਸਿਆਸੀ ਜਮਾਤ ਨੂੰ ਕਿਤੇ ਕਿਤੇ ਸਖ਼ਤ ਸ਼ਬਦਾਂ ਨਾਲ ਵੀ ਮੁਖ਼ਾਤਬ ਹੋ ਜਾਣ ਤਾਂ ਹਰਜ ਨਹੀਂ। ਜੇ ਅੱਖਾਂ ਵਾਲਿਆਂ ਨੂੰ ਕੰਧ 'ਤੇ ਲਿਖਿਆ ਦਿਖਾਈ ਨਹੀਂ ਦੇ ਰਿਹਾ ਤਾਂ ਸੱਤਾ ਤੇ ਦੌਲਤ ਦੇ ਨਸ਼ੇ 'ਚ ਬੰਦ ਪਲਕਾਂ ਨੂੰ ਉਂਗਲੀ ਨਾਲ ਚੁੱਕ ਕੇ ਖੋਲ੍ਹ ਦੇਣਾ ਚਾਹੀਦਾ ਹੈ।

– ਪ੍ਰੋਫ਼ੈਸਰ ਕਮਲੇਸ਼ ਉੱਪਲ
ਸੰਪਰਕ: 98149-02564

## ਵੈਟਰਨ ਅਥਲੈਟਿਕਸ ਰਾਹੀਂ ਦੱਖਣ ਯਾਤਰਾ




ਆਮ ਕਰਕੇ ਅਥਲੀਟ ਜਵਾਨ ਹੀ ਹੁੰਦੇ ਹਨ ਪਰ ਸੱਠਾਂ ਨੂੰ ਟੱਪ ਕੇ ਵੀ ਜੇ ਬੰਦਾ ਅਥਲੈਟਿਕਸ ਦਾ ਸ਼ੌਕ ਅਪਣਾ ਲਏ ਤਾਂ ਮਾੜਾ ਨਹੀਂ। ਵਡੇਰੀ ਉਮਰ ਵਧੇਰੀ ਆਸਾਨੀ, ਸੁੱਖ ਤੇ ਅਰੋਗਤਾ ਨਾਲ ਕੱਟੀ ਜਾ ਸਕਦੀ ਹੈ। ਜਦ ਜਾਗੋ ਉਦੋਂ ਹੀ ਸਵੇਰਾ। 1966 ਵਿਚ ਪੱਛਮ ਵਿਚ ਪੈਂਤੀ ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਪੰਜ-ਪੰਜ ਸਾਲ ਦੇ ਫ਼ਰਕ ਨਾਲ ਗਰੁੱਪ ਬਣਾ ਕੇ ਉਨ੍ਹਾਂ ਨੂੰ ਲੰਮੀ ਵਾਕ/ਦੌੜ ਵਾਸਤੇ ਉਤਸ਼ਾਹਤ ਕਰਨ ਦੇ ਯਤਨ ਸ਼ੁਰੂ ਹੋਏ। ਵੈਟਰਨ ਅਥਲੀਟਾਂ ਲਈ ਚੈਂਪੀਅਨਸ਼ਿਪ ਮੁਕਾਬਲੇ ਉਧਰ 1968 ਵਿਚ ਸ਼ੁਰੂ ਕਰਵਾ ਦਿੱਤੇ ਗਏ। ਭਾਰਤ ਵਿਚ ਫਲਾਇੰਗ ਸਿੱਖ ਵਜੋਂ ਜਾਣੇ ਜਾਂਦੇ ਪੰਜਾਬੀ ਦੌੜਾਕ ਸ. ਮਿਲਖਾ ਸਿੰਘ ਨੇ 1979 ਵਿਚ ਵੈਟਰਨ ਅਥਲੈਟਿਕਸ ਦਾ ਆਰੰਭ ਕਰਵਾਇਆ। ਸਮੇਂ ਦੇ ਬੀਤਣ ਨਾਲ ਪੰਜਾਬ ਹੀ ਨਹੀਂ, ਦੇਸ਼ ਭਰ ਵਿਚ ਵਡੇਰੀ ਉਮਰ ਦੇ ਲੋਕਾਂ ਵਿਚ ਵੈਟਰਨ ਅਥਲੈਟਿਕਸ ਦਾ ਸ਼ੌਕ ਖੂਬ ਵਧਿਆ ਫੁਲਿਆ ਹੈ। ਖੰਨੇ ਦੇ ਕਹਾਣੀਕਾਰ/ਨਾਵਲਕਾਰ ਮੁਖਤਿਆਰ ਸਿੰਘ ਨੂੰ ਸਾਧਾਰਨ ਸੈਰ ਕਰਦੇ-ਕਰਦੇ ਨੂੰ ਮਿੱਤਰ ਸ. ਆਤਮਾ ਸਿੰਘ ਨੇ ਤੇਜ਼ ਤੋਰ ਕੇ ਵੈਟਰਨ ਮੁਕਾਬਲਿਆਂ ਦਾ ਸ਼ੌਕ ਲਗਾ ਦਿੱਤਾ। ਇਸ ਕਿਤਾਬ ਵਿਚ ਉਸ ਨੇ ਇਸ ਸ਼ੌਕ ਦੀਆਂ ਰੌਚਕ ਯਾਦਾਂ ਸਾਂਝੀਆਂ ਕੀਤੀਆਂ ਹਨ।

ਮੁਖਤਿਆਰ ਸਿੰਘ ਨੇ 2003 ਤੋਂ ਸ਼ੁਰੂ ਕਰਕੇ 14 ਸਾਲਾਂ ਵਿਚ ਵੈਟਰਨ ਅਥਲੀਟ ਦੇ ਰੂਪ ਵਿਚ ਚੰਗਾ ਨਾਮਣਾ ਖਟਿਆ ਹੈ। 2007 ਤੇ 2012 ਵਿਚ ਉਹ ਇਨ੍ਹਾਂ ਮੁਕਾਬਲਿਆਂ ਲਈ ਦੋ ਵਾਰ ਬੰਗਲੌਰ ਗਿਆ। ਮੁੰਬਈ, ਲਖਨਊ ਤੇ ਮੈਸੂਰ, ਪੂਨਾ ਤੇ ਪੁਡੂਚੇਰੀ, ਮਦਰਾਸ, ਕੰਨਿਆਕੁਮਾਰੀ, ਤ੍ਰਿਵੇਂਦਰਮ, ਮੰਗਲੌਰ, ਗੋਆ ਦੂਰ-ਦੂਰ ਤੱਕ ਜਾ ਕੇ ਤਗਮੇ ਲਏ। ਵੈਟਰਨ ਅਥਲੀਟਾਂ ਲਈ 75 ਫ਼ੀਸਦੀ ਕਨਸੈਸ਼ਨ, ਰਹਿਣ-ਬਹਿਣ ਦੇ ਇੰਤਜ਼ਾਮ, ਹੱਸਦੇ ਖੇਡਦੇ ਮਿੱਤਰਾਂ ਦਾ ਸਾਥ, ਇਸੇ ਮੌਜ ਮਸਤੀ ਵਿਚ ਮੁਖਤਿਆਰ ਸਿੰਘ ਨੇ ਲਗਪਗ ਸਾਰੇ ਭਾਰਤ ਦੀ ਯਾਤਰਾ ਕੀਤੀ ਹੈ, ਖ਼ਾਸ ਕਰਕੇ ਦੱਖਣੀ ਭਾਰਤ ਦੀ। ਉੱਤਰ, ਪੂਰਬ ਤੇ ਪੱਛਮ ਦੇ ਕੁਝ ਹਿੱਸੇ ਹੀ ਰਹਿ ਗਏ ਹਨ। ਦੱਖਣੀ ਭਾਰਤ ਦੀ ਵੈਟਰਨ ਅਥਲੀਟ ਵਜੋਂ ਕੀਤੀ ਯਾਤਰਾ ਦਾ ਇਹ ਦਿਲਚਸਪ ਸਫ਼ਰਨਾਮਾ ਉਤਸ਼ਾਹ ਤੇ ਪ੍ਰੇਰਨਾ ਜਗਾਉਂਦਾ ਹੈ।

– ਡਾ. ਕੁਲਦੀਪ ਸਿੰਘ ਧੀਰ

# ਗੋਡਿਆਂ ਦੇ ਦਰਦ ਤੋਂ ਘਬਰਾਉਣ ਦੀ ਲੋੜ ਨਹੀਂ

ਗੋਡਿਆਂ ਦਾ ਦਰਦ ਬੁਢਾਪੇ ਦੀ ਸਭ ਤੋਂ ਆਮ ਬਿਮਾਰੀ ਹੈ। ਇਕ ਰਿਪੋਰਟ ਮੁਤਾਬਕ 55 ਸਾਲ ਤੋਂ ਵੱਧ ਉਮਰ ਦੇ 60 ਫੀਸਦੀ ਲੋਕ ਇਸ ਦਰਦ ਤੋਂ ਪੀੜਤ ਹਨ। ਭਾਰਤ ਵਿਚ ਤਾਂ ਇਹ ਇਕ ਮਹਾਂਮਾਰੀ ਦੀ ਤਰ੍ਹਾਂ ਹੀ ਫੈਲ ਰਹੀ ਹੈ। ਇਸ ਪਿੱਛੇ ਕਈ ਕਾਰਨ ਹਨ, ਜਿਨ੍ਹਾਂ 'ਚੋਂ ਲੋਕਾਂ ਦੀਆਂ ਖਾਣੇ ਦੀਆਂ ਠੀਕ ਆਦਤਾਂ ਨਾ ਹੋਣਾ, ਕਸਰਤ ਦੀ ਘਾਟ, ਭਾਰ ਦਾ ਵਧਣਾ ਅਤੇ ਡਾਕਟਰ ਕੋਲ ਸਮੇਂ ਸਿਰ ਜਾਣ ਵਿਚ ਝਿਜਕ ਮਹਿਸੂਸ ਕਰਨਾ ਆਦਿ ਪ੍ਰਮੁੱਖ ਹਨ।

ਭਾਵੇਂ ਕਿ ਗੋਡਿਆਂ ਦੀ ਦਰਦ ਦੇ ਬਹੁਤ ਕਾਰਨ ਹਨ ਪਰ ਜ਼ਿਆਦਾਤਰ ਇਹ ਜੋੜਾਂ ਦੇ ਘਿਸਣ (ਔਸਟੀਓਆਰਥਰਾਈਟਸ) ਕਰਕੇ ਹੁੰਦਾ ਹੈ। ਉਮਰ ਵਧਣ ਨਾਲ ਜੋੜਾਂ ਦੀ ਗਰੀਸ ਘੱਟ ਜਾਂਦੀ ਹੈ। ਚਿਕਨਾਈ ਘਟਣ ਕਾਰਨ ਗੋਡਿਆਂ ਵਿਚ ਹੱਡੀਆਂ ਆਪਸ ਵਿਚ ਰਗੜ ਖਾਣ ਲੱਗ ਜਾਂਦੀਆਂ ਹਨ, ਜਿਸ ਕਰਕੇ ਦਰਦ ਅਤੇ ਸੋਜਿਸ਼ ਹੋਣ ਦੇ ਨਾਲ-ਨਾਲ ਜੋੜਾਂ 'ਚੋਂ ਪਟਾਕੇ ਚੱਲਣ ਦੀਆਂ ਆਵਾਜ਼ਾਂ ਵੀ ਆਉਣ ਲੱਗ ਪੈਂਦੀਆਂ ਹਨ। ਦਰਅਸਲ ਖੜ੍ਹਦਿਆਂ ਤੁਰਦਿਆਂ, ਦੌੜਦਿਆਂ ਅਤੇ ਜ਼ਮੀਨ 'ਤੇ ਬੈਠਦਿਆਂ ਸਾਡੇ ਗੋਡੇ ਹੀ ਸਰੀਰ ਦਾ ਸਭ ਤੋਂ ਵੱਧ ਭਾਰ ਝੱਲਦੇ ਹਨ। ਔਸਟੀਓਆਰਥਰਾਈਟਸ ਵਿਚ ਕੂਲੇ, ਮੋਢੇ, ਪਿੱਠ ਦਾ ਹੇਠਲਾ ਹਿੱਸਾ ਅਤੇ ਹੱਥਾਂ ਦੇ ਛੋਟੇ ਜੋੜ ਵੀ ਸ਼ਾਮਲ ਹੋ ਸਕਦੇ ਹਨ।

ਕਾਰਨ :-

* ਉਮਰ ਦਾ ਵਧਣਾ ਇਸ ਦੇ ਮੁੱਖ ਕਾਰਨਾਂ 'ਚੋਂ ਇਕ ਹੈ।
* ਮੋਟਾਪਾ ਵੀ ਇਕ ਸਮੱਸਿਆ ਹੈ।
* ਜ਼ਿਆਦਾ ਬੈਠਣ ਵਾਲਾ ਕੰਮ ਕਰਨ ਵਾਲੇ ਲੋਕ ਵੀ ਇਸ ਦਾ ਸ਼ਿਕਾਰ ਬਣਦੇ ਹਨ।
* ਪਿਤਾ-ਪੁਰਖੀ ਕਾਰਨਾਂ ਕਰਕੇ ਵੀ ਇਹ ਬਿਮਾਰੀ ਹੋ ਸਕਦੀ ਹੈ।
* ਔਰਤਾਂ ਵਿਚ ਹਾਰਮੋਨਾਂ ਦੇ ਵਿਗੜਨ ਕਾਰਨ ਵੀ ਸਮੱਸਿਆ ਆਉਂਦੀ ਹੈ।
* ਕਿਸੇ ਪਿਛਲੀ ਸੱਟ ਜਾਂ ਆਪਰੇਸ਼ਨ ਕਾਰਨ ਵੀ ਦਿੱਕਤ ਹੋ ਸਕਦੀ ਹੈ।
* ਮੈਡੀਕਲ ਸਮੱਸਿਆਵਾਂ ਹੋਣ ਕਰਕੇ ਵੀ ਪਰੇਸ਼ਾਨੀ ਹੋ ਸਕਦੀ ਹੈ।

ਲੱਛਣ :

ਸ਼ੁਰੂਆਤੀ ਦੌਰ ਵਿਚ ਦਰਦ ਸਹਿਣਯੋਗ ਹੁੰਦਾ ਹੈ, ਜਿਹੜਾ ਥੋੜ੍ਹਾ ਆਰਾਮ ਕਰਨ ਅਤੇ ਦਵਾਈ ਨਾਲ ਠੀਕ ਹੋ ਜਾਂਦਾ ਹੈ। ਮਰੀਜ਼ ਨੂੰ ਖੜ੍ਹਨ ਤੋਂ ਬੈਠਣ ਅਤੇ ਬੈਠਣ ਤੋਂ ਖੜ੍ਹਨ ਅਤੇ ਚੌਂਕੜੀ ਮਾਰਨ ਵਿਚ ਤਕਲੀਫ ਮਹਿਸੂਸ ਹੁੰਦੀ ਹੈ। ਸ਼ੁਰੂ ਵਿਚ ਇਹ ਦਰਦ ਗੋਡੇ ਦੇ ਅੰਦਰੂਨੀ ਭਾਗ ਵਿਚ ਹੁੰਦਾ ਹੈ ਜੋ ਬਾਅਦ ਵਿਚ ਬਾਹਰ ਨੂੰ ਫੈਲਣ ਲੱਗਦਾ ਹੈ। ਕੁਝ ਮਰੀਜ਼ਾਂ ਨੂੰ ਪੱਟਾਂ ਅਤੇ ਪਿੰਨੀਆਂ ਵਿਚ ਦਰਦ ਵੀ ਮਹਿਸੂਸ ਹੋਣ ਲੱਗਦਾ ਹੈ। ਆਖਰਲੀ ਸਟੇਜ 'ਤੇ ਜਾ ਕੇ ਤਾਂ ਇਹ



ਦਰਦ ਏਨਾ ਵੱਧ ਜਾਂਦਾ ਹੈ ਕਿ ਮਰੀਜ਼ ਦੀ ਸੁੱਤੇ ਪਏ ਦੀ ਦਰਦ ਨਾਲ ਜਾਗ ਖੁੱਲ੍ਹ ਜਾਂਦੀ ਹੈ। ਮਰੀਜ਼ ਨੂੰ ਫਿਰ ਦਰਦ ਨਿਵਾਰਕ ਦਵਾਈਆਂ ਨਾਲ ਵੀ ਫ਼ਰਕ ਨਹੀਂ ਪੈਂਦਾ ਅਤੇ ਇਸ ਸਟੇਜ ਵਿਚ ਆਮ ਤੌਰ 'ਤੇ ਮਰੀਜ਼ ਡਾਕਟਰ ਕੋਲ ਜਾਣ ਬਾਰੇ ਸੋਚਦੇ ਹਨ।

* ਸ਼ੁਰੂ ਦੀ ਸਟੇਜ ਵਿਚ ਗੋਡੇ ਦੇ ਜੋੜ ਵਿਚ ਆਈ ਸੋਜਿਸ਼ ਜੋੜ ਦੀ ਤਹਿ ਵਿਚ ਆਈ ਸੋਜਿਸ਼ ਕਾਰਨ ਹੁੰਦੀ ਹੈ। ਇਹ ਸਮੇਂ ਨਾਲ ਖ਼ਤਮ ਹੋ ਜਾਂਦੀ ਹੈ ਜੋ ਕਿ ਚੰਗਾ ਲੱਛਣ ਨਹੀਂ ਹੈ ਕਿਉਂਕਿ ਬਿਮਾਰੀ ਤਾਂ ਲਗਾਤਾਰ ਵਧ ਰਹੀ ਹੁੰਦੀ ਹੈ ਤੇ ਮਰੀਜ਼ ਅਵੇਸਲਾ ਹੋ ਜਾਂਦਾ ਹੈ। ਕਈ ਵਾਰ ਤਾਂ ਜੋੜ ਵਿਚ ਵਾਧੂ ਤਰਲ ਵੀ ਜਮ੍ਹਾਂ ਹੋ ਜਾਂਦਾ ਹੈ।
* ਤੁਰਨ-ਫਿਰਨ 'ਤੇ ਰਗੜ ਦਾ ਅਹਿਸਾਸ (ਪਟਾਕਿਆਂ ਦੀ ਆਵਾਜ਼), ਹੱਡੀਆਂ ਦੇ ਆਪਸ ਵਿਚ ਰਗੜਨ ਕਾਰਨ ਹੁੰਦੀ ਹੈ। ਗੋਡੇ ਦੀ ਹਿਲਜੁਲ ਵੇਲੇ ਕੋਈ ਵੀ ਇਸ ਨੂੰ ਆਪਣਾ ਹੱਥ ਰੱਖ ਕੇ ਮਹਿਸੂਸ ਕਰ ਸਕਦਾ ਹੈ।
* ਸ਼ੁਰੂ ਵਿਚ ਮਰੀਜ਼ ਲੰਗੜਾ ਕੇ ਚੱਲਦਾ ਹੈ ਤਾਂ ਜੋ ਗੋਡੇ 'ਤੇ ਘੱਟ ਭਾਰ ਪਾਇਆ ਜਾਵੇ ਪਰ ਬਾਅਦ ਵਿਚ ਇਹ ਜੋੜ ਦੇ ਟੇਢੇਪਨ ਕਰਕੇ ਹੋ ਜਾਂਦਾ ਹੈ।
* ਪਿੱਠ ਦੇ ਹੇਠਲੇ ਹਿੱਸੇ 'ਚ ਦਰਦ ਦੀ ਸ਼ਿਕਾਇਤ ਰੀੜ੍ਹ ਦੀ ਹੱਡੀ 'ਚ ਆਈਆਂ ਆਮ ਤਬਦੀਲੀਆਂ ਕਰਕੇ ਹੁੰਦੀ ਹੈ, ਕਿਉਂਕਿ ਮਰੀਜ਼ ਤੁਰਨ ਵੇਲੇ ਆਪਣੇ ਸਰੀਰ ਦਾ ਜ਼ਿਆਦਾ ਭਾਰ ਪਿੱਠ ਦੇ ਹੇਠਲੇ ਹਿੱਸੇ 'ਤੇ ਪਾਉਣ ਲੱਗਦਾ ਹੈ।
* ਹਿਲਜੁਲ ਦਾ ਘਟਣਾ, ਗੋਡਿਆਂ ਵਿਚ ਅਸਥਿਰਤਾ, ਮਾਸਪੇਸ਼ੀਆਂ ਦੀ ਕਮਜ਼ੋਰੀ, ਜਕੜਨ ਅਤੇ ਵਧੀਆ ਹੋਈਆਂ ਹੱਡੀਆਂ ਨੂੰ ਜੋੜ ਦੇ ਦੁਆਲੇ ਮਹਿਸੂਸ ਕਰਨਾ ਇਸ ਦੇ ਹੋਰ ਲੱਛਣ ਹਨ।

ਰੋਕਥਾਮ :

ਇਸ ਦੀ ਰੋਕਥਾਮ ਜ਼ਿਆਦਾ ਮੁਸ਼ਕਲ ਨਹੀਂ ਹੈ, ਬਸ

- ਡਾ. ਮਨੀਸ਼ ਬਾਂਸਲ

ਜ਼ਰੂਰਤ ਹੈ ਦ੍ਰਿੜ ਇਰਾਦੇ ਅਤੇ ਨਿਯਮਬੱਧਤਾ ਦੀ ਤਾਂ ਜੋ ਦੱਸੇ ਗਏ ਇਹਤਿਆਤ ਵਰਤੇ ਜਾ ਸਕਣ -

* ਜ਼ਮੀਨ 'ਤੇ ਨਾ ਬੈਠੋ।
* ਚੌਂਕੜੀ ਨਾ ਮਾਰੋ।
* ਉੱਚੀ ਅੱਡੀ ਦੀ ਜੁੱਤੀ ਨਾ ਪਹਿਨੋ, ਹਮੇਸ਼ਾ ਸਪੋਰਟਸ ਸ਼ੂ ਹੀ ਪਹਿਨੋ।
* ਰੋਜ਼ਾਨਾ ਦੀ ਸੈਰ 'ਚ ਨਾਗਾ ਨਾ ਪਾਓ।
* ਆਪਣੇ ਸਰੀਰ ਦੇ ਭਾਰ ਅਤੇ ਡਾਇਬਟੀਜ਼ ਆਦਿ 'ਤੇ ਕੰਟਰੋਲ ਰੱਖੋ।
* ਪੱਟਾਂ ਅਤੇ ਪਿੰਨੀਆਂ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਾਲੀਆਂ ਸਾਧਾਰਨ ਕਸਰਤਾਂ ਕਰੋ।
* ਮਾਮੂਲੀ ਦਰਦ ਜਾਂ ਅਸੁਵਿਧਾ ਸਮੇਂ ਡਾਕਟਰ ਦੀ ਸਲਾਹ ਲਓ।

ਇਲਾਜ :

ਕਸਰਤ ਸਮੇਤ ਚੱਲਦੇ ਸਮੇਂ ਕਿਸੇ ਸਹਾਰੇ ਆਦਿ ਦਾ ਇਸਤੇਮਾਲ, ਕੁਝ ਦਰਦ ਨਿਵਾਰਕ ਦਵਾਈਆਂ ਦਾ ਇਸਤੇਮਾਲ ਵੀ ਜੋੜਾਂ ਦੀ ਗ੍ਰੀਸ ਵਧਾਉਂਦਾ ਹੈ। ਹੁਣ ਤਾਂ ਮਾਰਕੀਟ 'ਚ ਟੀਕੇ ਦੇ ਰੂਪ ਵਿਚ ਦਵਾਈਆਂ ਵੀ ਮੁਹੱਈਆ ਹਨ ਜੋ ਸਿੱਧੇ ਗੋਡੇ 'ਚ ਦਿੱਤੇ ਜਾਂਦੇ ਹਨ ਅਤੇ ਗ੍ਰੀਸ ਪੈਦਾ ਕਰਦੇ ਹਨ ਪਰ ਇਹ ਡਾਕਟਰ ਦੀ ਸਲਾਹ 'ਤੇ ਹੀ ਦੇਣੇ ਚਾਹੀਦੇ ਹਨ। ਸਟੀਰਾਇਡ ਟੀਕਿਆਂ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਹ ਅਸਥਾਈ ਤੌਰ 'ਤੇ ਤਾਂ ਦਰਦ ਤੋਂ ਆਰਾਮ ਦੇ ਦਿੰਦੇ ਹਨ ਪਰ ਨੁਕਸਾਨ ਵੱਧ ਕਰਦੇ ਹਨ।

ਫਿਰ ਅੰਤ ਵਿਚ ਇਕੋ ਇਕ ਰਸਤਾ ਬਚਦਾ ਹੈ ਉਹ ਹੈ ਪੂਰੇ ਗੋਡੇ ਦਾ ਬਦਲਣਾ। ਦਰਅਸਲ ਇਹ ਗੋਡੇ ਦਾ ਬਦਲਣਾ ਨਹੀਂ ਹੁੰਦਾ ਸਗੋਂ ਘਸੇ ਜੋੜ ਨੂੰ ਸਾਫ ਕਰਕੇ ਨਵੀਂ ਪਰਤ ਚੜ੍ਹਾ ਦਿੱਤੀ ਜਾਂਦੀ ਹੈ ਤਾਂ ਜੋ ਹੱਡੀਆਂ ਆਪਸ ਵਿਚ ਰਗੜ ਨਾ ਖਾਣ। ਇਸ ਆਪਰੇਸ਼ਨ ਨਾਲ ਮਰੀਜ਼ ਨੂੰ ਦਰਦ 'ਚ ਇਕਦਮ ਨਿਜਾਤ ਮਿਲਦੀ ਹੈ ਅਤੇ ਕੁਝ ਕੁ ਦਿਨਾਂ ਬਾਅਦ ਤਾਂ ਦਰਦ ਬਿਲਕੁਲ ਠੀਕ ਹੋ ਜਾਂਦਾ ਹੈ। ਮਰੀਜ਼ ਨੂੰ ਆਪਰੇਸ਼ਨ ਤੋਂ 48 ਘੰਟੇ ਬਾਅਦ ਹੀ ਕਿਸੇ ਸਹਾਰੇ ਨਾਲ ਤੋਰ ਦਿੱਤਾ ਜਾਂਦਾ ਹੈ। ਇਸ ਨਾਲ ਮਰੀਜ਼ ਦੀ ਜ਼ਿੰਦਗੀ 'ਚ ਕਾਫੀ ਚੰਗਾ ਬਦਲਾਅ ਆਉਂਦਾ ਹੈ। ਤਕਨੀਕ ਦੀ ਉੱਨਤੀ ਅਤੇ ਡਾਕਟਰ ਦੀ ਕੁਸ਼ਲਤਾ ਨਾਲ ਵਧੀਆ ਨਤੀਜੇ ਆਉਣ ਦੀ ਕਾਫੀ ਸੰਭਾਵਨਾ ਹੈ।

# ਸਿਹਤ ਲਈ ਬਹੁਤ ਲਾਭਦਾਇਕ ਹੈ ਸਰ੍ਹੋਂ ਦਾ ਤੇਲ

ਸਰ੍ਹੋਂ ਦੇ ਤੇਲ ਦੀ ਅਸੀਂ ਖਾਧ ਪਦਾਰਥ ਦੇ ਰੂਪ ਵਿਚ ਵਰਤੋਂ ਤਾਂ ਕਰਦੇ ਹੀ ਹਾਂ, ਇਹ ਸਾਡੀਆਂ ਬਹੁਤ ਸਾਰੀਆਂ ਸਿਹਤ ਅਤੇ ਸੁੰਦਰਤਾ ਸਮੱਸਿਆਵਾਂ ਪ੍ਰਤੀ ਔਸ਼ਧੀ ਦਾ ਕੰਮ ਵੀ ਕਰਦਾ ਹੈ।

ਸਰ੍ਹੋਂ ਦਾ ਤੇਲ ਸਾਡੀ ਚਮੜੀ ਲਈ ਬਹੁਤ ਲਾਭਦਾਇਕ ਹੈ। ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰਨ ਨਾਲ ਸਾਡੀ ਚਮੜੀ ਵਿਚ ਨਿਖਾਰ ਆਉਂਦਾ ਹੈ ਅਤੇ ਸਰੀਰ 'ਤੇ ਪਏ ਹੋਏ ਕਾਲੇ ਧੱਬੇ ਘੱਟ ਹੁੰਦੇ ਹਨ। ਨਿਯਮਤ ਮਾਲਿਸ਼ ਕਰਨ ਨਾਲ ਚਰਬੀ ਘਟਦੀ ਹੈ ਅਤੇ ਚਮੜੀ ਤੰਦਰੁਸਤ ਹੋ ਕੇ ਉਸ ਵਿਚ ਨਿਖਾਰ ਆਉਂਦਾ ਹੈ ਅਤੇ ਚਮੜੀ ਦੀ ਚਮਕ ਅਤੇ ਆਕਰਸ਼ਣ ਵਧਦਾ ਹੈ।

ਮਾਲਿਸ਼ : ਸਰੀਰ 'ਤੇ ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰਨ ਨਾਲ ਸਰੀਰ ਦੇ ਅੰਦਰੋਂ ਹਾਨੀਕਾਰਕ ਜੀਵਾਣੂਆਂ ਦਾ ਨਾਸ਼ ਹੁੰਦਾ ਹੈ ਅਤੇ ਚਮੜੀ ਦੇ ਅੰਦਰ ਖੂਨ ਸੰਚਾਰ ਵੀ ਠੀਕ ਰਹਿੰਦਾ ਹੈ। ਤੇਲ ਦੀ ਮਾਲਿਸ਼ ਕਰਨ ਨਾਲ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਇਨ੍ਹਾਂ ਦੀ ਥਕਾਨ ਅਤੇ ਆਲਸ ਵੀ ਦੂਰ ਹੁੰਦਾ ਹੈ। ਸਰੀਰ ਵਿਚ ਚੁਸਤੀ-ਫੁਰਤੀ ਅਤੇ ਤਾਜ਼ਗੀ ਮਹਿਸੂਸ ਹੁੰਦੀ ਹੈ।

ਜ਼ਿਆਦਾ ਥਕਾਨ ਹੋਣ 'ਤੇ ਪੈਰਾਂ ਦੀਆਂ ਤਲੀਆਂ 'ਤੇ ਵੀ ਤੇਲ ਦੀ ਮਾਲਿਸ਼ ਕਰਨ ਨਾਲ ਥਕਾਨ ਦੂਰ ਹੁੰਦੀ ਹੈ, ਨੀਂਦ ਚੰਗੀ ਆਉਂਦੀ ਹੈ, ਪੈਰਾਂ ਦਾ ਫਟਣਾ ਵੀ ਬੰਦ ਹੋ ਜਾਂਦਾ ਹੈ ਅਤੇ ਅੱਖਾਂ ਦੀ ਰੌਸ਼ਨੀ ਵੀ ਵਧਦੀ ਹੈ। ਹਫ਼ਤੇ ਵਿਚ ਇਕ ਵਾਰ ਮੌਸਮ ਅਨੁਸਾਰ ਸਰ੍ਹੋਂ ਦੇ ਤੇਲ ਨਾਲ ਸਰੀਰ ਦੀ ਮਾਲਿਸ਼ ਆਪ ਕਰੋ ਜਾਂ



ਕਰਵਾਓ।

ਹਰ ਰੋਜ਼ ਸਰ੍ਹੋਂ ਦਾ ਤੇਲ ਸਿਰ 'ਤੇ ਲਗਾਉਣ ਨਾਲ ਨੀਂਦ ਚੰਗੀ ਆਉਂਦੀ ਹੈ, ਨਾਲ ਹੀ ਵਾਲ ਵੀ ਜਲਦੀ ਸਫੈਦ ਨਹੀਂ ਹੁੰਦੇ।

ਸਰ੍ਹੋਂ ਦੇ ਤੇਲ ਵਿਚ ਬਰਾਬਰ ਮਾਤਰਾ ਵਿਚ ਨਿੰਬੂ ਦਾ ਰਸ ਮਿਲਾ ਕੇ ਵਾਲਾਂ ਵਿਚ ਲਗਾਉਣ ਨਾਲ ਜੂੰਆਂ ਨਸ਼ਟ ਹੁੰਦੀਆਂ ਹਨ।

ਮਜ਼ਬੂਤ ਅਤੇ ਸਾਫ ਦੰਦਾਂ ਲਈ ਸਰ੍ਹੋਂ ਦੇ ਤੇਲ ਵਿਚ ਥੋੜ੍ਹਾ ਨਮਕ ਮਿਲਾ ਕੇ ਦੰਦਾਂ-ਮਸੂੜਿਆਂ 'ਤੇ ਮਲਣ ਨਾਲ ਲਾਭ ਹੁੰਦਾ ਹੈ। ਮਸੂੜਿਆਂ ਦਾ ਫੁੱਲਣਾ ਵੀ ਠੀਕ ਹੁੰਦਾ ਹੈ।

ਸਰ੍ਹੋਂ ਦੇ ਤੇਲ ਨਾਲ ਪੇਟ ਦੀ ਮਾਲਿਸ਼ ਕਰਨ ਨਾਲ ਕਬਜ਼ ਦੂਰ ਹੁੰਦੀ ਹੈ।

ਜੋੜਾਂ ਦਾ ਦਰਦ ਹੋਣ 'ਤੇ ਜੋੜਾਂ 'ਤੇ ਗਰਮ ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰਨ ਨਾਲ ਲਾਭ ਹੁੰਦਾ ਹੈ। ਧਿਆਨ ਰੱਖੋ ਕਿ ਮਾਲਿਸ਼ ਕਰਾਉਣ ਦੇ ਇਕਦਮ ਬਾਅਦ ਇਸ਼ਨਾਨ ਨਾ ਕਰੋ। ਘੱਟ ਤੋਂ ਘੱਟ ਅੱਧੇ ਘੰਟੇ ਦੇ ਫਰਕ ਨਾਲ ਇਸ਼ਨਾਨ ਕਰੋ। ਹਰ ਰੋਜ਼ ਪੂਰੇ ਸਰੀਰ ਦੇ ਮਾਲਿਸ਼ ਕਰਨ ਜਾਂ ਕਰਵਾਉਣ ਨਾਲ ਲਾਭ ਮਿਲਦਾ ਹੈ।

ਜੇ ਬੱਚੇ ਨੂੰ ਰੇਸ਼ਾ ਦੀ ਸਮੱਸਿਆ ਜਾਂ ਸਾਹ ਲੈਣ ਦੀ ਸਮੱਸਿਆ ਹੋਵੇ ਤਾਂ ਸਰ੍ਹੋਂ ਦੇ ਤੇਲ ਵਿਚ ਸੇਂਧਾ ਨਮਕ ਮਿਲਾ ਕੇ ਸੀਨੇ 'ਤੇ ਹਲਕੇ ਹੱਥਾਂ ਨਾਲ ਮਾਲਿਸ਼ ਕਰਨ ਨਾਲ ਲਾਭ ਮਿਲਦਾ ਹੈ।

-ਨੀਤੂ ਗੁਪਤਾ

ਸਰੀਰ ਦੇ ਕਿਸੇ ਵੀ ਭਾਗ 'ਤੇ ਕੱਟ ਪੈ ਜਾਣ 'ਤੇ ਨਹਾਉਣ ਤੋਂ ਪਹਿਲਾਂ ਉਸ 'ਤੇ ਥੋੜ੍ਹਾ ਜਿਹਾ ਤੇਲ ਲਗਾ ਦੇਣ ਨਾਲ ਕੱਟੇ ਹੋਏ ਹਿੱਸੇ 'ਤੇ ਪਾਣੀ ਪ੍ਰਭਾਵ ਨਹੀਂ ਪਾਉਂਦਾ ਅਤੇ ਇਨਫੈਕਸ਼ਨ ਤੋਂ ਵੀ ਬਚਾਅ ਹੁੰਦਾ ਹੈ।

ਧੁੰਨੀ 'ਤੇ ਨਹਾਉਣ ਤੋਂ ਪਹਿਲਾਂ ਸਰ੍ਹੋਂ ਦਾ ਤੇਲ ਲਗਾਉਣ ਨਾਲ ਬੁੱਲ੍ਹ ਨਹੀਂ ਫਟਦੇ।

ਸਰੀਰ ਦੇ ਕਿਸੇ ਹਿੱਸੇ ਦੇ ਜਲ ਜਾਣ 'ਤੇ ਸਰ੍ਹੋਂ ਦਾ ਤੇਲ ਲਗਾਉਣ ਨਾਲ ਛਾਲੇ ਨਹੀਂ ਪੈਂਦੇ।

ਕੁਝ ਸਾਵਧਾਨੀਆਂ : ਸਰ੍ਹੋਂ ਦਾ ਤੇਲ ਕਦੇ ਵੀ ਖੁੱਲ੍ਹਾ ਨਾ ਖਰੀਦੋ। ਹਮੇਸ਼ਾ ਸੀਲਬੰਦ ਤੇਲ ਹੀ ਖਰੀਦੋ। ਡੱਬੇ ਜਾਂ ਬੋਤਲ 'ਤੇ 'ਐਗਮਾਰਕ' ਦਾ ਨਿਸ਼ਾਨ ਜ਼ਰੂਰ ਦੇਖ ਕੇ ਖਰੀਦੋ। ਲੋਕਲ ਖੁੱਲ੍ਹੇ ਤੇਲ ਵਿਚ ਮਿਲਾਵਟ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਜੋ ਲਾਭ ਦੀ ਬਜਾਏ ਨੁਕਸਾਨ ਪਹੁੰਚਾਉਂਦਾ ਹੈ ?

ਪਿਤ ਪ੍ਰਕਿਰਤੀ ਵਾਲੇ ਲੋਕਾਂ ਨੂੰ ਸਰ੍ਹੋਂ ਦਾ ਸਾਗ ਅਤੇ ਸਰ੍ਹੋਂ ਦੇ ਤੇਲ ਦਾ ਸੇਵਨ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹ ਪਿਤ ਨੂੰ ਵਧਾਉਂਦਾ ਹੈ।

## ਭਾਰਤ ਨੂੰ ਅਥਲੈਟਿਕਸ 'ਚ ਸੱਤ ਗੋਲਡ ਮਿਲੇ, 2014 ਚੈਂਪੀਅਨ ਗੇਮਜ਼ 'ਚ ਜਿੱਤੇ ਸਨ ਕੇਵਲ ਦੋ ਹੀ ਗੋਲਡ

# ਅਥਲੈਟਿਕਸ 'ਚ ਜਿੱਤੇ ਸਭ ਤੋਂ ਵੱਧ 19 ਮੈਡਲ, 5 ਗੋਲਡ ਵਧੇ; ਸਭ ਤੋਂ ਜ਼ਿਆਦਾ 18 ਖੇਡਾਂ 'ਚ ਮੈਡਲ ਜਿੱਤਣ ਦਾ ਵੀ ਰਿਕਾਰਡ

## ਮੀਂਹ ਵਿਚ ਹੋਇਆ ਸਮਾਪਤੀ ਸਮਾਰੋਹ, ਅਗਲੀਆਂ ਖੇਡਾਂ ਹਾਂਗਕਾਂਗ 'ਚ

### ਭਾਰਤ ਨੇ 18ਵੇਂ ਗੇਮਜ਼ 'ਚ 15 ਗੋਡਲ ਮੈਡਲ ਨਾਲ 69 ਮੈਡਲ ਜਿੱਤੇ

**ਜਕਾਰਤਾ :** ਭਾਰਤੀ ਖਿਡਾਰੀਆਂ ਨੇ 18ਵੀਆਂ ਏਸ਼ੀਅਨ ਖੇਡਾਂ 'ਚ 15 ਗੋਲਡ ਦੇ ਨਾਲ 69 ਮੈਡਲ ਜਿੱਤੇ ਹਨ। ਇਹ ਸਾਡਾ ਹੁਣ ਤਕ ਦਾ ਬਿਹਤਰੀਨ ਪ੍ਰਦਰਸ਼ਨ ਹੈ। ਐਥਲੈਟਿਕਸ ਵਿਚ ਦਸ ਵਾਰ ਸਭ ਤੋਂ ਜ਼ਿਆਦਾ 7 ਗੋਲਡ ਸਮੇਤ 19 ਮੈਡਲ ਮਿਲੇ। 2014 ਇਚੀਯੋਨ 'ਚ ਸਾਨੂੰ ਕੇਵਲ 2 ਗੋਲਡ ਦੇ ਨਾਲ 13 ਮੈਡਲ ਮਿਲੇ ਸਨ। ਇਸ ਖੇਡ 'ਚ ਸਾਡੇ ਗੋਲਡ 3.5 ਗੁਣਾ ਵਧੇ ਹਨ। ਸਾਡੇ ਖਿਡਾਰੀਆਂ ਨੇ ਸਭ ਤੋਂ ਵੱਧ 18 ਖੇਡਾਂ 'ਚ ਮੈਡਲ ਜਿੱਤਣ ਦੇ ਰਿਕਾਰਡਾਂ ਦੀ ਬਰਾਬਰੀ ਵੀ। 2006 'ਚ ਵੀ ਅਸੀਂ ਇੰਨੀਆਂ ਹੀ ਖੇਡਾਂ 'ਚ ਮੈਡਲ ਜਿੱਤੇ ਸਨ। 21 ਖੇਡਾਂ ਦੇ 212 ਖਿਡਾਰੀ ਕੋਈ ਮੈਡਲ ਨਹੀਂ ਜਿੱਤ ਸਕੇ। ਦੂਸਰੇ ਪਾਸੇ ਪੁਰਸ਼ ਕਬੱਡੀ ਟੀਮ ਨੇ ਖੇਡਾਂ ਤੋਂ ਪਹਿਲਾਂ ਸਾਰੇ ਸੱਤ ਗੋਲਡ ਅਤੇ ਮਹਿਲਾ ਟੀਮ ਨੇ ਸਾਰੇ ਦੋ ਗੋਲਡ ਜਿੱਤੇ ਸਨ। ਪਰ ਉਥੇ ਹੀ ਪੁਰਸ਼ ਟੀਮ ਨੂੰ ਕਾਂਸੀ ਅਤੇ ਮਹਿਲਾ ਟੀਮ ਨੂੰ ਚਾਂਦੀ ਦੇ ਤਗਮੇ ਮਿਲੇ। ਸੁਸ਼ੀਲ ਕੁਮਾਰ ਸਮੇਤ ਸਟਾਰ ਫੇਲ੍ਹ ਰਹੇ।



### ਉਨ੍ਹਾਂ ਪੰਜ ਖੇਡਾਂ 'ਚ ਜਿੱਤੇ ਮੈਡਲ ਜਿਨ੍ਹਾਂ 'ਚ ਨਹੀਂ ਖੁੱਲ੍ਹਿਆ ਸੀ ਖਾਤਾ

- ਟੇਬਲ ਟੈਨਿਸ 60 ਸਾਲ 'ਚ ਏਸ਼ੀਅਨ ਖੇਡਾਂ 'ਚ ਸ਼ਾਮਿਲ ਹੈ। ਪਰ ਅਸੀਂ ਪਹਿਲੀ ਵਾਰ ਮੈਡਲ ਜਿੱਤ ਸਕੇ। ਦੋ ਬਰੋਨਜ਼ ਮਿਲੇ।
- 28 ਸਾਲ ਤੋਂ ਸੇਪਕ ਟਕਰਾ-ਵੁਸ਼ੂ 'ਚ ਖੇਡੇ ਜਾ ਰਹੇ ਹਨ। ਵੁਸ਼ੂ 'ਚ 4, ਸੇਪਕ ਟਕਰਾ 'ਚ 1 ਬਰੋਨਜ਼।
- ਪਹਿਲੀ ਵਾਰ ਸ਼ਾਮਿਲ ਬ੍ਰਿਜ (ਤਾਸ਼ ਦਾ ਖੇਡ) 'ਚ ਇਕ ਗੋਡਲ, 2 ਬਰੋਨਜ਼ ਜਦਕਿ ਕੁਰਾਸ਼ 'ਚ ਇਕ ਸਿਲਵਰ, ਇਕ ਬਰੋਨਜ਼ ਮਿਲਿਆ।

### ਚਾਰ ਕੈਟੇਗਰੀ 'ਚ ਵੀ ਮਿਲੇ ਮੈਡਲ

- ਮਹਿਲਾ ਬੈਡਮਿਟਨ 'ਚ ਸਿੰਗਲਜ਼ 'ਚ ਸਿੰਧੂ ਨੂੰ ਸਿਲਵਰ ਅਤੇ ਸਾਈਨਾ ਨੂੰ ਬਰੋਨਜ਼ ਮਿਲਿਆ।
- ਬਿਨੇਸ਼ ਫੋਗਾਟ ਨੂੰ ਕੁਸ਼ਤੀ 'ਚ ਗੋਲਡ ਮਿਲਿਆ। ਉਹ ਅਜਿਹਾ ਕਰਨ ਵਾਲੀ ਪਹਿਲੀ ਮਹਿਲਾ ਖਿਡਾਰੀ।
- ਅਥਲੈਟਿਕਸ 'ਚ ਹੇਪਟਾਥਲਰਨ 'ਚ ਸਵਪਨਾ ਬਰਮਨ (ਗੋਲਡ) ਨੇ ਪਹਿਲੀ ਵਾਰ ਮੈਡਲ ਜਿੱਤਿਆ।
- ਪਹਿਲੀ ਵਾਰ ਲਾਈਟ ਪਲਾਈਵੇਟ ਕੇਟੈਗਰੀ 'ਚ ਅਮਿਤ ਪੰਘਾਲ (49 ਕਿ: ਗ੍ਰ:) ਨੂੰ ਗੋਲਡ।

### ਸ਼ਾਟ ਪੁਟ ਚ ਗੇਮਜ਼ ਰਿਕਾਰਡ

- ਤੇਜਿੰਦਰ ਤੂਰ ਨੇ ਸ਼ਾਟ ਪੁਟ 'ਚ 20.75 ਮੀਟਰ ਨਾਲ ਗੇਮਜ਼ ਰਿਕਾਰਡ ਬਣਾਇਆ।
- ਪੁਰਸ਼ ਹਾਕੀ ਟੀਮ ਨੇ ਹਾਂਗਕਾਂਗ ਨੂੰ 26-0 ਨਾਲ ਹਰਾਇਆ। ਸਭ ਤੋਂ ਵੱਧ ਗੋਲਡ ਨਾਲ ਜਿੱਤਣ ਦਾ ਰਿਕਾਰਡ।
- ਧਰੂਣ ਅਯਾਸਮੀ, ਹਿਨਾ ਦਾਸ ਅਤੇ ਨੀਰਜ ਚੋਪੜਾ ਨੂੰ ਨੈਸ਼ਨਲ ਰਿਕਾਰਡ ਨਾਲ ਮੈਡਲ।

### ਹਾਕੀ : ਗੇਮਜ਼ 'ਚ ਬਣਿਆ 314 ਗੋਲ ਦਾ ਵਿਸ਼ਵ ਰਿਕਾਰਡ

ਪੁਰਸ਼ ਹਾਕੀ ਟੂਰਨਾਮੈਂਟ 'ਚ ਕੁੱਲ 314 ਗੋਲਡ ਮਿਲੇ। ਇਹ ਇਕ ਟੂਰਨਾਮੈਂਟ 'ਚ ਸਭ ਤੋਂ ਜ਼ਿਆਦਾ ਗੋਲ ਦਾ ਵਿਸ਼ਵ ਰਿਕਾਰਡ ਹੈ। ਇਸ ਤੋਂ ਪਹਿਲਾਂ 2002 'ਚ ਕੁਆਲਾਲੰਪੁਰ 'ਚ ਕਰਵਾਏ ਪੁਰਸ਼ ਹਾਕੀ ਵਰਲਡ ਕੱਪ 'ਚ 300 ਗੋਲਡ ਮਿਲੇ ਸਨ। ਭਾਰਤ ਦੇ ਪੁਰਸ਼ ਹਾਕੀ ਟੀਮ ਨੇ ਟੂਰਨਾਮੈਂਟ 'ਚ ਸਭ ਤੋਂ ਵੱਧ 80 ਗੋਲ ਕਰਨ ਦਾ ਵੀ ਰਿਕਾਰਡ ਬਣਾਇਆ। ਟੂਰਨਾਮੈਂਟ 'ਚ ਦੱਖਣੀ ਕੋਰੀਆ ਦੇ ਜਾਂਗ ਯੋਗਯੁਨ ਨੇ ਸਭ ਤੋਂ ਵੱਧ 15 ਗੋਲ ਕੀਤੇ।



### ਗੋਲ ਦਾ ਵਿਸ਼ਵ ਰਿਕਾਰਡ

ਪੁਰਸ਼ ਹਾਕੀ ਟੂਰਨਾਮੈਂਟ 'ਚ ਕੁੱਲ 314 ਗੋਲਡ ਮਿਲੇ। ਇਹ ਇਕ ਟੂਰਨਾਮੈਂਟ 'ਚ ਸਭ ਤੋਂ ਜ਼ਿਆਦਾ ਗੋਲ ਦਾ ਵਿਸ਼ਵ ਰਿਕਾਰਡ ਹੈ। ਇਸ ਤੋਂ ਪਹਿਲਾਂ 2002 'ਚ ਕੁਆਲਾਲੰਪੁਰ 'ਚ ਕਰਵਾਏ ਪੁਰਸ਼ ਹਾਕੀ ਵਰਲਡ ਕੱਪ 'ਚ 300 ਗੋਲਡ ਮਿਲੇ ਸਨ। ਭਾਰਤ ਦੇ ਪੁਰਸ਼ ਹਾਕੀ ਟੀਮ ਨੇ ਟੂਰਨਾਮੈਂਟ 'ਚ ਸਭ ਤੋਂ ਵੱਧ 80 ਗੋਲ ਕਰਨ ਦਾ ਵੀ ਰਿਕਾਰਡ ਬਣਾਇਆ। ਟੂਰਨਾਮੈਂਟ 'ਚ ਦੱਖਣੀ ਕੋਰੀਆ ਦੇ ਜਾਂਗ ਯੋਗਯੁਨ ਨੇ ਸਭ ਤੋਂ ਵੱਧ 15 ਗੋਲ ਕੀਤੇ।

### 8 ਮੈਡਲ ਜਿੱਤਣ ਵਾਲੀ ਰਿਕਾਕੋ ਮੋਸਟ ਵੈਲਯੂਏਬਲ ਪਲੇਅਰ

ਜਾਪਾਨ ਦੀ 15 ਸਾਲ ਦੀ ਸਵੀਮਰ ਰਿਕਾਕੋ ਈਕੋ ਛੇ ਗੋਲਡ ਜਿੱਤਣ ਦੇ ਬਦੌਲਤ ਗੇਮਜ਼ ਦੀ ਮੋਸਟ ਵੈਲਯੂਏਬਲ ਪਲੇਅਰ ਚੁਣੀ ਗਈ।

### ਮਿਵਰਡ ਟਰਾਏਲਥਾਨ : ਖੇਡਾਂ ਦਾ ਆਖ਼ਰੀ ਗੋਲਡ ਜਮਾਨ ਦੀ ਟੀਮ ਨੂੰ

ਜਕਾਰਤਾ : 18ਵੇਂ ਏਸ਼ੀਅਨ ਗੇਮਜ਼ ਦੇ ਆਖ਼ਰੀ ਈਵੇਟ ਮਿਵਰਡ ਟਰਾਏਲਥਾਨ 'ਚ ਜਪਾਨ ਨੂੰ ਗੋਲਡ ਮੈਡਲ ਮਿਲਿਆ। ਜਪਾਨ ਨੂੰ ਮਿਵਰਡ ਟਰਾਏਲਥਾਨ ਟੀਮ ਸਾਤੋ ਯੁਕਾ, ਤਾਕਾਹਾਸ਼ੀ ਯੁਕੋ, ਫੁਰੁਵਾ ਜਮਪੇਈ ਅਤੇ ਹੋਸੇਦਾ ਯੁਡਚੀ ਨੇ ਇਕ ਘੰਟਾ 30 ਮਿੰਟ 39 ਸੈਕੰਡ ਦਾ ਸਮਾਂ ਲੈ ਕੇ ਗੋਲਡ ਆਪਣੇ ਨਾਮ ਕੀਤਾ। ਯੁਨਾਈਟੇਡ ਕੋਰੀਆ (1:32:51) ਨੂੰ ਸਿਲਵਰ ਅਤੇ ਹਾਂਗਕਾਂਗ (1:33:04) ਨੂੰ ਬਰੋਨਜ਼ ਮੈਡਲ ਮਿਲਿਆ।



# DASHMESH TIRE & LUBE

All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales
vehicle inspection by certified machines
ਲੌਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.

# ਮੁਲਾਕਾਤ Productions

ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4

# WILDROSE MASONARY & STONE WORKS

Commertial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4

# STP ELECTRIC LTD.

stpelectric@hotmail.com
Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# A & K INSULATION & DRYWALL LTD.

Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੂਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192

# HARRY`S EXCAVATING

PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

# Moga Painting Company

Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# NEW WAY Stucco Ltd.

Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Super Visa Insurance

Life, Critical Illness, Accident
& Sickness and Health product
Serving community for 18 years
ਪਿਛਲੇ 18 ਸਾਲ ਤੋਂ ਇੰਸ਼ੋਰੈਂਸ ਦੀ ਦੁਨੀਆ ਵਿਚ ਇਕ ਭਰੋਸੇਯੋਗ ਨਾਮ ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
JASVIR DEOL
780-906-4497
jdeol@deolinsurance.com

ਸੱਤਾ ਦੇ ਦੰਦ

ਮਹਾਂਰਾਸ਼ਟਰ ਪੁਲੀਸ ਵੱਲੋਂ ਪੰਜ ਬੁੱਧੀਜੀਵੀਆਂ ਨੂੰ 'ਸ਼ਹਿਰੀ ਨਕਸਲੀ' ਦਾ ਦੋਸ਼ ਲਗਾ ਕੇ ਗ੍ਰਿਫ਼ਤਾਰ ਕੀਤੇ ਜਾਣ ਬਾਰੇ ਬੁੱਕਰ ਇਨਾਮ ਜੇਤੂ ਲੇਖਿਕਾ ਦਾ ਪ੍ਰਤੀਕਰਮ

# ਮੇਰਾ ਨਾਂਅ ਅਰੁੰਧਤੀ ਰਾਏ ਹੈ, ਮੈਂ ਵੀ ਸ਼ਹਿਰੀ ਨਕਸਲੀ ਹਾਂ

– ਅਰੁੰਧਤੀ ਰਾਏ

30 ਅਗਸਤ 2018 ਦੀਆਂ ਅਖ਼ਬਾਰਾਂ ਨੇ ਉਹ ਚੀਜ਼ ਤੈਅ ਕਰ ਦਿੱਤੀ, ਜਿਸ ਨੂੰ ਲੈ ਕੇ ਅਸੀਂ ਕੁੱਝ ਸਮੇਂ ਤੋਂ ਬਹਿਸ ਕਰਦੇ ਆ ਰਹੇ ਹਾਂ। 'ਇੰਡੀਅਨ ਐਕਸਪ੍ਰੈੱਸ' ਦੀ ਮੁੱਖ ਸਫ਼ੇ ਦੀ ਰਿਪੋਰਟ ਕਹਿੰਦੀ ਹੈ, "ਪੁਲੀਸ ਅਦਾਲਤ ਨੂੰ ਸੰਬੋਧਤ ਹੋ ਕੇ : ਜਿਨ੍ਹਾਂ ਨੂੰ ਫੜਿਆ ਗਿਆ ਹੈ, ਇਹ ਸਰਕਾਰ ਨੂੰ ਉਲਟਾਉਣ ਲਈ ਬਣਾਏ 'ਫਾਸ਼ੀਵਾਦ ਵਿਰੋਧੀ ਫ਼ਰੰਟ' ਦੀ ਸਾਜ਼ਿਸ਼ ਦਾ ਹਿੱਸਾ ਹਨ"। ਹੁਣ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਹੋਣਾ ਚਾਹੀਦਾ ਹੈ ਕਿ ਸਾਡਾ ਸਾਹਮਣਾ ਇਕ ਐਸੇ ਨਿਜ਼ਾਮ ਨਾਲ ਹੈ, ਜਿਸ ਨੂੰ ਇਸ ਦੀ ਆਪਣੀ ਹੀ ਪੁਲੀਸ ਫਾਸ਼ੀਵਾਦੀ ਕਹਿ ਰਹੀ ਹੈ। ਅੱਜ ਦੇ ਭਾਰਤ ਵਿਚ ਘੱਟ ਗਿਣਤੀ ਨਾਲ ਸਬੰਧਤ ਹੋਣਾ ਜੁਰਮ ਹੈ। ਕਤਲ ਹੋ ਜਾਣਾ ਜੁਰਮ ਹੈ। ਹਜੂਮੀ ਕਾਤਲਾਂ ਹੱਥੋਂ ਕਤਲ ਹੋਣਾ ਜੁਰਮ ਹੈ। ਗ਼ਰੀਬ ਹੋਣਾ ਜੁਰਮ ਹੈ। ਗ਼ਰੀਬਾਂ ਦੇ ਹੱਕ ਵਿਚ ਖੜ੍ਹਨਾ ਸਰਕਾਰ ਨੂੰ ਉਲਟਾਉਣਾ ਹੈ।

ਜਦੋਂ ਪੁਣੇ ਪੁਲੀਸ ਨੇ ਪੂਰੇ ਮੁਲਕ ਵਿਚ ਜਾਣੇ-ਪਛਾਣੇ ਕਾਰਕੁਨਾਂ, ਕਵੀਆਂ, ਵਕੀਲਾਂ ਅਤੇ ਈਸਾਈ ਪਾਦਰੀਆਂ ਦੇ ਘਰਾਂ ਵਿਚ ਇਕੋ ਸਮੇਂ ਛਾਪੇ ਮਾਰੇ ਅਤੇ ਨਾਗਰਿਕ ਹੱਕਾਂ ਦੇ ਕੱਦਾਵਰ ਘੁਲਾਟੀਆਂ ਅਤੇ ਵਕੀਲਾਂ ਨੂੰ ਹਾਸੋਹੀਣੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ, ਕਾਗ਼ਜ਼ੀ ਕਾਰਵਾਈ ਤੋਂ ਬਗੈਰ ਹੀ ਜਾਂ ਮਾਮੂਲੀ ਕਾਗਜ਼ੀ ਕਾਰਵਾਈ ਤਹਿਤ ਤਾਂ ਸਰਕਾਰ ਜਾਣਦੀ ਹੀ ਹੋਵੇਗੀ ਕਿ ਇਸ ਨਾਲ ਰੋਹ ਪੈਦਾ ਹੋਣਾ ਹੈ। ਇਸ ਨੇ ਇਹ ਕਾਰਵਾਈ ਵਿੱਢਣ ਤੋਂ ਪਹਿਲਾਂ ਹੀ ਇਕ ਪ੍ਰੈੱਸ ਕਾਨਫ਼ਰੰਸ ਅਤੇ ਸਾਰੇ ਰੋਸ ਵਿਖਾਵਿਆਂ ਸਮੇਤ ਸਾਡੇ ਤਮਾਮ ਪ੍ਰਤੀਕਰਮਾਂ ਨੂੰ ਧਿਆਨ ਵਿਚ ਰੱਖਿਆ ਹੋਵੇਗਾ, ਜੋ ਪੂਰੇ ਮੁਲਕ ਵਿਚ ਹੋ ਰਹੇ ਹਨ। ਲਿਹਾਜ਼ਾ ਇਹ ਕਿਉਂ ਹੋਇਆ ਹੈ?

ਅਸਲ ਵੋਟਰਾਂ ਦੇ ਰੌਂਅ ਦੇ ਵਿਸ਼ਲੇਸ਼ਣਾਂ, ਲੋਕਨੀਤੀ-ਸੀ ਐੱਸ ਡੀ ਐਸ.-ਏ ਬੀ ਪੀ ਦੇ 'ਰਾਸ਼ਟਰ ਦਾ ਮਿਜ਼ਾਜ' ਦੇ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਕਬੂਲੀਅਤ (ਉਨ੍ਹਾਂ ਦੇ ਅਨੁਸਾਰ) ਖ਼ਤਰਨਾਕ ਤੇਜ਼ੀ ਨਾਲ ਘੱਟ ਰਹੀ ਹੈ। ਇਸ ਦਾ ਭਾਵ ਹੈ ਕਿ ਅਸੀਂ ਖ਼ਤਰਨਾਕ ਸਮਿਆਂ ਵਿਚ ਦਾਖ਼ਲ ਹੋ ਰਹੇ ਹਾਂ। ਮਕਬੂਲੀਅਤ ਨੂੰ ਲੱਗੇ ਇਸ ਖੋਰੇ ਦੇ ਕਾਰਨਾਂ ਤੋਂ ਧਿਆਨ ਹਟਾਉਣ ਅਤੇ ਵਿਰੋਧ ਦੀ ਵਧ ਰਹੀ ਇਕਮੁੱਠਤਾ ਨੂੰ ਤੋੜਨ ਲਈ ਬੇਕਿਰਕ ਅਤੇ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਹੁਣ ਤੋਂ ਲੈ ਕੇ ਚੋਣਾਂ ਤਕ ਗ੍ਰਿਫ਼ਤਾਰੀਆਂ, ਕਤਲਾਂ, ਹਜੂਮੀ ਕਤਲਾਂ, ਬੰਬ ਧਮਾਕਿਆਂ, ਜਾਅਲੀ ਹਮਲਿਆਂ, ਦੰਗੇ-ਫਸਾਦਾਂ, ਨਸਲੀ ਕਮਲੇਆਮਾਂ ਦਾ ਲਗਾਤਾਰ ਤਮਾਸ਼ਾ ਚੱਲੇਗਾ। ਅਸੀਂ ਚੋਣਾਂ ਦੀ ਰੁੱਤ ਨੂੰ ਹਰ ਤਰ੍ਹਾਂ ਦੀ ਹਿੰਸਾ ਦੀ ਸ਼ੁਰੂਆਤ ਨਾਲ ਜੋੜ ਕੇ ਦੇਖਣਾ ਸਿੱਖ ਲਿਆ ਹੈ। ਤੇ ਹਾਂ, ਪਾੜੋ ਤੇ ਰਾਜ ਕਰੋ। ਇਸ ਵਿਚ ਪਾੜੋ ਤੇ ਰਾਜ ਕਰੋ ਵੀ ਜੋੜ ਲਓ। ਹੁਣ ਤੋਂ ਲੈ ਕੇ ਚੋਣਾਂ ਤਕ ਕਦੋਂ, ਕਿੱਥੇ ਅਤੇ ਕਿਵੇਂ ਅੱਗ ਦਾ ਗੋਲਾ ਸਾਡੇ ਉਪਰ ਆ ਡਿੱਗੇਗਾ, ਅਤੇ ਉਸ ਦਾ ਸੁਭਾਅ ਕੀ ਹੋਵੇਗਾ? ਲਿਹਾਜ਼ਾ, ਇਸ ਤੋਂ ਪਹਿਲਾਂ ਕਿ ਮੈਂ ਵਕੀਲਾਂ ਅਤੇ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਦੀ ਗੱਲ ਕਰਾਂ, ਮੈਨੂੰ ਕੁਛ ਨੁਕਤੇ ਦੁਹਰਾ ਲੈਣ ਦਿਓ, ਜਿਨ੍ਹਾਂ ਤੋਂ ਸਾਡਾ ਧਿਆਨ ਬਿਲਕੁਲ ਪਾਸੇ ਨਹੀਂ ਜਾਣਾ ਚਾਹੀਦਾ। ਚਾਹੇ ਅੱਗ ਦੀ ਬਰਸਾਤ ਹੋ ਰਹੀ ਹੋਵੇ ਅਤੇ ਚਾਹੇ ਸਾਡੇ ਨਾਲ ਅਜੀਬੋ-ਗਰੀਬ ਘਟਨਾਵਾਂ ਵਾਪਰ ਰਹੀਆਂ ਹੋਣ।

ਇਕ ਸਾਲ ਨੌਂ ਮਹੀਨੇ ਪਹਿਲਾਂ 8 ਨਵੰਬਰ 2016 ਤੋਂ ਲੈ ਕੇ, ਜਦੋਂ ਮੋਦੀ ਟੀਵੀ ਉਪਰ ਪ੍ਰਗਟ ਹੋਏ ਅਤੇ ਉਸ ਵੱਲੋਂ ਸਰਕੂਲੇਸ਼ਨ ਵਿਚਲੀ 80 ਫ਼ੀਸਦੀ ਕਰੰਸੀ ਦੀ ਨੋਟਬੰਦੀ ਦੀ ਨੀਤੀ ਦਾ ਐਲਾਨ ਕੀਤਾ ਗਿਆ। ਜਾਪਦਾ ਸੀ, ਉਸ ਦੀ ਆਪਣੀ ਵਜ਼ਾਰਤ ਵੀ ਇਸ ਨਾਲ ਹੱਕੀਬੱਕੀ ਰਹਿ ਗਈ ਸੀ। ਹੁਣ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਐਲਾਨ ਕੀਤਾ ਹੈ ਕਿ 99 ਫ਼ੀਸਦੀ ਕਰੰਸੀ ਬੈਕਿੰਗ ਵਿਵਸਥਾ ਵਿਚ ਵਾਪਸ ਆ ਗਈ ਹੈ। ਪਿਛਲੇ ਦਿਨੀਂ ਯੂ.ਕੇ. ਤੋਂ 'ਦ ਗਾਰਡੀਅਨ' ਨੇ ਰਿਪੋਰਟ ਛਾਪੀ ਹੈ ਕਿ ਇਸ ਨੀਤੀ ਨੇ ਮੁਲਕ ਦੀ 1 ਫ਼ੀਸਦੀ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਨਿਗਲ ਲਈ ਹੈ ਅਤੇ ਇਸ ਦੀ ਕੀਮਤ ਤਕਰੀਬਨ ਪੰਦਰਾਂ ਲੱਖ ਨੌਕਰੀਆਂ ਦੀ ਬਲੀ ਦੇ ਕੇ ਚੁਕਾਈ ਗਈ ਹੈ। ਇਸ ਦੌਰਾਨ ਮੁਲਕ ਨੂੰ ਨਵੀਂ ਕਰੰਸੀ ਛਾਪਣ ਲਈ ਕਈ ਹਜ਼ਾਰ ਕਰੋੜ ਰੁਪਏ ਦੀ ਕੀਮਤ ਚੁਕਾਉਣੀ ਪਈ ਹੈ। ਨੋਟਬੰਦੀ ਤੋਂ ਬਾਅਦ ਗੁਡਜ਼ ਐਂਡ ਸਰਵਿਸਿਜ਼ ਟੈਕਸ ਆ ਗਿਆ। ਇਕ ਟੈਕਸ ਜਿਸ ਨੂੰ ਇਸ ਤਰੀਕੇ ਨਾਲ ਘੜਿਆ ਗਿਆ, ਜਿਸ ਨੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਉਪਰ ਇਕ ਹੋਰ ਸੱਟ ਮਾਰੀ ਹੈ, ਜੋ ਪਹਿਲਾਂ ਹੀ ਨੋਟਬੰਦੀ ਹੇਠ ਦਰੜੇ ਜਾ ਰਹੇ ਸਨ।




ਜਦੋਂਕਿ ਛੋਟੇ ਕੰਮ-ਧੰਦੇ ਵਾਲਿਆਂ, ਵਪਾਰੀਆਂ ਅਤੇ ਸਭ ਤੋਂ ਵੱਧ ਗ਼ਰੀਬ ਨੂੰ ਤਾਂ ਬੇਥਾਹ ਨੁਕਸਾਨ ਝੱਲਣਾ ਪਿਆ ਹੈ, ਭਾਜਪਾ ਦੀਆਂ ਨਜ਼ਦੀਕੀ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਦੀ ਦੌਲਤ ਵਿਚ ਕਈ ਗੁਣਾਂ ਇਜ਼ਾਫ਼ਾ ਹੋਇਆ ਹੈ। ਵਿਜੈ ਮਾਲੀਆ ਅਤੇ ਨੀਰਵ ਮੋਦੀ ਵਰਗੇ ਕਾਰੋਬਾਰੀਆਂ ਨੂੰ ਜਨਤਾ ਦੇ ਹਜ਼ਾਰਾਂ ਕਰੋੜ ਰੁਪਏ ਸਮੇਤ ਪੱਤਰੇ ਵਾਚ ਜਾਣ ਦੀ ਇਜਾਜ਼ਤ ਦਿੱਤੀ ਗਈ, ਜਦਕਿ ਸਰਕਾਰ ਮੂੰਹ ਫੇਰ ਕੇ ਬੈਠੀ ਰਹੀ।

ਇਹ ਸਭ ਕਾਸੇ ਲਈ ਅਸੀਂ ਕਿਸ ਤਰ੍ਹਾਂ ਦੀ ਜਵਾਬਦੇਹੀ ਦੀ ਉਮੀਦ ਕਰ ਸਕਦੇ ਹਾਂ? ਕੁਝ ਵੀ ਨਹੀਂ? ਸਿਫ਼ਰ?

ਇਸ ਨਾਲ ਜਦੋਂ ਇਸ ਵੱਲੋਂ 2019 ਦੀਆਂ ਚੋਣਾਂ ਲਈ ਕਮਰਕੱਸੇ ਕੀਤੇ ਜਾ ਰਹੇ ਹਨ, ਭਾਜਪਾ ਹੁਣ ਭਾਰਤ ਦੀ ਸਭ ਤੋਂ ਦੌਲਤਮੰਦ ਪਾਰਟੀ ਬਣ ਕੇ ਉੱਭਰੀ ਹੈ। ਗਜ਼ਬਨਾਕ ਗੱਲ ਇਹ ਹੈ, ਹਾਲ ਹੀ ਵਿਚ ਇਲੈਕਟੋਰਲ ਬੋਂਡ (ਭੁਗਤਾਨ ਦੀ ਨਵੀਂ ਬੇਨਾਮ ਵਿਧੀ : ਅਨੁਵਾਦਕ) ਨਾਲ ਇਹ ਯਕੀਨੀ ਬਣਾਇਆ ਹੈ ਕਿ ਸਿਆਸੀ ਪਾਰਟੀਆਂ ਦੀ ਦੌਲਤ ਦੇ ਵਸੀਲੇ ਗੁਪਤ ਰੱਖੇ ਜਾ ਸਕਣਗੇ।

ਸਾਨੂੰ ਸਾਰਿਆਂ ਨੂੰ ਮੋਦੀ ਵੱਲੋਂ 2016 ਵਿਚ ਮੁੰਬਈ ਵਿਚ 'ਮੇਕ ਇਨ ਇੰਡੀਆ' ਦੇ ਉਦਘਾਟਨੀ ਸਮਾਰੋਹ ਦਾ ਮੰਜ਼ਰ ਯਾਦ ਹੈ, ਜਿਥੇ ਵਿਆਪਕ ਅੱਗ ਨੇ ਸਭਿਆਚਾਰਕ ਮੇਲੇ ਦਾ ਮੁੱਖ ਸ਼ਾਮਿਆਨਾ ਹੀ ਜਲਾ ਦਿੱਤਾ ਸੀ। ਖ਼ੈਰ, 'ਮੇਕ ਇਨ ਇੰਡੀਆ' ਦੇ ਖ਼ਿਆਲ ਦੀ ਅਸਲ ਚਿਤਾ ਰਾਫੇਲ ਲੜਾਕੂ ਜਹਾਜ਼ਾਂ ਦਾ ਸੌਦਾ ਹੈ। ਜਾਪਦਾ ਹੈ ਜਿਸ ਦਾ ਫ਼ੈਸਲਾ ਪ੍ਰਧਾਨ ਮੰਤਰੀ ਵੱਲੋਂ ਪੈਰਿਸ ਵਿਚ ਆਪਣੀ ਹੀ ਰੱਖਿਆ ਮੰਤਰੀ ਨੂੰ ਸਮੇਂ ਸਿਰ ਜਾਣਕਾਰੀ ਦੇਣ ਤੋਂ ਬਿਨਾਂ ਹੀ ਲਿਆ ਗਿਆ ਅਤੇ ਐਲਾਨ ਵੀ ਕਰ ਦਿੱਤਾ ਗਿਆ। ਇਹ ਵਿਦੇਸ਼ ਮੰਤਰਾਲੇ ਦੇ ਤਮਾਮ ਜਾਣੇ ਪਛਾਣੇ ਸ਼ਿਸ਼ਟਾਚਾਰ ਦੇ ਖਿਲਾਫ਼ ਹੈ। ਹੁਣ ਲੁਕ ਲੁਕੋ ਵਾਲੀ ਕੋਈ ਗੱਲ ਨਹੀਂ ਰਹੀ-ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੇਲੇ 2012 ਵਿਚ ਜਹਾਜ਼ ਖ਼ਰੀਦਣ ਦਾ ਇਕ ਸੌਦਾ ਕੀਤਾ ਗਿਆ ਸੀ, ਜਿਨ੍ਹਾਂ ਦੇ ਹਿੱਸੇ-ਪੁਰਜ਼ੇ ਹਿੰਦੁਸਤਾਨ ਏਅਰੋਨਾਟਿਕਸ ਨੇ ਜੋੜਨੇ ਸਨ। ਉਹ ਸੌਦਾ ਰੱਦ ਕਰ ਕੇ ਨਵਾਂ ਸੌਦਾ ਕੀਤਾ ਗਿਆ। ਹਿੰਦੁਸਤਾਨ ਏਅਰੋਨਾਟਿਕਸ ਨੂੰ ਝਟਕਾ ਦਿੱਤਾ ਗਿਆ। ਕਾਂਗਰਸ ਪਾਰਟੀ ਅਤੇ ਹੋਰ ਕਈਆਂ ਨੇ ਇਸ ਸੌਦੇ ਦਾ ਮੁਤਾਲਿਆ ਕਰ ਕੇ ਇਲਜ਼ਾਮ ਲਾਏ ਹਨ ਕਿ ਇਸ ਵਿਚ ਹੋਇਆ ਭ੍ਰਿਸ਼ਟਾਚਾਰ ਕਲਪਨਾ ਤੋਂ ਬਾਹਰ ਹੈ ਅਤੇ ਉਨ੍ਹਾਂ ਨੇ "ਆਫਸੈੱਟ" ਸੌਦੇ ਵਿਚ ਰਿਲਾਇੰਸ ਡਿਫੈਂਸ ਲਿਮਟਿਡ ਨੂੰ ਸ਼ਾਮਲ ਕੀਤੇ ਜਾਣ 'ਤੇ ਸਵਾਲ ਉਠਾਏ ਹਨ, ਜਿਸ ਨੇ ਆਪਣੀ ਜ਼ਿੰਦਗੀ ਵਿਚ ਕਦੇ ਜਹਾਜ਼ ਬਣਾਏ ਹੀ ਨਹੀਂ।

ਵਿਰੋਧੀ-ਧਿਰ ਨੇ ਸਾਂਝੀ ਸੰਸਦੀ ਕਮੇਟੀ ਬਣਾ ਕੇ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਕੀ ਅਸੀਂ ਇਸ ਦੀ ਕੋਈ ਉਮੀਦ ਕਰ ਸਕਦੇ ਹਾਂ? ਜਾਂ ਸਾਨੂੰ ਬਾਕੀ ਹਰ ਚੀਜ਼ ਸਮੇਤ ਜਹਾਜ਼ਾਂ ਦੇ ਇਸ ਪੂਰੇ ਬੇੜੇ ਨੂੰ ਵੀ ਨਿਗਲਣਾ ਪਵੇਗਾ ਅਤੇ ਸਾਨੂੰ ਕੋਈ ਔਖ ਨਹੀਂ ਹੋਵੇਗੀ?

ਪੱਤਰਕਾਰ ਅਤੇ ਕਾਰਕੁਨ ਗੌਰੀ ਲੰਕੇਸ਼ ਦੇ ਕਤਲ ਦੀ ਕਰਨਾਟਕਾ ਪੁਲੀਸ ਵੱਲੋਂ ਜਾਂਚ ਕੀਤੇ ਜਾਣ ਨਾਲ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਹੋਈਆਂ ਹਨ, ਜਿਸ ਦੇ ਸਿੱਟੇ ਵਜੋਂ ਸਨਾਤਨ, ਸੰਸਥਾਨ ਵਰਗੀਆਂ ਕਈ ਸੱਜੇਪੱਖੀ ਹਿੰਦੂਤਵ ਜਥੇਬੰਦੀਆਂ ਦੀਆਂ ਸਰਗਰਮੀਆਂ ਬੇਨਕਾਬ ਹੋ ਗਈਆਂ ਹਨ।

ਇਸ ਨਾਲ ਇਕ ਗੁਪਤ, ਭਰਵੇਂ, ਦਹਿਸ਼ਤੀ ਤਾਣੇਬਾਣੇ ਦਾ ਵਜੂਦ ਸਾਹਮਣੇ ਆਇਆ ਹੈ, ਜਿਸ ਕੋਲ ਹਿਟ ਲਿਸਟਾਂ, ਹਥਿਆਰ, ਗੋਲੀ-ਸਿੱਕੇ ਅਤੇ ਲੋਕਾਂ ਨੂੰ ਬੰਬ ਧਮਾਕਿਆਂ, ਕਤਲਾਂ ਅਤੇ ਜ਼ਹਿਰ ਦੇ ਕੇ ਮਾਰ ਮੁਕਾਉਣ ਦੀਆਂ ਯੋਜਨਾਵਾਂ ਅਤੇ ਮਹਿਫ਼ੂਜ਼ ਟਿਕਾਣਿਆਂ ਦਾ ਪੂਰਾ ਤੰਤਰ ਹੈ। ਐਸੇ ਤਿੰਨ ਗਰੁੱਪ ਇਸ ਕੰਮ ਵਿਚ ਜੁਟੇ ਹੋਏ ਹਨ ਅਤੇ ਕਿੰਨੇ ਇਸ ਗੁਪਤ ਨੂੰ ਲਗਾਤਾਰ ਅੰਜ਼ਾਮ ਦੇ ਰਹੇ ਹਨ। ਆਪਣੇ ਸਿਰ ਉਪਰ ਡਾਹਢਿਆਂ ਅਤੇ ਸੰਭਵ ਤੌਰ 'ਤੇ ਪੁਲੀਸ ਦੇ ਹੱਥ ਦੀ ਯਕੀਨਦਹਾਨੀ ਨਾਲ ਉਨ੍ਹਾਂ ਨੇ ਸਾਡੇ ਬਾਰੇ ਕੀ ਯੋਜਨਾਵਾਂ ਬਣਾ ਰੱਖੀਆਂ ਹਨ? ਇਹ ਕੋਈ ਨਹੀਂ ਜਾਣਦਾ। ਕਿਹੜੇ ਜਾਅਲੀ ਹਮਲੇ ਹੋਣਗੇ? ਕਿਹੜੇ ਅਸਲੀ? ਇਹ ਕਿੱਥੇ ਹੋਣਗੇ? ਕੀ ਇਹ ਕਸ਼ਮੀਰ ਵਿਚ ਹੋਣਗੇ? ਅਯੁੱਧਿਆ ਵਿਚ ਹੋਣਗੇ? ਕੁੰਭ ਮੇਲੇ 'ਤੇ ਹੋਣਗੇ? ਉਹ ਕਿੰਨਾ ਸੌਖੇ ਢੰਗ ਨਾਲ ਕਿਸੇ ਵੱਡੇ, ਜਾਂ ਨਿੱਕੇ ਜਹੇ ਹਮਲੇ ਜਿਸ ਨੂੰ ਗੋਦੀ ਮੀਡੀਆ ਸਮੂਹਾਂ ਵੱਲੋਂ ਬਹੁਤ ਹੀ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ, ਦੀ ਮਦਦ ਨਾਲ ਹਰ ਚੀਜ਼ ਨੂੰ ਲੀਹੋਂ ਲਾਹ ਸਕਦੇ ਹਨ, ਹਰ ਚੀਜ਼ ਨੂੰ। ਇਸ ਤੋਂ, ਜੋ ਕਿ ਅਸਲ ਖ਼ਤਰਾ ਹੈ, ਧਿਆਨ ਹਟਾਉਣ ਲਈ ਤਾਜ਼ਾ ਗ੍ਰਿਫ਼ਤਾਰੀਆਂ ਨੂੰ ਲੈ ਕੇ ਹੋ-ਹੱਲਾ ਮਚਾਇਆ ਜਾ ਰਿਹਾ ਹੈ।

ਜਿਸ ਤੇਜ਼ੀ ਨਾਲ ਵਿਦਿਅਕ ਸੰਸਥਾਵਾਂ ਨੂੰ ਤੋੜਿਆ ਜਾ ਰਿਹਾਹੈ, ਬਿਹਤਰੀਨ ਰਿਕਾਰਡ ਵਾਲੀਆਂ ਯੂਨੀਵਰਸਿਟੀਆਂ ਨੂੰ ਨਸ਼ਟ ਕੀਤਾ ਜਾ ਰਿਹਾਹੈ, ਐਸੀਆਂ ਨਕਲੀ ਯੂਨੀਵਰਸਿਟੀਆਂ ਨੂੰ ਸ੍ਰੇਸ਼ਟ ਦੱਸਿਆ ਜਾ ਰਿਹਾ ਹੈ, ਜਿਨ੍ਹਾਂ ਦੀ ਹੋਂਦ ਕੇਵਲ ਕਾਗ਼ਜ਼ਾਂ ਵਿਚ ਹੈ। ਇਹ ਸਾਡੇ ਸਾਰਿਆਂ ਲਈ ਸਭ ਤੋਂ ਦੁਖਦਾਈ ਹੈ। ਇਹ ਕਈ ਤਰੀਕਿਆਂ ਨਾਲ ਹੋ ਰਿਹਾ ਹੈ। ਸਾਡੀਆਂ ਅੱਖਾਂ ਸਾਹਮਣੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਖੇਰੂੰ-ਖੇਰੂੰ ਕੀਤੀ ਜਾ ਰਹੀ ਹੈ। ਵਿਦਿਆਰਥੀ ਅਤੇ ਅਧਿਆਪਕ ਲਗਾਤਾਰ ਹਮਲਿਆਂ ਦੀ ਮਾਰ ਹੇਠ ਹਨ। ਬਹੁਤ ਸਾਰੇ ਚੈਨਲ ਕੂੜ-ਪ੍ਰਚਾਰ ਅਤੇ ਜਾਅਲੀ ਵੀਡੀਓ ਫ਼ੈਲਾਉਣ ਵਿਚ ਸਰਗਰਮ ਹਿੱਸੇਦਾਰ ਹਨ, ਜਿਨ੍ਹਾਂ ਨੇ ਵਿਦਿਆਰਥੀਆਂ ਦੀ ਜ਼ਿੰਦਗੀ ਹੀ ਖ਼ਤਰੇ ਵਿਚ ਪਾ ਦਿੱਤੀ ਹੈ। ਨੌਜਵਾਨ ਸਕਾਲਰ ਉਮਰ ਖ਼ਾਲਿਦ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੂੰ ਬੇਕਿਰਕੀ ਨਾਲ ਬਦਨਾਮ ਕੀਤਾ ਗਿਆ ਅਤੇ ਉਸ ਦੇ ਬਾਰੇ ਝੂਠ ਫੈਲਾਏ ਗਏ।

ਇਸ ਤੋਂ ਅੱਗੇ ਇਤਿਹਾਸ ਵਿਚ ਖੋਟ ਰਲਾਉਣ ਅਤੇ ਸਿਲੇਬਸ ਨੂੰ ਬੁਝੜ ਬਣਾਉਣ ਦਾ ਮਾਮਲਾ ਹੈ-ਜਿਸ ਨਾਲ ਬਸ ਥੋੜ੍ਹੇ ਸਾਲਾਂ ਵਿਚ ਹੀ ਐਸਾ ਬੌਣਾਪਣ ਛਾ ਜਾਵੇਗਾ, ਜਿਸ ਉਪਰ ਅਸੀਂ ਕਾਬੂ ਨਹੀਂ ਪਾ ਸਕਾਂਗੇ। ਅੰਤ ਵਿਚ ਸਿੱਖਿਆ ਦਾ ਨਿੱਜੀਕਰਨ ਉਸ ਨਿਗੂਣੇ ਜਿਹੇ ਲਾਭ ਦਾ ਵੀ ਭੋਗ ਪਾ ਰਿਹਾ ਹੈ, ਜੋ ਰਾਖਵੇਂਕਰਨ ਦੀ ਨੀਤੀ ਨਾਲ ਹਾਸਿਲ ਹੋਇਆ ਸੀ। ਅਸੀਂ ਸਿੱਖਿਆ ਦਾ ਦੁਬਾਰਾ ਬ੍ਰਾਹਮਣੀਕਰਨ ਹੁੰਦਾ ਵੇਖ ਰਹੇ ਹਾਂ, ਇਸ ਵਾਰ ਇਹ ਕਾਰਪੋਰੇਟ ਜਾਮੇ ਵਿਚ ਹੈ। ਦਲਿਤ, ਆਦਿਵਾਸੀ ਅਤੇ ਓ.ਬੀ.ਸੀ. ਨੂੰ ਇਕ ਵਾਰ ਫਿਰ ਗਿਆਨ ਦੀਆਂ ਸੰਸਥਾਵਾਂ ਵਿਚੋਂ ਕੱਢਿਆ ਜਾ ਰਿਹਾ ਹੈ, ਕਿਉਂਕਿ ਉਹ ਫ਼ੀਸਾਂ ਨਹੀਂ ਦੇ ਸਕਦੇ। ਇਹ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਇਹ ਉੱਕਾ ਹੀ ਨਾਮਨਜ਼ੂਰ ਚੀਜ਼ ਹੈ।

ਖੇਤੀਬਾੜੀ ਖੇਤਰ ਵਿਚ ਵਿਆਪਕ ਮੰਦਵਾੜਾ ਹੈ। ਕਿਸਾਨਾਂ ਦੀਆਂ ਖੁਦਕੁਸ਼ੀਆਂ, ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰਨ ਅਤੇ ਦਲਿਤਾਂ ਉਪਰ ਬੇਰਹਿਮੀ ਨਾਲ ਹਮਲੇ ਤੇ ਜਨਤਕ ਤੌਰ 'ਤੇ ਚਾਬੁਕ ਮਾਰੇ ਜਾਣ ਦੀਆਂ ਵਾਰਦਾਤਾਂ ਦੀ ਗਿਣਤੀ ਵੱਧ ਰਹੀ ਹੈ, ਭੀਮ ਆਰਮੀ ਦੇ ਆਗੂ ਚੰਦਰਸ਼ੇਖ਼ਰ ਆਜ਼ਾਦ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਨੇ ਉੱਚ ਜਾਤੀਆਂ ਦੇ ਹਮਲਿਆਂ ਨਾਲ ਮੱਥਾ ਲਾਉਣ ਦਾ ਜ਼ੇਰਾ ਕੀਤਾ ਸੀ। ਐੱਸ.ਸੀ./ਐੱਸ.ਟੀ. 'ਤੇ ਜ਼ੁਲਮਾਂ ਨੂੰ ਰੋਕਣ ਲਈ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਐਨਾ ਕੁਝ ਕਹਿ ਕੇ ਮੈਂ ਤਾਜ਼ਾ ਗ੍ਰਿਫ਼ਤਾਰੀਆਂ ਵੱਲ ਆਉਂਦੀ ਹਾਂ।

ਮੰਗਲਵਾਰ ਨੂੰ ਗ੍ਰਿਫ਼ਤਾਰ ਕੀਤੇ ਗਏ ਪੰਜਾਂ-ਵਰਨੋਂਵ ਗੋਂਜ਼ਾਲਵੇਜ਼, ਅਰੁਣ ਫਰੇਤਾ, ਸੁਧਾ ਭਾਰਦਵਾਜ, ਵਰਾਵਰਾ ਰਾਓ ਅਤੇ ਗੌਤਮ ਨਵਲੱਖਾ ਵਿਚੋਂ ਕੋਈ ਵੀ 31 ਦਸੰਬਰ 2017 ਦੀ ਐਲਗਾਰ ਪ੍ਰੀਸਦ ਰੈਲੀ ਜਾਂ ਇਸ ਤੋਂ ਅਗਲੇ ਦਿਨ ਹੋਈ ਰੈਲੀ ਵਿਖੇ ਮੌਜੂਦ ਨਹੀਂ ਸੀ, ਜਦੋਂ 3 ਲੱਖ ਦੇ ਕਰੀਬ ਲੋਕ, ਜ਼ਿਆਦਾਤਰ ਦਲਿਤ, ਭੀਮਾ-ਕੋਰੇਗਾਓਂ ਫ਼ਤਹਿ ਦੀ 200ਵੀਂ ਵਰ੍ਹੇਗੰਢ ਮਨਾਉਣ ਲਈ ਇਕੱਠੇ ਹੋਏ। (ਦਲਿਤ ਜਾਬਰ ਪੇਸ਼ਵਾ ਰਾਜ ਨੂੰ ਹਰਾਉਣ ਲਈ ਬਰਤਾਨਵੀਆਂ ਦੀ ਫ਼ੌਜ ਵਿਚ ਸ਼ਾਮਲ ਹੋ ਗਏ ਸਨ। ਇਹ ਉਨ੍ਹਾਂ ਚੰਦ ਜਿੱਤਾਂ ਵਿਚੋਂ ਇਕ ਸੀ, ਜਿਨ੍ਹਾਂ ਦਾ ਦਲਿਤ ਮਾਣ ਨਾਲ ਜਸ਼ਨ ਮਨ੍ਹਾ ਸਕਦੇ ਹਨ।)

ਐਲਗਾਰ ਪ੍ਰੀਸ਼ਦ ਦੇ ਉੱਘੇ ਸੇਵਾਮੁਕਤ ਜੱਜਾਂ, ਜਸਟਿਸ ਪੀ.ਸੀ. ਸਾਵੰਤ ਅਤੇ ਜਸਟਿਸ ਕੋਲਸੇ ਪਾਟਿਲ ਵੱਲੋਂ ਜਥੇਬੰਦ ਕੀਤੀ ਗਈ ਸੀ। ਅਗਲੇ ਦਿਨ ਹੋਈ ਰੈਲੀ ਉਪਰ ਹਿੰਦੂਤਵ ਜੂਨੰਨੀਆਂ ਨੇ ਹਮਲ ਕੀਤਾ ਜਿਸ ਨਾਲ ਦਿਨਾਂ ਤਕ ਅਸ਼ਾਂਤੀ ਬਣੀ ਰਹੀ। ਇਸ ਦੇ ਦੋ ਮੁੱਖ ਦੋਸ਼ੀ ਮਿਲਿੰਦ ਏਕਬੋਟੇ ਅਤੇ ਸੰਭਾਜੀ ਭੀੜੇ ਹਨ। ਦੋਵੇਂ ਅਜੇ ਵੀ ਖੁੱਲ੍ਹੇ ਤੁਰੇ ਫਿਰਦੇ ਹਨ। ਇਨ੍ਹਾਂ ਦਾ ਇਕ ਹਮਾਇਤੀ ਵੱਲੋਂ ਦਰਜ ਕਰਾਈ ਐੱਫ.ਆਈ.ਆਰ. ਤੋਂ ਬਾਅਦ, ਜੂਨ 2018 ਵਿਚ ਪੁਣੇ ਪੁਲੀਸ ਨੇ ਪੰਜ ਕਾਰਕੁਨਾਂ-ਰੋਨਾ ਵਿਲਸਨ, ਸੁਧੀਰ ਸਾਵਲੇ, ਸ਼ੋਮਾ ਸੇਨ, ਮਹੇਸ਼ ਰਾਵਤ

ਬਾਕੀ ਸਫ਼ਾ 41 'ਤੇ

## (ਜੇਲ੍ਹ ਚਿੱਠੀਆਂ ਬਨਾਮ ਸਿਰਦਾਰ ਕਪੂਰ ਸਿੰਘ) (ਸਾਚੀ ਸਾਖੀ)

# ਭਗਤ ਸਿੰਘ ਬਨਾਮ ਭਾਈ ਰਣਧੀਰ ਸਿੰਘ

ਆਜ਼ਾਦੀ ਲਈ ਫਾਂਸੀ ਦੇ ਤੱਖਤਿਆਂ 'ਤੇ ਚੜ੍ਹਣ ਵਾਲਿਆਂ 'ਚੋਂ ਭਗਤ ਸਿੰਘ ਦਾ ਨਾਮ ਸਭ ਤੋਂ ਮੂਹਰੇ ਗਿਣਿਆ ਜਾ ਸਕਦਾ ਹੈ, ਸਿਰਫ਼ ਆਪਣੀ ਬਹਾਦਰੀ ਤੇ ਦਲੇਰੀ ਕਾਰਨ ਹੀ ਨਹੀਂ ਸਗੋਂ ਆਪਣੀ ਵਿਚਾਰਧਾਰਕ ਵਿਰਾਸਤ ਕਾਰਨ ਵੀ। ਉਸ ਦੇ ਵਿਚਾਰ ਜੋ ਉਸ ਸਮੇਂ ਬ੍ਰਿਟਿਸ਼ ਸਾਮਰਾਜੀ ਲੁਟੇਰਿਆਂ ਦੇ ਚਿਹਰਿਆਂ ਨੂੰ ਬੇਨਕਾਬ ਕਰਦੇ ਹੋਏ, ਦੱਬੇ-ਕੁਚਲੇ ਲੋਕਾਂ ਨੂੰ ਗੁਲਾਮੀ ਦੀਆਂ ਬੇੜੀਆਂ ਤੋੜਣ ਲਈ ਆਵਾਜ਼ ਦਿੰਦੇ ਰਹੇ, ਉਹ ਅੱਜ ਵੀ ਲੁੱਟੇ ਜਾ ਰਹੇ ਲੋਕਾਂ ਨੂੰ ਇਹ ਬੇੜੀਆਂ ਤੋੜਨ ਲਈ ਆਵਾਜ਼ ਦੇ ਰਹੇ ਹਨ।

ਇਨ੍ਹਾਂ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਲਈ, ਜੋ ਸਾਜ਼ਿਸ਼ਾਂ ਉਸ ਸਮੇਂ ਬ੍ਰਿਟਿਸ਼ ਹਕੂਮਤ ਨੇ ਘੜੀਆਂ ਉਹੀ ਅੱਜ ਸਾਡੇ ਦੇਸ਼ ਦੇ ਲੁਟੇਰੇ ਹਾਕਮ ਘੜਣ ਲੱਗੇ ਹੋਏ ਨੇ। ਤਾਂਕਿ ਇਨ੍ਹਾਂ ਵਿਚਾਰਾਂ ਨੂੰ ਦਬਾ ਕੇ ਕਰੋੜਾਂ ਲੋਕਾਂ ਦੀ ਕੀਤੀ ਜਾਂਦੀ ਲੁੱਟ ਨੂੰ ਜਾਰੀ ਰੱਖ ਸਕਣ। ਇਸੇ ਕਰਕੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਸਬੰਧੀ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਤੇ ਉਨ੍ਹਾਂ ਬਾਰੇ ਅਨੇਕਾਂ ਭਰਮ ਫੈਲਾਅ ਕੇ ਉਨ੍ਹਾਂ ਦੀ ਅਸਲ ਸ਼ਖਸੀਅਤ 'ਤੇ ਵਿਚਾਰਾਂ ਤੋਂ ਲੋਕਾਂ ਨੂੰ ਦੂਰ ਰੱਖਣ ਲਈ ਅਨੇਕਾਂ ਕੋਸ਼ਿਸ਼ਾਂ ਕੀਤੀਆਂ ਗਈਆਂ ਤੇ ਜਾ ਰਹੀਆਂ ਨੇ।

ਇਸੇ ਤਰ੍ਹਾਂ ਹੀ ਭਗਤ ਸਿੰਘ ਦੀ ਸ਼ਖਸੀਅਤ ਨੂੰ ਵਿਗਾੜ ਕੇ, ਉਸ ਨੂੰ ਧਾਰਮਕ ਰੰਗਤ ਦੇਣ ਦੀ ਕੋਸ਼ਿਸ਼ ਭਾਈ ਰਣਧੀਰ ਸਿੰਘ ਵਲੋਂ 'ਜੇਲ੍ਹ ਚਿੱਠੀਆਂ' ਤੇ ਸਿਰਦਾਰ ਕਪੂਰ ਵਲੋਂ 'ਸਾਚੀ ਸਾਖੀ' (1972) ਵਿਚ ਕੀਤੀ ਗਈ ਹੈ। ਜਿਸ ਵਿਚ ਉਨ੍ਹਾਂ ਆਪਣਾ ਪੂਰਾ ਜ਼ੋਰ ਇਹ ਸਾਬਤ ਕਰਨ 'ਤੇ ਲਗਾਇਆ ਹੈ ਕਿ ਭਗਤ ਸਿੰਘ ਆਪਣੇ ਅੰਤਮ ਸਮੇਂ 'ਚ ਆਸਥਾਵਾਨ ਸਿੱਖ ਬਣ ਗਿਆ ਸੀ, ਜੋ ਆਤਮਾ ਦੀ ਅਮਰਤਾ ਤੇ ਰੱਬ ਦੀ ਹੋਂਦ ਨੂੰ ਦਿਲੋਂ ਮੰਨਣ ਲੱਗ ਪਿਆ ਸੀ। ਇਨ੍ਹਾਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਹੀ ਭਾਈ ਰਣਧੀਰ ਸਿੰਘ ਵਲੋਂ ਲਿਖੀ ਇਸ ਮੁਲਾਕਾਤ 'ਤੇ ਆਧਾਰਤ ਪੰਜ ਤੀਰ ਰਿਕਾਰਡ ਵਲੋਂ 'ਭਗਤ ਸਿੰਘ' 'ਤੇ ਛੋਟੀ ਫ਼ਿਲਮ ਬਣਾ ਕੇ ਯੂ-ਟਿਊਬ 'ਤੇ ਅਪਲੋਡ ਕੀਤੀ ਜਾ ਚੁੱਕੀ ਹੈ।

ਅਜਿਹੀਆਂ ਹੀ ਕਈ ਕੋਸ਼ਿਸ਼ਾਂ ਸੰਘੀ ਲਾਣੇ ਨੇ ਵੀ ਕੀਤੀਆਂ ਤੇ ਆਏ ਦਿਨ ਕਰਦਾ ਹੀ ਰਹਿੰਦਾ ਹੈ। ਪਰ ਅਫਸੋਸ ਦੀ ਗੱਲ ਇਹ ਹੈ ਕਿ ਭਾਈ ਰਣਧੀਰ ਸਿੰਘ ਵਲੋਂ ਅਜਿਹੀ ਕੋਸ਼ਿਸ਼ ਕੀਤੀ ਗਈ, ਜੋ ਆਪ 1914-15 ਦੀ ਗ਼ਦਰ ਲਹਿਰ ਨਾਲ ਜੁੜੇ ਹੋਏ ਸਨ ਤੇ ਆਜ਼ਾਦੀ ਦੀ ਲੜਾਈ 'ਚ ਸ਼ਾਮਲ ਹੋਣ ਕਾਰਨ ਆਪਣੀ ਜ਼ਿੰਦਗੀ ਦੇ 15 ਸਾਲ ਜੇਲ੍ਹ 'ਚ ਗੁਜ਼ਾਰ ਚੁੱਕੇ ਸਨ।

ਲਾਹੌਰ ਸੈਂਟਰਲ ਜੇਲ੍ਹ 'ਚ ਹੀ ਭਗਤ ਸਿੰਘ ਨਾਲ ਉਨ੍ਹਾਂ ਦੀ ਮੁਲਾਕਾਤ 4 ਅਕਤੂਬਰ 1930 ਨੂੰ, ਆਪਣੀ ਰਿਹਾਈ ਵਾਲੇ ਦਿਨ ਹੋਈ। ਜਿਸ ਬਾਰੇ 'ਜੇਲ੍ਹ ਚਿੱਠੀਆਂ' ਦੇ ਅਧਿਆਇ 25 'ਭਗਤ ਸਿੰਘ ਨਾਲ ਮੁਲਾਕਾਤ' ਵਿਚ ਲਿਖਿਆ ਗਿਆ ਹੈ। ਇਸ ਮੁਲਾਕਾਤ ਵਿਚ ਭਗਤ ਸਿੰਘ ਜਿਸ ਢੰਗ ਨਾਲ ਗੱਲਬਾਤ ਕਰਦਾ ਦਿਖਾਇਆ ਗਿਆ ਹੈ, ਉਹ ਢੰਗ ਉਸ ਦੀਆਂ ਮੌਜੂਦਾ ਲਿਖਤਾਂ ਨਾਲੋਂ ਬਿਲਕੁਲ ਹੀ ਵੱਖਰਾ ਹੈ, ਜੋ ਕਿ ਉਸ ਦੇ ਪਰਿਵਾਰ ਤੇ ਸਾਥੀਆਂ ਵਲੋਂ ਦੱਸੀ ਜਾਂਦੀ ਉਸ ਦੀ ਸ਼ਖਸੀਅਤ ਨਾਲ ਬਿਲਕੁਲ ਵੀ ਮੇਲ ਨਹੀ ਖਾਂਦਾ।

ਸਿਰਦਾਰ ਕਪੂਰ ਨੇ ਵੀ ਇਨ੍ਹਾਂ 'ਜੇਲ੍ਹ ਚਿੱਠੀਆਂ' ਦਾ ਹੀ ਸਹਾਰਾ ਲੈ ਕੇ ਆਪਣੀ ਕਿਤਾਬ 'ਸਾਚੀ ਸਾਖੀ' ਵਿਚ ਭਗਤ ਸਿੰਘ ਨੂੰ ਸਿੱਖ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਇਹ ਦੋਵੇਂ ਕਿਤਾਬਾਂ ਭਗਤ ਸਿੰਘ ਬਾਰੇ ਇਹ ਭਰਮ ਫੈਲਾਉਣ 'ਚ ਇਕ ਦੂਸਰੇ ਦਾ ਸਹਾਰਾ ਬਣੀਆਂ ਹੋਈਆਂ ਹਨ। ਪਰ ਅਜੀਬ ਗੱਲ ਇਹ ਹੈ ਕਿ ਭਗਤ ਸਿੰਘ ਬਾਰੇ ਪੇਸ਼ ਕੀਤੇ ਤੱਥ ਦੋਹਾਂ ਕਿਤਾਬਾਂ 'ਚ ਮੇਲ ਨਹੀਂ ਖਾਂਦੇ ਸਗੋਂ ਇਕ-ਦੂਜੇ ਨੂੰ ਇਹ ਕੱਟ ਰਹੇ ਹਨ।

ਜਿਵੇਂ 'ਸਾਚੀ ਸਾਖੀ' ਵਿਚ ਸਿਰਦਾਰ ਕਪੂਰ ਨੇ ਲਿਖਿਆ ਹੈ ਕਿ ਸਾਂਡਰਸ ਦਾ ਕਤਲ ਹੁੰਦਿਆਂ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਦੇਖਿਆ। ਇਸ ਕਤਲ ਸਮੇਂ ਉਹ ਗਵਰਮੈਂਟ ਕਾਲਜ ਦੇ ਨਿਊ ਹੋਸਟਲ ਦੀ ਛੱਤ 'ਤੇ ਬੈਠੇ ਸਨ ਤੇ ਹੇਠਾਂ ਸੜਕ ਵੱਲ ਹੀ ਤੱਕ ਰਹੇ ਸਨ ਕਿ ਦੋ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ, ਤੇ ਇਕ ਅੰਗਰੇਜ਼ ਅਫਸਰ (ਸਾਂਡਰਸ) ਨੂੰ ਜ਼ਮੀਨ 'ਤੇ ਡਿੱਗਦੇ ਹੋਏ ਉਨ੍ਹਾਂ ਆਪ ਦੇਖਿਆ। ਫਿਰ ਇਕ ਹੋਰ ਗੋਲੀ ਚੱਲੀ ਤੇ ਹਵਲਦਾਰ ਚੰਨਣ ਸਿੰਘ ਨੂੰ ਲੱਗੀ ਜੋ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫੜਣ ਲਈ ਉਨ੍ਹਾਂ ਦੇ ਪਿੱਛੇ ਭੱਜਿਆ ਸੀ। (ਦੇਖੋ-ਸਾਚੀ ਸਾਖੀ, ਛਾਪ-1972, ਪੰਨਾ 55)

ਇੱਥੇ ਹੀ ਕਿਤਾਬ ਦੇ ਪੰਨਾ ਨੰਬਰ 55 'ਤੇ ਇਕ ਟਿੱਪਣੀ ਲਿਖੀ ਹੈ ਕਿ-ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਦੌਰਾਨ ਭਗਤ ਸਿੰਘ ਨੇ ਦੱਸਿਆ ਸੀ ਕਿ ਚੰਨਣ ਸਿੰਘ ਨੂੰ ਉਸ ਨੇ ਆਪ ਗੋਲੀ ਮਾਰੀ ਤੇ ਸਾਂਡਰਸ ਨੂੰ ਉਸ ਦੇ ਸਾਥੀ ਨੇ। ਤੇ ਇਹ ਗੱਲ ਸਿਰਦਾਰ ਕਪੂਰ ਨੂੰ ਭਾਈ ਰਣਧੀਰ ਨੇ 1950 'ਚ ਦੱਸੀ।



ਭਗਤ ਸਿੰਘ ਅਤੇ ਭਾਈ ਰਣਧੀਰ ਸਿੰਘ

ਪਰ ਹੈਰਾਨੀ ਦੀ ਗੱਲ ਹੈ ਕਿ ਭਾਈ ਰਣਧੀਰ ਸਿੰਘ ਵਲੋਂ ਲਿਖੀ ਮੁਲਾਕਾਤ 'ਚ (ਜੇਲ੍ਹ ਚਿੱਠੀਆਂ 'ਚ), ਭਗਤ ਸਿੰਘ ਕਿਤੇ ਵੀ ਇਹ ਕਹਿੰਦਾ ਨਹੀਂ ਦਿਖਾਇਆ ਗਿਆ ਕਿ ਚੰਨਣ ਸਿੰਘ ਨੂੰ ਉਸ ਨੇ ਗੋਲੀ ਮਾਰੀ ਸੀ। ਸਗੋਂ ਪੂਰੀ ਮੁਲਾਕਤ 'ਚ ਚੰਨਣ ਸਿੰਘ ਬਾਰੇ ਕੋਈ ਗੱਲ ਤਾਂ ਦੂਰ, ਕਿਤੇ ਜ਼ਿਕਰ ਵੀ ਹੁੰਦਾ ਨਹੀਂ ਦਿਖਾਇਆ ਗਿਆ।



ਸਿਰਦਾਰ ਕਪੂਰ ਸਿੰਘ

ਇਸ ਲਈ ਇੱਥੇ ਸਵਾਲ ਖੜ੍ਹਾ ਹੁੰਦਾ ਹੈ ਕਿ ਜੇ 'ਸਾਚੀ ਸਾਖੀ' ਵਿਚ ਸਿਰਦਾਰ ਕਪੂਰ ਵਲੋਂ ਲਿਖੀ ਟਿੱਪਣੀ ਸੱਚ ਹੈ ਤਾਂ ਇਹ ਗੱਲ ਭਾਈ ਰਣਧੀਰ ਸਿੰਘ ਨੇ 'ਜੇਲ੍ਹ-ਚਿੱਠੀਆਂ' ਵਿਚ ਕਿਉਂ ਨਾ ਲਿਖੀ? ਕੀ ਭਗਤ ਸਿੰਘ ਵਲੋਂ ਦੱਸੀ ਇਹ ਗੱਲ ਉਨ੍ਹਾਂ ਨੂੰ ਸਿਰਦਾਰ ਕਪੂਰ ਨੂੰ ਦੱਸਣੀ ਤਾਂ ਯਾਦ ਰਹੀ ਪਰ 'ਜੇਲ੍ਹ ਚਿੱਠੀਆਂ' ਵਿਚ ਲਿਖਣੀ ਯਾਦ ਨਾ ਰਹੀ?

ਜੇ ਹਾਂ ਤਾਂ-ਇੱਥੇ ਇਹ ਸਿੱਧ ਹੁੰਦਾ ਹੈ ਕਿ ਭਗਤ ਸਿੰਘ ਨਾਲ ਮੁਲਾਕਾਤ ਦੌਰਾਨ ਹੋਈਆਂ ਸਾਰੀਆਂ ਗੱਲਾਂ ਨੂੰ ਭਾਈ ਰਣਧੀਰ ਨੇ 'ਜੇਲ੍ਹ ਚਿੱਠੀਆਂ' ਵਿਚ ਨਹੀਂ ਲਿਖਿਆ ਤੇ ਉਨ੍ਹਾਂ ਵਲੋਂ ਬਹੁਤ ਸਾਰੀਆਂ ਗੱਲਾਂ, ਪਾਠਕਾਂ ਕੋਲੋਂ ਲੁਕਾ ਕੇ ਰੱਖੀਆਂ ਗਈਆਂ ਨੇ। ਇਸ ਸੂਰਤ 'ਚ ਕਿਤਾਬ ਵਿਚ ਦੱਸੀ ਜਾਣਕਾਰੀ ਅਧੂਰੀ ਹੈ, ਜਿਸ ਕਾਰਨ ਏਸ ਨੂੰ ਸੱਚ ਨਹੀਂ ਮੰਨਿਆ ਜਾ ਸਕਦਾ।

ਪਰ ਜੇ ਸਾਡੇ ਵਲੋਂ ਪੇਸ਼ ਕੀਤਾ ਇਹ ਦਾਅਵਾ ਗ਼ਲਤ ਹੈ ਤੇ ਭਾਈ ਰਣਧੀਰ ਸਿੰਘ ਵਲੋਂ ਸਾਰੀਆਂ ਗੱਲਾਂ ਲਿਖੀਆਂ ਗਈਆਂ ਨੇ ਤਾਂ ਸਿਰਦਾਰ ਕਪੂਰ ਵਲੋਂ ਲਿਖੀ ਟਿੱਪਣੀ ਗ਼ਲਤ ਸਾਬਤ ਹੁੰਦੀ ਹੈ। ਤੇ ਇੰਝ ਉਨ੍ਹਾਂ ਵਲੋਂ ਦੱਸੀ ਗਈ ਜਾਣਕਾਰੀ ਨੂੰ ਸੱਚਾ ਨਹੀਂ ਕਿਹਾ ਜਾ ਸਕਦਾ।

ਏਸ ਤਰ੍ਹਾਂ ਦੋਹਾਂ ਕਿਤਾਬਾਂ 'ਚ (ਪੇਸ਼) ਦੱਸੀ ਜਾਣਕਾਰੀ ਇਕ ਦੂਜੇ ਦੇ ਸੱਚੇ ਹੋਣ 'ਤੇ ਸ਼ੱਕ ਪੈਦਾ ਕਰਦੀ ਹੈ।

ਦੂਜੇ ਪਾਸੇ ਭਗਤ ਸਿੰਘ ਦੇ ਸਾਥੀਆਂ ਵਲੋਂ ਸਾਂਡਰਸ ਦੇ ਕਤਲ ਬਾਰੇ ਦੱਸੀ ਗਈ ਜਾਣਕਾਰੀ ਕੁਝ ਇਸ ਤਰ੍ਹਾਂ ਹੈ ਕਿ- 17 ਦਸੰਬਰ 1928 ਵਾਲੀ ਸ਼ਾਮ ਦੇ ਕਰੀਬ 4:20 ਵਜੇ, ਜਦ ਪੁਲੀਸ ਦਫਤਰ 'ਚੋਂ ਜੇ.ਏ ਸਕਾਟ ਦੀ ਬਜਾਏ ਸਾਂਡਰਸ ਨਿੱਕਲਿਆ ਤਾਂ ਜੈ-ਗੋਪਾਲ ਵਲੋਂ ਉਸ ਨੂੰ ਜੇ.ਏ ਸਕਾਟ ਸਮਝਦਿਆਂ ਭਗਤ ਸਿੰਘ, ਰਾਜਗੁਰੂ ਤੇ ਚੰਦਰ ਸ਼ੇਖਰ ਆਜ਼ਾਦ ਨੂੰ ਇਸ਼ਾਰਾ ਕੀਤਾ ਗਿਆ। ਪਰ ਸਕਾਟ ਦੀ ਬਜਾਏ ਸਾਂਡਰਸ ਬਾਹਰ ਆਉਂਦਾ ਦੇਖ ਭਗਤ ਸਿੰਘ ਰੁੱਕ ਗਿਆ। ਪਰ ਰਾਜਗੁਰੂ ਹੱਥ ਆਇਆ ਮੌਕਾ ਜਾਣ ਨਹੀਂ ਦੇਣਾ ਚਾਹੁੰਦਾ ਸੀ ਤੇ ਸਾਂਡਰਸ 'ਤੇ ਗੋਲੀ ਚਲਾ ਦਿੰਦਾ ਹੈ, ਜੋ ਉਸ ਦੇ ਮੱਥੇ 'ਤੇ ਲੱਗਦੀ ਹੈ ਤੇ ਉਹ ਥੱਲੇ ਡਿਗ ਪੈਂਦਾ ਹੈ। ਇਹ ਦੇਖ ਕੇ ਭਗਤ ਸਿੰਘ ਜ਼ਮੀਨ 'ਤੇ ਡਿੱਗੇ ਸਾਂਡਰਸ ਕੋਲ ਭੱਜ ਕੇ ਪਹੁੰਚਦਾ ਹੈ ਤੇ ਉਸ 'ਤੇ ਕਈ ਗੋਲੀਆਂ ਚਲਾਉਂਦਾ ਹੈ। ਜਿਸ ਤੋਂ ਬਾਅਦ ਭਗਤ ਸਿੰਘ ਰਾਜਗੁਰੂ ਉੱਥੋਂ ਭੱਜ ਪੈਂਦੇ ਹਨ। ਉਨ੍ਹਾਂ ਨੂੰ ਫੜਨ ਲਈ ਹਵਲਦਾਰ ਚੰਨਣ ਸਿੰਘ ਉਨ੍ਹਾਂ ਦੇ ਪਿੱਛੇ ਭੱਜਦਾ ਹੈ। ਪਿੱਛਾ ਕਰਨ ਵਾਲਿਆਂ ਨੂੰ ਰੋਕਣ ਦਾ ਕੰਮ ਆਜ਼ਾਦ ਦਾ ਸੀ ਤਾਂ ਕਿ ਭਗਤ ਸਿੰਘ ਤੇ ਰਾਜਗੁਰੂ ਉੱਥੋਂ ਬਚ ਕੇ ਨਿਕਲ ਸਕਣ। ਆਜ਼ਾਦ, ਚੰਨਣ ਸਿੰਘ ਨੂੰ ਉਨ੍ਹਾਂ ਦਾ ਪਿੱਛਾ ਨਾ ਕਰਨ ਲਈ ਕਈ ਵਾਰ ਕਹਿੰਦਾ ਹੈ ਤੇ ਚੇਤਾਵਨੀ ਦਿੰਦਾ ਹੈ। ਜਿਸ ਦੇ ਬਾਵਜੂਦ ਚੰਨਣ ਸਿੰਘ ਉਨ੍ਹਾਂ ਦਾ ਪਿੱਛਾ ਨਹੀਂ ਛੱਡਦਾ। ਤਾਂ ਮਜਬੂਰ ਹੋ ਕੇ ਆਜ਼ਾਦ ਉਸ 'ਤੇ ਗੋਲੀ ਚਲਾ ਦਿੰਦਾ ਹੈ ਤੇ ਚੰਨਣ ਸਿੰਘ ਜ਼ਮੀਨ 'ਤੇ ਡਿੱਗ ਪੈਂਦਾ ਹੈ।

ਜਿਵੇਂ ਕਿ ਇਸ ਕਾਰਵਾਈ 'ਚ ਭਗਤ ਸਿੰਘ, ਰਾਜਗੁਰੂ, ਆਜ਼ਾਦ ਤੇ ਜੈ-ਗੋਪਾਲ ਸਾਰੇ ਹੀ ਬਚ ਕੇ ਨਿੱਕਲ ਗਏ ਸਨ, ਤਾਂ ਯਕੀਨਨ ਇਹ ਜਾਣਕਾਰੀ ਉਨ੍ਹਾਂ ਵਲੋਂ ਹੀ ਆਪਣੇ ਬਾਕੀ ਸਾਥੀਆਂ ਨੂੰ ਦੱਸੀ ਗਈ ਹੋਵੇਗੀ। ਜਿਹੜੀ ਕਿ ਸੱਚ ਦੇ ਕਾਫੀ ਕਰੀਬ ਹੋਣ ਦਾ ਦਾਅਵਾ ਪੇਸ਼ ਕਰਦੀ ਹੈ।

ਸਾਂਡਰਸ ਦੀ ਪੋਸਟ ਮਾਰਟਮ ਰਿਪੋਰਟ ਵੀ ਭਗਤ ਸਿੰਘ ਦੇ ਸਾਥੀਆਂ ਵਲੋਂ ਦੱਸੀ ਜਾਂਦੀ ਘਟਨਾ ਦੇ ਠੀਕ ਹੋਣ ਦਾ ਦਾਅਵਾ ਪੇਸ਼ ਕਰਦੀ ਹੈ, ਜਿਸ ਵਿਚ ਦੱਸਿਆ ਗਿਆ ਸੀ ਕਿ ਸਾਂਡਰਸ ਦੇ ਅੱਠ ਗੋਲੀਆਂ ਵੱਜੀਆਂ ਸਨ। (ਜਦਕਿ ਸਿਰਦਾਰ ਕਪੂਰ ਨੂੰ ਸਾਂਡਰਸ 'ਤੇ ਸਿਰਫ ਦੋ ਗੋਲੀਆਂ ਹੀ ਚੱਲਦੀਆਂ ਸੁਣੀਆਂ)

ਜਿੱਥੋਂ ਇਹ ਸਾਫ ਹੈ ਕਿ ਸਾਂਡਰਸ ਦੀ ਮੌਤ ਦਾ ਜਿੰਨਾ ਜ਼ਿੰਮੇਵਾਰ ਰਾਜਗੁਰੂ ਸੀ, ਓਨਾ ਹੀ ਭਗਤ ਸਿੰਘ ਵੀ ਸੀ। ਇਸ ਲਈ ਭਗਤ ਸਿੰਘ ਵਲੋਂ ਸਾਂਡਰਸ ਦੇ ਕਤਲ ਦੀ ਜ਼ਿੰਮੇਵਾਰੀ ਨਾ ਲੈ ਕੇ, ਚੰਨਣ ਸਿੰਘ ਦੇ ਕਤਲ ਦੀ ਜ਼ਿੰਮੇਵਾਰੀ ਲੈਣਾ, ਜਿਹੜਾ ਕਿ ਆਜ਼ਾਦ ਵਲੋਂ ਕਤਲ ਕੀਤਾ ਗਿਆ ਇਕ ਬੇਤੁਕੀ ਤੇ ਘੜੀ ਗਈ ਗੱਲ ਲੱਗਦੀ ਹੈ। ਜਿਸ ਦਾ ਅੰਦਾਜ਼ਾ 'ਜੇਲ੍ਹ ਚਿੱਠੀਆਂ' ਤੋਂ ਸਾਫ ਲੱਗਦਾ ਹੈ, ਜਿੱਥੇ ਭਗਤ ਸਿੰਘ ਗੱਲਬਾਤ ਦੀ ਪੂਰੀ ਲੈਅ ਤੋੜ ਕੇ ਅਚਾਨਕ ਸਾਂਡਰਸ ਦੀ ਗੱਲ ਉਸ ਤੋਂ ਪਹਿਲਾਂ ਚੱਲੀਆਂ ਆ ਰਹੀਆਂ ਗੱਲਾਂ ਦੇ ਵਿਚਕਾਰ ਜ਼ਬਰਦਸਤੀ ਕਰਦਾ ਦਿਖਾਇਆ ਗਿਆ। ਜਿਸ ਦਾ ਸਾਫ-ਸਾਫ ਅਰਥ ਇਹ ਨਿੱਕਲਦਾ ਹੈ ਕਿ- ਆਪਣੇ ਬਚਣ ਦੀ ਆਸ ਨਾ ਹੋਣ ਕਰਕੇ ਅਤੇ ਪ੍ਰਸਿੱਧੀ ਤੇ ਵਾਹ-ਵਾਹੀ ਹਾਸਲ ਕਰਨ ਲਈ ਭਗਤ ਸਿੰਘ ਸਾਂਡਰਸ ਦੇ ਕਤਲ ਦਾ ਸਾਰਾ ਇਲਜ਼ਾਮ ਆਪਣੇ ਉੱਪਰ ਲੈ ਲੈਂਦਾ ਹੈ। ਏਥੇ ਭਗਤ ਸਿੰਘ ਵਲੋਂ ਇਹ ਕਹਿੰਦੇ ਦਿਖਾਇਆ ਜਾਣਾ ਕਿ, "ਉਂਝ ਵੀ ਮੈਨੂੰ ਬਚਣ ਦੀ ਕੋਈ ਆਸ ਨਹੀਂ ਸੀ।" ਬੜਾ ਹੀ ਅਜੀਬ ਲੱਗਦਾ ਹੈ ਕਿਉਂਕਿ ਸਾਂਡਰਸ ਦੇ ਕਤਲ ਕੇਸ 'ਚ ਪੁਲੀਸ ਦੇ ਹੱਥ ਕਾਤਲਾਂ ਦੀ ਕੋਈ ਵੀ ਜਾਣਕਾਰੀ ਨਹੀਂ ਲੱਗ ਪਾਈ ਸੀ। ਤੇ ਪੁਲੀਸ ਵਲੋਂ ਫੜੇ ਜਾਣ ਦੇ ਖਤਰੇ ਤੋਂ ਭਗਤ ਸਿੰਘ ਬਾਹਰ ਸੀ ਕਿਉਂ ਜੋ ਉਸ ਦੇ ਬਦਲੇ ਹੋਏ ਰੂਪ ਕਾਰਨ ਪੁਲੀਸ ਨੂੰ ਨਾ ਤਾਂ ਉਸ 'ਤੇ ਕੋਈ ਸ਼ੱਕ ਸੀ ਤੇ ਨਾ ਹੀ ਉਸ ਦੀ ਕੋਈ ਜਾਣਕਾਰੀ। ਤੇ ਅਪ੍ਰੈਲ 1928 'ਚ ਟਰੇਡ ਡਿਸਪਿਊਟਸ ਬਿੱਲ ਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ 'ਚ ਅਸੈਂਬਲੀ ਵਿਚ ਬੰਬ ਸੁੱਟਣ ਦਾ ਤੇ ਫਿਰ ਉੱਥੇ ਹੀ ਆਪਣੀ ਗ੍ਰਿਫ਼ਤਾਰੀ ਦੇਣ ਦਾ ਵਿਚਾਰ ਭਗਤ ਸਿੰਘ ਨੇ ਹੀ ਆਪਣੇ ਸਾਥੀਆਂ ਸਾਹਮਣੇ ਰੱਖਿਆ ਸੀ ਤਾਂ ਕਿ ਮੁਕੱਦਮੇ ਦੌਰਾਨ ਅਦਾਲਤ ਨੂੰ ਸਿਆਸੀ ਪ੍ਰਚਾਰ ਦੇ ਇਕ ਮੰਚ ਵਜੋਂ ਇਸਤੇਮਾਲ ਕਰਦਿਆਂ ਆਪਣੇ ਉਦੇਸ਼ ਤੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਭਗਤ ਸਿੰਘ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਫੜੇ ਜਾਣ ਮਗਰੋਂ ਉਸ ਨੂੰ ਮੌਤ ਦੀ ਹੀ ਸਜ਼ਾ ਹੋਵੇਗੀ। ਪਰ ਫਿਰ ਵੀ ਉਹ ਪਾਰਟੀ ਦੇ ਬਾਕੀ ਮੈਂਬਰਾਂ ਨਾਲ ਜਿੱਦਕੇ ਇਸ ਕੰਮ ਨੂੰ ਆਪਣੇ ਸਾਥੀ ਬਟੁਕੇਸ਼ਵਰ ਦੱਤ ਨਾਲ ਮਿਲ ਕੇ 8 ਅਪ੍ਰੈਲ 1929 ਨੂੰ ਅੰਜਾਮ ਦਿੰਦਾ ਹੈ। ਬੰਬ ਸੁੱਟਣ ਮਗਰੋਂ ਉਹ ਤੇ ਦੱਤ ਉੱਥੋਂ ਬਚ ਕੇ ਨਿੱਕਲ ਸਕਦੇ ਸਨ, ਪਰ ਆਪਣੇ ਉਦੇਸ਼ ਦੀ ਪੂਰਤੀ ਲਈ ਆਤਮ ਸਮਰਪਣ ਕਰ ਦਿੰਦੇ ਹਨ।

ਇਸ ਲਈ ਭਗਤ ਸਿੰਘ ਆਪਣੇ ਆਪ ਨੂੰ ਬਚਾਏ ਰੱਖਣ ਦੀ ਆਸ ਰੱਖਦਾ ਸੀ, ਜਿਵੇਂ ਕਿ 'ਜੇਲ੍ਹ ਚਿੱਠੀਆਂ' ਵਿਚ ਉਸ ਨੂੰ ਕਹਿੰਦਾ ਦਿਖਾਇਆ ਗਿਆ ਤਾਂ ਉਹ ਅਸੈਂਬਲੀ 'ਚ ਬੰਬ ਸੁੱਟਣ ਦਾ ਖਿਆਲ ਵੀ ਨਾ ਸੋਚਦਾ। ਪਰ ਹਕੀਕਤ ਇਸ ਤੋਂ ਬਿਲਕੁਲ ਉਲਟੀ ਹੈ, ਜਿਸ ਦੀ ਗਵਾਹੀ ਇਤਿਹਾਸ ਆਪ ਭਰਦਾ ਹੈ।

ਇਸ ਲਈ ਬਿਲਕੁਲ ਸਾਫ ਹੋ ਜਾਂਦਾ ਹੈ ਕਿ ਭਗਤ ਸਿੰਘ ਨੂੰ ਮੌਕਾਪ੍ਰਸਤ ਲਾਲਚੀ ਤੇ ਬੁਜ਼ਦਿਲ ਸ਼ਖਸ ਦਿਖਾਉਣ ਲਈ ਭਾਈ ਸਾਹਿਬ ਵਲੋਂ ਇਹ ਗੱਲਾਂ ਘੜੀਆਂ ਗਈਆਂ ਹਨ ਤੇ ਦੂਜੇ ਪਾਸੇ ਸਿਰਦਾਰ ਕਪੂਰ ਵਲੋਂ ਭਗਤ ਸਿੰਘ ਸਿੱਖ ਹਵਲਦਾਰ ਚੰਨਣ ਸਿੰਘ ਦਾ ਕਾਤਲ ਦੱਸ ਕੇ, ਸਿੱਖਾਂ ਦੇ ਮਨਾ ਵਿਚ ਉਸ ਪ੍ਰਤੀ ਘ੍ਰਿਣਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇੰਝ ਹੀ ਭਗਤ ਸਿੰਘ ਦੇ ਆਸਤਕ ਬਨਣ ਦੀ ਜਾਣਕਾਰੀ ਵੀ ਦੋਹਾਂ ਕਿਤਾਬਾਂ ਵਿਚ ਮੇਲ ਨਹੀਂ ਖਾਂਦੀ।

ਬਾਕੀ ਅਗਲੇ ਅੰਕ ਵਿਚ

'ਲਲਕਾਰ' ਤੋਂ ਧੰਨਵਾਦ ਸਹਿਤ

# ਚੰਡੀਗੜ੍ਹ ਵਿਦਿਆਰਥੀ ਚੋਣਾਂ 'ਚ 'ਲਾਲ ਪਰਚਮ'

## ਐਸ.ਐਫ.ਐਸ. ਦੀ ਕਨੂਪ੍ਰਿਆ ਬਣੀ ਪਹਿਲੀ ਮਹਿਲਾ ਪ੍ਰਧਾਨ




### ਇਨਕਲਾਬੋ.... ਇਨਕਲਾਬ

ਕਈ ਸਾਲ ਤੋਂ ਆਪਣੀਹ ਡਫਲੀ 'ਤੇ ਸਭ ਦਾ ਰੰਗ ਵਜਾ ਕੇ ਜੋ ਪਾਰਟੀ ਚੋਣਾਂ 'ਚ ਹਾਰ ਦੀ ਮਾਲਾ ਪਹਿਨਦੀ ਆ ਰਹੀ ਸੀ। ਇਸ ਵਾਰ ਜੇਤੂ ਬਣ ਕੇ ਸਾਹਮਣੇ ਆਈ। ਸਟੂਡੈਂਟਸ ਫ਼ੈਡਰੇਸ਼ਨ ਆਫ਼ ਸੋਸਾਇਟੀ ਦੀ ਉਮੀਦਵਾਰ ਕਨੂਪ੍ਰਿਆ ਨੇ ਪ੍ਰੈਜ਼ੀਡੈਂਟ ਦੀ ਸੀਟ 'ਤੇ ਕਬਜ਼ਾ ਕਰਦਿਆਂ ਸਾਫ਼ ਸਮਝਾ ਦਿੱਤਾ ਹੈ-ਇੱਥੇ ਈਸ਼ੂ ਵੈਸਟ ਪਾਲੀਟਿਕਸ ਚੱਲੇਗੀ, ਫਾਲਤੂ ਦੀ ਰਾਜਨੀਤੀ ਨਹੀਂ। ਐਸਐਫਐਫ ਨੂੰ ਲੈਫ਼ਟ ਓਰਿਏਟਿਡ ਬਟ ਨਾੱਟ ਏਫੀਲੀਏਟਿਡ ਵਿਦ ਏਨੀ ਪੋਲੀਟਿਕਲ ਗਰੁੱਪ ਕਿਹਾ ਜਾਂਦਾ ਹੈ। ਹਾਲਾਂਕਿ ਹੋਰ ਲੈਫ਼ਟ ਪਾਰਟੀਆਂ ਤੋਂ ਏਫਲੀਏਟੇਡ ਗਰੁੱਪ ਦੀ ਤਰ੍ਹਾਂ ਇਹ ਵੀ ਨਾ ਕੇਵਲ ਇਨਕਲਾਬ ਦੀ ਗੱਲ ਕਰਦੇ ਹਨ ਬਲਕਿ ਡਫਲੀ ਵਜਾ ਕੇ ਅਸਮਾਨ ਵੱਲ ਦੇਖਦਿਆਂ ਇਨਕਲਾਬੋ-ਇਨਕਲਾਬੋ'-ਇਨਕਲਾਬੋ''... ਇਨਕਲਾਬ ਦਾ ਨਾਅਰਾ ਲਗਾਉਂਦੇ ਹਨ। ਇਹ ਲੋਕ ਆਪਣੀ ਰਾਜਨੀਤੀ ਦੀ ਪ੍ਰੇਰਣਾ ਸ਼ਹੀਦ ਭਗਤ ਸਿੰਘ ਤੋਂ ਲੈਂਦੇ ਹਨ। ਫਿਲਹਾਲ ਇਸ ਜਿੱਤ ਨਾਲ ਇਕ ਪਾਸੇ ਤਾਂ ਲੈਫਟ ਦਾ ਲਾਲ ਪਰਚਮ ਪੀਯੂ 'ਚ ਲਹਿਰਾਇਆ ਹੈ, ਦੂਜੇ ਪਾਸੇ ਵੱਡੀ ਪਹੁੰਚ ਵਾਲੇ ਭਗਤਾ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਨੂੰ ਪੀਯੂ 'ਚ ਨਵੀਂ ਕਿਸਮ ਦੀ ਰਾਜਨੀਤੀ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ।

- ਇਹ ਫੋਟੋ ਕਈ ਦਿਨਾਂ ਤੋਂ ਰੂਹ ਦੇ ਪਹਿਲੇ ਸਫ਼ੇ 'ਤੇ ਛਪੀ ਹੋਈ ਹੈ।
- ਇਸ ਫੋਟੋ 'ਚ ਨਜ਼ਰ ਆ ਰਹੇ ਸਥਾਪਤੀ ਦੇ ਅਸਮਾਨ 'ਚ ਮੋਰੀ ਕਰਨ ਲਈ ਉਠੇ ਹੱਥ ਭਾਵੇਂ ਕੋਮਲ ਤੇ ਮਾਸੂਮ ਲੱਗਦੇ ਹਨ ਪਰ ਉਨ੍ਹਾਂ ਨੇ 'ਪੱਥਰ ਤਬੀਅਤ ਨਾਲ ਉਛਾਲਿਆ ਲੱਗਦਾ ਹੈ।'
- ਇਸ ਫੋਟੋ 'ਚ ਡਫਲੀ ਸੰਘਰਸ਼ ਦੇ ਪ੍ਰਤੀਕ ਵਜੋਂ ਪੇਸ਼ ਹੁੰਦੀ ਹੈ। ਜ਼ਰੂਰੀ ਨਹੀਂ ਇਨਕਲਾਬ ਬੰਦੂਕ ਦੀ ਨਾਲੀ 'ਚੋਂ ਹੀ ਨਿਕਲੇ, ਇਹ ਡਫਲੀ ਦੀ ਗੂੰਜ ਵਿਚੋਂ ਵੀ ਨਿਕਲ ਸਕਦਾ ਹੈ।
- ਇਹ ਫੋਟੋ ਮੈਂ ਆਪਣੀ ਸਕੂਲ ਪੜ੍ਹਦੀ ਬੇਟੀ ਨੂੰ ਭੇਜੀ ਅਤੇ ਉਸ ਨਾਲ ਇਸ ਬਾਰੇ ਕਾਫ਼ੀ ਗੱਲਾਂ ਕੀਤੀਆਂ। ਅਜੇ ਛੋਟੀ ਹੋਣ ਕਾਰਨ ਉਹ ਸਾਰੀਆਂ ਗੱਲਾਂ ਨਹੀਂ ਸਮਝਦੀ ਪਰ ਇਹ ਗੱਲਾਂ ਉਸ ਇੱਟ ਵਾਂਗ ਹਨ ਜੋ ਨੀਂਹ ਚਿਣਨ ਵੇਲੇ ਸਭ ਤੋਂ ਪਹਿਲਾਂ ਧਰੀ ਜਾਂਦੀ ਹੈ।
- ਮੈਨੂੰ ਲੱਗਦਾ ਹੈ ਜਿਵੇਂ ਇਸ ਫੋਟੋ ਨੇ ਪੰਜਾਬ ਦੇ ਫਿਕਰ ਦੀ ਬਾਂਹ ਫੜੀ ਹੋਈ ਹੈ।
- ਪੰਜਾਬ ਦਾ ਲਾਡਲਾ ਸ਼ਾਇਰ ਸ਼ਿਵ ਕਹਿੰਦਾ ਹੈ –
  'ਲੱਗੀ ਤੇਰੀ ਦੀਦ ਦੀ
  ਵੇ ਤੇਹ ਸਾਡੇ ਦੀਦਿਆਂ ਨੂੰ ,
  ਇਕ ਘੁੱਟ ਚਾਣਨੀ ਪਿਆ..'
  ਪੰਜਾਬ ਦੇ ਅੰਨ੍ਹੇਪਣ ਵੱਲ ਵੱਧ ਰਹੇ ਤੇ ਕਿਸੇ ਧਰਵਾਸ ਲਈ ਤਰਸੇ ਦੀਦਿਆਂ ਲਈ ਇਹ ਫੋਟੋ ਚਾਣਨੀ ਦਾ ਘੁੱਟ ਹੈ। ਸ਼ਾਇਦ ਇਸ ਚਾਣਨੀ ਦੇ ਘੁੱਟ ਨੂੰ ਪੀ ਕੇ ਉਸ ਦੀਆਂ ਅੱਖਾਂ ਦੀ ਜੋਤ ਵਾਪਸ ਆ ਜਾਵੇ।
- ਇਸ ਫੋਟੋ ਦੇ ਇਨਕਲਾਬੀ ਸੁਹੱਪਣ ਨੂੰ ਆਪਣੀ ਰੂਹ ਨਾਲ ਆਤਮਸਾਤ ਕਰ ਲਵੋ ਕਿਉਂਕਿ ਇਸ ਨੇ ਸਾਡੀਆਂ ਆਉਣ ਵਾਲ਼ੀਆਂ ਨਸਲਾਂ ਦਾ ਭਵਿੱਖ ਤੈਅ ਕਰਨਾ ਹੈ। (ਜੇ ਜਜ਼ਬਾਤ ਥੋੜ੍ਹੇ ਤਰਲ ਹੋ ਗਏ ਲੱਗਣ, ਉਹ ਵੀ ਇਸ ਫੋਟੋ ਸਦਕਾ ਹੀ ਹੈ)

– ਬਰਦੀਪ ਭੱਠਲ

ਚੰਡੀਗੜ੍ਹ (ਨਦਬ) ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿਚ ਪਹਿਲੀ ਵਾਰ ਮਹਿਲਾ ਪ੍ਰਧਾਨ ਕਨੂਪ੍ਰਿਆ ਬਣ ਗਈ ਹੈ। ਕਾਊਂਟਿੰਗ ਦੇ ਪਹਿਲੇ ਦੌਰ ਤੋਂ ਹੀ ਕਨੂ ਦੀ ਚੜ੍ਹਤ ਦਿਖਾਈ ਦੇ ਰਹੀ ਸੀ ਤੇ ਸ਼ਾਮ ਹੁੰਦੇ ਹੁੰਦੇ ਖੱਬੇ ਪੱਖੀ ਵਿਚਾਰਧਾਰਾ ਵਾਲੀ ਸੰਸਥਾ ਸਟੂਡੈਂਟਸ ਫ਼ਾਰ ਸੁਸਾਇਟੀ (ਐਸਐਫਐਸ) ਦੀ ਉਮੀਦਵਾਰ ਕਨੂਪ੍ਰਿਆ ਨੂੰ ਬੁਲਾ ਲਿਆ ਗਿਆ। ਹਾਲਾਂਕਿ ਉਦੋਂ ਤਕ ਯੂਆਈਈਟੀ ਦੀ ਕੌਂਸਲਿੰਗ ਚੱਲ ਹੀ ਸੀ। ਜੋਸ਼ੋ-ਖਰੋਸ਼ ਪੂਰੇ ਜ਼ੋਬਨ 'ਤੇ ਸੀ ਅਤੇ ਐਸਐਫਐਸ ਦੇ ਸਮਰਥਕਾਂਨੇ ਸਟੂਡੈਂਟ ਸੈਂਟਰ 'ਤੇ ਸ਼ਹੀਦ ਭਗਤ ਸਿੰਘ ਦੀ ਫ਼ੋਟੋ ਲਹਿਰਾ ਦਿੱਤੀ। ਢੋਲ ਦੀ ਆਵਾਜ਼ 'ਤੇ ਸਮਰਥਕ ਨਾਅਰੇ ਲਗਾ ਰਹੇ ਸਨ। ਜਿੱਤ ਦਾ ਅਧਿਕਾਰਤ ਐਲਾਨ ਹੋਇਆ। ਫਿਰ ਵੱਜਣੀ ਸ਼ੁਰੂ ਹੋਈ ਐਸਐਫਐਸ ਦੀ ਡਫਲੀ। ਇਸੇ ਦੌਰਾਨ ਡੀਨ ਸਟੂਡੈਂਟਸ ਵੈਲਫ਼ੇਅਰ ਪ੍ਰੋ. ਅਮੈਨੂਅਲ ਨਾਹਰ ਨੇ ਕਨੂਪ੍ਰਿਆ ਨੂੰ ਜੇਤੂ ਐਲਾਨ ਦਿੱਤਾ। ਐਸਐਫਐਸ ਨੇ ਪਿਛਲੇ ਸਾਲਾਂ 'ਚ ਵੀ ਪ੍ਰਧਾਨਗੀ ਦੇ ਅਹੁਦੇ 'ਤੇ ਉਮੀਦਵਾਰ ਖੜ੍ਹਾ ਕੀਤਾ ਸੀ। ਪਿਛਲੇ ਸਾਲ ਹੀ ਉਨ੍ਹਾਂ ਦੀ ਉਮੀਦਵਾਰ ਹਸਨਪ੍ਰੀਤ ਕੁਝ ਹੀ ਵੋਟਾਂ ਨਾਲ ਪਿੱਛੇ ਰਹਿ ਗਈ ਅਤੇ ਐਨਐਸਯੂਆਈ ਨੇ ਬਾਜ਼ੀ ਮਾਰ ਲਈ ਸੀ।

ਵਿਦਿਆਰਥੀ ਚੋਣਾਂ ਵਿਚ ਇਸ ਸਾਲ ਭਗਵਾਂ ਬ੍ਰਿਗੇਡ ਨੂੰ ਹਾਰ ਮਿਲੀ ਹੈ ਤੇ ਪਹਿਲੀ ਵਾਰ ਲਾਲ ਝੰਡੇ ਨੇ ਜਿੱਤ ਦਰਜ ਕਰਾ ਕੇ ਇਤਿਹਾਸ ਰਚਿਆ ਹੈ। ਕਨੂਪ੍ਰਿਆ ਪੀਯੂ ਦੇ ਇਤਿਹਾਸ ਵਿਚ ਪਹਿਲੀ ਮਹਿਲਾ ਪ੍ਰਧਾਨ ਬਣੀ ਹੈ। ਉਸ ਨੂੰ ਕੁਲ 2802 ਵੋਟ ਮਿਲੇ ਹਨ।

ਕਨੂਪ੍ਰਿਆ ਨੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਵਾਲੀ ਏਬੀਵੀਪੀ ਦੇ ਅਸ਼ੀਸ਼ ਰਾਣਾ (2083) ਨੂੰ 719 ਵੋਟਾਂ ਦੇ ਅੰਤਰ ਨਾਲ ਹਰਾਇਆ। ਬਾਕੀ ਤਿੰਨ ਵਿਚੋਂ ਦੋ ਅਹੁਦਿਆਂ 'ਤੇ ਸੋਈ ਗਠਜੋੜ ਦੇ ਸਹਿਯੋਗੀ ਅਤੇ ਇਕ ਅਹੁਦੇ 'ਤੇ ਕਾਂਗਰਸ ਦੀ ਹਮਾਇਤ ਵਾਲੀ ਐੱਨਐੱਸਯੂਆਈ ਦਾ ਉਮੀਦਵਾਰ ਜਿੱਤਿਆ ਹੈ। ਅਕਾਲੀ ਦਲ ਦੀ ਹਮਾਇਤ ਵਾਲੀ ਸੋਈ ਗਠਜੋੜ ਦੀ ਸਹਿਯੋਗੀ ਪਾਰਟੀ ਆਈਐੱਸਏ ਦੇ ਦਲੇਰ ਸਿੰਘ (3155) ਉਪ ਪ੍ਰਧਾਨ ਚੁਣਿਆ ਗਿਆ ਹੈ ਅਤੇ ਸੋਈ ਦੀ ਹੀ ਸਹਿਯੋਗੀ ਪਾਰਟੀ ਇਨੈਲੋ ਦੀ ਹਮਾਇਤ ਵਾਲੀ ਇੰਸੋ ਦੇ ਅਮਰਿੰਦਰ ਸਿੰਘ (2742) ਨੇ ਸਕੱਤਰ ਦੇ ਅਹੁਦੇ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਸੇ ਦੌਰਾਨ ਜਾਇੰਟ ਸਕੱਤਰ ਦਾ ਅਹੁਦਾ ਪਿਛਲੇ ਸਾਲ ਸੱਤਾ ਵਿਚ ਰਹੀ ਐੱਨਐੱਸਯੂਆਈ ਦੇ ਹਿੱਸੇ ਆਇਆ ਹੈ। ਐੱਨਐੱਸਯੂਆਈ ਦੇ ਵਿਪੁਲ ਅਤਰੇ ਨੂੰ 2357 ਵੋਟ ਮਿਲੇ ਹਨ।

ਜ਼ਿਕਰਯੋਗ ਹੈ ਕੇ ਐੱਨਐੱਸਯੂਆਈ ਪਿਛਲੇ ਸਾਲ ਕੌਂਸਲ ਦੀਆਂ ਤਿੰਨ ਸੀਟਾਂ 'ਤੇ ਕਾਬਜ਼ ਸੀ, ਪਰ ਇਸ ਵਾਰ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਅਨੁਜ ਸਿੰਘ ਨੂੰ ਸਿਰਫ਼ 1583 ਵੋਟਾਂ ਹੀ ਮਿਲੀਆਂ। ਕਨੂਪ੍ਰਿਆ ਨੇ ਕਿਹਾ ਕਿ ਇਹ ਉਸ ਦੀ ਨਿੱਜੀ ਜਿੱਤ ਨਹੀਂ ਹੈ ਬਲਕਿ ਸਾਰੇ ਵਿਦਿਆਰਥੀਆਂ ਦੀ ਜਿੱਤ ਹੈ। ਕਨੂਪ੍ਰਿਆ ਨੇ ਕਿਹਾ ਕਿ ਸੰਸਥਾ ਐੱਸਐੱਫਐੱਸ ਲੰਮੇ ਸਮੇਂ ਤੋਂ ਵਿਦਿਆਰਥੀਆਂ ਦੇ ਹੱਕਾਂ ਲਈ ਲੜਦੀ ਆ ਰਹੀ ਹੈ ਤੇ ਹੁਣ ਉਹ ਬਤੌਰ ਪ੍ਰਧਾਨ ਵਿਦਿਆਰਥੀਆਂ ਦੀ ਆਵਾਜ਼ ਬਣ ਕੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਅੱਗੇ ਵੱਖ ਵੱਖ ਮੁੱਦੇ ਉਠਾਏਗੀ ਅਤੇ ਸਮੱਸਿਆਵਾਂ ਹੱਲ ਕਰਾਉਣ ਦਾ ਯਤਨ ਕੀਤਾ ਜਾਵੇਗਾ। ਪੀਯੂ ਦੇ ਹਰ ਵਿਦਿਆਰਥੀ ਨੂੰ ਪੜ੍ਹਾਈ ਦਾ ਅਧਿਕਾਰ ਦਿਵਾਉਣਾ ਉਸ ਦਾ ਪਹਿਲਾ ਮਕਸਦ ਹੋਵੇਗਾ। ਪੰਜਾਬ ਯੂਨੀਵਰਸਿਟੀ ਵਿਚ ਪੰਜ ਸਾਲ ਪਹਿਲਾਂ ਸੰਸਥਾ ਐੱਸਐੱਫਐੱਸ ਦਾ ਗਠਨ ਹੋਇਆ ਸੀ। ਇਸ ਸੰਸਥਾ ਨੇ ਫੀਸ ਵਧਾਉਣ ਦੇ ਮੁੱਦੇ 'ਤੇ ਲੰਮੀ ਭੁੱਖ ਹੜਤਾਲ ਕੀਤੀ ਅਤੇ ਆਪਣੀ ਗੱਲ ਮਨਵਾਈ। ਇਸ ਮੌਕੇ ਅਸ਼ੀਸ਼ ਰਾਣਾ ਨੇ ਕਿਹਾ ਕਿ ਵਿਰੋਧੀ ਧਿਰਾਂ ਨੇ ਡਿਨਰ ਪਾਰਟੀ ਨੂੰ ਹਵਾ ਦੇ ਕੇ ਪਾਰਟੀ ਦੇ ਅਕਸ ਨੂੰ ਢਾਹ ਲਗਾਈ ਹੈ। ਉਸ ਨੇ ਕਿਹਾ ਕਿ ਚੋਣਾਂ ਜਿੱਤਣ ਲਈ ਪਾਰਟੀ ਨੇ ਪੂਰੀ ਵਾਹ ਲਗਾਈ, ਪਰ ਉਹ ਜਿੱਤ ਨਹੀਂ ਸਕੇ। ਏਬੀਵੀਪੀ ਦੇ ਪੱਲੇ ਕੁਝ ਨਹੀਂ ਪਿਆ।



Summerside FINANCIAL



# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ 'ਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨ੍ਹਾਂਸ/ਵੇਚ ਨੂੰ ਇਕੋ ਬਕਸੇ 'ਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ 'ਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ !

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨ੍ਹਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨ੍ਹਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*



## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ 'ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) 'ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ 'ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ 'ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

**Toll Free:1-877-816-3510**
**www.summersidefinancial.com**
#200, 17834 106A Avenue Edmonton, Alberta T5S 1V3

**Alan Ajit Walia**
**780-995-2719 (Cell)**
**780-705-6668 (Off.)**

**Email: info@summersidefinancial.com, Fax : 780-705-6641**

ਸਫ਼ਾ 1 ਦੀ ਬਾਕੀ

## ਫੈਡਰਲ ਸਰਕਾਰ ਪਾਈਪ ਲਾਈਨ ਦੀ ਉਸਾਰੀ ਮੁੜ ਸ਼ੁਰੂ ਕਰੇ : ਨੋਟਲੇ

ਫੋਰਟ ਹਿਲਜ਼ ਦੇ ਐਗਜ਼ੈਕਟਿਵ ਸਟੀਵ ਵਿਲੀਅਮਜ਼ ਨੇ ਕਿਹਾ ਕਿ ਫੈਡਰਲ ਕੋਰਟ ਵਲੋਂ ਪਾਈਪ ਲਾਈਨ ਨੂੰ ਰੋਕ ਦੇਣ ਨਾਲ ਸਾਨੂੰ ਬਹੁਤ ਹੀ ਨਿਰਾਸ਼ਾ ਹੋਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅਜੇ ਵੀ ਆਸ ਹੈ ਕਿ ਫੈਡਰਲ ਸਰਕਾਰ ਪਾਈਪ ਲਾਈਨ ਬਣਾਉਣ ਵਿਚ ਕਾਮਯਾਬ ਹੋਵੇਗੀ। ਇਸ ਸਮੇਂ ਸਮਾਰੋਹ ਵਿਚ ਸਥਾਨਕ ਫਸਟ ਨੇਸ਼ਨਜ਼ ਨੇਤਾਵਾਂ ਤੋਂ ਬਿਨਾਂ ਫੈਡਰਲ ਕੁਦਰਤੀ ਸਰੋਤ ਮੰਤਰੀ ਅਮਰਜੀਤ ਸੋਹੀ ਨੇ ਵੀ ਹਿੱਸਾ ਲਿਆ। ਫੋਰਟ ਹਿਲਜ਼ ਪ੍ਰੋਜੈਕਟ ਫੋਰਟ ਮੈਕਮਰੀ ਦੇ ਉਦਘਾਟਨ ਤੋਂ ਅਗਲੇ ਦਿਨ ਪ੍ਰੀਮੀਅਰ ਨੋਟਲੇ ਨੇ ਬਹੁਤ ਉਤਸ਼ਾਹ ਨਾਲ ਲੌਂਗ ਲੇਕ ਵਿਸਥਾਰ ਯੋਜਨਾ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤੋਂ ਪਤਾ ਲਗਦਾ ਹੈ ਅਲਬਰਟਾ ਵਿਚ ਐਨਰਜੀ ਸਨਅਤ ਵਿਕਾਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਲਬਰਟਾ ਵਿਚ ਤੇਲ ਅਤੇ ਗੈਸ ਦੇ ਉਤਪਾਦਨ ਲਈ ਅਸੀਂ ਉਚੇ ਵਾਤਾਵਰਣ ਮਾਪਦੰਡਾਂ ਨੂੰ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ 2020 ਵਿਚ ਬਣ ਕੇ ਤਿਆਰ ਹੋ ਜਾਵੇਗੀ ਅਤੇ ਰੋਜ਼ਾਨਾ 26000 ਬੈਰਲ ਪ੍ਰਤੀ ਦਿਨ ਤੇਲ ਦਾ ਉਤਪਾਦਨ ਕਰੇਗੀ, ਜਿੱਥੇ 250 ਤੋਂ ਵੱਧ ਰੁਜ਼ਗਾਰ ਵਸੀਲੇ ਪੈਦਾ ਹੋਣਗੇ ਅਤੇ ਪ੍ਰੋਵਿੰਸ ਨੂੰ 200 ਮਿਲੀਅਨ ਡਾਲਰ ਰਾਇਲਟੀ ਅਤੇ ਟੈਕਸ ਦੇ ਰੂਪ ਵਿਚ ਪ੍ਰਾਪਤ ਹੋਣਗੇ।

ਸਫ਼ਾ 37 ਦੀ ਬਾਕੀ

## ਮੇਰਾ ਨਾਂਅ ਅਰੁੰਧਤੀ ਰਾਏ ਹੈ, ਮੈਂ ਵੀ ਸ਼ਹਿਰੀ ਨਕਸਲੀ ਹਾਂ

ਅਤੇ ਵਕੀਲ ਸੁਰਿੰਦਰ ਗਾਰਲਿੰਗ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ 'ਤੇ ਰੈਲੀ ਵਿਚ ਹਿੰਸਾ ਦੀ ਸਾਜ਼ਿਸ਼ ਰਚਣ ਅਤੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਗਿਆ। ਉਨ੍ਹਾਂ ਨੂੰ ਕਾਲਾ ਕਾਨੂੰਨ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਲਗਾ ਕੇ ਹਿਰਾਸਤ ਵਿਚ ਰੱਖਿਆ ਗਿਆ ਹੈ। ਚੰਗੇ ਭਾਗਾਂ ਨੂੰ ਉਨ੍ਹਾਂ ਨਾਲ ਇਸ਼ਰਤ ਜਹਾਂ, ਬੋਹਰਾਬੂਦੀਨ ਅਤੇ ਕੌਸਰ ਬੀ ਵਾਲੀ ਨਹੀਂ ਹੋਈ ਅਤੇ ਉਹ ਅਜੇ ਜਿਊਂਦੇ ਹਨ, ਜਿਨ੍ਹਾਂ 'ਤੇ ਬਹੁਤ ਸਾਲ ਪਹਿਲਾਂ ਇਸੇ ਜੁਰਮ ਦਾ ਇਲਜ਼ਾਮ ਲਗਾਇਆ ਗਿਆ ਸੀ, ਪਰ ਉਹ ਮੁਕੱਦਮਾ ਦੇਖਣ ਲਈ ਜਿਊਂਦੇ ਨਾ ਰਹੇ।

ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਅਤੇ ਭਾਜਪਾ ਦੋਵਾਂ ਸਰਕਾਰਾਂ ਲਈ ਇਹ ਮਹੱਤਵਪੂਰਨ ਬਣਿਆ ਹੋਇਆ ਹੈ ਕਿ ਆਦਿਵਾਸੀਆਂ 'ਤੇ ਆਪਣੇ ਹਮਲਿਆਂ ਅਤੇ ਹੁਣ ਭਾਜਪਾ ਵੱਲੋਂ ਦਲਿਤਾਂ 'ਤੇ ਆਪਣੇ ਹਮਲਿਆਂ ਨੂੰ 'ਮਾਓਵਾਦੀਆਂ' ਜਾਂ 'ਨਕਸਲੀਆਂ' 'ਤੇ ਹਮਲਿਆਂ ਦੇ ਭੇਖ ਵਿਚ ਅੰਜ਼ਾਮ ਦਿੱਤਾ ਜਾਵੇ। ਇਸ ਦਾ ਕਾਰਨ ਇਹ ਹੈ ਕਿ ਮੁਸਲਮਾਨਾਂ ਦੇ ਉਲਟ ਜਿਨ੍ਹਾਂ ਦਾ ਚੁਣਾਵੀ ਗਣਿਤ ਵਿਚੋਂ ਤਕਰੀਬਨ ਨਾਮੋਨਿਸ਼ਾਨ ਹੀ ਮਿਟਾ ਦਿੱਤਾ ਗਿਆ ਹੈ, ਸਾਰੀਆਂ ਸਿਆਸੀ ਪਾਰਟੀਆਂ ਦੀ ਅੱਖ ਸੰਭਾਵੀ ਵੋਟ ਬੈਂਕ ਦੇ ਤੌਰ 'ਤੇ ਆਦਿਵਾਸੀ ਅਤੇ ਦਲਿਤ ਵੋਟਾਂ 'ਤੇ ਹੈ। ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ 'ਮਾਓਵਾਦੀ' ਕਰਾਰ ਦੇ ਕੇ ਸਰਕਾਰ ਦਲਿਤ ਰੀਝ ਨੂੰ ਇਕ ਹੋਰ ਨਾਂ ਦੇ ਕੇ ਇਸ ਨੂੰ ਸੱਟ ਮਾਰਨ ਅਤੇ ਅਪਮਾਨਤ ਕਰਨ ਦਾ ਜੁਗਾੜ ਕਰ ਰਹੀ ਹੈ, ਨਾਲ ਦੀ ਨਾਲ "ਦਲਿਤ ਮੁੱਦਿਆਂ" ਪ੍ਰਤੀ ਸੰਵੇਦਨਸ਼ੀਲ ਹੋਣ ਦਾ ਦਿਖਾਵਾ ਵੀ ਕਰ ਰਹੀ ਹੈ। ਅੱਜ ਜਦੋਂ ਅਸੀਂ ਬੋਲ ਰਹੇ ਹਾਂ, ਪੂਰੇ ਮੁਲਕ ਵਿਚ ਹਜ਼ਾਰਾਂ ਲੋਕ ਜੇਲ੍ਹ ਵਿਚ ਬੰਦ ਹਨ, ਗ਼ਰੀਬ ਅਤੇ ਵਾਂਝੇ ਲੋਕ ਜੋ ਆਪਣੇ ਘਰਾਂ, ਆਪਣੀ ਜ਼ਮੀਨ, ਆਪਣੇ ਮਾਣ ਸਨਮਾਨ ਲਈ ਲੜ ਰਹੇ ਹਨ, ਉਹ ਲੋਕ ਜਿਨ੍ਹਾਂ 'ਤੇ ਰਾਜਧ੍ਰੋਹ ਦਾ ਇਲਜ਼ਾਮ ਹੈ ਅਤੇ ਹੋਰ ਵੀ ਮਾੜੀ ਗੱਲ, ਉਹ ਬਿਨਾਂ ਮੁਕੱਦਮਾ ਜੇਲ੍ਹਾਂ ਵਿਚ ਤੁੰਨੇ ਹੋਏ ਸੜ ਰਹੇ ਹਨ।

ਦਸ ਲੋਕਾਂ-ਤਿੰਨ ਵਕੀਲਾਂ ਅਤੇ ਸੱਤ ਉੱਘੇ ਕਾਰਕੁਨਾਂ ਦੀ ਗ੍ਰਿਫ਼ਤਾਰੀ ਨਿਤਾਣੇ ਲੋਕਾਂ ਦੀਆਂ ਨਿਆਂ ਜਾਂ ਕਾਨੂੰਨੀ ਨੁਮਾਇੰਦਗੀ ਦੀ ਕਿਸੇ ਵੀ ਉਮੀਦ ਨੂੰ ਖ਼ਤਮ ਕਰਨ ਦਾ ਕੰਮ ਵੀ ਕਰਦੀ ਹੈ, ਕਿਉਂਕਿ ਇਹ ਉਨ੍ਹਾਂ ਦੇ ਨੁਮਾਇੰਦੇ ਸਨ। ਕਈ ਸਾਲ ਪਹਿਲਾਂ ਜਦੋਂ ਬਸਤਰ ਵਿਚ ਸਲਵਾ ਜੂਡਮ ਨਾਂਅ ਦੇ ਚੌਕਸੀ ਸੈਨਾ ਬਣਾਈ ਗਈ ਅਤੇ ਇਸ ਵੱਲੋਂ ਲੋਕਾਂ ਦੀਆਂ ਹੱਤਿਆਵਾਂ ਕਰਦਿਆਂ ਅਤੇ ਪੂਰੇ ਦੇ ਪੂਰੇ ਪਿੰਡ ਸਾੜ ਕੇ ਸੁਆਹ ਕਰਦਿਆਂ ਕਹਿਰ ਵਰਤਾਇਆ ਗਿਆ, ਉਦੋਂ ਪੀ.ਯੂ.ਸੀ.ਐੱਲ. (ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼), ਛੱਤੀਸ਼ਗੜ੍ਹ ਦੇ ਜਨਰਲ ਸਕੱਤਰ ਡਾ. ਵਿਨਾਇਕ ਸੇਨ ਨੇ ਪੀੜਤਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਜਦੋਂ ਬਿਨਾਇਕ ਸੇਨ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ ਤਾਂ ਉਸ ਦੀ ਥਾਂ ਸੁਧਾ ਭਾਰਦਵਾਜ ਨੇ ਲੈ ਲਈ ਜੋ ਇਕ ਵਕੀਲ ਹੈ ਅਤੇ ਸਾਲਾਂ ਤੋਂ ਉਸ ਇਲਾਕੇ ਵਿਚ ਕੰਮ ਕਰ ਰਹੀ ਟਰੇਡ ਯੂਨੀਅਨ ਆਗੂ ਹੈ। ਪ੍ਰੋਫ਼ੈਸਰ ਸਾਂਈਬਾਬਾ, ਜਿਸ ਨੇ ਬਸਤਰ ਵਿਚ ਨੀਮ-ਫ਼ੌਜੀ ਕਾਰਵਾਈਆਂ ਵਿਰੁਧ ਬੇਧੜਕ ਹੋ ਕੇ ਮੁਹਿੰਮ ਚਲਾਈ, ਵਿਨਾਇਕ ਸੇਨ ਦੇ ਹੱਕ 'ਚ ਵੀ ਖੜ੍ਹੇ ਹੋਏ। ਜਦੋਂ ਉਨ੍ਹਾਂ ਨੇ ਸਾਂਈਬਾਬਾ ਨੂੰ ਗ੍ਰਿਫ਼ਤਾਰ ਕਰ ਲਿਆ, ਰੋਨਾ ਵਿਲਸਨ ਉਸ ਦੇ ਹੱਕ ਵਿਚ ਖੜ੍ਹੇ ਹੋਏ। ਸੁਰਿੰਦਰ ਗਾਡਲਿੰਗ ਸਾਈਬਾਬਾ ਦੇ ਵਕੀਲ ਸਨ। ਜਦੋਂ ਉਨ੍ਹਾਂ ਨੇ ਰੋਨਾ ਵਿਲਸਨ ਅਤੇ ਸੁਰਿੰਦਰ ਗਾਰਲਿੰਗ ਨੂੰ ਗ੍ਰਿਫ਼ਤਾਰ ਕਰ ਲਿਆ, ਸੁਧਾ ਭਾਰਦਵਾਜ, ਗੌਤਮ ਨਵਲੱਖਾ ਅਤੇ ਹੋਰ ਉਨ੍ਹਾਂ ਦੇ ਹੱਕ ਵਿਚ ਡੱਟੇ ਅਤੇ ਇੰਝ ਇਹ ਸਿਲਸਿਲਾ ਚੱਲਦਾ ਰਿਹਾ। ਨਿਤਾਣਿਆਂ ਨੂੰ ਘੇਰਾ ਘੱਤਿਆ ਜਾ ਰਿਹਾ ਹੈ ਅਤੇ ਖਾਮੋਸ਼ ਕੀਤਾ ਜਾ ਰਿਹਾ ਹੈ। ਜੋ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਜੇਲ੍ਹ ਵਿਚ ਸਾੜਿਆ ਜਾ ਰਿਹਾ ਹੈ। ਪ੍ਰਮਾਤਮਾ ਸਾਡੇ ਮੁਲਕ ਮੁੜ ਪਹਿਲੀ ਹਾਲਤ ਵਿਚ ਆਉਣ ਵਿਚ ਸਹਾਈ ਹੋਵੇ।

(ਦ ਵਾਇਰ ਦੇ ਧੰਨਵਾਦ ਸਹਿਤ)

ਅਨੁਵਾਦ : ਬੂਟਾ ਸਿੰਘ



## 25 ਡਾਲਰ ਪ੍ਰਤੀ ਦਿਨ ਡੇ ਕੇਅਰਜ਼ ਦੀ ਲੋਕਾਂ ਵਲੋਂ ਭਰਪੂਰ ਸ਼ਲਾਘਾ- ਗਰੇਅ

ਐਡਮਿੰਟਨ (ਨਦਬ) : ਲੇਬਰ ਮੰਤਰੀ ਕਰਿਸਟੀਨਾ ਗਰੇਅ ਨੇ ਐਲਨ ਗਰੇਅ ਕੰਟੀਨਿਊਂਗ ਕੇਅਰ ਸੈਂਟਰ ਦਾ ਦੌਰਾ ਕੀਤਾ ਅਤੇ ਕੇਅਰ ਸੈਂਟਰ ਦੇ ਕਰਮੀਆਂ ਅਤੇ ਲੋਕਾਂ ਨਾਂਲ ਗੱਲਬਾਤ ਕੀਤੀ। ਉਨ੍ਹਾਂ ਨੇ ਕਿਹਾ ਕਿ 25 ਡਾਲਕਰ ਪ੍ਰਤੀ ਦਿਨ ਡੇ ਕੇਅਰਜ਼ ਤੋਂ ਲੋਕ ਬਹੁਤ ਹੀ ਖ਼ੁਸ਼ ਹਨ ਅਤੇ ਇਸ ਦਾ ਭਰਪੂਰ ਫ਼ਾਇਦਾ ਲੈ ਰਹੇ ਹਨ। ਕੇਅਰ ਸੈਂਟਰ ਦੇ ਕਰਮੀਆਂ ਨੇ ਦਸਿਆ ਕਿ ਇਯ ਪ੍ਰਾਜੈਕਟ ਨਾਲ ਅਸੀਂ ਘੱਟ ਆਮਦਨ ਵਾਲੇ ਗਰੀਬ ਪਰਿਵਾਰਾਂ, ਬਿਨਾ ਆਮਦਨ ਵਾਲੇ ਲੋਕਾਂ ਅਤੇ ਹੋਰ ਲੋੜਵੰਦ ਲੋਕਾਂ ਦੀ ਮਦਦ ਕਰਨ ਵਿਚ ਕਾਮਯਾਬ ਹੋਏ ਹਾਂ। ਜਨਤਾ ਵਲੋਂ ਇਸ ਦਾ ਭਾਰੀ ਮੰਗ ਕੀਤੀ ਜਾ ਰਹੀ ਹੈ। ਬੱਚਿਆਂ ਦੇ ਮਾਪਿਆਂ ਨੇ ਦੱਸਿਆ ਕਿ 25 ਡਾਲਰ ਪ੍ਰਤੀ ਦਿਨ ਡੇ ਕੇਅਰਜ਼ ਨਾਲ ਪਰਿਵਾਰਾਂ ਤੋਂ ਵੱਡੇ ਵਿੱਤੀ ਬੋਝ ਦਾ ਭਾਰ ਘੱਟ ਹੋਇਆ ਹੈ। ਸ੍ਰੀਮਤੀ ਗਰੇਅ ਨੇ ਕਿਹਾ ਕਿ ਇਹ ਪ੍ਰੋਗਰਾਮ ਇਸ ਵੇਲੇ ਸੂਬੇ ਦੀਆਂ 122 ਥਾਵਾਂ ਤੋਂ ਚੱਲ ਰਿਹਾ ਹੈ, ਜਿਸ ਤੋਂ ਲਗਭਗ 7300 ਬੱਚੇ ਫ਼ਾਇਦਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਯੂਨੀਵਰਸਲ ਡੇ ਕੇਅਰਜ਼ ਤਕ ਲੈ ਜਾਣ ਲਈ ਲੋਕਾਂ ਦਾ ਸਾਥ ਬਹੁਤ ਜ਼ਰੂਰੀ ਹੈ।

## ਐਮ.ਐਲ.ਏ. ਰੌਡ ਲੋਇਲਾ ਐਲਰਸਲੀ ਤੋਂ ਐਨ.ਡੀ.ਪੀ. ਦੇ ਮੁੜ ਉਮੀਦਵਾਰ




ਐਡਮਿੰਟਨ (ਨਦਬ) : ਐਡਮਿੰਟਨ ਐਲਸਰੀ ਤੋਂ ਐਮ.ਐਲ.ਏ. ਰੌਡ ਲੋਇਲਾ ਆਉਣ ਵਾਲੀਆਂ ਸੂਬਾਈ ਚੋਣਾਂ ਲਈ ਫਿਰ ਤੋਂ ਐਨ.ਡੀ.ਪੀ. ਉਮੀਦਵਾਰ ਚੁਣੇ ਗਏ ਹਨ। ਪਾਰਟੀ ਵਲੋਂ ਉਨ੍ਹਾਂ ਦੀ ਚੋਣ ਹਲਕਾ ਐਸੋਸੀਏਸ਼ਨ ਦੀ ਵਿਸ਼ਾਲ ਮੀਟਿੰਗ ਦੌਰਾਨ ਹੋਈ।
ਰਿਸੋਰਸ ਸਟੀਵਾਰਡਸ਼ਿਪ (ਸਰੋਤ ਪ੍ਰਬੰਧਨ) ਕਮੇਟੀ ਦੇ ਚੇਅਰ, ਰੌਡ ਲੋਇਲਾ ਇਲਾਕੇ ਵਿਚ ਬਹੁਤ ਹੀ ਸਰਗਰਮ ਐਮ.ਐਲ.ਏ. ਵਜੋਂ ਜਾਣੇ ਜਾਂਦੇ ਹਨ। 2015 ਦੀ ਸੂਬਾਈ ਚੋਣ ਵਿਚ ਐਮ.ਐਲ.ਏ. ਚੁਣੇ ਜਾਣ ਤੋਂ ਪਹਿਲਾਂ ਉਹ ਯੂਨੀਵਰਸਿਟੀ ਆਫ਼ ਅਲਬਰਟਾ ਵਿਖੇ ਨਾਨ-ਟੀਚਿੰਗ ਸਟਾਫ਼ ਦੇ ਪ੍ਰਧਾਨ ਸਨ।

ਸਫ਼ਾ 1 ਦੀ ਬਾਕੀ

## 20 ਸਾਲ ਪੁਰਾਣੇ ਮਾਮਲੇ 'ਚ ਸਿੱਧੂ ਨੂੰ ਹੋ ਸਕਦੀ ਹੈ ਸਜ਼ਾ

ਤੇ 3 ਸਾਲ ਦੀ ਸਜ਼ਾ ਸੁਣਾਈ ਸੀ। ਸਿੱਧੂ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ ਇਸ ਮਾਮਲੇ 'ਚ ਮ੍ਰਿਤਕ ਗੁਰਨਾਮ ਸਿੰਘ ਦੇ ਪਰਿਵਾਰਕ ਮੈਂਬਰਾਂ ਵਲੋਂ ਦਾਖ਼ਲ ਨਜ਼ਰਸਾਨੀ ਪਟੀਸ਼ਨ ਸੁਣਵਾਈ ਲਈ ਸਵੀਕਾਰ ਕਰ ਲਈ ਹੈ।

ਜਸਟਿਸ ਏ.ਐਮ. ਖਾਨਵਿਲਕਰ ਅਤੇ ਜਸਟਿਸ ਸੰਜੇ ਕਿਸ਼ਨ ਕੌਲ ਦੀ ਬੈਂਚ ਨੇ ਫ਼ੈਸਲੇ ਦੀ ਸਮੀਖਿਆ ਲਈ ਦਾਖ਼ਲ ਪਟੀਸ਼ਨ 'ਤੇ ਸ੍ਰੀ ਸਿੱਧੂ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ।

Harjeet Sandhu
REALTOR
''Serving all your Real Estate needs''
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"



(780) 233-3100
Friendly Service & Free Market Evaluation



To view Thousands of properties online visit:
www.harjeetsandhu.com
harjsandhu@gmail.com
Polaris
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
REALTOR®
MLS MULTIPLE LISTING SERVICE
Member - Edmonton Real Estate Board, Residential & Commercial Divsion

# ਕਹਾਣੀ – ਸ਼ਹੀਦ

ਮੇਰਾ ਪੁੱਤਰ ਮੇਰੇ ਕੋਲੋਂ ਬੜੇ ਹੀ ਅਜੀਬ ਅਜੀਬ ਸਵਾਲ ਪੁਛਣ ਲੱਗ ਪਿਆ ਹੈ। ਬੁਝਾਰਤਾਂ ਵਰਗੇ ਫੁਲਝੜੀਆਂ ਵਰਗੇ, ਆਤਿਸ਼ਬਾਜ਼ੀਆਂ, ਪਟਾਖਿਆਂ ਤੇ ਬਰਛਿਆਂ ਵਰਗੇ ਸਵਾਲ। ਕਈ ਕਈ ਸਵਾਲ ਤਾਂ ਮੇਰੇ ਅੰਦਰਲੇ ਘੁੱਪ ਹਨੇਰੇ ਵਿਚ ਮਸ਼ਾਲ ਵਾਂਗ ਜਗਣ ਲਗਦੇ ਨੇ, ਤੇ ਕਈ ਜੁਗਨੂੰਆਂ ਵਾਂਗ ਝੱਪਝੱਪ ਕਰਕੇ ਜਗਣ ਬੁਝਣ ਲਗ ਪੈਂਦੇ ਨੇ। ਕਿਸੇ ਕਿਸੇ ਸਵਾਲ ਕਰਨ ਵੇਲੇ ਤਾਂ ਉਹ ਮੈਨੂੰ ਆਪਣੇ ਮੋਢਿਆਂ ਉਤੇ ਬੈਠਾ ਪ੍ਰਤੀਤ ਹੁੰਦਾ ਹੈ, ਜਿਸ ਦੇ ਭਾਰ ਹੇਠਾਂ ਮੇਰਾ ਵੱਡਪਣ ਛੁਈ ਮੂਈ ਹੋਣ ਲਗਦਾ ਹੈ।

ਇਕ ਦਿਨ ਦੇਸ਼ਭਗਤ ਇਨਕਲਾਬੀਆਂ ਦੀਆਂ ਜੀਵਨੀਆਂ ਦੀ ਕਿਤਾਬ ਪੜ੍ਹਦਾ ਪੜ੍ਹਦਾ ਪੁੱਛਣ ਲਗਾ, "ਡੈਡੀ, ਸ਼ਹੀਦ ਕੌਣ ਹੁੰਦੇ ਨੇ ?"

ਸ਼ਾਇਦ ਉਹਨੇ ਫਾਂਸੀ ਉਤੇ ਝੁਲਦੇ, ਗੋਲੀਆਂ ਨਾਲ ਭੁੰਨੇ ਤੇ ਤੇਜ਼ਧਾਰ ਹਥਿਆਰਾਂ ਨਾਲ ਜਿਬ੍ਹਾ ਕੀਤੇ ਕੁਝ ਬੰਦਿਆਂ ਦੀਆਂ ਤਸਵੀਰਾਂ ਦੇਖ ਲਈਆਂ ਹੋਣ ਤੇ ਸਹਿਜ ਭਾਅ ਹੀ ਇਕ ਮੋਏ ਹੋਏ ਬੰਦੇ ਦਾ ਅਕਸ ਉਹਦੇ ਜ਼ਿਹਨ ਵਿਚ ਆ ਖਲੋਤਾ ਹੋਵੇ, ਜੀਹਨੂੰ ਸ਼ਹੀਦ ਦਾ ਦਰਜਾ ਮਿਲ ਗਿਆ ਹੋਵੇ।

ਪਲ ਦੀ ਪਲ ਮੈਨੂੰ ਕੁਝ ਨਹੀਂ ਅਹੁੜਦਾ। ਮੈਂ ਹੈਰਾਨੀ ਨਾਲ ਉਹਦੇ ਚਿਹਰੇ ਵਲ ਦੇਖਣ ਲਗਦਾ ਹਾਂ। ਮੈਨੂੰ ਜਾਪਦਾ ਹੈ ਜਿਵੇਂ ਇਹ ਸਵਾਲ ਮੇਰੇ ਗਿਆਨ ਲਈ ਵੰਗਾਰ ਵਾਂਗ ਆਇਆ ਹੋਵੇ ਤੇ ਮੇਰਾ ਗਿਆਨ ਵੱਡੀ ਨਹਿਰ ਦੇ ਝਾਲ ਵਿਚ ਫਸੀ ਲਾਸ਼ ਵਾਂਗ ਗੇੜੇ ਕੱਢਣ ਲਗ ਪਿਆ ਹੋਵੇ- ਅਰਥਹੀਨ, ਨਿਰਉਦੇਸ਼ ਤੇ ਬੇਥ੍ਹਵੇ ਗੇੜੇ !

ਮੈਂ ਸੰਭਣਲ ਦਾ ਜਤਨ ਕਰਦੇ ਹੋਏ ਦੱਸਣ ਦੀ ਕੋਸ਼ਿਸ਼ ਕੀਤੀ, "ਕੁਝ ਲੋਕ ਆਪਣੇ ਲਈ ਨਹੀਂ, ਸਗੋਂ ਦੂਜਿਆਂ ਲਈ ਜਿਉਂਦੇ ਮਰਦੇ ਨੇ। ਕਾਮਨ ਕਾਜ਼ ਲਈ ਲੜਦੇ ਨੇ, ਫਾਂਸੀਆਂ ਚੜ੍ਹਦੇ ਨੇ ਤੇ..."

"ਕਾਮਨ ਕਾਜ਼ ?" ਮੁੰਡੇ ਨੂੰ ਸ਼ਾਇਦ ਇਹ ਸ਼ਬਦ ਸਮਝ ਨਹੀਂ ਪਏ ਸਨ।

"ਸਾਂਝੇ ਕਾਰਜਾਂ ਲਈ ਮਰਨਾ...ਨਿਤਾਣਿਆਂ ਤੇ ਨਿਥਾਂਵਿਆਂ ਲਈ ਮਰਨ ਵਾਲੇ ਸ਼ਹੀਦ ਹੁੰਦੇ ਨੇ। ਫਾਂਸੀ ਦੇ ਰੱਸੇ ਚੁੰਮਣ ਵਾਲੇ ਮਰਜੀਵੜੇ ਸ਼ਹੀਦ ਹੁੰਦੇ ਨੇ, ਮੇਰੇ ਬੇਟੇ !"

ਰੰਗਾ ਬਿੱਲਾ ਵੀ ਫਾਂਸੀ ਚੜ੍ਹੇ ਸੀ, ਨੱਥੂ ਰਾਮ ਗੋਡਸੇ ਵੀ ਫਾਂਸੀ ਚੜ੍ਹਿਆ ਸੀ। ਜ਼ੁਲਫੀਕਾਰ ਅਲੀ ਭੁਟੋ ਵੀ। ਉਹ ਸ਼ਹੀਦ ਸੀਗੇ ?" ਮੁੰਡਾ ਸਵਾਲ ਕਰ ਦਿੰਦਾ ਹੈ।

ਉਨ੍ਹਾਂ ਉਤੇ ਦੂਸਰਿਆਂ ਨੂੰ ਕਤਲ ਕਰਨ ਦਾ ਮੁਕੱਦਮਾ ਚਲਿਆ ਸੀ। ਉਨ੍ਹਾਂ ਕੁਝ ਬੇਦੋਸ਼ਿਆਂ ਨੂੰ ਮਾਰਿਆ ਜਾਂ ਮਰਵਾਇਆ ਸੀ। ਉਹ ਸ਼ਹੀਦ..." ਮੈਂ ਸਿੱਧਾ ਜਵਾਬ ਟਾਲ ਜਾਂਦਾ ਹਾਂ।

ਲੜਾਈਆਂ ਵਿਚ ਕਮਾਂਡਰ ਵੀ ਤਾਂ ਹਜ਼ਾਰਾਂ ਬੇਦੋਸ਼ੇ ਲੋਕਾਂ ਨੂੰ ਮਰਵਾਉਂਦੇ ਨੇ ਡੈਡੀ। ਦੋਸ਼ਾਂ ਦੇ ਲੋਕਾਂ ਦੀ, ਫੌਜੀਆਂ ਦੀ ਕਿਹੜੀ ਦੁਸ਼ਮਨੀ ਹੁੰਦੀ ਐ ਆਪਸ ਵਿਚ। ਉਨ੍ਹਾਂ ਨੇ ਤਾਂ ਇਕ ਦੂਜੇ ਨੂੰ ਕਦੀ ਵੇਖਿਆ ਵੀ ਨ੍ਹੀਂ ਹੁੰਦਾ। ਫੇਰ ਉਨ੍ਹਾਂ ਕਮਾਂਡਰਾਂ ਨੂੰ ਤਾਂ ਕੋਈ ਫਾਂਸੀ ਚਾੜ੍ਹਦਾ ਨੀਂ। ਸਗੋਂ ਉਨ੍ਹਾਂ ਨੂੰ ਸੋਨੇ ਚਾਂਦੀ ਦੇ ਤਗਮੇ ਦਿਤੇ ਜਾਂਦੇ ਨੇ। ਮੁੰਡਾ ਬਹੁਤ ਹੀ ਗੰਭੀਰ ਸੀ।

ਉਹ ਬਹਾਦਰ ਹੁੰਦੇ ਨੇ ਮੇਰੇ ਬੇਟੇ...ਇਕ ਦੇਸ ਦੇ ਬਹਾਦਰ।'

ਇਕ ਦੇਸ਼ ਦੇ ਬਹਾਦਰ ਦੂਜੇ ਲਈ ਕਾਫਿਰ ਹਨ, " ਮੁੰਡਾ ਸਥਿਤੀ ਵਿਚਲੇ ਵਿਅੰਗ ਨੂੰ ਕਿੱਡੇ ਸੌਖੇ ਤਰੀਕੇ ਨਾਲ ਅਤੇ ਕਿੰਨੇ ਸਹਿਜ ਰੂਪ ਵਿਚ ਆਖ ਗਿਆ ਸੀ। ਪਰ ਉਹਦੀ ਤਸਲੀ ਨਹੀਂ ਸੀ ਹੋ ਰਹੀ। ਮੈਂ ਆਪਣੇ ਹੀ ਪੁੱਤਰ ਸਾਹਵੇਂ ਪਾਣੀ ਪਾਣੀ ਹੋਣ ਲਗਦਾ ਹਾਂ।

ਬਹਾਦਰ ਤੇ ਕਾਫਿਰ ਸ਼ਬਦਾਂ ਤੋਂ ਕਈ ਘਟਨਾਵਾਂ ਮੇਰੇ ਚੇਤੇ ਵਿਚ ਖੁੰਬਾਂ ਵਾਂਗ ਖਲੋ ਜਾਂਦੀਆਂ ਹਨ। ਅਸੀਂ ਗੁਆਂਢੀ ਦੇਸ਼ ਨਾਲ ਦੋ ਲੜਾਈਆਂ ਲੜੀਆਂ। ਭਾਵੇਂ ਇਧਰਲੇ ਤੇ ਉਧਰਲੇ ਅਵਾਮ ਦੇ ਦਿਲਾਂ ਵਿਚ ਇਕ ਦੂਜੇ ਲਈ ਭੋਰਾ ਭਰ ਵੀ ਜ਼ਹਿਰ ਨਹੀਂ ਸੀ। ਹਮਲਾ ਕੀਹਨੇ ਕੀਹਦੇ ਉਤੇ ਕੀਤਾ, ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਤੇ ਅਖਬਾਰਾਂ ਨੇ ਕਈ ਕੁਝ ਸਚ ਝੂਠ ਬੋਲਿਆ ਸੀ। ਇਕ ਦੇਸ਼ ਦੀਆਂ ਫੌਜਾਂ ਲਾਹੌਰ ਤਕ ਪਹੁੰਚਦੀਆਂ ਸਨ ਤੇ ਦੂਜੇ ਦੇਸ਼ ਦੀਆਂ ਦਿਲੀ ਤਕ ਅਪੜਣ ਦੀਆਂ ਟਾਹਰਾਂ ਮਾਰ ਰਹੀਆਂ ਸਨ। ਦੋਹਾਂ ਦੇਸ਼ਾਂ ਦੇ ਫੌਜੀ ਬਹਾਦਰ ਸਨ, ਜੋ ਆਪਣੀ ਮਿੱਟੀ ਦੀ ਰਖਿਆ ਲਈ ਜੀਅ ਜਾਨ ਨਾਲ ਲੜੇ।

ਇਕ ਦੇਸ਼ ਦਾ ਰੇਡਿਓ ਐਲਾਨ ਕਰਦਾ ਸੀ, ਦੇਸ਼ ਦੇ ਬਹਾਦਰ ਸਹੀਦਾਂ ਨੇ ਦੇਸ਼ ਦੀ ਮਿੱਟੀ ਦੀ ਲਾਜ ਰਖੀ ਹੈ, ਮਾਂ ਦੇ ਦੁੱਧ ਦੀ ਕੀਮਤ ਚੁਕਾਈ ਹੈ, ਕਾਫਿਰਾਂ ਨੂੰ ਇਕ ਇੰਚ ਵੀ ਅੱਗੇ ਨਹੀਂ ਵਧਣ ਦਿੱਤਾ।

ਉਦੋਂ ਹੀ ਦੂਸਰੇ ਦੇਸ਼ ਦਾ ਰੇਡੀਓ ਸਮਾਚਾਰ ਦਿੰਦਾ ਸੀ, ਔਕੜਾਂ ਦੇ ਬਾਵਜੂਦ ਸਾਡੇ ਬਹਾਦਰ ਜੰਗਜੂ ਅੱਗੇ ਹੀ ਅੱਗੇ ਵਧਦੇ ਗਏ। ਇਕ ਇਕ ਬਹਾਦਰ ਲੱਖ ਲੱਖ ਕਾਫਿਰ ਉਤੇ ਭਾਰੂ ਸੀ। ਦੇਸ਼ ਦੀ ਆਬਰੂ ਬਚਾਉਣ ਵਾਲੇ ਸ਼ਹੀਦਾਂ ਨੂੰ ਪ੍ਰਣਾਮ।'

ਦੋਹਾਂ ਦੇਸ਼ਾਂ ਦੇ ਹਜ਼ਾਰਾਂ ਬਹਾਦਰ ਮਾਰੇ ਗਏ ਸਨ। ਇਕ ਦੋ ਬਹਾਦਰ ਦੂਜੇ ਲਈ ਕਾਫਿਰ ਬਣੇ ਤੇ ਦੂਜੇ ਦੇ ਕਾਫਿਰ ਪਹਿਲੇ ਲਈ ਮੁਜ਼ਾਹਿਦ। ਮੇਰੇ ਪੁੱਤਰ ਨੇ ਰੇਡੀਓ ਟੀਵੀ ਤੋਂ ਇਹ ਸਾਰਾ ਸਚ ਝੂਠ ਸੁਣਿਆ ਸੀ। ਇਸ ਲਈ ਉਹਦੇ ਜ਼ਿਹਨ ਵਿਚ ਬਹਾਦਰ ਤੇ ਕਾਫਿਰ ਦਾ ਭੇਤ ਹੱਲ ਨਹੀਂ ਸੀ ਹੋ ਰਿਹਾ।

ਲੜਾਈ ਦੇ ਉਨ੍ਹੀਂ ਦਿਨੀਂ ਹੀ ਇਕ ਹੋਰ ਅਜੀਬ ਘਟਨਾ ਘਟੀ ਸੀ। ਗੁਆਂਢੀ ਦੇਸ਼ ਨੇ ਅਚਾਨਕ ਹੁਸੈਨੀ ਵਾਲਾ ਸਰਹੱਦ ਉਤੇ ਹਮਲਾ ਕਰਕੇ ਉਥੋਂ ਦਾ ਕੁਝ ਖੇਤਰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਕਾਫੀ ਬਚਾਓ ਹੋ ਗਿਆ ਸੀ। ਪਰ ਉਹ ਹੁਸੈਨੀ ਵਾਲਾ ਵਿਚ ਲੱਗੇ ਸ਼ਹੀਦਾਂ ਦੇ ਬੁੱਤ ਚੁੱਕ ਕੇ ਲਾਹੌਰ ਲੈ ਗਏ ਸਨ। ਜਿਥੇ ਸ਼ਹੀਦਾਂ ਨੇ ਬੰਬ ਕਾਂਡ ਕੀਤਾ ਸੀ, ਸਾਂਡਰਸ ਮਾਰਿਆ ਸੀ, ਜੇਲ੍ਹਾਂ ਕੱਟੀਆਂ ਸਨ, ਟਾਰਚਰ ਸਹੇ ਸਨ ਤੇ ਹੱਸ ਹੱਸ ਫਾਂਸੀ ਦੇ ਰੱਸੇ ਗਲ ਵਿਚ ਪਾਏ ਸਨ। ਜਿਸ ਲਾਹੌਰ ਦੀ ਆਜ਼ਾਦੀ ਲਈ ਉਨ੍ਹਾਂ ਸ਼ਹਾਦਤ ਦਾ ਜਾਮ ਪੀਤਾ ਸੀ, ਉਸ ਲਾਹੌਰ ਦੇ ਬਾਜ਼ਾਰਾਂ ਵਿਚ ਸ਼ਹੀਦਾਂ ਦਾ ਜਲੂਸ ਕਢਿਆ ਗਿਆ ਸੀ। ਪਰ ਉਨ੍ਹਾਂ ਜਲੂਸ ਦੇ ਅਰਥ ਬਦਲ ਦਿੱਤੇ ਸਨ।

ਮੇਰੇ ਪੁਤਰ ਨੇ ਇਹ ਸਾਰਾ ਪ੍ਰੋਗਰਾਮ ਲਾਹੌਰ ਟੀਵੀ 'ਤੇ ਦੇਖਿਆ ਸੀ। ਉਦੋਂ ਹੀ ਉਸ ਪੁਛਿਆ ਸੀ, ਇਹ ਕੀ ਕਰ ਰਹੇ ਨੇ ਡੈਡੀ ?" ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਨੇ ਜਾਂ ਜਿੱਤ ਦਾ ਜਸ਼ਨ ਮਨਾ ਰਹੇ ਨੇ ?"

ਬਹਾਦਰੀ ਦਿਖਾ ਰਹੇ ਨੇ...ਸ਼ਹੀਦਾਂ ਨੂੰ ਸ਼ਰਮਿੰਦਾ ਕਰ ਰਹੇ ਨੇ। ਮੇਰੇ ਮੂੰਹੋਂ ਨਾ ਚਾਹੁੰਦਿਆਂ ਵੀ ਅਚਾਨਕ ਨਿਕਲ ਗਿਆ ਸੀ।

"ਪਰ ਇਹ ਤਾਂ ਸਾਂਝੇ ਮੁਲਕ ਦੇ ਸ਼ਹੀਦ ਸੀ, ਡੈਡੀ, ਸਾਂਝੇ ਸ਼ਹੀਦ ?" ਮੁੰਡੇ ਨੇ ਆਪਣੀ ਹੈਰਾਨੀ ਪ੍ਰਗਟ ਕੀਤੀ ਸੀ।



ਹਾਂ, ਹਾਂ, ਪਰ ਹੁਣ ਇਹ ਵੰਡੇ ਹੋਏ ਦੋ ਮੁਲਕਾਂ ਵਿਚ ਇਕ ਮੁਲਕ ਦੇ ਹੀ ਸ਼ਹੀਦ ਰਹਿ ਗਏ ਨੇ, ਮੇਰੇ ਬੇਟੇ।"

ਸੁਣਿਐ, ਡੈਡੀ, ਹੁਣ ਉਨ੍ਹਾਂ ਨੇ ਇਨ੍ਹਾਂ ਸ਼ਹੀਦਾਂ ਦੇ ਨਾਂ ਵੀ ਆਪਣੀ ਹਿਸਟਰੀ ਦੀ ਕਿਤਾਬ ਵਿਚੋਂ ਕਢ ਛਡੇ ਐ ?"

ਹਿਸਟਰੀ ਵੀ ਤਾਂ ਪੁੱਤ ਬੰਦੇ ਈ ਲਿਖਦੇ ਐ। ਕਿਸੇ ਦਾ ਨਾਂ ਪਾ ਦੇਣ ਤੋਂ ਕਿਸੇ ਦਾ ਕੱਢ ਛਡਣ। ਭਾਵੇਂ ਕਿਸੇ ਨੂੰ ਹੀਰੋ ਬਣਾ ਦੇਣ ਤੇ ਕਿਸੇ ਨੂੰ ਜ਼ੀਰੋ। ਮੈਂ ਆਪਣੇ ਚਿਹਰੇ ਦੀ ਦੁਖਦੀ ਰਗ ਛੁਪਾਉਣਾ ਚਾਹੁੰਦੇ ਹੋਏ ਵੀ ਨਹੀਂ ਸੀ ਛੁਪਾ ਸਕਿਆ।

"ਹੀਰੋ ਹੁੰਦੇ ਨੇ ਜਾਂ ਬਣਾਏ ਜਾਂਦੇ ਨੇ, ਡੈਡੀ ?" ਮੁੰਡਾ ਇਕ ਹੋਰ ਸਵਾਲ ਉਲਾਰਦਾ ਹੈ।

"ਕਦੀ ਕਦੀ ਬਣਾਏ ਵੀ ਜਾਂਦੇ ਨੇ ਬੇਟੇ। ਸਿਆਸਤਦਾਨ ਸਭ ਕੁਝ ਕਰ ਸਕਦੇ ਨੇ। ਕਾਲਿਆਂ ਦਾ ਹੀਰੋ ਗੋਰਿਆਂ ਲਈ ਹਮੇਸ਼ਾ ਜ਼ੀਰੋ ਹੀ ਰਿਹਾ ਤੇ ਗੋਰਿਆਂ ਨੇ ਆਪਦਾ ਜ਼ੀਰੋ ਵੀ ਸਦਾ ਹੀਰੋ ਬਣਾ ਕੇ ਹੀ ਪੇਸ਼ ਕੀਤਾ। ਕਾਲਾ ਹੀਰੋ ਵੀ ਉਨ੍ਹਾਂ ਲਈ ਬਾਸਟਰਡ ਹੀ ਰਿਹਾ...ਬਾਸਟਰਡ...ਹਰਾਮ ਦਾ।"

"ਕੀ ਕੋਈ ਸਾਰੀ ਦੁਨੀਆ ਦਾ ਸ਼ਹੀਦ ਨਹੀਂ ਅਖਵਾ ਸਕਦਾ , ਡੈਡੀ ?"

ਪ੍ਰਸ਼ਨ ਜਿੰਨਾ ਸੁਭਾਵਕ ਸੀ, ਉਤਨਾ ਹੀ ਗੁੰਝਲਦਾਰ।

ਕਦੀ ਮੌਕਾ ਜ਼ਰੂਰ ਆਵੇਗਾ ਬੇਟੇ। ਪਰ ਅਜੇ ਧੁੰਦ ਹੈ, ਹਨੇਰਾ ਹੈ, ਸਾਜ਼ਿਸ਼ਨੁਮਾ ਮਾਹੌਲ ਹੈ।

ਪਿਛਲੇ ਦਿਨੀਂ ਪੰਜਾਬ ਦੇ ਇਕ ਉਘੇ ਸ਼ਹਿਰ ਵਿਚ ਇਕ ਹਾਦਸਾ ਵਾਪਰ ਗਿਆ। ਦੋ ਫਿਰਕੇ ਉਲਝ ਪਏ। ਤੇਜ਼ਧਾਰ ਹਥਿਆਰਾਂ ਨਾਲ ਲੜਾਈ ਨਾਲ ਲੜਾਈ ਹੋਈ। ਪੁਲੀਸ ਨੂੰ ਗੋਲੀ ਵੀ ਚਲਾਉਣੀ ਪਈ ਸੀ। ਇਕ ਫਿਰਕੇ ਦਾ ਕਾਫੀ ਜਾਨੀ ਨੁਕਸਾਨ ਹੋਇਆ। ਇਕ ਅਖਬਾਰ ਨੇ ਸੁਰਖੀ ਲਾਈ, 'ਦੇਸ਼ ਕੇ ਅਮਨ ਪਸੰਦ ਸ਼ਹਿਰੀਓਂ ਪਰ ਕੁਛ ਤਤਵੋਂ ਨੇ ਤੇਜ਼ਧਾਰ ਹਥਿਆਰੋ ਸੇ ਹਮਲਾ ਕੀਆ। ਜਵਾਬੀ ਕਾਰਵਾਈ ਮੇਂ ਕੁਛ ਗੁੰਡੇ ਮਾਰੇ ਗਏ ਔਰ ਸੌ ਜ਼ਖਮੀ ਹੂਏ।'

ਦੂਜੇ ਫਿਰਕੇ ਦੀਆਂ ਅਖਬਾਰਾਂ ਨੇ ਮੋਟੇ ਅਖਰਾਂ ਵਿਚ ਖਬਰ ਛਾਪੀ, 'ਧਰਮ ਦੀ ਰਖਿਆ ਕਰਦੇ ਹੋਏ ਕੁਝ ਬਹਾਦਰ ਲੋਕ ਸ਼ਹੀਦ ਹੋਏ। ਉਨ੍ਹਾਂ ਦਾ ਨਾਂ ਇਤਿਹਾਸ ਦੇ ਵਰਕਿਆਂ ਵਿਚ ਸੁਨਹਿਰੀ ਅਖਰਾਂ ਨਾਲ ਲਿਖਿਆ ਜਾਵੇਗਾ, ਜਿਨ੍ਹਾਂ ਨੇ ਧਰਮ ਦੀ ਰਖਿਆ ਲਈ ਆਪਣਾ ਖ਼ੂਨ ਡੋਲਿਆ।'


### ਕੇ. ਐਲ. ਗਰਗ

ਪ੍ਰੇਮ ਗੋਰਖੀ (15 ਜੂਨ 1947) ਪੰਜਾਬੀ ਕਹਾਣੀਕਾਰ ਹਕੇ.ਐਲ. ਗਰਗ (13 ਅਪਰੈਲ 1943–) ਪੰਜਾਬੀ ਦੇ ਇੱਕ ਸਰਬਾਂਗੀ ਲੇਖਕ ਹਨ। ਉਨ੍ਹਾਂ ਨੇ ਹੁਣ ਤੱਕ ਲਗਪਗ 60 ਪੁਸਤਕਾਂ (ਵਿਅੰਗ, ਕਹਾਣੀਆਂ, ਲੇਖ ਅਤੇ ਅਨੁਵਾਦ) ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ । ਉਨ੍ਹਾਂ ਦੀਆਂ ਪ੍ਰਮੁਖ ਰਚਨਾਵਾਂ ਹਨ: ਹੁੰਮਸ, ਅੱਗ ਦੇ ਦਾਇਰੇ, ਦਰਅਸਲ, ਆਖਰੀ ਪੱਤਾ, ਵਾਟ–69, ਤਮਾਸ਼ਾ, ਦੂਜਾ ਪਾਸਾ, ਪਹੁ ਫੁਟਾਲਾ (ਅਨੁਵਾਦ; ਲੇਖਕ: ਐਲੀ ਵਾਈਜ਼ਲ) ।




ਮੇਰਾ ਪੁੱਤਰ ਅਖਬਾਰਾਂ ਲੈ ਕੇ ਮੇਰੇ ਕੋਲ ਆਇਆ ਤੇ ਦੋਵੇਂ ਅਖਬਾਰਾਂ ਮੇਰੇ ਮੂਹਰੇ ਧਰ ਕੇ ਪੁਛਣ ਲੱਗਾ, "ਡੈਡੀ ਸ਼ਹੀਦ ਗੁੰਡੇ ਕਦੋਂ ਹੋ ਜਾਂਦੇ ਨੇ ਤੇ ਗੁੰਡੇ ਸ਼ਹੀਦ ਕਦੋਂ ਬਣ ਜਾਂਦੇ ਨੇ ?"

'ਇਹ ਛੋਟੀ ਲੜਾਈ ਹੈ, ਮੇਰੇ ਬੇਟੇ ! ਇਕ ਫਿਰਕੇ ਦੇ ਸ਼ਹੀਦ ਵਿਰੋਧੀ ਫਿਰਕੇ ਲਈ ਹਮੇਸ਼ਾ ਗੁੰਡੇ ਹੀ ਰਹਿੰਦੇ ਨੇ। ਤੇ ਆਪਣੇ ਗੁੰਡੇ ਵੀ ਉਨ੍ਹਾਂ ਨੂੰ ਸ਼ਹੀਦ ਹੀ ਲਗਦੇ ਨੇ।'

"ਫੇਰ ਉਨ੍ਹਾਂ ਦੀ ਪਛਾਣ ਕੌਣ ਕਰੇਗਾ ? ਕਿਵੇਂ ਹੋਵੇਗੀ ਉਨ੍ਹਾਂ ਦੀ ਪਛਾਣ, ਡੈਡੀ ?"

"ਵੱਡੀ ਫੈਸਲਾਕੁਨ ਲੜਾਈ ਹੀ ਉਨ੍ਹਾਂ ਦੀ ਪਛਾਣ ਕਰਾਏਗੀ। ਤੂੰ ਜਦੋਂ ਵੱਡੀ ਲੜਾਈ ਲਈ ਤਿਆਰ ਹੋਵੇਂਗਾ, ਤੈਨੂੰ ਸਭ ਕੁਝ ਸਮਝ ਆ ਜਾਵੇਗਾ। ਪਰ ਹਾਲੇ ਵਕਤ ਨਹੀਂ ਆਇਆ, ਹਾਲੇ ਤਾਂ..."

"ਵਕਤ ਕਦੋਂ ਆਵੇਗਾ, ਡੈਡੀ ?" ਮੁੰਡੇ ਦੀ ਅਜੇ ਵੀ ਤਸਲੀ ਨਹੀਂ ਸੀ ਹੋ ਰਹੀ।

ਮੈਂ ਮੁੰਡੇ ਦੇ ਪ੍ਰਸ਼ਨ ਦੀ ਰੌਸ਼ਨੀ ਵਿਚ ਬੜੀ ਹੀ ਗੰਭੀਰਤਾ ਨਾਲ ਸੋਚਣ ਲਗਦਾ ਹਾਂ। ਮੇਰੀ ਸੋਚ ਵਿਚ ਉਹ ਬੇਚੈਨ ਲੋਕ ਆਉਂਦੇ ਨੇ ਜੋ ਸਾਰੀ ਮਨੁੱਖਤਾ ਲਈ ਚੰਗੇ ਸੁਫਨੇ ਬੀਜਣ ਦਾ ਅਹਿਦ ਕਰ ਕੇ ਤੁਰੇ। ਮਨੁੱਖ ਦੀ ਹੋਣੀ ਦੀ ਤਰਤੀਬ ਬਦਲਣ ਲਈ ਉਨ੍ਹਾਂ ਮਸ਼ਾਲਾਂ ਚੁਕੀਆਂ। ਪਰ ਅਧ ਵਿਚਾਲੇ ਹੀ ਰਹਿ ਗਏ। ਤੇ ਉਨ੍ਹਾਂ ਦੀਆਂ ਅੱਖਾਂ ਦੀਆਂ ਝਿੰਮਣੀਆਂ ਵਿਚ ਸੂਹੀ ਸਵੇਰ ਰੱਤ ਬਣ ਕੇ ਫੈਲ ਗਈ ਸੀ।

ਅਜੇ ਇਕ ਲੰਮੀ ਲੜਾਈ ਮਨੁੱਖ ਨੇ ਲੜਨੀ ਹੈ, ਸਾਂਝੇ ਸ਼ਹੀਦ ਪੈਦਾ ਕਰਨ ਲਈ, ਮੇਰੇ ਬੇਟੇ, ਸਾਂਝੇ ਸ਼ਹੀਦ। ਮੈਂ ਆਪਣੀ ਸੋਚ ਵਿਚੋਂ ਨਿਕਲਦਿਆਂ ਆਖਦਾ ਹਾਂ।

"ਕੌਣ ਲੜੇਗਾ ਉਹ ਲੜਾਈ, ਡੈਡੀ ?" ਹੁਣ ਮੁੰਡਾ ਜਿਵੇਂ ਉਸ ਲੜਾਈ ਦੀ ਤਾਂਘ ਰੱਖਦਾ ਹੋਵੇ।

'ਤੂੰ ਵੀ ਲੜ ਸਕਦੈ, ਮੈਂ ਵੀ, ਤੇਰੇ ਬੱਚੇ ਵੀ, ਤੇ ਸ਼ਾਇਦ ਉਨ੍ਹਾਂ ਦੇ ਬੱਚੇ ਵੀ। ਅੰਤਿਮ ਤੇ ਫੈਸਲਾਕੁਨ ਲੜਾਈ।'

ਮੇਰਾ ਜਵਾਬ ਸੁਣ ਕੇ ਮੁੰਡਾ ਚੁੱਪ ਹੋ ਗਿਆ ਸੀ। ਸ਼ਾਇਦ ਉਹ ਲੜਾਈ ਦੀ ਤਿਆਰੀ ਬਾਰੇ ਸੋਚਣ ਲਗ ਪਿਆ ਸੀ।

ਕਈ ਦਿਨ ਇੰਝ ਹੀ ਬੀਤ ਗਏ। ਮੁੰਡੇ ਵਿਚ ਕਾਫੀ ਤਬਦੀਲੀ ਆਉਣ ਲਗ ਪਈ ਸੀ। ਉਹ ਲੋੜ ਨਾਲੋਂ ਜ਼ਿਆਦਾ ਗੰਭੀਰ ਰਹਿਣ ਲਗ ਪਿਆ ਸੀ। ਨਿੱਕੀ ਨਿੱਕੀ ਗੱਲ ਨੂੰ ਵੀ ਪੁਣਨ ਛਾਨਣ ਲਗ ਪਿਆ ਸੀ। ਇਕ ਦਿਨ ਆ ਕੇ ਕਹਿਣ ਲੱਗਾ, "ਡੈਡੀ ਡੈਡੀ, ਆਪਣਾ ਗੁਆਂਢੀ ਰਾਮ ਲਾਲ ਸ਼ਹੀਦ ਹੋ ਗਿਆ ਹੈ।"

'ਬੇਟੇ, ਰਾਮ ਲਾਲ ਸ਼ਹੀਦ ਨਹੀਂ ਹੋਇਆ, ਮਰਿਆ ਹੈ। ਉਹਦੀ ਮੌਤ ਹੋ ਗਈ ਹੈ। ਮਰ ਗਿਆ ਹੈ ਰਾਮ ਲਾਲ।'

"ਨਹੀਂ ਡੈਡੀ, ਰਾਮ ਲਾਲ ਸ਼ਹੀਦ ਹੋਇਆ।" ਮੇਰਾ ਮੁੰਡਾ ਵਾਰ ਵਾਰ ਆਖੀ ਜਾ ਰਿਹਾ ਸੀ। ਮੰਨਣ ਵਿਚ ਨਹੀਂ ਸੀ ਆ ਰਿਹਾ।

ਉਹ ਕਿਵੇਂ ? ਅਖੀਰ ਤੰਗ ਆ ਕੇ ਮੈਂ ਪੁਛਿਆ।

ਉਹਦੀ ਘਰਵਾਲੀ ਮੁਹੱਲੇ ਦੀਆਂ ਤੀਮੀਆਂ ਨੂੰ ਦੱਸ ਰਹੀ ਸੀ ਬਈ ਉਹ ਜਿੰਨਾ ਚਿਰ ਜਿਊਂਦਾ ਰਿਹਾ, ਬਿਮਾਰੀ, ਗਰੀਬੀ ਤੇ ਭੁੱਖ ਨਾਲ ਹੀ ਘੁਲਦਾ ਰਿਹਾ। ਤੇ ਆਖਰ ਮੁੱਕ ਗਿਆ ਲੜਦਾ ਲੜਦਾ...' ਮੁੰਡੇ ਨੇ ਬੜੀ ਗੰਭੀਰਤਾ ਨਾਲ ਕਿਹਾ।

ਮੇਰੀਆਂ ਅੱਖਾਂ ਵਿਚ ਬਿਜਲੀ ਚਮਕਣ ਲਗ ਪਈ। ਪਲ ਦੀ ਪਲ ਮੈਨੂੰ ਜਾਪਿਆ ਜਿਵੇਂ ਮੇਰੇ ਮੁੰਡੇ ਨੂੰ ਉਸ ਅਮੁਕ ਲੜਾਈ ਦੀ ਸਮਝ ਪੈ ਗਈ ਹੋਵੇ, ਜੋ ਸਾਡੇ ਸਾਂਝੇ ਸ਼ਹੀਦਾਂ ਨੇ ਅਜੇ ਲੜਨੀ ਹੈ।

# ਕਿਤਾਬਾਂ ਨੇ ਪੱਟਿਆ ਤੈਨੂੰ ਹਰੀਸ਼ੰਕਰ ਪ੍ਰਸਾਈ

ਦੀਵਾਲੀ ਤੇ ਮੈਂ ਲੱਛਮੀ-ਪੂਜਾ ਨਹੀਂ ਕਰਦਾ। ਨਾ ਹੀ ਮੇਰੇ ਘਰ ਦੀਆਂ ਕੰਧਾਂ ’ਤੇ ‘ਲੱਛਮੀ ਜੀ ਖੁਸ਼ ਰਹਿਣ’ ਲਿਖਿਆ ਹੈ ਨਾ ਹੀ ਸਵਾਸਤਿਕ ਦਾ ਚਿੰਨ੍ਹ ਬਣਿਆ ਹੈ। ਪੂਜਾ ਆਪਣੇ ਸੁਭਾਅ ਨਾਲ ਮੇਲ ਨਹੀਂ ਖਾਂਦੀ। ਜੇ ਕਿਸੇ ਦੀ ਪੂਜਾ ਕਰਾਂਗੇ ਤਾਂ ਜਾਂ ਤਾਂ ਉਹ ਦਾ ਨੁਕਸਾਨ ਹੋਊ ਜਾਂ ਆਪਣਾ। ਮੇਰਾ ਇਕ ਮਿੱਤਰ ਹੈ ਉਸਦਾ ਸੁਭਾਅ ਵੀ ਇਹੋ ਜਿਹਾ ਹੀ ਹੈ। ਉਸਨੇ ਇਕ ਪ੍ਰਕਾਸ਼ਨ ਲਈ ਪੁਸਤਕ ਲਿਖੀ ਅਤੇ ਪੁਸਤਕ ਦੇ ਛਪਣ ਤਕ ਪ੍ਰਕਾਸ਼ਕ ਦੇ ਪਿਉ ਦੀ ਮੌਤ ਹੋ ਗਈ। ਕਈ ਮਹੀਨਿਆਂ ਬਾਅਦ ਪ੍ਰਕਾਸ਼ਨ ਦਾ ਮੈਨੇਜਰ ਮੈਨੂੰ ਮਿਲਿਆ, ਤੇ ਕਹਿਣ ਲੱਗਾ ਉਨ੍ਹਾਂ ’ਚੋਂ ਇਕ ਵੀ ਕਿਤਾਬ ਬੋਰਡ ਤੋਂ ਮਨਜ਼ੂਰ ਨਹੀਂ ਹੋਈ। ਮੈਂ ਕਿਹਾ- ਇਹ ਬੜਾ ਚੰਗਾ ਹੋਇਆ। ਜੇ ਉਹਦੀ ਇਕ ਵੀ ਕਿਤਾਬ ਮਨਜ਼ੂਰ ਹੋ ਜਾਂਦੀ ਤਾਂ ਪ੍ਰਕਾਸ਼ਕ ਦਾ ਪੂਰਾ ਖ਼ਾਨਦਾਨ ਹੀ ਮਰ ਜਾਂਦਾ। ਓਸ ਬੰਦੇ ਦੇ ਸੰਪਰਕ ਨਾਲ ਸਦਾ ਮਾੜਾ ਹੀ ਹੋਇਆ (ਬਦਨਾਮੀ ਦੇ ਡਰੋਂ ਉਹਦਾ ਨਾਮ ਨਹੀਂ ਦੱਸਣਾ)।

ਮੈਂ ਵੀ 10 ਤੋਂ 17 ਸਾਲ ਦੀ ਉਮਰ ਤਕ ਲੱਛਮੀ ਦੀ ਪੂਜਾ ਕੀਤੀ। ਬਾਪੂ ਜੀ ਮੈਥੋਂ ਪੂਜਾ ਕਰਵਾਉਂਦੇ ਸਨ- ਸ਼ਾਇਦ ਇਹ ਸੋਚ ਕੇ ਕਿ ਲੱਛਮੀ ਨੂੰ ਨਿਆਣਿਆਂ ’ਤੇ ਤਰਸ ਆਏਗਾ ਤੇ ਉਹ ਆ ਜਾਵੇਗੀ। ਪਰ ਉਹ ਆਈ ਨਹੀਂ। ਸਾਲੋ-ਸਾਲ ਮੈਂ ਲੱਛਮੀ ਦੀ ਪੂਜਾ ਕਰਦਾ ਰਿਹਾ ਤੇ ਓਧਰ ਬਾਪੂ ਜੀ ਦਾ ਕੰਮ ਠੱਪ ਹੁੰਦਾ ਗਿਆ। ਹਰ ਸਾਲ ਦੀਵਿਆਂ ਦੀ ਗਿਣਤੀ ਤੇ ਤੇਲ ਦੀ ਮਿਣਤੀ ਘਟਦੀ ਗਈ। ਵੱਡਾ ਹੋ ਕੇ ਪਟਾਕਿਆਂ ’ਚ ਵੀ ਮੇਰੀ ਦਿਲਚਸਪੀ ਘੱਟ ਗਈ। ਪਟਾਕੇ ਬਚਪਨ ਵਿਚ ਹੀ ਚੰਗੇ ਲੱਗਦੇ ਹਨ। ਬਚਪਨ ਵਿਚ ਮੈਂ ਉਵੇਂ ਹੀ ਸ਼ੌਂਕ ਨਾਲ ਪਟਾਕੇ ਚਲਾਉਂਦਾ ਜਿਵੇਂ ਚੀਨ ਨੇ ਹੁਣੇ ਅਣੂ ਬੰਬ ਚਲਾਇਆ ਹੈ। ਚੀਨ ਅਜੇ ਵੀ ਜਵਾਕ ਹੀ ਹੈ। ਵੱਡੇ ਹੋ ਕੇ ਪਟਾਕੇ ਚੰਗੇ ਨਹੀਂ ਲੱਗਦੇ। ਰੂਸ ਹੁਣ ਅਣੂ ਬੰਬਾਂ ਤੋਂ ਖਹਿੜਾ ਛਡਾਉਣਾ ਚਾਹੁੰਦਾ ਹੈ। ਕੁਝ ਦੇਸ਼ਾਂ ਦਾ ਤੇ ਬੰਦਿਆਂ ਦਾ ਨਿਆਣਪੁਣਾ ਕਦੀ ਨਹੀਂ ਜਾਂਦਾ। ਬੁੱਢੇ ਠੇਰਿਆਂ ਨੂੰ ਵੀ ਮੈਂ ਕੁੱਤੇ ਦੀਆਂ ਪੂਛਾਂ ਨਾਲ ਪਟਾਕਿਆਂ ਦੀ ਲੜੀ ਬੰਨ ਕੇ ਅੱਗ ਲਾਉਂਦੇ ਦੇਖਿਆ ਹੈ। ਅਮਰੀਕਾ ਵੀ ਟੋਕਿਨ ਦੀ ਖਾੜੀ ਵਿਚ ਅਣੂ ਬੰਬ ਲੈ ਕੇ ਗੇੜੇ ਮਾਰ ਰਿਹਾ ਹੈ।

ਗੱਲ ਕਿਤੇ ਹੋਰ ਚਲੀ ਗਈ ਨਾ? ਚਲੋ, ਲੱਛਮੀ ਦੀ ਗੱਲ ਕਰਦੇ ਹਾਂ। ਸੱਤ ਸਾਲ ਲਗਾਤਾਰ ਲੱਛਮੀ ਪੂਜਾ ਦਾ ਇਹ ਸਿੱਟਾ ਨਿੱਕਲਿਆ ਕਿ ਮੇਰੇ ਪਿਉ ਦਾ ਧੰਦਾ ਬਿਲਕੁਲ ਠੱਪ ਹੋ ਗਿਆ ਤੇ ਲੱਛਮੀ ਦਾ ਇਹ ‘ਭਗਤ’ ਦਸਵੀਂ ਕਰਕੇ ਨੌਕਰੀ ਲੱਭਣ ਤੁਰ ਪਿਆ। ਨੌਕਰੀ ਵੀ ਕੀਤੀ ਤਾਂ ਮਾਸਟਰੀ। ਨਾ ਇਨਕਮ ਟੈਕਸ ਨਾ ਆਕਸਾਈਜ਼। ਫਿਰ ਨੌਕਰੀ ਛੱਡ ਆਜ਼ਾਦ ਕੰਮ ਦੇ ਖੇਤਰ ’ਚ ਆਇਆ, ਤੇ ਕਿੱਥੇ ਆਇਆ? ਨਾ ਸੀਮਿੰਟ ’ਚ, ਨਾ ਗੱਲੇ ’ਚ ਤੇ ਨਾ ਹੀ ਹਾਰਡਵੇਅਰ ਵਿਚ। ਸਾਹਿਤ ਵਿਚ! ਮੰਦਬੁੱਧੀ ਬੰਦਾ ਹੋਰ ਕੀ ਕਰ ਸਕਦਾ? ਲੱਛਮੀ ਹੁਣ ਏਸ ਮੁਹੱਲੇ ਆਉਂਦੀ ਵੀ ਹੋਵੇ ਤਾਂ ਦੂਰੋਂ ਹੀ ਮੇਰੀ ਨੇਮਪਲੇਟ ਪੜ੍ਹ ਕੇ ਦੂਜੇ ਪਾਸੇ ਹੋ ਜਾਂਦੀ ਹੋਣੀ। ਮੁਹੱਲੇ ਦੇ ਦੋ ਚਾਰ ਘਰਾਂ ’ਚ ਬੈਠ ਕੇ ਮੁੜ ਜਾਂਦੀ ਹੋਣੀ। ਕਿਸੇ ਤੋਂ ਪੁੱਛ ਵੀ ਲੈਂਦੀ ਹੋਣੀ ਸੁਣਿਆ ਏਸ ਮੁਹੱਲੇ ਕੋਈ ਬੜਾ ਮੂਰਖ ਬੰਦਾ ਰਹਿੰਦਾ। ਸਾਹਿਤ-ਸੂਹਿਤ ਦਾ ਘਟੀਆ ਕੰਮ ਕਰਦਾ। ਕੋਈ ਦੱਸ ਦਿੰਦਾ ਕਿ ਹਾਂ ਉੱਧਰ ਰਹਿੰਦਾ। ਉਹ ਮੂੰਹ ਫੇਰ ਕੇ ਚਲ ਜਾਂਦੀ ਹੈ।

ਮੇਰਾ ਇਕ ਦੋਸਤ ਕਹਿੰਦਾ ਹੈ-ਕਿਤਾਬਾਂ ਨੇ ਪੱਟਿਆ ਤੈਨੂੰ, ਪਰਸਾਈ।

ਪੱਟਿਆ, ਬਿਲਕੁਲ ਪੱਟਿਆ। ਕਿਤਾਬ ਲਿਖਣ ਵਾਲੇ ਤੋਂ ਵੇਚਣ ਵਾਲਾ ਵੱਡਾ ਹੁੰਦਾ। ਕਥਾ ਲਿਖਣ ਵਾਲੇ ਤੋਂ ਕਥਾ ਕਰਨ ਵਾਲਾ ਵੱਡਾ ਹੁੰਦਾ। ਕੁਦਰਤ ਬਣਾਉਣ ਵਾਲੇ ਤੋਂ ਕੁਦਰਤ ਲੁੱਟਣ ਵਾਲਾ ਵੱਡਾ ਹੁੰਦਾ ਹੈ।

ਮੈਂ ਕਥਾ ਲਿਖਦਾਂ ਤੇ ਚੌਰਾਹੇ ਤੇ ਕਥਾਵਾਚਕ ਕਥਾ ਕਰਦਾ। ਇਹ ਕਥਾ ਤੁਲਸੀ ਦਾਸ ਨੇ ਲਿਖੀ ਹੈ। ਕਥਾਵਾਚਕ ਦੀ ਆਰਤੀ ਦੀ ਥਾਲੀ ਭਰ ਜਾਂਦੀ ਹੈ, ਉੱਪਰੋਂ ਜੋ ਭੇਟਾ ਮਿਲਦੀ ਉਹ ਅੱਡ। ਮੈਂ, ਕਥਾ ਲੇਖਕ, ਸੜਕ ’ਤੇ ਖੜ੍ਹਾ ਬਿਟ-ਬਿਟ ਝਾਕੀ ਜਾਨਾਂ।

ਉਸ ਦਿਨ ਗਿਆਨਰੰਜਨ ਨੇ ਕਿਹਾ, “ਇਹ ਕਥਾਵਾਚਕ ਹਿੰਦੀ ’ਚ ਐਮ.ਏ ਨੇ।

ਮੈਂ ਕਿਹਾ, “ਉਹਨੂੰ ਦੇਖੋ ਤੇ ਸਾਨੂੰ ਵੀ ਦੇਖੋ। ਇਕ ਉਹ ਹਿੰਦੀ ਦਾ ਐਮ. ਏ ਆ ਤੇ ਇਕ ਮੈਂ ਹਾਂ। ਐਮ.ਏ ਕਰਕੇ ਉਹਨੂੰ ਅਕਲ ਆ ਗਈ ਤੇ ਸਾਡੀ ਮੱਤ ਮਾਰੀ ਗਈ। ਅਸੀਂ ਲਿਖਣ ਦੇ ਚੱਕਰ ’ਚ ਫਸ ਗਏ ਤੇ ਉਹਨੇ ਸੁਣਾਉਣ ਦਾ ਅਭਿਆਸ ਕੀਤਾ। ਉਹ ਅੱਗੇ ਵਧ ਗਿਆ ਤੇ ਅਸੀਂ? ਕਿਤਾਬ ਨਾਲੋਂ ਕੁੰਜੀ ਵੱਧ ਵਿਕਦੀ ਹੈ।

ਯਾਰ, ਪਰ ਮੈਂ ਕਰਦਾ ਵੀ ਤਾਂ ਕੀ? ਇਕ ਤਾਂ ਲੱਛਮੀ ਰੂਪ ਤੋਂ ਨਾਰੀ, ਤੇ ਉੱਲੂ ਤੇ ਉਹਦੀ ਸਵਾਰੀ। ਜਿਸਨੇ ਵੀ ਸੋਚਿਆ ਕਿਆ ਕਮਾਲ ਸੋਚਿਆ। ਜ਼ਰੂਰ ਕੋਈ ਸ਼ੋਸਲਿਸਟ ਹੋਊ। ਕੋਈ ਔਰਤ ਹੋਵੇ ਤੇ ਉਹਦਾ ‘ਗਾਈਡ’ ਉੱਲੂ ਹੋਵੇ ਉਹ ਇੱਧਰ ਆ ਹੀ ਨਹੀਂ ਸਕਦੀ। ਉੱਲੂ ਨੇ ਕਹਿ ਦੇਣਾ-‘ਦੇਵੀ ਜੀ ਜੇ ਉੱਧਰ ਜਾਣਾ ਤਾਂ ਰਿਕਸ਼ਾ ਕਰਾਲੋ। ਮੈਂ ਉਹਦੇ ਘਰੇ ਨਹੀਂ ਜੇ ਜਾਣਾ। ਉਹ ਮੇਰੀ ਪੂਰੀ ਕੌਮ ਨੂੰ ਨਫ਼ਰਤ ਕਰਦਾ ਹੈ।’ ਵਿਚਾਰੀ ਮੁੜ ਮੜ ਜਾਂਦੀ ਹੋਣੀ ਆ। ਮੈਨੂੰ ਪਤਾ ਹੈ ਕਿ ਕਦੇ ਕਦੇ ਉਸਦਾ ਉਤਸੁਕਤਾ ਨਾਲ ਆਉਣ ਦਾ ਜੀਅ ਕੀਤਾ ਹੋਣਾ। ਪਰ ਉੱਲੂ ਨੇ ਆਉਣ ਨਹੀਂ ਦਿੱਤਾ। ਉਸਨੇ ਆਪਣੇ ‘ਮਿਸਟਰ’ ਤੇ ‘ਕਲਾਸਫੈਲੋ’ ਨੂੰ ਵੀ ਇੱਧਰ ਭੇਜਿਆ, ਪਰ ਉੱਲੂਆਂ ਨੇ ਉਹਨੂੰ ਵੀ ਮੋੜ ਦਿੱਤਾ। ਮੈਨੂੰ ਲੱਗਦਾ, ਲੱਛਮੀ ਅੱਕੀ ਹੋਈ ਉੱਲੂ ’ਤੇ ਬੈਠ ਜਾਂਦੀ ਹੈ ਤੇ ਅੰਗੜਾਈਆਂ ਭੰਨਦੀ ਫੁੱਲ ਸੁੰਘਣ ਲੱਗਦੀ ਹੈ। ਉੱਲੂ ਉੱਡਦਾ ਉੱਡਦਾ ਰੁਕ ਜਾਂਦਾ ਹੈ, ਕਿਸੇ ਕੋਲ। ਕਹਿੰਦਾ ਹੈ- ‘ਦੇਵੀ ਜੀ, ਇਹ ਮੇਰਾ ਸਾਲਾ ਹੈ। ਇਹਨੂੰ ਕੁਛ ਦੇ ਦੋ। ‘ਲੱਛਮੀ ਆਪਣੇ ਬੈਂਕ ਦਾ ਚੈੱਕ ਕੱਟ ਕੇ ਉਸਨੂੰ ਦੇ ਜਾਂਦੀ ਹੈ। (ਉਦਾਂ ਲੱਛਮੀ ਬੈਂਕ ਲਿਮਟਿਡ ਫੇਲ੍ਹ ਹੋ ਗਿਆ ਹੈ ਤੇ ਡਾਇਰੈਕਟਰ ਹੁਰੀਂ ਜੇਲ੍ਹ ’ਚ ਬੰਦ ਨੇ। ਪਰ ਓਸ ’ਚ ਵਿਸ਼ਨੂੰ ਦੀ ਘਰਵਾਲੀ ਦੇ ਸ਼ੇਅਰ ਨਹੀਂ ਸਨ)। ਉੱਲੂ ਫੇਰ ਕਿਸੇ ਕੋਲ ਰੁਕ ਕੇ ਕਹਿੰਦਾ ਹੈ- ਦੇਵੀ ਜੀ, ਇਹ ਮੇਰਾ ਸਾਢੂ ਹੈ।... ਲੱਛਮੀ ਫੇਰ ਉਸਨੂੰ ਚੈੱਕ ਕੱਟ ਕੇ ਦੇ ਦਿੰਦੀ ਹੈ। ਇਸ ਤਰ੍ਹਾਂ ਉੱਲੂ, ਲੱਛਮੀ ਨੂੰ ਚਾਚਿਆਂ, ਮਾਮਿਆਂ, ਫੁੱਫੜਾਂ, ਭਤੀਜਿਆਂ ਕੋਲ ਲੈ ਜਾਂਦਾ ਹੈ ਤੇ ਚੈਕ ਦਿਵਾ ਦਿੰਦਾ ਹੈ।

ਲੱਛਮੀ ਪੁੱਛਦੀ ਹੈ, “ਕਿਉਂ ਵੀ ਹਰੀਸ਼ੰਕਰ ਪਰਸਾਈ, ਤੇਰਾ ਕੁਝ ਨੀਂ ਲੱਗਦਾ?”

ਉੱਲੂ ਕਹਿੰਦਾ ਹੈ, “ਉਹ ਮੇਰਾ ਦੁਸ਼ਮਣ ਹੈ। ਉਹਦਾ ਤਾਂ ਨਾਮ ਵੀ ਨਾ ਲਿਉ ਦੇਵੀ ਜੀ!”

ਲੱਛਮੀ ਦੀ ਉਤਪਤੀ ਦੀ ਕਥਾ ਹੀ ਅਜਿਹੀ ਹੈ ਕਿ ਉਸ ਨੂੰ ਹਾਸਿਲ ਕਰਨਾ ਆਪਣੇ ਵੱਸੋਂ ਬਾਹਰੀ ਗੱਲ ਲੱਗਦੀ ਹੈ। ਲੱਛਮੀ ਸਮੁੰਦਰ ਜਾਪ ਤੋਂ ਬਾਅਦ ਸਮੁੰਦਰ ਵਿਚੋਂ ਬਾਹਰ ਨਿੱਕਲੀ ਸੀ। ਸਮੁੰਦਰ ਜਾਪ ਵੀ ‘ਕੱਲੇ ਦੇਵਤਾਵਾਂ ਨੇ ਨਹੀਂ ਕੀਤਾ। ਉਨ੍ਹਾਂ ਨੇ ਸ਼ੈਤਾਨਾਂ ਦੀ ਮਦਦ ਲਈ। ਜੇ ਇਕੱਲੇ ਦੇ’ਤੇ ਹੀ ਸਮੁੰਦਰ ਜਾਪ ਕਰਕੇ ਲੱਛਮੀ ਨੂੰ ਕੱਢ ਲੈਂਦੇ, ਤਾਂ ਮੈਂ ਉਨ੍ਹਾਂ ਦੀ ਜੈ ਬੋਲਦਾ। ਪਰ ‘ਸ਼ੈਤਾਨਾਂ ਦੀ ਮਦਦ ਤੋਂ ਬਿਨਾਂ ਉਹ ਲੱਛਮੀ ਨੂੰ ਹਾਸਿਲ ਹੀ ਨਹੀਂ ਕਰ ਸਕੇ। ਤਾਂ ਆਪਣੀ ਅ ਰ ਥ ਵਿਵਸਥਾ ਦਾ ਜੋ ਸਮੁੰਦਰ ਹੈ ਉਸਦੇ ਜਾਪ ਲਈ ਮੈਂ ਸ਼ੈਤਾਨਾਂ ਨਾਲ ਸਮਝੌਤਾ ਕਰਾਂ, ਫੇਰ ਲੱਛਮੀ ਬਾਹਰ ਨਿੱਕਲੂ। ਫਿਰ ਵੀ ਕੀ ਭਰੋਸਾ ਉਹ ਮੈਨੂੰ ਮਿਲ ਜਾਵੇ। ਮਾੜੇ ਮੋਟੇ ਦੇ’ਤੇ ਤਾਂ ਕਈ ਸਨ, ਪਰ ਲੱਛਮੀ ਉਨ੍ਹਾਂ ਨੂੰ ਕਿੱਥੇ ਮਿਲੀ? ਉਹ ਸਿੱਧੀ ਵਿਸ਼ਨੂੰ ਕੋਲ ਗਈ ਤੇ ਗਲ ਲੱਗ ਗਈ। ਦੂਜੇ ਦੇਵਤਾਵਾਂ ਨੇ ਕੋਈ ਹੜਤਾਲ ਵੀ ਨਹੀਂ ਕੀਤੀ। ਕਰਦੇ ਵੀ ਕਿਵੇਂ? ਵਿਸ਼ਨੂੰ ਜੀ ਵੱਡੇ ਸਨ- ਸ਼ਕਤੀ ’ਚ, ਮਾਇਆ ’ਚ, ਰੂਪ ’ਚ ਤੇ ਅਕਲ ਵਿਚ ਵੀ। ਔਰਤ ਬਣ ਕੇ ਜਿਸ ਨੇ ਆਪਣੇ ਦੋਸਤ ਸ਼ੰਕਰ ਨੂੰ ਠੱਗ ਲਿਆ, ਉਹਦੀ ਅਕਲ ’ਚ ਕੀ ਘਾਟ ਹੋਊ। ਲੱਛਮੀ ਸਿੱਧਾ ‘ਮੋਨੋਪੋਲੀ’ ਨਾਲ ਜਾ ਕੇ ਮਿਲ ਗਈ। ਜੇ ਮੈਂ ਸ਼ੈਤਾਨਾਂ ਨਾਲ ਸਮਝੌਤਾ ਕਰਕੇ ਸਮੁੰਦਰ ਦਾ ਜਾਪ ਕਰਾਂ ਤੇ ਕਿਤੇ ਫੇਰ ਲੱਛਮੀ ‘ਮੋਨੋਪਲੀ’ ਕੋਲ ਚਲ ਗਈ ਤੇ ਫੇਰ? ਸਾਹਿਤ ਵਿਚ ਵੀ ਤਾਂ ‘ਮੋਨੋਪਲੀ’ ਹੈ। ਮੋਨੋਪਲੀ ਛੋਟਿਆਂ ਨੂੰ ਵਧਣ ਨਹੀਂ ਦਿੰਦੀ। ਇਕ ਗ਼ਰੀਬ ਨਾਰਦ ਮੁਨੀ ਨੂੰ ਵਿਆਹ ਕਰਵਾਉਣ ਲਈ ਸੋਹਣੇ ਚਿਹਰੇ ਦੀ ਲੋੜ ਪਈ ਸੀ, ਤਾਂ ਵਿਸ਼ਨੂੰ ਨੇ ਓਸ ਨੂੰ ਬਾਂਦਰ ਦਾ ਚਿਹਰਾ ਦੇ ਦਿੱਤਾ ਸੀ। ਫਿਰ ਖੁਦ ਜਾ ਕੇ ਸਵੰਬਰ ਵਿਚ ਬਹਿ ਗਏ ਅਤੇ ਜਿਸ ਕੁੜੀ ਤੇ ਵਿਚਾਰੇ ਦਾ ਦਿਲ ਆਇਆ ਸੀ, ਉਸੇ ਤੋਂ ਆਪਣੇ ਗਲੇ ਵਿਚ ਵਰਮਾਲਾ ਪਵਾ ਲਈ। ਕਹਿੰਦੇ ਨੇ-ਨਾਰਦ, ਇਹ ਤੇਰਾ ਪਿਆਰ ਸੀ। ਤੇ ਹਜ਼ੂਰ ਤੁਹਾਡਾ?

ਮੈਨੂੰ ਵੀ ਸਲਾਹਾਂ ਮਿਲਦੀਆਂ ਨੇ- ਅਖੇ, ਕਲਾਕਾਰ ਤਾਂ ਤਿਆਗੀ ਹੁੰਦਾ ਹੈ। ਉਹ ਮਾਇਆ ਦੇ ਲੋਭ ’ਚ ਨਹੀਂ ਪੈਂਦਾ।

ਮੈਂ ਪੁੱਛਦਾ ਹਾਂ- ਤੇ ਹਜ਼ੂਰ ਤੁਸੀਂ? ਤੁਸੀਂ ਪੈ ਸਕਦੇ ਹੋ? ਮਾਇਆ ਦਾ ਲੋਭ ਮਾੜਾ ਹੈ ਤਾਂ ਤੁਸੀਂ ਓਸ ਵਿਚ ਕਿਉਂ ਫਸਦੇ ਹੋ?

ਇਹ ਸਾਰੇ ਦੂਜਿਆਂ ਨੂੰ ਬਾਂਦਰ ਦੀ ਸ਼ਕਲ ਲਾ ਕੇ ਆਪ ਸਵੰਬਰ ਵਿਚ ਬੈਠਣ ਵਾਲੇ ਨੇ।

ਮੇਰੇ ਇਕ ਜਾਣ ਪਛਾਣ ਦੇ ਵਪਾਰੀ ਕਹਿੰਦੇ ਨੇ-ਪੈਸੇ ਨੂੰ ਪੈਸਾ ਖਿੱਚਦਾ। ਇੱਥੇ ਮੰਡੀ ਵਿਚ ਕੋਈ ਇਕ ਰੁਪਈਆ ਸੁੱਟਦਾ ਹੈ ਤੇ ਦਸ ਚੁੱਕਦਾ ਹੈ।

ਮੈਂ ਇਹ ਤਰੀਕਾ ਵੀ ਅਜਮਾਇਆ। ਬਾਜ਼ਾਰ ਦੇ ਐਨ ਵਿਚਕਾਰ ਖੜ੍ਹ ਕੇ ਮੈਂ ਰੁਪਈਆ ਸੁੱਟਿਆ। ਸੋਚਦਾ ਰਿਹਾ ਕਿ ਹੁਣ ਸਾਰੇ ਬਾਜ਼ਾਰ ਦੇ ਗੇੜੇ ਲਾ ਕੇ ਆਪਣੇ ਨਾਲ ਦਸ ਬਾਰ੍ਹਾਂ ਰੁਪਏ ਲੈ ਕੇ ਮੁੜਦੇ ਹਾਂ। ਫੇਰ ਮੈਂ ਦਸ ਦਾ ਨੋਟ ਸੁਟਾਂਗਾ ਤੇ ਦੋ ਚਾਰ ਦਿਨਾਂ ਵਿਚ ਸਾਰ ਬਾਜ਼ਾਰ ਲੁੱਟ ਲੈਣਾ। ਪਰ ਉਹ ਰੁਪਈਆ ਕਿਤੇ ਹਿੱਲਿਆ ਹੀ ਨਹੀਂ ਮੈਂ ਉਹਨੂੰ ਮੁੜ ਜੇਬ ਵਿਚ ਪਾ ਲਿਆ।

ਉ  ਸ ਵਪਾਰੀ ਨੂੰ ਕਿਹਾ- ਰੁਪਈਆ ਤਾਂ ਮੈਂ ਵੀ ਬਾਜ਼ਾਰ ਵਿਚ ਸੁੱਟਿਆ ਸੀ, ਪਰ ਉਹ ਤਾਂ ਕੁਝ ਨਹੀਂ ਲਿਆਇਆ।

ਉਹਨੇ ਕਿਹਾ- ਐਦਾਂ ਨਹੀਂ ਹੁੰਦਾ। ਸਾਡੇ ਪੈਸਿਆਂ ਨਾਲ ‘ਹੁਕ’ ਲੱਗੀ ਹੁੰਦੀ ਹੈ। ਉਹ ਰੁਪਈਆਂ ਨੂੰ ਮੱਛੀਆਂ ਵਾਂਗ ਫਸਾਉਂਦਾ ਹੈ।

ਹੁਣ ਮੈਂ ਰੁਪਈਆਂ ਨੂੰ ਹੁਕ ਕਿੱਥੋਂ ਲਵਾਂਵਾ?

ਮੇਰਾ ਉਹ ਦੋਸਤ ਕਹਿੰਦਾ ਹੈ- ਤੈਨੂੰ ਕਿਤਾਬਾਂ ਨੇ ਪੱਟਿਆ। ਸਰਸਵਤੀ ਕੋਲ ਗਏ ਤਾਂ ਲੱਛਮੀ ਨੇ ਪੱਤਾ ਕੱਟ ਦਿੱਤਾ। ਆਖ਼ਿਰ ਇੱਧਰ ਕਿਉਂ ਗਿਆ? ਵੈਸੇ ਸੱਚ ਪੁੱਛੋ ਤਾਂ ਸਰਸਵਤੀ ਜ਼ਿਆਦਾ ‘ਕਲਚਰਡ’ ਹੈ। ਉਹਦੇ ਹੱਥਾਂ ਵਿਚ ਵੀਣਾ ਹੈ, ਕਿਤਾਬ ਹੈ। ਤੇ ਜੇ ਪੰਛੀ ’ਤੇ ਸਵਾਰੀ ਕਰਨ ਦਾ ਮੌਕਾ ਮਿਲਿਆ ਤਾਂ ਉਸਨੇ ਉੱਲੂ ਨਹੀਂ ਹੰਸ ਚੁਣਿਆ। ਲੱਛਮੀ ਦਾ ਸਾਰਾ ਕੰਮ ਹੀ ਅਨਪੜ੍ਹ ਵਾਲਾ ਹੈ। ਸਵਾਰੀ ਤੋਂ ਲੈ ਕੇ ਸ਼ਿੰਗਾਰ ਤਕ। ਤਸਵੀਰਾਂ ਵਿਚ ਦੇਖੋ ਫੁੱਲ ’ਤੇ ਖੜੀ ਹੈ। ਯਾਰ, ਫੁੱਲ ਵਰਗੀ ਕੋਮਲ ਚੀਜ਼ ਭਲਾਂ ਉੱਤੇ ਖੜਣ ਲਈ ਹੁੰਦੀ ਹੈ? ਸੁਹਜ਼-ਸਵਾਦ ਭੋਰਾ ਵੀ ਨਹੀਂ ਲੱਛਮੀ ਵਿਚ। ਉਸਨੂੰ ਜੇ ਸਰਸਵਤੀ ਵਾਲਾ ਵੀਣਾ ਮਿਲ ਗਿਆ ਤਾਂ ਉਹਨੇ ਤਾਰ ਤੋੜ ਕੇ ਉੱਲੂ ਨੂੰ ਬੰਨਣ ਲੱਗ ਜਾਣਾ। ਸੰਪੂਰਨ ਅਗਿਆਨਤਾ ਵੱਲ ਆਖ਼ਿਰ ਕੋਈ ਕਿਵੇਂ ਖਿੱਚਿਆ ਜਾਵੇ।

ਮੇਰਾ ਦੋਸਤ ਕਹਿੰਦਾ ਹੈ- ਨਹੀਂ ਹੁੰਦਾ, ਤਾਂ ਭੁਗਤੋ। ਪੱਟਿਆ ਨਾ ਤੈਨੂੰ ਕਿਤਾਬਾਂ ਨੇ!

ਕਹਿਣ ਦੇਵੋ ਉਹਨੂੰ। ਹਾਲੇ ਬਹੁਤ ਸਾਰੇ ਫ਼ੈਸਲੇ ਬਾਕੀ ਨੇ। ਹਜੇ ਈ ਕੀ ਕਿਹਾ ਜਾ ਸਕਦਾ ਕਿ ਕੌਣ ਮਰਿਆ ਤੇ ਕੌਣ ਜਿਉਂਦਾ ਰਹਿ ਗਿਆ। ਨਹੀਂ, ਹੁਣ ਲੱਛਮੀ ਦੀ ਪੂਜਾ ਨਹੀਂ ਕਰ ਹੋਣੀ। ਉਹ ਹੋਰ ਹੁੰਦੇ ਨੇ ਜਿਹੜੇ ਛੇਤੀ ਛੇਤੀ ਦੇ’ਤੇ ਬਦਲਦੇ ਰਹਿੰਦੇ ਨੇ। ਉਹ ਰਾਮ ਨੂੰ ਵੀ ਮੱਥਾ ਟੇਕ ਜਾਂਦੇ ਨੇ ਤੇ ਰਾਵਣ ਨੂੰ ਵੀ। ਉਹ ਦਿਨੇਂ ਹੰਸ ਦੀ ਚੁੰਜ ਸਹਿਰਾਉਂਦੇ ਨੇ ਤੇ ਰਾਤੀ ਉੱਲੂ ਨਾਲ ਵੀ ਗੱਲਾਂ ਮਾਰ ਲੈਂਦੇ ਨੇ।

ਦੇਵਤਾ ਬਦਲਣਾ ਇੰਨਾਂ ਸੌਖਾ ਨਹੀਂ। ਤੇ ਫੇਰ ਦੇਵੀ ਬਦਲਣਾ ਤਾਂ ਹੋਰ ਵੀ ਔਖੈ।

ਲਲਕਾਰ ’ਚੋਂ ਧੰਨਵਾਦ ਸਹਿਤ

Laddi Padda Realtor

Medallion Award Winner 2012



ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ
ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖ਼ਰੀਦਣ ਜਾਂ ਵੇਚਣ ਲਈ
ਭਰੋਸੇਮੰਦ ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

For Buying, Selling or Investing
Call Honest Realtor
Laddi Padda

lpadda08@gmail.com

MLS MULTIPLE LISTING SERVICE
REALTOR

Cell: 780-667-6767

2761 Hewes Way, Edmonton, AB T6L 6N5
Phone : 780-462-5000, Fax : 780-463-0188

# Hundred Years after the Socialist Revolution

## Revolution, Impact & Legacy

**A Publication of:**
**Progressive Peoples Foundation of Edmonton**




**Edited by: Dr. P. R. Kalia**

Member's Advisory: Prof. Raj Pannu and Rabinder Saran

**Authors: Albert Rhys Williams, Rosa Luxemberg, Prof. Irfan Habib, Julien Paolantoni, Tamás Krausz, Prof. Paul Le Blanc, Elisabetta Rossi, Prof. Randhir Singh, Prof. Amar Farooqui, Prof. Bryan D. Palmer, Prof. Joan Sangster, Prof. Michael Kort , Brinda Karat, Dr. P. R. Kalia, Harbhajan Cheema & Lakhbir Khunkhun**

Paperback: 225 pages; Price: $10:00 To be released in October, 2017

Much has changed in 100 years, since October 1917. Tracing Socialist Revolution's unique and inspiring story, this volume features eyewitness accounts from memoirs of the contemporaries, and some analysis by the authorities on the subject.

The book comprises of 14 articles, authored by some well known writers, journalists and academics, from Canada, USA, India and European countries. Authors have explored, as much as possible, all extant empirical sources and illuminated the articles with their exacting theoretical insights. Reading the book, readers will experience the revolution as it happened.

The anniversary of the revolution has afforded an opportunity for us not only to reflect upon the event but also to examine the lessons at various points. Certainly, the events of that October 1917 are not going to be replicated in today's world. But the experiences of the world's first socialist country are of huge and continuing relevance. To plan for the future, we need a dispassionate discussion of that historic event.




# Matrimonial

### ਵਰ ਦੀ ਲੋੜ

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

---

Jatt Sikh girl, Age 25 years, Height 5'6", Registered Nurse seeking Jatt Sikh boy, must be an engineer, a Veterinary doctor or a business man, Edmonton and Calgary are preffered. Call 780 200 3754, or via email: k.guru@hotmail.ca

---

Canadian born, 29 years old and 5'4" tall, girl. She is going for CPA and is currently working with good paying job. Looking for boy, educated and settled in Canada. Call 780 446 5721

---

Seeking a suitable match for Jatt Sikh girl, age 29 years and 5'3" tall. Education; B. Tech, M. Tech (int.). Currently working as a professor, has one elder brother, settled in Edmonton, Canada. Phone No. 587 501 3604

---

31 year, beautiful, 5'5" tall, girl, MBA (HR and Finance), completing CPA. Brother permanently settled in Canada. Seeking a suitable Punjabi boy should be well educated, a Canadian PR or Citizen, age up to 34-year-old (preferred from Delhi). Contact: 780-716-4729 or email: skdragon2001@yahoo.co.in

----

Canadian born, 29 years old and 5'4" tall, girl, is going for CPA and is currently working with a good paying job. Looking for a boy, educated and settled in Canada. Contact at 780 446 5721

---

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Seeking a suitable match for Jatt Sikh girl, age 29 years and 5'3" tall, B. Tech, M. Tech (int.). Currently working as a professor, has one elder brother, settled in Edmonton, Canada. Phone No. 587 501 3604

### ਕੰਨਿਆ ਦੀ ਲੋੜ

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

---

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

---

ਜੱਟ ਸਿੱਖ ਰਟੌਲ, ਉਮਰ 29 ਸਾਲ, ਕੱਦ 6 ਫੁੱਟ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਲੜਕਾ ਵਿਜ਼ਟਰ ਵੀਜ਼ੇ ਉਪਰ ਕਨੇਡਾ ਆਇਆ ਹੋਇਆ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ ਉਪਰ ਵੀ ਵਿਚਾਰ ਕੀਤੀ

### ਕੰਨਿਆ ਦੀ ਲੋੜ

ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : 780-995-5475

---

Jatt Sikh canadian citizen, well settled, handsome, clean shaven, non Drinker 30 yr 6'1" tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

---

Seeking a suitable match for a Jatt Sikh Ratol, 29 years old, 6' tall boy. Currently, in Canada on the visitor visa. The cast is no bar. A divorced can be considered. For more information, please contact: 780-995-5475

----

Smart match for +2 in non medical, 2yr ASI Diploma of agriculture from Ludhiana university (1 yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 " feet. 11 acres Property for both brother's. Contact : 780 807 0375

----

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well

### ਕੰਨਿਆ ਦੀ ਲੋੜ

settled in Canada. contact no 780-761-3393.

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

----

**ਦੋ ਲੜਕੀਆਂ ਦੀ ਲੋੜ**

ਜੱਟ ਸਿੱਖ ਕੈਨੇਡੀਅਨ ਲੜਕਾ, 25 ਸਾਲ, 5'8" ਲਈ ਸੁੰਦਰ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਉਹ ਪਰਿਵਾਰ ਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ ਭਰਾ, 29 ਸਾਲ, 5'9" ਲਈ ਕੈਨੇਡੀਅਨ ਜਾਂ ਯੂ.ਕੇ. ਇੰਮੀਗ੍ਰਾਂਟ ਲੜਕੀ ਦਾ ਰਿਸ਼ਤਾ ਕਰਵਾ ਸਕਣ।

ਸੰਪਕਰ : 0044-7999181322, 001-780 2371663 billasingh1971@live.co.uk

# Classified Plus




**City Estates**

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

**011 91 98147 11263 or 011 91 98729 73304**

**ਕਾਰਪੇਂਟਰ ਹੈਲਪਰ ਦੀ ਲੋੜ**

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ **ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889** ਨਾਲ ਸੰਪਰਕ ਕਰੋ।

Email : info@westforkinteriors.com

# ਚਾਕਲੇਟ ਉਦਯੋਗ ਦਾ ਗ਼ੁਲਾਮ ਬਚਪਨ

ਨਮਿਤਾ

ਕਾਰਲ ਮਾਰਕਸ ਨੇ ਆਪਣੀ ਪ੍ਰਸਿੱਧ ਰਚਨਾ 'ਪੂੰਜੀ' ਵਿਚ ਕਿਹਾ ਹੈ , "ਪੂੰਜੀਵਾਦੀ ਦੌਲਤ ਦਾ ਪੂਰਾ ਅੰਬਾਰ ਔਰਤਾਂ ਅਤੇ ਮਾਸੂਮ ਬੱਚਿਆਂ ਦੇ ਖ਼ੂਨ ਵਿਚ ਲਿਬੜਿਆਂ ਹੁੰਦਾ ਹੈ, ਉਸਦਾ ਇਕ ਵੱਡਾ ਹਿੱਸਾ ਉਨ੍ਹਾਂ ਦੀ ਸਸਤੀ ਮਿਹਨਤ ਨੂੰ ਨਿਚੋੜ ਕੇ ਤਿਆਰ ਕੀਤਾ ਜਾਂਦਾ ਹੈ। ਇਹ ਪੂੰਜੀਵਾਦ ਦਾ ਇਕ "ਖੁੱਲ੍ਹਾ ਰਹੱਸ" ਹੈ, ਇਕ ਜੱਗ ਜਾਹਿਰ ਜਿਹੀ ਗੁਪਤ ਗੱਲ ਹੈ, ਜਿਸ 'ਤੇ ਤਮਾਮ ਸਮਾਜ ਸੇਵੀ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਮਿਹਨਤ ਸੰਗਠਨ ਵੀ ਪਰਦਾ ਪਾਉਣ ਦੀ ਲਗਾਤਾਰ, ਹਰ ਸਮੇਂ ਕੋਸ਼ਿਸ਼ ਕਰਦੇ ਰਹਿੰਦੇ ਹਨ ਅਤੇ ਅਜਿਹਾ ਦਿਖਾਉਂਦੇ ਹਨ, ਮੰਨ ਲਓ ਬੱਚਿਆਂ ਦੀ ਮਿਹਨਤ ਦਾ ਸ਼ੋਸ਼ਣ ਸਿਰਫ਼ ਕੁੱਝ ਲਾਲਚੀ ਲੋਕਾਂ ਦੁਆਰਾ ਹੀ ਕੀਤਾ ਜਾਂਦਾ ਹੈ।

ਚਾਕਲੇਟ ਦਾ ਨਾਮ ਸੁਣਦੇ ਹੀ ਹਰ ਇਕ ਦੇ ਮਨ 'ਚ ਮਿਠਾਸ ਘੁਲ ਜਾਂਦੀ ਹੈ। ਪਰ ਕੀ ਤੁਸੀਂ ਕਦੇ ਚਾਕਲੇਟ ਨੂੰ ਗੌਰ ਨਾਲ ਵੇਖਿਆ ਹੈ ? ਜੇਕਰ ਨਹੀਂ ਤਾਂ ਇਕ ਵਾਰ ਉਠਾਓ। ਉਸ ਦੇ ਚਿਕਣੇ, ਮੁਲਾਇਮ, ਚਮਕਦਾਰ ਟੁਕੜਿਆਂ ਨੂੰ ਟੋਹ ਕੇ ਵੇਖੋ । ਸ਼ਾਇਦ ਉਨ੍ਹਾਂ ਵਿਚ ਤੁਹਾਨੂੰ ਉਨ੍ਹਾਂ ਬੱਚਿਆਂ ਦੀਆਂ ਸਿਸਕਾਰੀਆਂ ਸੁਣਾਈ ਦੇਣਗੀਆਂ, ਜਿਨ੍ਹਾਂ ਨੇ ਉਸਨੂੰ ਤਿਆਰ ਕਰਨ ਵਿਚ ਆਪਣੇ ਹੱਥ, ਪੈਰ, ਮੋਢੇ ਜ਼ਖ਼ਮੀ ਕੀਤੇ ਹਨ। ਤੁਹਾਡੀ ਜੀਭ ਸਵਾਦਿਸ਼ਟ ਚਾਕਲੇਟ ਦਾ ਲੁਤਫ਼ ਲੈ ਸਕੇ, ਇਸ ਲਈ ਆਪਣਾ ਬਚਪਨ ਕੁਰਬਾਨ ਕੀਤਾ ਹੈ। ਜਿਸ ਚਾਕਲੇਟ ਨੂੰ ਖਾ ਕੇ ਕਈ ਲੋਕ ਮਾਨਸਿਕ ਸਕੂਨ ਪ੍ਰਾਪਤ ਕਰਦੇ ਹਨ, ਉਸ ਨੂੰ ਬਣਾਉਣ ਵਾਲੇ ਬਾਲ ਮਜ਼ਦੂਰਾਂ ਦਾ ਜੀਵਨ ਕਿਸ ਭਿਆਨਕ ਦਮਨ-ਜ਼ਿਆਦਤੀਆਂ ਨੂੰ ਝੱਲਦਾ ਹੈ, ਉਸਨੂੰ ਜਾਣਨ ਲਈ ਆਓ ਪੱਛਮ ਵਾਲਾ ਅਫ਼ਰੀਕਾ ਅਤੇ ਆਇਵਰੀ ਕੋਸਟ ਦੇ ਜੰਗਲਾਂ ਵਾਲੇ ਇਲਾਕਿਆਂ ਵਿਚ ਚਲਦੇ ਹਾਂ।

ਚਾਕਲੇਟ ਕੋਕੋਆ ਬੀਣ ਤੋਂ ਬਣਾ ਹੋਇਆ ਇਕ ਉਤਪਾਦ ਹੈ, ਜੋ ਪੱਛਮੀ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਜਿਵੇਂ ਉਸ਼ਣਿ ਕਟਿਸਬੰਧੀਏ ਪਰਿਵੇਸ਼ ਵਿਚ ਪੈਦਾ ਹੁੰਦਾ ਹੈ। ਕੋਕੋਆ ਬੀਨ ਤੋਂ ਹੀ ਕੋਕੋਆ ਬਣਦਾ ਹੈ ਜੋ ਚਾਕਲੇਟ ਦੀ ਮੁੱਖ ਸਮੱਗਰੀ ਹੁੰਦੀ ਹੈ। ਪੱਛਮੀ ਅਫ਼ਰੀਕਾ ਦੇ ਦੇਸ਼ਾਂ, ਖਾਸਕਰ ਘਾਨਾ ਅਤੇ ਆਇਵਰੀ ਕੋਸਟ ਪੂਰੀ ਦੁਨੀਆ ਨੂੰ 70 ਫ਼ੀਸਦੀ ਤੋਂ ਵੀ ਜ਼ਿਆਦਾ ਕੋਕੋਆ ਬੀਜ਼ ਉਪਲੱਬਧ ਕਰਵਾਉਂਦੇ ਹਨ । ਇਕ ਰਿਪੋਰਟ ਅਨੁਸਾਰ 2010 ਵਿਚ ਚਾਕਲੇਟ ਦਾ ਬਾਜ਼ਾਰ 4244 ਕਰੋੜ ਡਾਲਰ ਸੀ ਜੋ 2016 ਵਿਚ 5014 ਕਰੋੜ ਡਾਲਰ ਹੋ ਗਿਆ। ਪੱਛਮੀ ਅਫ਼ਰੀਕਾ ਵਿਚ ਕੋਕੋਆ ਇਕ ਅਜਿਹੀ ਫ਼ਸਲ ਹੈ ਜੋ ਬਾਜ਼ਾਰ ਲਈ ਹੀ ਪੈਦਾ ਕੀਤੀ ਜਾਂਦੀ ਹੈ। ਅਤੇ ਆਇਵਰੀ ਕੋਸਟ ਦਾ 60 ਫ਼ੀਸਦੀ ਟੈਕਸ ਕੋਕੋਆ ਦੇ ਨਿਰਯਾਤ ਤੋਂ ਹੀ ਆਉਂਦਾ ਹੈ। ਚਾਕਲੇਟ ਉਦਯੋਗ ਬਹੁਤ ਹੀ ਗੁਪਚੁਪ ਤਰੀਕੇ ਨਾਲ ਕੰਮ ਕਰਦਾ ਹੈ । ਉੱਥੇ ਦੇ ਬਾਲ ਮਜ਼ਦੂਰਾਂ ਦੇ ਭਿਆਨਕ ਸ਼ੋਸ਼ਣ ਅਤੇ ਗੁਲਾਮੀ ਦੀਆਂ ਤਸਵੀਰਾਂ ਜਲਦੀ ਸਾਹਮਣੇ ਨਹੀਂ ਆ ਪਾਉਂਦੀਆਂ ਕਿਉਂਕਿ ਜੋ ਪੱਤਰਕਾਰ ਸਰਕਾਰ ਦੇ ਭ੍ਰਿਸ਼ਟਾਚਾਰ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਅਗ਼ਵਾ ਕਰ ਲਿਆ ਜਾਂਦਾ ਹੈ ਜਾਂ ਮਾਰ ਦਿੱਤਾ ਜਾਂਦਾ ਹੈ। 2010 ਵਿਚ ਆਇਵਰੀ ਕੋਸਟ ਦੀ ਸਰਕਾਰ ਨੇ ਤਿੰਨ ਪੱਤਰਕਾਰਾਂ ਨੂੰ ਉਹ ਰਿਪੋਰਟ ਨਾ ਛਾਪਣ ਦੀ ਧਮਕੀ ਦਿੱਤੀ ਸੀ ਜੋ ਕੋਕੋਆ ਸੈਕਟਰ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਾਲੇ ਹਾਲਾਤ ਨੂੰ ਪ੍ਰਗਟ ਕਰਨ ਵਾਲੀ ਸੀ।

ਪੱਛਮੀ ਅਫ਼ਰੀਕਾ ਅੰਤਰਰਾਸ਼ਟਰੀ ਪੱਧਰ 'ਤੇ ਕੋਕੋਆ ਸਪਲਾਈ ਕਰਦਾ ਹੈ। ਵੱਡੀਆਂ ਵੱਡੀਆਂ ਕੰਪਨੀਆਂ ਜਿਵੇਂ ਹਰਸ਼ਲੇ, ਨੈਸਲੇ, ਮਾਰਕ ਵੀ ਇਨ੍ਹਾਂ ਤੋਂ ਹੀ ਕੋਕੋਆ ਖਰੀਦਦੀਆਂ ਹਨ। ਅਮਰੀਕਾ ਦੀ ਸਭ ਤੋਂ ਵੱਡੀ ਚਾਕਲੇਟ ਕੰਪਨੀ ਹਰਸ਼ਲੇ ਸਾਲਾਨਾ 40 ਕਰੋੜ ਕਿੱਲੋ ਚਾਕਲੇਟ ਦਾ ਉਤਪਾਦਨ ਕਰਦੀ ਹੈ। ਕਿਉਂਕਿ ਚਾਕਲੇਟ ਉਦਯੋਗ ਵਿਚ ਲਗਭਗ ਹਰ ਸਾਲ ਵਾਧਾ ਹੁੰਦਾ ਹੈ, ਇਸ ਲਈ ਸਸਤੇ ਕੋਕੋਆ ਦੀ ਮੰਗ ਵੀ ਵਧਦੀ ਜਾਂਦੀ ਹੈ। ਜੋ ਕਿਸਾਨ ਸਿਰਫ਼ ਕੋਕੋਆ ਹੀ ਪੈਦਾ ਕਰਦੇ ਹਨ, ਉਹ ਪ੍ਰਤੀ ਦਿਨ 2 ਡਾਲਰ ਤੋਂ ਵੀ ਘੱਟ ਕਮਾ ਪਾਉਂਦੇ ਹਨ ਜੋ ਕਿ ਗ਼ਰੀਬੀ ਰੇਖਾ ਤੋਂ ਕਾਫ਼ੀ ਹੇਠਾਂ ਹੈ। ਇਸ ਲਈ ਖ਼ੁਦ ਨੂੰ ਜਿੰਦਾ ਰੱਖਣ ਲਈ ਉਹ ਜ਼ਿਆਦਾਤਰ ਕੰਮ ਘੱਟ ਖ਼ਰਚ 'ਤੇ ਬੱਚਿਆਂ ਕੋਲੋਂ ਕਰਵਾਉਂਦੇ ਹਨ।

ਪੱਛਮੀਹ ਅਫ਼ਰੀਕਾ ਦੇ ਜ਼ਿਆਦਾਤਰ ਬੱਚੇ ਭਿਆਨਕ ਗ਼ਰੀਬੀ ਦੀ ਹਾਲਤ ਵਿਚ ਹਨ। ਇਸ ਲਈ ਆਪਣੇ ਪਰਿਵਾਰ ਨੂੰ ਸਹਾਇਤਾ ਪਹੁੰਚਾਉਣ ਲਈ ਬਹੁਤ ਘੱਟ ਉਮਰ ਵਿਚ ਹੀ ਕੰਮ ਕਰਨ ਲੱਗ ਜਾਂਦੇ ਹਨ। ਬਹੁਤੇ ਬੱਚਿਆਂ ਨੂੰ ਤਸਕਰ ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਪਰਿਵਾਰ ਵਾਲਿਆਂ ਨੂੰ ਚੰਗੀ ਕੰਮ ਅਤੇ ਤਨਖ਼ਾਹ ਦਾ ਵਾਅਦਾ ਕਰਕੇ ਲੈ ਆਉਂਦੇ ਹਨ ਅਤੇ ਉਨ੍ਹਾਂ ਨੂੰ ਕੋਕੋਆ ਫ਼ਾਰਮ ਮਾਲਕਾਂ ਕੋਲ ਵੇਚ ਦਿੰਦੇ ਹਨ। ਇਹ ਤਸਕਰ ਜ਼ਿਆਦਾਤਰ ਬੱਚਿਆਂ ਨੂੰ ਆਲੇ ਦੁਆਲੇ ਦੇ ਛੋਟੇ-ਛੋਟੇ ਦੇਸ਼ਾਂ ਵਿਚ ਭੇਜ ਦਿੰਦੇ ਹਨ, ਜਿਵੇਂ ਬੁਰਕੀਨਾ ਫਾਸੋ ਅਤੇ ਮਾਲੀ (ਜੋ ਕਿ ਦੁਨੀਆ ਦੇ ਸਭ ਤੋਂ ਗ਼ਰੀਬ ਦੇਸ਼ਾਂ ਵਿਚੋਂ ਹਨ)। ਇਕ ਵਾਰ ਕੋਕੋਆ ਫ਼ਾਰਮ ਵਿਚ ਲੱਗ ਜਾਣ ਤੋਂ ਬਾਅਦ ਇਨ੍ਹਾਂ ਬੱਚਿਆਂ ਨੂੰ ਕਈ-ਕਈ ਸਾਲਾਂ ਤਕ ਪਰਿਵਾਰ ਵਾਲਿਆਂ ਨਾਲ ਮਿਲਣ ਨਹੀਂ ਦਿੱਤਾ ਜਾਂਦਾ। ਇਨ੍ਹਾਂ ਬੱਚਿਆਂ ਦੀ ਔਸਤ ਉਮਰ 12 ਤੋਂ 16 ਸਾਲ ਦੀ ਹੁੰਦੀ ਹੈ ਜਿਸ ਵਿਚ 40 ਫ਼ੀਸਦੀ ਲੜਕੀਆਂ ਹੁੰਦੀਆਂ ਹਨ । ਕਈ ਬੱਚੇ 5-6 ਸਾਲ ਦੇ ਵੀ ਹੁੰਦੇ ਹਨ।

ਜਿਸ ਚਾਕਲੇਟ ਤੋਂ ਮੁਨਾਫ਼ਾਖੋਰਾਂ ਦੀਆਂ ਤਿਜ਼ੌਰੀਆਂ ਭਰਦੀਆਂ ਹਨ, ਕਰੋੜਾਂ ਦੇ ਵਾਰੇ-ਨਿਆਰੇ ਹੁੰਦੇ ਹਨ, ਉਨ੍ਹਾਂ ਨੂੰ ਬਣਾਉਣ ਵਾਲੇ ਬੱਚਿਆਂ ਨੂੰ ਗ਼ੁਲਾਮਾਂ ਦੀ ਤਰ੍ਹਾਂ ਰਹਿਣਾ ਪੈਂਦਾ ਹੈ। ਉਨ੍ਹਾਂ ਦੇ ਕੰਮ ਦੀ ਸ਼ੁਰੂਆਤ ਸਵੇਰੇ 6 ਵਜੇ ਤੋਂ ਹੋ ਜਾਂਦੀ ਹੈ ਜੋ 12-14 ਘੰਟੇ ਲਗਾਤਾਰ ਚੱਲਦਾ ਰਹਿੰਦਾ ਹੈ। ਬੱਚਿਆਂ ਵਿਚੋਂ ਕੁੱਝ ਪਹਿਲਾਂ ਆਰਾ ਮਸ਼ੀਨ ਨਾਲ ਜੰਗਲ ਨੂੰ ਸਾਫ਼ ਕਰਦੇ ਹਨ, ਕੁੱਝ ਕੋਕੋਆ ਦਰੱਖਤ 'ਤੇ ਚੜ੍ਹ ਕੇ ਛੁਰੇ ਦੀ ਮਦਦ ਨਾਲ ਬੀਜ ਤੋੜਦੇ ਹਨ। ਕਾਬਲੇਗੌਰ ਹੈ ਕਿ ਕੋਕੋਆ ਫ਼ਾਰਮ ਵਿਚ ਇਸਤੇਮਾਲ ਹੋਣ ਵਾਲਾ ਇਹ ਛੁਰਾ ਕਾਫ਼ੀ ਭਾਰਾ, ਲੰਬਾ ਅਤੇ ਤੇਜ਼ਧਾਰ ਵਾਲਾ ਹਥਿਆਰ ਹੁੰਦਾ ਹੈ। ਬੀਜ ਤੋੜਣ ਤੋਂ ਬਾਅਦ ਫਿਰ ਉਨ੍ਹਾਂ ਨੂੰ ਲੰਬੀ ਬੋਰੀਆਂ ਵਿਚ ਭਰ ਕੇ ਜੰਗਲ ਵਿਚੋਂ ਲਿਆਇਆ ਜਾਂਦਾ ਹੈ। ਇਕ ਬਾਲ ਮਜ਼ਦੂਰ ਨੇ ਦੱਸਿਆ ਕਿ ਕੁੱਝ ਬੋਰੇ ਤਾਂ ਸਾਡੇ ਤੋਂ ਵੀ ਵੱਡੇ ਹੁੰਦੇ ਹਨ, ਜਿਨ੍ਹਾਂ ਨੂੰ ਦੋ ਵਿਅਕਤੀ ਮਿਲ ਕੇ ਸਾਡੇ ਸਿਰ 'ਤੇ ਰੱਖਦੇ ਹਨ ਅਤੇ ਸਾਡੇ ਤੋਂ ਜ਼ਰਾ ਵੀ ਦੇਰੀ ਹੋ ਜਾਵੇ ਤਾਂ ਬੁਰੀ ਤਰ੍ਹਾਂ ਕੁੱਟਮਾਰ ਕਰਦੇ ਹਨ। ਸਿਰ 'ਤੇ ਭਾਰੀ ਬੋਰੇ ਰੱਖਣ ਤੋਂ ਇਲਾਵਾ ਇਕ ਹੱਥ ਵਿਚ ਬੀਜਾਂ ਦਾ ਵੱਡਾ ਗੁੱਛਾ ਵੀ ਫੜਕੇ ਲਿਆਉਣਾ ਹੁੰਦਾ ਹੈ।

ਕੰਮ ਇੱਥੇ ਹੀ ਖ਼ਤਮ ਨਹੀਂ ਹੁੰਦਾ। ਰੁੱਖਾਂ ਤੋਂ ਬੀਜ ਤੋੜਣ ਤੋਂ ਬਾਅਦ ਛੁਰੇ ਦੀ ਮਦਦ ਨਾਲ ਉਸ ਦਾ ਉਪਰਲਾ ਹਿੱਸਾ ਖੋਲ੍ਹਣਾ ਹੁੰਦਾ ਹੈ ਜਿਸ ਨਾਲ ਚਾਕਲੇਟ ਬਣਦਾ ਹੈ। ਵਾਰ-ਵਾਰ ਛੁਰੇ ਦਾ ਵਾਰ ਬੀਜਾਂ 'ਤੇ ਕਰਨਾ ਪੈਂਦਾ ਹੈ, ਜਿਸ ਨਾਲ ਮਾਸ ਕੱਟ ਜਾਣ ਦਾ ਖ਼ਤਰਾ ਲਗਾਤਾਰ ਬਣਿਆ ਰਹਿੰਦਾ ਹੈ। ਜ਼ਿਆਦਾਤਰ ਬੱਚਿਆਂ ਦੇ ਹੱਥ, ਪੈਰ, ਬਾਂਹਾਂ ਅਤੇ ਮੋਢਿਆਂ 'ਤੇ ਛੁਰੇ ਦੇ ਡੂੰਘੇ ਜ਼ਖ਼ਮਾਂ ਦੇ ਨਿਸ਼ਾਨ ਹੁੰਦੇ ਹਨ। ਇਸ ਤੋਂ ਇਲਾਵਾ ਘਾਨਾ ਅਤੇ ਆਇਵਰੀ ਕੋਸਟ ਵਿਚ ਬੀਜਾਂ 'ਤੇ ਬਹੁਤ ਸਾਰੇ ਕੀੜੇ ਲੱਗ ਜਾਂਦੇ ਹਨ ਜਿਨ੍ਹਾਂ ਨੂੰ ਖ਼ਤਮ ਕਰਨ ਲਈ ਕਾਫ਼ੀ ਮਾਤਰਾ ਵਿਚ ਉਦਯੋਗਿਕ ਕੈਮੀਕਲ ਦਾ ਇਸਤੇਮਾਲ ਕਰਨਾ ਪੈਂਦਾ ਹੈ। ਘਾਨਾ 'ਚ 10 ਸਾਲ ਦੇ ਬੱਚੇ ਬਿਨਾਂ ਕਿਸੇ ਸੁਰੱਖਿਆ ਉਪਕਰਣ ਕਵਚ ਦੇ ਬੀਜਾਂ 'ਤੇ ਖ਼ਤਰਨਾਕ ਰਸਾਇਣਾਂ ਛਿੜਕਾਅ ਕਰਦੇ ਹਨ।

ਰੋਜ਼ਾਨਾ 12 ਤੋਂ 14 ਘੰਟੇ ਲਗਾਤਾਰ ਮਿਹਨਤ ਕਰਨ ਤੋਂ ਬਾਅਦ ਵੀ ਇਨ੍ਹਾਂ ਮਾਸੂਮ ਬੱਚਿਆਂ ਨੂੰ ਫ਼ਾਰਮ ਮਾਲਕ ਘਟੀਆ ਖਾਣਾ ਦਿੰਦੇ ਹਨ ਜਿਵੇਂ ਮੱਕੇ ਦੀ ਲਪਸੀ ਅਤੇ ਕੇਲਾ। ਇਸ ਤੋਂ ਇਲਾਵਾ ਇਨ੍ਹਾਂ ਨੂੰ ਬਿਨਾਂ ਖਿੜਕੀ ਵਾਲੀ ਇਮਾਰਤ ਵਿਚ ਲੱਕੜੀ ਦੇ ਸਖ਼ਤ ਤਖ਼ਤਿਆਂ 'ਤੇ ਸੌਣਾ ਪੈਂਦਾ ਹੈ ਜਿੱਥੇ ਨਾ ਤਾਂ ਪੀਣ ਦਾ ਸਾਫ਼ ਪਾਣੀ ਹੁੰਦਾ ਹੈ ਅਤੇ ਨਾ ਹੀ ਬਾਥਰੂਮ। ਜੇਕਰ ਕੋਈ ਬੱਚਾ ਹੌਲੀ ਕੰਮ ਕਰਦਾ ਹੈ ਜਾਂ ਕੰਮ ਵਿਚ ਸੁਸਤੀ ਦਿਖਾਉਂਦਾ ਹੈ ਤਾਂ ਉਸਨੂੰ ਬੁਰੀ ਤਰ੍ਹਾਂ ਕੁੱਟਿਆ-ਮਾਰਿਆ ਜਾਂਦਾ ਹੈ। ਉਨ੍ਹਾਂ ਦੀ ਸਖ਼ਤੀ ਕਾਰਨ ਬੱਚਾ ਭੱਜ ਨਾ ਜਾਵੇ ਇਸ ਲਈ ਰਾਤ ਨੂੰ ਉਨ੍ਹਾਂ ਦੇ ਕਮਰੇ ਨੂੰ ਤਾਲਾ ਲਗਾ ਦਿੱਤਾ ਜਾਂਦਾ ਹੈ। ਘਾਨਾ ਦੇ ਦੇ ਕੋਕੋਆ ਫ਼ਾਰਮ ਵਿਚ 10 ਫ਼ੀਸਦੀ ਅਤੇ ਆਇਵਰੀ ਕੋਸਟ ਦੇ 40 ਫ਼ੀਸਦੀ ਬੱਚੇ ਸਕੂਲ ਨਹੀਂ ਜਾਂਦੇ। ਸਿੱਖਿਆ ਦੀ ਅਣਹੋਂਦ ਕਾਰਨ ਕੋਕੋਆ ਫ਼ਾਰਮ ਦੇ ਬੱਚਿਆਂ ਕੋਲ ਗ਼ਰੀਬੀ ਹਟਾਉਣ ਦਾ ਹੋਰ ਕੋਈ ਰਸਤਾ ਵੀ ਨਹੀਂ ਬਚਦਾ। ਇਕ ਕੋਕੋਆ ਮਜ਼ਦੂਰ ਨੇ ਦੱਸਿਆ ਕਿ ਮਾਰ ਕੁਟਾਈ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ। ਈਸ਼ਾ ਨਾਮ ਦਾ ਇਕ ਬਾਲ ਮਜ਼ਦੂਰ ਕੁੱਝ ਹੀ ਦਿਨ ਪਹਿਲਾਂ ਕੋਕੋਆ ਫ਼ਾਰਮ ਦੀ ਗੁਲਾਮੀ ਤੋਂ ਅਜ਼ਾਦ ਹੋਇਆ ਹੈ। ਉਸ ਨੇ ਜੀਵਨ ਵਿਚ ਕਦੇ ਚਾਕਲੇਟ ਨਹੀਂ ਖਾਧੀ। ਉਸ ਨੇ ਕਿਹਾ ਕਿ ਜੋ ਲੋਕ ਸਾਨੂੰ ਕਠਿਨਾਇਆਂ ਵਿਚ ਪਾ ਕੇ ਆਨੰਦਿਤ ਹੁੰਦੇ ਹਨ, ਜੋ ਲੋਕ ਚਾਕਲੇਟ ਖਾਂਦੇ ਹਨ ਉਹ ਦਰਅਸਲ ਸਾਡਾ ਮਾਸ ਖਾਂਦੇ ਹੈ।

ਪੂਰੀ ਦੁਨੀਆ ਨੂੰ ਇਕ ਬਾਜ਼ਾਰ ਵਿਚ ਤਬਦੀਲ ਕਰਕੇ ਜਿੱਥੇ ਵਿਕਾਸ ਦੀਆਂ ਉੱਚਾਈਆਂ ਨੂੰ ਛੂਹਣ ਦੇ ਦਾਅਵੇ ਕੀਤੇ ਜਾ ਰਹੇ ਹਨ, ਉੱਥੇ ਇਨ੍ਹਾਂ ਬੱਚਿਆਂ ਨੂੰ ਨਰਕ ਦੇ ਹਨ੍ਹੇਰੇ ਵਿਚ ਧੱਕਾ ਦੇਣ ਵਾਲੇ ਹੱਥਾਂ ਦੀ ਸ਼ਨਾਖ਼ਤ ਕੀਤੀ ਜਾਣੀ ਚਾਹੀਦੀ ਹੈ ।

ਮੁਨਾਫ਼ੇ ਦੀ ਅੰਨ੍ਹੀ ਹਵਸ਼ ਵਿਚ ਪੂੰਜੀਪਤੀ ਸਸਤੇ ਤੋਂ ਸਸਤਾ ਖ਼ਰੀਦਣ ਅਤੇ ਮਹਿੰਗੇ ਤੋਂ ਮਹਿੰਗਾ ਵੇਚਣ ਲਈ ਕੁੱਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਅਤੇ ਸਸਤੀ ਮਿਹਨਤ ਉਨ੍ਹਾਂ ਨੂੰ ਔਰਤਾਂ ਅਤੇ ਬੱਚਿਆਂ ਤੋਂ ਹੀ ਮਿਲ ਸਕਦੀ ਹੈ। ਇਸ ਲਈ ਉਹ ਅਨੇਕਾਂ ਮਾਸੂਮਾਂ ਦੀ ਜ਼ਿੰਦਗੀਆਂ ਨੂੰ ਦਾਅ 'ਤੇ ਲਾ ਕੇ ਮੋਟਾ ਮੁਨਾਫ਼ਾ ਬਟੋਰ ਰਹੇ ਹਨ। ਲੁੱਟ, ਸ਼ੋਸ਼ਣ ਅਤੇ ਮੁਨਾਫ਼ੇ 'ਤੇ ਟਿਕੀ ਇਸ ਆਦਮਖੋਰ ਵਿਵਸਥਾ ਨੂੰ ਤਬਾਹ ਕੀਤੇ ਬਿਨਾਂ ਅਸੀਂ ਬੱਚਿਆਂ ਨੂੰ ਬਚਾ ਨਹੀਂ ਸਕਦੇ ਕਿਉਂਕਿ ਜੋ ਵਿਵਸਥਾ ਹਰ ਹੱਥ ਨੂੰ ਕੰਮ ਦੇਣ ਦੇ ਬਜਾਏ ਲਗਾਤਾਰ ਬੇਰੁਜ਼ਗਾਰਾਂ ਦੀ ਫ਼ੌਜ ਖੜ੍ਹੀ ਕਰਦੀ ਜਾ ਰਹੀ ਹੈ, ਜੋ ਵਿਵਸਥਾ ਸਿੱਖਿਆ ਨੂੰ ਖ਼ਰੀਦ- ਫ਼ਰੋਖ਼ਤ ਦਾ ਸਾਮਾਨ ਬਣਾ ਰਹੀ ਹੈ, ਉਸ ਵਿਵਸਥਾ ਦੇ ਅੰਦਰੋਂ ਬਾਲ ਮਜ਼ਦੂਰਾਂ ਅਤੇ ਗ਼ੁਲਾਮਾਂ ਦੀਆਂ ਲਾਈਨਾਂ ਪੈਦਾ ਹੁੰਦੀਆਂ ਰਹਿਣਗੀਆਂ।

'ਮਜ਼ਦੂਰ ਬਿਗਲ' ਤੋਂ ਧੰਨਵਾਦ ਸਹਿਤ

# ਪਰਵਾਸੀ ਭਾਰਤੀ ਤੇ ਨੇਤਰਹੀਣਾਂ ਦੀਆਂ 9 ਕਰੋੜ ਵੋਟਾਂ 'ਤੇ ਨਜ਼ਰ

* ਇਸ ਵਾਰ ਘੋਸ਼ਣਾ-ਪੱਤਰ ਵਿਚ ਇਨ੍ਹਾਂ ਨੂੰ ਵਿਸ਼ੇਸ਼ ਮਹੱਤਵ ਦੇਣ ਦੀ ਤਿਆਰੀ
* ਦੇਸ਼ ਦੇ ਕਰੀਬ 7.5 ਕਰੋੜ ਨੇਤਰਹੀਣਾਂ ਅਤੇ 1.6 ਕਰੋੜ ਪਰਵਾਸੀ ਭਾਰਤੀ ਵੋਟਰਾਂ ਨੂੰ ਚੋਣ ਬੂਥ ਤਕ ਲਿਆਏਗਾ ਚੋਣ ਕਮਿਸ਼ਨ
* 14 ਨਵੀਆਂ ਸ਼੍ਰੇਣੀਆਂ ਜੋੜਨ ਤੋਂ ਬਾਅਦ 5 ਕਰੋੜ ਤੋਂ ਵੱਧ ਕੇ ਕਰੀਬ 7.5 ਕਰੋੜ ਹੋਏ ਨੇਤਰਹੀਣ ਵੋਟਰ

- ਮੁਕੇਸ਼ ਕੌਸ਼ਿਕ

ਚੋਣ ਕਮਿਸ਼ਨ ਦੇਸ਼ ਅਤੇ ਵਿਦੇਸ਼ ਦੇ ਸਾਰੇ ਭਾਰਤੀ ਵੋਟਰਾਂ ਨੂੰ ਪੋਲਿੰਗ ਬੂਥਾਂ 'ਤੇ ਲਿਆਉਣ ਦੀ ਤਿਆਰੀ ਵਿਚ ਹੈ। ਇਨ੍ਹਾਂ ਵਿਚ ਦੋ ਖਾਸ ਸ਼੍ਰੇਣੀ ਦੇ ਵੋਟਰਾਂ ਦੀ 2019 ਵਿਚ ਮਹੱਤਵਪੂਰਣ ਭੂਮਿਕਾ ਹੋਵੇਗੀ। ਇਹ ਹਨ ਨੇਤਰਹੀਣ ਅਤੇ ਵਿਦੇਸ਼ ਵਿਚ ਵਸੇ ਭਾਰਤੀ ਵੋਟਰ, ਜਿਨ੍ਹਾਂ ਨੂੰ ਪ੍ਰਾਕਸੀ ਵੋਟਿੰਗ ਦਾ ਹੱਕ ਮਿਲਣ ਜਾ ਰਿਹਾ ਹੈ। ਯਾਨੀ ਉਹ ਭਾਰਤ ਆਏ ਬਿਨਾਂ ਵੋਟ ਪਾ ਸਕਣਗੇ। ਇਨ੍ਹਾਂ ਦੀ ਗਿਣਤੀ ਕਰੀਬ 1.6 ਕਰੋੜ, ਜਦੋਂ ਕਿ ਨੇਤਰਹੀਣ ਵੋਟਰ ਕਰੀਬ ਸਾਢੇ ਸੱਤ ਕਰੋੜ ਹਨ। ਇਹ ਦੇਸ਼ ਵਿਚ ਰਜਿਸਟਰਡ ਕਰੀਬ 90 ਕਰੋੜ ਵੋਟਰਾਂ ਦਾ 10 ਫ਼ੀਸਦੀ ਹਨ। ਇਹ ਦੇਸ਼ ਵਿਚ ਨਵੇਂ ਬਣੇ 8 ਕਰੋੜ ਵੋਟਰਾਂ ਤੋਂ ਬਾਅਦ ਦੂਜਾ ਵੱਡਾ ਵਰਗ ਹੈ। ਲਿਹਾਜ਼ਾ ਪਾਰਟੀਆਂ ਵੀ ਇਸ ਵੋਟ ਬੈਂਕ ਨੂੰ ਰਿਝਾਉਣ ਦੀ ਤਿਆਰੀ ਵਿਚ ਜੁੱਟ ਗਈਆਂ ਹਨ। ਇਸ ਵਰਗ ਨੂੰ ਬੂਥ ਤਕ ਪਹੁੰਚਾਣ ਲਈ ਚੋਣ ਕਮਿਸ਼ਨ ਨੇ ਹਾਲ ਹੀ ਵਿਚ ਰਾਜਾਂ ਦੇ ਨਾਲ ਵਿਚਾਰ ਵਟਾਂਦਰਾ ਕੀਤਾ ਸੀ। ਉਨ੍ਹਾਂ ਨੂੰ ਨੇਤਰਹੀਣ ਵੋਟਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ 30 ਰਾਜਾਂ ਦੇ ਚੋਣ ਅਧਿਕਾਰੀਆਂ ਨੂੰ ਦਿੱਲੀ ਸੱਦ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਨੇਤਰਹੀਣਾਂ ਵਿਚਾਲੇ ਕੰਮ ਕਰ ਰਹੇ ਸੰਗਠਨਾਂ ਅਤੇ ਮਾਹਰਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਗਿਆ। ਇਸ ਮੁਹਿੰਮ ਨਾਲ ਜੁੜੇ ਸ਼ਿਮਲਾ ਸਥਿਤ ਉਮੰਗ ਫ਼ਾਊਂਡੇਸ਼ਨ ਦੇ ਪ੍ਰਧਾਨ ਅਜੈ ਸ਼੍ਰੀਵਾਸਤਵ ਨੇ ਦੱਸਿਆ ਕਿ ਨੇਤਰਹੀਣ ਵੋਟਰਾਂ ਲਈ ਅਲੱਗ ਤੋਂ ਵਾਹਨਾਂ ਦੀ ਵਿਵਸਥਾ ਦਾ ਵੀ ਪ੍ਰਸਤਾਵ ਹੈ। ਨਵੀਂ ਟੈਕਨੋਲਾਜੀ ਦੀ ਮਦਦ ਵੀ ਲਈ ਜਾਵੇਗੀ। ਮਸਲਨ, ਚੋਣ ਅਧਿਕਾਰੀ ਸਾਈਨ ਭਾਸ਼ਾ ਨਹੀਂ ਜਾਣਦੇ।

### ਇੰਜ ਵੋਟ ਪਾ ਸਕਣਗੇ ਪਰਵਾਸੀ ਭਾਰਤੀ :

ਸੰਸਦ ਦੇ ਪਿਛਲੇ ਮੌਨਸੂਨ ਸੈਸ਼ਨ ਵਿਚ ਲੋਕ ਸਭਾ ਨੇ ਵਿਦੇਸ਼ ਵਿਚ ਵਸੇ ਭਾਰਤੀਆਂ ਨਾਲ ਜੁੜਿਆ ਇਕ ਬਿਲ ਪਾਸ ਕੀਤਾ ਸੀ। ਇਸ ਦੇ ਤਹਿਤ ਉਹ ਆਪਣੇ ਵੋਟ ਕਿਸੇ ਨੇੜਲੇ ਰਿਸ਼ਤੇਦਾਰ ਰਾਹੀਂ ਆਪਣੀ ਮਰਜ਼ੀ ਦੱਸ ਕੇ ਪਾ ਸਕਣਗੇ। ਇਸ 'ਤੇ ਚੋਣ ਕਮਿਸ਼ਨ ਨੇ ਰਾਸ਼ਟਰੀ ਦਲਾਂ ਨਾਲ ਵਿਚਾਰ ਵਟਾਂਦਰਾ ਕੀਤਾ ਸੀ, ਪਰ ਭਾਜਪਾ ਨੂੰ ਛੱਡ ਕਿਸੇ ਨੇ ਇਸ ਦਾ ਸਮਰਥਨ ਨਹੀਂ ਕੀਤਾ। ਬਾਕੀ ਦਲਾਂ ਦਾ ਇਤਰਾਜ਼ ਇਸ ਗੱਲ 'ਤੇ ਸੀ ਕਿ ਪ੍ਰਾਕਸੀ ਵੋਟਿੰਗ ਦੇ ਜ਼ਰੀਏ ਐਨਆਰਆਈ ਦੀ ਮਰਜ਼ੀ ਦੇ ਹਿਸਾਬ ਨਾਲ ਵੋਟ ਨਹੀਂ ਪੈ ਸਕਣਗੇ ਅਤੇ ਜਿਸ ਨੂੰ ਪ੍ਰਾਕਸੀ ਦਿੱਤੀ ਜਾਵੇਗੀ ਉਹ ਆਪਣੀ ਮਰਜ਼ੀ ਚਲਾ ਸਕਦਾ ਹੈ। ਹਾਲਾਂਕਿ ਚੋਣ ਕਮਿਸ਼ਨ ਪ੍ਰਾਕਸੀ ਰਾਹੀਂ ਠੀਕ ਮਤਦਾਨ ਤੈਅ ਕਰਨ ਦੇ ਤਰੀਕੇ ਤਲਾਸ਼ ਰਿਹਾ ਹੈ।

### ਭਾਜਪਾ ਦੀਆਂ 5 ਸਾਲ ਤੋਂ ਨਜ਼ਰਾਂ :

ਭਾਜਪਾ ਨੇ 5 ਸਾਲ ਤੋਂ ਪਰਵਾਸੀ ਭਾਰਤੀਆਂ ਅਤੇ ਨੇਤਰਹੀਣਾਂ ਦੇ ਵੋਟਾਂ 'ਤੇ ਨਜ਼ਰਾਂ ਟਿਕਾਈਆਂ ਹੋਈਆਂ ਹਨ। ਸਰਕਾਰੀ ਪੱਧਰ 'ਤੇ ਵੀ ਇਨ੍ਹਾਂ ਨੂੰ ਹੱਲਾਸ਼ੇਰੀ ਵੀ ਦਿੱਤੀ ਗਈ ਹੈ। 4 ਸਾਲ ਵਿਚ 7720 ਕੈਂਪ ਲਗਾਏ, ਜਿਨ੍ਹਾਂ ਵਿਚ 11 ਲੱਖ ਨੇਤਰਹੀਣਾਂ ਨੂੰ ਫ਼ਾਇਦਾ ਪਹੁੰਚਿਆ।

ਈ-ਲਰਨਿੰਗ ਰਾਹੀਂ ਵਿਸ਼ੇਸ਼ ਵਿਦਿਆਰਥੀਆਂ ਨੂੰ 'ਇੰਨ-ਹੋਮ' ਸਹੂਲਤ, ਸਰਕਾਰੀ ਯੋਜਨਾਵਾਂ ਲਈ ਵੈਬਬੇਸਡ ਡਿਸੇਬਿਲਿਟੀ ਰਜਿਸਟਰੇਸ਼ਨ, ਜਨਤਕ ਸਹੂਲਤ, ਇਮਾਰਤਾਂ ਅਤੇ ਟਰਾਂਸਪੋਰਟ ਵਿਚ ਸੌਖ ਦੇ ਕਦਮ ਚੁੱਕੇ।

ਪ੍ਰਧਾਨ ਮੰਤਰੀ ਨੇ ਕਰੀਬ 70 ਦੇਸ਼ਾਂ ਦਾ ਦੌਰਾ ਕੀਤਾ ਹੈ। ਇੱਥੇ, ਉਨ੍ਹਾਂ ਨੇ ਭਾਰਤੀਆਂ ਨਾਲ ਜੁੜਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਭਾਜਪਾ ਨੂੰ ਫ਼ਾਇਦਾ ਮਿਲਣ ਦੀ ਉਮੀਦ ਹੈ।

### ਇਸ ਵਜ੍ਹਾ ਨਾਲ ਵਧੇ ਨੇਤਰਹੀਣ ਵੋਟਰ :

ਭਾਜਪਾ ਨੇ 2014 ਦੀਆਂ ਚੋਣਾਂ ਦੌਰਾਨ ਰਾਇਟ ਆਫ਼ ਪਰਸੰਸਟ ਵਿਦ ਡਿਸੇਬਿਲਿਟੀ ਬਿਲ ਦਾ ਵਾਅਦਾ ਕੀਤਾ ਸੀ ਅਤੇ ਉਸ ਨੂੰ ਪੂਰਾ ਵੀ ਕੀਤਾ। ਇਸ 'ਚ 14 ਕਿਸਮ ਦੀਆਂ ਕਮੀਆਂ ਨੂੰ ਨੇਤਰਹੀਣਤਾ ਮੰਨਿਆ ਗਿਆ ਹੈ। ਜਦੋਂ ਕਿ ਪਹਿਲਾਂ ਇਹ ਸਿਰਫ਼ 7 ਸਨ। ਇਸ ਨਾਲ ਨੇਤਰਹੀਣਾਂ ਦੀ ਸ਼੍ਰੇਣੀ ਵੱਧ ਕੇ 21 ਹੋ ਗਈ ਅਤੇ ਇਨ੍ਹਾਂ ਵੋਟਰਾਂ ਦੀ ਗਿਣਤੀ ਵੀ ਵਧ ਗਈ ਹੈ।

### ਕਾਂਗਰਸ ਹੁਣ ਸਮਝੀ ਅਹਿਮੀਅਤ :

ਕਾਂਗਰਸ ਨੇ 2014 ਦੇ ਘੋਸ਼ਣਾ-ਪੱਤਰ ਵਿਚ ਨੇਤਰਹੀਣ ਵਰਗ ਨੂੰ ਖਾਸ ਤਵੱਜੋ ਨਹੀਂ ਦਿੱਤੀ ਸੀ। ਇਨ੍ਹਾਂ ਬਾਰੇ ਕੋਈ ਯੋਜਨਾ ਵੀ ਨਹੀਂ ਦੱਸੀ ਸੀ। ਪਰ ਹੁਣ ਉਸ ਨੂੰ ਇਨ੍ਹਾਂ 9 ਕਰੋੜ ਵੋਟਰਾਂ ਦੀ ਅਹਿਮੀਅਤ ਸਮਝ ਆ ਰਹੀ ਹੈ। ਸੂਤਰਾਂ ਅਨੁਸਾਰ ਕਾਂਗਰਸ ਨੇਤਰਹੀਣਾਂ ਲਈ ਕਈ ਨਵੀਂ ਯੋਜਨਾਵਾਂ ਦਾ ਵਾਅਦਾ ਕਰੇਗੀ।

ਇਸ ਨਵੇਂ ਵੋਟ ਬੈਂਕ ਨੂੰ ਦਿਮਾਗ਼ ਵਿਚ ਰੱਖਦੇ ਹੋਏ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਦੀਆਂ ਵਿਦੇਸ਼ਾਂ ਵਿਚ ਰੈਲੀਆਂ 'ਤੇ ਧਿਆਨ ਦੇਣਾ ਸ਼ੁਰੂ ਕੀਤਾ ਹੈ। ਜਰਮਨੀ ਅਤੇ ਬਰਤਾਨੀਆ ਦੀ ਰਾਹੁਲ ਦੀ ਯਾਤਰਾ ਇਸੇ ਕੜੀ ਦਾ ਹਿੱਸਾ ਹੈ। ਉਨ੍ਹਾਂ ਨੇ ਇੱਥੇ ਭਾਰਤੀ ਭਾਈਚਾਰੇ ਨਾਲ ਜੁੜਣ ਦੀ ਕੋਸ਼ਿਸ਼ ਕੀਤੀ।



# ਫ਼ਿਲਮਾਂ ਦੇ ਬਹਾਨੇ

# ਕੀ ਅਸੀਂ ਸਰਾਪੀਆਂ ਕਹਾਣੀਆਂ ਦੇ ਪਾਤਰ ਹਾਂ ?

ਹਰਪ੍ਰੀਤ ਸਿੰਘ ਕਾਹਲੋਂ
+91-94641-41678
harpreesingh.media@gmail.com



ਜਦੋਂ ਮੈਂ ਆਪਣੇ ਫਲਸਫਿਆਂ ਵਿਚ ਪਏ ਮਹਾਨ ਆਧਾਰ ਵੇਖਦਾ ਹਾਂ ਤਾਂ ਇਸ ਗੱਲ 'ਤੇ ਯਕੀਨ ਨਹੀਂ ਬੱਝਦਾ। ਪਰ ਇਸ ਦੌਰ ਅੰਦਰ ਫਲਸਫਿਆਂ ਨੂੰ ਸੁਣਦਾ ਕੌਣ ਹੈ। ਇਹ ਫਲਸਫਿਆਂ ਨੂੰ ਨਾ ਸੁਣਨ ਦੀ ਲਾਚਾਰੀ ਸਾਡਾ ਗੁਨਾਹ ਹੈ ਜਾਂ ਅਸੀਂ ਅਜਿਹੀ ਸੁੰਨ ਵਿਚ ਹਾਂ ਕਿ ਮੰਟੋ ਦੀ ਕਹਾਣੀ ਵਾਂਗੂ 'ਖੋਲ੍ਹ ਦੋ' ਬੋਲ ਰਹੇ ਹਾਂ।

ਸਿਆਣੇ ਕਹਿੰਦੇ ਸਨ ਕਿ ਜੋ ਬੀਜੋਗੇ ਉਹੋ ਵੱਢੋਗੇ, ਉਹੋ ਖਾਵੋਗੇ। ਉਹ ਇਹ ਵੀ ਕਹਿੰਦੇ ਹਨ ਕਿ ਜੇਹਾ ਪਾਣੀ ਤੇਹਾ ਪ੍ਰਾਣੀ, ਜੇਹਾ ਦੁੱਧ ਤੇਹੀ ਬੁੱਧ। ਬਹਿਸ ਤੁਰਦੀ ਹੈ ਕਿ ਪੰਜਾਬ ਦੀ ਜਵਾਨੀ ਨਸ਼ੇੜੀ ਹੈ। ਸੰਸਾਰ ਦੇ ਦੂਜੇ ਹਿੱਸਿਆਂ ਵਿਚ ਭਾਵੇਂ ਕੋਈ ਵੀ ਅੱਤਵਾਦ ਹੋਵੇ ਪਰ ਪੰਜਾਬ ਵਿਚ ਈਕੋ ਟੈਰੋਰਿਜ਼ਮ ਤਾਂ ਯਕੀਨਨ ਹੈ।

ਨਜ਼ਰੀਆ ਇਹ ਵੀ ਕਹਿੰਦਾ ਹੈ ਕਿ ਸ਼ਰਾਬ ਦੇ ਠੇਕੇ ਚਾਣਚੱਕ ਨਹੀਂ ਵਧੇ। ਚਿੱਟਾ ਯਕਦਮ ਨਹੀਂ ਤੁਰ ਪਿਆ। ਜੇ ਬੰਦਾ ਮਿੱਟੀ ਹੈ ਅਤੇ ਮਿੱਟੀ ਤੋਂ ਬਣਦਾ ਹੈ, ਮਿੱਟੀ ਵਿਚ ਜਾ ਮਿਲਦਾ ਹੈ ਤਾਂ ਇਹ ਮਿੱਟੀ ਦਾ ਸਰਾਪ ਵੀ ਤਾਂ ਹੈ। ਅਸੀ ਮਿੱਟੀ ਨੂੰ ਨਸ਼ੇੜੀ ਬਣਾਇਆ ਤਾਂ ਉਸੇ ਮਿੱਟੀ ਵਿਚੋਂ ਆਉਂਦੀਆਂ ਖੁਰਾਕਾਂ ਵਿਚ ਸਾਡੀ ਪ੍ਰਵਿਰਤੀ ਨਸ਼ੇੜੀ ਕਿਉਂ ਨਾ ਹੋਵੇ ? ਉਸੇ ਮਿੱਟੀ ਦੀ ਖਾਂਦੇ ਖੁਰਾਕ ਵਿਚ ਦੁਧਾਰੂ ਪਸ਼ੂਆਂ ਤੋਂ ਮਿਲਣ ਵਾਲਾ ਦੁੱਧ ਗੁਣਵੱਤਾ ਭਰਪੂਰ ਕਿਵੇਂ ਹੋਵੇ ?

ਨਸੀਰੂਦੀਨ ਸ਼ਾਹ ਅਤੇ ਅਰਸ਼ਦ ਵਾਰਸੀ ਦੀ 2017 ਵਿਚ ਆਈ 'ਇਰਾਦਾ' ਪੰਜਾਬ ਦੀ ਆਬੋ ਹਵਾ ਵੱਲ ਸਾਡਾ ਇਸ਼ਾਰਾ ਕਰਦੀ ਹੈ।

ਦਰਅਸਲ ਇਹ ਫਿਲਮ ਹਾਲੀਵੁੱਡ ਦੀ ਫਿਲਮ 'ਐਰਿਨ ਬ੍ਰੋਕੋਵਿਚ' ਵਰਗੀ ਹੈ। ਸਾਲ 2000 ਵਿਚ ਆਈ ਜੂਲੀਆ ਰਾਬਰਟਸ ਦੀ ਇਹ ਫਿਲਮ ਐਰਿਨ ਬ੍ਰੋਕੋਵਿਚ ਦੀ ਜ਼ਿੰਦਗੀ 'ਤੇ ਆਧਾਰਤ ਹੈ। ਇਸ ਲਈ ਜੂਲੀਆ ਰਾਬਰਟਸ ਨੂੰ ਉਸ ਸਾਲ ਸਭ ਤੋਂ ਵਧੀਆ ਅਦਾਕਾਰਾ ਦਾ ਆਸਕਰ ਮਿਲਿਆ ਸੀ।




ਇਹ ਕਹਾਣੀ ਦੱਖਣੀ ਕੈਲੀਫੋਰਨੀਆ ਦੇ ਕਸਬੇ ਹੈਨਕਲੇ ਦੀ ਸੀ। ਜਿੱਥੇ ਇਕ ਫੈਕਟਰੀ ਨੇ ਆਪਣਾ ਖਤਰਨਾਕ ਰਸਾਇਣ ਮਾਪਦੰਡਾਂ ਤੋਂ ਉਲਟ ਪੀਣ ਵਾਲੇ ਪਾਣੀ ਵਿਚ ਰਲਾ ਦਿੱਤਾ ਸੀ। ਇਸ ਕਾਰਨ ਨੇੜੇ ਤੇੜੇ ਦੇ ਵਸਨੀਕਾਂ ਵਿਚ ਕੈਂਸਰ ਫੈਲ ਗਿਆ ਸੀ। ਇਕ ਵਕਾਲਤ ਫਰਮ ਵਿਚ ਕੰਮ ਕਰਦੀ ਏਰਿਨ ਬ੍ਰੋਕੋਵਿਚ ਦੀ ਕੋਸ਼ਿਸ਼ ਨਾਲ ਇਹ ਕੇਸ ਅਦਾਲਤ ਗਿਆ ਅਤੇ 1996 ਵਿਚ ਅਮਰੀਕਾ ਦੇ ਇਤਿਹਾਸ ਵਿਚ ਇਹ ਸਭ ਤੋਂ ਵੱਡੇ ਮੁਆਵਜ਼ੇ ਵਾਲਾ ਕੇਸ ਬਣ ਗਿਆ ਸੀ। ਕੰਪਨੀ ਨੂੰ ਆਪਣੀ ਕਰਤੂਤ ਲਈ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਅਤੇ 333 ਮਿਲੀਅਨ ਅਮਰੀਕੀ ਡਾਲਰ ਦਾ ਮੁਆਵਜ਼ਾ ਪੀੜਤਾਂ ਨੂੰ ਦੇਣਾ ਪਿਆ।

ਅਜਿਹੀਆਂ ਕੰਪਨੀਆਂ ਦੀ ਬਹੁਤਾਤ ਵਿਚ ਫਿਤਰਤ ਇਕੋ ਜਿਹੀ ਹੈ। ਪੰਜਾਬ ਦੀਆਂ ਡਾਇੰਗ ਇੰਡਸਟਰੀ, ਫੈਕਟਰੀਆਂ ਅਤੇ ਪ੍ਰਦੂਸ਼ਣ ਦੀ ਕਹਾਣੀ ਕਿਸੇ ਤੋਂ ਲੁੱਕੀ ਨਹੀਂ ਹੈ। ਸਤਲੁਜ ਦੇ ਨੇੜੇ ਤੇੜੇ ਦੇ ਪਿੰਡਾਂ ਅੰਦਰ ਕੈਂਸਰ ਦੀਆਂ ਸੈਂਕੜੇ ਕਹਾਣੀਆਂ ਹਨ ਜੋ ਆਪਣੇ ਸਾਹ ਮੁਕਾ ਕੇ ਮਰ ਗਈਆਂ ਹਨ ਅਤੇ ਕੁਝ ਜੋ ਅਜੇ ਜਿਉਂਦੇ ਹਨ ਉਹ ਆਪਣਾ ਬਿਆਨ ਕਰਨ ਲਈ ਜਿਉਂਦੇ ਬਚੇ ਹਨ। ਪਰ ਉਹ ਜਿਉਂਦੇ ਵੀ ਕਾਹਦੇ।

ਬਠਿੰਡਾ ਸੰਗਰੂਰ ਤੇ ਮਾਲਵੇ ਦੇ ਜ਼ਿਲ੍ਹਿਆਂ ਦੀ ਰਿਪੋਰਟ ਕਈ ਵਾਰ ਸਾਡੇ ਸਾਹਮਣੇ ਆਈ ਹੈ। ਸੱਚ ਤਾਂ ਇਹ ਹੈ ਕਿ ਇਸ ਮਾਮਲੇ ਵਿਚ ਕੁਝ ਵੀ ਕੀਤਾ ਨਹੀਂ ਜਾ ਰਿਹਾ। ਕੁਝ ਸਮੇਂ ਦੀ ਆਵਾਜ਼ ਵਕਤੀ ਜਿਹਾ ਕੁਝ ਕਰਕੇ ਟਾਲ ਦਿੱਤੀ ਜਾਂਦੀ ਹੈ। ਇਹ ਉਸ ਧਰਤੀ 'ਤੇ ਹੋ ਰਿਹਾ ਹੈ ਜਿੱਥੇ 'ਪਹਿਲਾ ਪਾਣੀ ਜੀਓ ਹੈ' ਕਿਹਾ ਗਿਆ ਹੈ। ਇੱਥੇ ਪਾਣੀ ਨਾਲ ਚੌਂਕਾ ਸੁੱਚਾ ਕਰ ਰਸੋਈ ਦੀ ਸ਼ੁਰੂਆਤ ਹੁੰਦੀ ਹੈ। ਇੱਥੇ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਦੀ ਮਹੱਤਤਾ ਹੈ। ਜੇ ਇਸ ਦੌਰ ਨੂੰ ਵੇਖੀਏ ਤਾਂ ਅਸੀਂ ਆਪਣੇ ਵੱਡਿਆਂ ਨੂੰ ਬੇਦਾਵਾ ਦੇ ਰਹੇ ਹਾਂ।

ਕੁਦਰਤ ਦੀ ਸੂਖਮਤਾਈਆਂ ਜੋ ਅਸੀਂ ਨਹੀਂ ਸਮਝ ਰਹੇ ਉਨ੍ਹਾਂ ਨੂੰ ਅਸੀਂ ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ 'ਅਲ ਗੋਰ' ਦੇ ਕਥਨ ਤੋਂ ਸਮਝ ਸਕਦੇ ਹਾਂ।

ਜ਼ਰਾ ਇਸ ਨਦੀ ਨੂੰ ਵੇਖੋ ਸ਼ਾਂਤ ਵਹਿੰਦੀ ਹੋਈ,

ਪੱਤਿਆਂ ਨੂੰ ਵੇਖੋ ਹਵਾ 'ਚ ਲਹਿਰਾਉਂਦੇ ਹੋਏ,

ਪੰਛੀਆਂ ਦਾ ਚਹਿਚਹਾਉਣਾ, ਮਹਿਸੂਸ ਕਰੋ

ਮਖਮਲੀ ਘਾਹ ਨੂੰ, ਵੇਖੋ ਗਾਵਾਂ ਨੂੰ ਚਰਦੇ ਹੋਏ...

ਫਿਰ ਤੁਸੀ ਸੋਚੋਗੇ ਕਿ ਆਹ..ਇਹ ਸਭ ਕੁਝ ਤਾਂ ਮੈਂ ਕਿਤੇ ਗਵਾ ਹੀ ਦਿੱਤਾ।

ਆਸਕਰ ਵਿਜੇਤਾ ਦਸਤਾਵੇਜ਼ੀ ਫ਼ਿਲਮ 'ਐਨ ਇਨਕਨਵੀਨਅਟ ਟਰੁੱਥ' ਇਸ ਵੱਲ ਬਾਖੂਬੀ ਇਸ਼ਾਰਾ ਕਰਦੀ ਹੈ ਕਿ ਵਾਤਾਵਰਣ ਸਬੰਧੀ ਜਦੋਂ ਜਦੋਂ ਮਾਹਰਾਂ ਨੇ ਚਿੰਤਾ ਜ਼ਾਹਰ ਕੀਤੀ ਤਾਂ ਬਾਜ਼ਾਰ ਅੰਦਰ ਵੱਸਦੇ ਲੋਕਾਂ ਨੇ ਹਮੇਸ਼ਾ ਇਹ ਜ਼ੋਰ ਪਵਾਇਆ ਕਿ ਵਾਤਾਵਰਣ ਸਬੰਧੀ ਇਹ ਰਿਪੋਰਟਾਂ ਅੰਦਰ ਜ਼ਾਹਰ ਕੀਤੇ ਤੱਥ ਬਦਲੇ ਜਾਣ ਕਿਉਂ ਕਿ ਇਸ ਨਾਲ ਆਰਥਕ ਨੀਤੀਆਂ 'ਤੇ ਅਸਰ ਪੈਂਦਾ ਹੈ ਅਤੇ ਵਿੱਤੀ ਨੁਕਸਾਨ ਝੱਲਣਾ ਪੈ ਸਕਦਾ ਹੈ।

ਸੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਸੋਚਦੇ ਸਮਝਦੇ ਹੋਏ ਸਾਨੂੰ ਆਪਣੇ ਨਿੱਜ ਨੂੰ ਥੋੜ੍ਹੇ ਲਾਲਚ ਤੋਂ ਛੁਟਕਾਰਾ ਪਾ ਕੇ ਭਵਿੱਖ ਦੀਆਂ ਯੋਜਨਾਵਾਂ ਉੱਤੇ ਧਿਆਨ ਦੇਣਾ ਪਵੇਗਾ ਜੋ ਸਾਡੇ ਵਾਤਾਵਰਣ ਲਈ ਫਾਇਦੇਮੰਦ ਹੋਣ।

ਸੈਂਕੜੇ ਸਾਲ ਪਹਿਲਾਂ 'ਐਪਟੋਨ ਸਿਨਕਲੀਅਰ' ਨੇ ਕਿਹਾ ਸੀ ਕਿ ਕਿਸੇ ਮਨੁੱਖ ਨੂੰ ਇਹ ਸਮਝਾਉਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਜਦੋਂ ਉਸ ਨੂੰ ਨਾ ਸਮਝਨ ਲਈ ਹੀ ਤਨਖਾਹ ਦਿੱਤੀ ਜਾਂਦੀ ਹੈ। ਕੀ ਅਜੋਕਾ ਪ੍ਰਸ਼ਾਸਨ ਕੁਝ ਇਸ ਤਰ੍ਹਾਂ ਕੰਮ ਕਰ ਰਿਹਾ ਹੈ ਇਹ ਵੀ ਸਮਝਨਾ ਪਵੇਗਾ ? ਕੀ ਉਹ ਆਪਣੀ ਕੁਰਸੀ 'ਤੇ ਬੈਠੇ ਇੰਝ ਹੀ ਤਨਖਾਹਾਂ ਲੈ ਰਹੇ ਹਨ ਕਿਉਂ ਕਿ ਉਨ੍ਹਾਂ ਨੂੰ ਲੋਕਾਂ ਦੇ ਸੇਵਾਦਾਰ ਦੇ ਤੌਰ 'ਤੇ ਰੱਖਿਆ ਹੀ ਨਹੀਂ ਗਿਆ ? ਉਨ੍ਹਾਂ ਨੂੰ ਸਰਕਾਰ ਦੀਆਂ ਅਣਗਹਿਲੀਆਂ 'ਤੇ ਪਰਦਾ ਪਾਉਣ ਲਈ ਹੀ ਰੱਖਿਆ ਗਿਆ ਹੈ।

ਆਖਰ ਕਿਉਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਗੁਪਤ ਪਾਈਪ ਰਾਹੀਂ ਨਦੀਆਂ ਵਿਚ ਛੱਡਿਆ ਜਾ ਰਿਹਾ ਹੈ। ਇਸ ਪ੍ਰਤੀ 1974 ਦੇ ਵਾਤਾਵਰਣ ਸਬੰਧੀ ਐਕਟ ਦੀ ਉਲੰਘਣਾ ਕਿਉਂ ਕੀਤੀ ਜਾ ਰਹੀ ਹੈ ? ਇਨ੍ਹਾਂ ਸਾਰੇ ਪਹਿਲੂਆਂ ਉੱਤੇ ਵੀ ਧਿਆਨ ਦੇਣ ਦੀ ਜ਼ਰੂਰਤ ਹੈ।

ਆਸਕਰ ਵਿਜੇਤਾ ਦਸਤਾਵੇਜ਼ੀ ਫ਼ਿਲਮ 'ਐਨ ਇਨਕਨਵੀਨਅਟ ਟਰੁੱਥ' ਸਾਨੂੰ ਪੰਜਾਬ ਦੀ ਆਬੋ ਹਵਾ ਦੀ ਗੰਭੀਰਤਾ ਨੂੰ ਸਮਝਣ ਦਾ ਇਸ਼ਾਰਾ ਕਰ ਰਹੀ ਹੈ। ਇਨ੍ਹਾਂ ਦਿਨਾਂ ਵਿਚ ਜੋ ਬਿਆਸ ਦਰਿਆ ਵਿਚ ਹੋਇਆ ਉਸ ਦੀ ਚਰਚਾ ਸੰਵਾਦ ਦੇ ਹਰ ਗਲਿਆਰੇ ਵਿਚ ਹੈ। 2013 ਦੀ ਗੱਲ ਹੈ ਵੇਂਈ ਨਦੀ ਵਿਚ ਵੀ ਕਾਲਾ ਸੰਘਿਆ ਡ੍ਰੇਨ ਅਤੇ ਹੋਰਾਂ ਫੈਕਟਰੀਆਂ ਦੇ ਜ਼ਹਿਰੀਲੇ ਕੈਮੀਕਲਾਂ ਨਾਲ ਹਜ਼ਾਰਾਂ ਮੱਛੀਆਂ ਤੜਫ ਤੜਫ ਮਰੀਆਂ ਸਨ। ਸੰਤ ਬਲਬੀਰ ਸਿੰਘ ਸੀਚੇਵਾਲ ਵਾਧੂ ਪਾਣੀ ਦੇ ਟੈਂਕਰਾਂ ਨਾਲ ਫੁਹਾਰੇ ਰਾਹੀਂ ਪਾਣੀ ਪਾ ਪਾ ਉਨ੍ਹਾਂ ਮੱਛੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਕੋਸ਼ਿਸ਼ ਸਾਰਥਕ ਨਹੀਂ ਸੀ। ਸੰਤ ਬਲਬੀਰ ਸਿੰਘ ਸੀਚੇਵਾਲ ਮੌਕੇ ਦੇ ਉਨ੍ਹਾਂ ਹਾਲਾਤ ਵਿਚ ਲਾਚਾਰ ਮਹਿਸੂਸ ਕਰਦੇ ਸਨ ਅਤੇ ਕਾਫੀ ਭਰੇ ਮਨ ਨਾਲ ਗੱਲ ਕਰਦੇ ਰਹੇ। ਅਜਿਹੀ ਸੰਵੇਦਨਾ ਹਰ ਮਨ ਵਿਚ ਲਿਆਉਣ ਦੀ ਲੋੜ ਹੈ।

# Royal Executive Homes

Royal
Executive Homes

## New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-466-1985
Mortgage Specialist



**Jody Vig**
780-485-8700
Manager

## BEST MORTGAGE RATES
## BEST SERVICE

2014 PROFIT 500 CANADA'S FASTEST-GROWING COMPANIES



Dominion Lending Centres, they're a beauty!

They'll get the banks competing for your mortgage business.

CMP CANADIAN MORTGAGE AWARDS WINNER 2014
WWW.CANADIANMORTGAGEAWARDS.COM

- PURCHASE • REFINANCE • PRE-APPROVAL
- FIRST TIME HOME BUYERS • NEW TO CANADA
- SELF EMPLOYED • INVESTMENT PROPERTY
- COMMERCIAL FINANCING • EQUIPMENT LEASING

## 100% FINANCING AVAILABLE*

DOMINION LENDING CENTRES
Mortgage Force

Independently Owned and Operated

## 780-466-9898

Unit 12, 3908-97 Street Edmonton T6E 6N2

* Some Conditions Apply



SIMPLY THE BEST SINCE 1979

# JAY'S TRAVEL LTD.

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

• VACATION PACKAGE • AIR TICKETS • TOUR
• HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net





Mangdeep Singh M.E.T.
587-938-5002
mangdeep@forbesinc.ca

# FORBES MECHANICAL

Commercial Plumbing
HVAC
Gas Pipe Fitter
Fire Protection
Ground Work - Excavation

ਕਮਰਸ਼ੀਅਲ ਪਲੰਬਿੰਗ
ਐਚਵੈਕ
ਗੈਸ ਪਾਈਪ ਫਿਟਰਜ਼
ਫਾਇਰ ਪ੍ਰੋਟੈਕਸ਼ਨ
ਐਕਸਕਾਵੇਸ਼ਨ ਸਰਵਿਸਜ਼

Celebrating Our 10th Year in Business!

Corporate Office : 12323 67 Street Edmonton, AB T5B 1N1
www.forbesinc.ca